# ਮੇਰੀ ਪਹਿਲੀ ਕਿਤਾਬ ਦਾ "ਇਤਿਹਾਸ"

(ਭੂਮਿਕਾ)

ਕੁੱਝ ਬੋਲਣ ਦੀ ਤੇ ਕੁੱਝ ਲਿਖਣ ਦੀ "ਆਦਤ" ਮੈਨੂੰ ਅੱਲੜ ਉਮਰ ਵਿਚ ਹੀ ਪੈ ਗਈ ਸੀ। ਸੋਲ੍ਹਾਂ ਕੁ ਸਾਲ ਦੀ ਉਮਰ ਸੀ, ਚੀਨ ਨਾਲ ਭਾਰਤ ਦੀ ਜੰਗ ਖੜਕ ਪਈ, ਸੰਨ 1962 ਵਿਚ। ਭਾਰਤ ਨੇ ਪੂਰਾ ਤਾਣ ਲਾ ਕੇ, ਇਹੀ ਪ੍ਰਚਾਰਿਆ ਕਿ ਚੀਨ ਨੇ ਭਾਰਤ ਨਾਲ ਵਿਸ਼ਵਾਸਘਾਤ ਕੀਤਾ ਹੈ। ਪਿੱਠ ਵਿਚ ਛੁਰਾ ਘੋਪਿਆ ਹੈ। ਅਸਲ ਵਿਚ ਤਿੱਬਤ ਦੇ "ਖਾੜਕੂਆਂ ਦਾ ਸ਼੍ਰੋਮਣੀ ਖਾੜਕੂ" ਦਲਾਈਲਾਮਾ, ਇਕ ਸੌ "ਖਾੜਕੂਆਂ" ਸਮੇਤ ਭਾਰਤ ਵਿਚ ਸ਼ਰਨ ਪ੍ਰਾਪਤ ਕਰ ਚੁਕਿਆ ਸੀ। ਚੀਨ ਨੇ ਇਨ੍ਹਾਂ ਖਾੜਕੂਆਂ ਨੂੰ ਵਾਪਸ ਮੰਗਿਆ। ਭਾਰਤ ਸਰਕਾਰ ਦਾ ਜੁਆਬ ਸੀ–"ਸ਼ਰਣ ਆਏ ਕੀ ਰਕਸ਼ਾ ਕਰਨੀ ਹਮਾਰਾ ਪਰਮ ਧਰਮ ਹੈ"। ਇਸੇ ਕਾਰਨ ਚੀਨ ਨੇ ਹਮਲਾ ਕੀਤਾ ਸੀ। ਭਾਰਤ ਦੇ ਹਜ਼ਾਰਾਂ ਫ਼ੌਜੀ ਮਰੇ। ਲੱਖਾਂ ਏਕੜ ਜ਼ਮੀਨ 'ਤੇ ਚੀਨ ਨੇ ਕਬਜ਼ਾ ਕਰ ਲਿਆ। ਜੋ ਅੱਜ ਤਕ ਬਰਕਰਾਰ ਹੈ। ਦਲਾਈਲਾਮਾ ਅਤੇ ਉਸ ਦੇ "ਖਾੜਕੂ ਸਾਥੀਆਂ" ਨੂੰ ਸ਼ਰਣ ਦੇਣ ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਤੇ ਇਨ੍ਹਾਂ "ਖਾੜਕੂਆਂ" ਨੂੰ ਭਾਰਤ ਵਿਚ ਰੱਖ ਕੇ, ਖਰਬਾਂ ਰੁਪਿਆ ਇਨ੍ਹਾਂ ਦੀ ਸੰਭਾਲ 'ਤੇ ਭਾਰਤ ਨੇ ਉਜਾੜ ਦਿਤਾ। ਚੀਨ ਨਾਲ ਯਾਰੀ ਟੁੱਟਣ ਤੋਂ ਬਾਅਦ ਫਿਰ ਭਾਰਤ ਨੇ ਰੂਸੀਆਂ ਦੀ ਸ਼ਰਣ ਪ੍ਰਾਪਤ ਕੀਤੀ ਸੀ। ਹੁਣ ਰੂਸ ਵੀ ਟੁੱਟ ਗਿਆ ਹੈ। ਉਸ ਦੀ ਯਾਰੀ ਨੂੰ "ਬਾਏ ਬਾਏ" ਆਖ ਕੇ, ਭਾਰਤ ਨੇ ਪਰਮਾਣੂ ਸੰਧੀ ਰਾਹੀਂ ਅਮਰੀਕਾ ਦੇ ਗੋਡੇ ਫੜ ਲਏ ਹਨ।

ਖੈਰ! ਚੀਨ ਵਿਰੋਧੀ ਪ੍ਰਚਾਰ ਕਰਨ ਵਾਸਤੇ ਸਾਡੇ ਪਿੰਡ (ਘੱਗਾ) ਦੇ ਸਕੂਲ ਵਿਚ, ਪੰਚਾਇਤ ਵਲੋਂ ਸਮਾਗਮ ਕਰਵਾਇਆ ਗਿਆ। ਮਾਸਟਰ ਬੋਲੇ, ਸਰਪੰਚ ਬੋਲਿਆ। ਬੱਚਿਆਂ ਨੂੰ ਵੀ "ਦੇਸ਼ ਭਗਤੀ ਬਾਰੇ" ਬੋਲਣ ਦਾ ਮੌਕਾ ਦਿਤਾ ਗਿਆ। ਮੈਂ ਸਕੂਲ ਦਾ ਵਿਦਿਆਰਥੀ ਨਹੀਂ ਸਾਂ। ਬੋਲਣ ਦੀ ਇੱਛਾ ਉਸਲਵੱਟੇ ਲੈ ਰਹੀ ਸੀ। ਸਰਪੰਚ ਨੂੰ ਬੇਨਤੀ ਕਰ ਕੇ ਵਕਤ ਲਿਆ। ਕੰਬਦੀ ਜ਼ੁਬਾਨ, ਥਿੜਕਦੀਆਂ ਲੱਤਾਂ ਨਾਲ, ਚੀਨ ਵਿਰੋਧੀ ਕਵਿਤਾ ਸੁਣਾਈ। ਸਾਰਾ ਸਰੀਰ ਪਸੀਨੇ ਵਿਚ ਭਿੱਜ ਗਿਆ, ਪਰ ਕਵਿਤਾ ਪੂਰੀ ਸੁਣਾ ਦਿਤੀ। ਇਸ ਤੋਂ ਮਗਰੋਂ ਬੋਲਣ ਦਾ ਝੱਕਾ ਲੱਥ ਗਿਆ।

ਇਸ ਤੋਂ ਬਾਅਦ ਇਕ ਕਹਾਣੀ ਲਿਖੀ। ਜੋ ਆਪਣੇ ਹਮ ਉਮਰ, ਪਰ ਵੱਧ ਪੜ੍ਹੇ ਲਿਖੇ ਵਿਅਕਤੀ ਨੂੰ ਸੁਣਾਈ। ਉਸ ਨੇ ਕਹਾਣੀ ਪੜ੍ਹ ਕੇ ਮੇਰਾ ਖ਼ੂਬ ਮਜਾਕ ਉਡਾਇਆ ਕਿਉਂਕਿ ਕਹਾਣੀ ਹਲਕੇ ਪਾਏ ਦੀ ਸੀ। ਮੇਰਾ ਦਿਲ ਟੁੱਟ ਗਿਆ, ਬੜੀ ਨਮੋਸ਼ੀ ਹੋਈ। ਫਿਰ ਕਈ ਸਾਲ ਤਕ ਕੁੱਝ ਨਾ ਲਿਖਿਆ।

ਇਸ ਤੋਂ ਮਗਰੋਂ ਬੱਚਿਆਂ ਲਈ "ਪਰੀ ਕਹਾਣੀਆਂ" ਲਿਖਣੀਆਂ ਆਰੰਭ ਕੀਤੀਆਂ। ਜੋ ਕਿ "ਬਾਲਕ" ਅਤੇ "ਬਾਲ ਸੰਦੇਸ਼" ਨਾਮੀ ਮੈਗਜ਼ੀਨਾਂ ਵਿਚ ਛਪਦੀਆਂ ਰਹੀਆਂ। ਪ੍ਰੀਤਲੜੀ, ਆਰਸੀ ਤੇ ਜਨਸਾਹਿਤ ਮੈਗਜ਼ੀਨ ਭੀ ਜ਼ਰੂਰ ਪੜ੍ਹਨੇ। ਧੀਮੀ ਜਹੀ ਗਤੀ ਨਾਲ ਲਿਖਦਾ ਤਾਂ ਰਿਹਾ, ਪਰ ਅੱਗੇ ਛਾਪਣ ਵਾਲੇ ਜੁਆਬ ਦੇਣ ਲੱਗ ਪਏ। ਜਿੰਨੇ ਕੁ ਲੇਖ ਸਾਂਭੇ ਜਾ ਸਕੇ ਸਾਂਭਦਾ ਰਿਹਾ, ਪਿਛਲੇ ਸਮੇਂ ਵਿਚ ਫ਼ੋਟੋ ਸਟੇਟ ਮਸ਼ੀਨਾਂ ਆਮ ਨਹੀਂ ਸਨ। ਇਸ ਲਈ ਲੇਖਾਂ ਦੀਆਂ ਨਕਲਾਂ (ਕਾਪੀਆਂ) ਮੇਰੇ ਕੋਲ ਨਾ ਰਹੀਆਂ। ਜਿਸ ਲੇਖ ਹੇਠਾਂ ਕਾਰਬਨ ਪੇਪਰ ਰੱਖ ਕੇ ਲਿਖ ਲਿਆ ਉਸ ਦੀ ਨਕਲ ਕਿਤੇ ਬਚ ਗਈ।

ਮੇਰੀ ਪਹਿਲੀ ਕਿਤਾਬ "ਧਰਮ ਦੇ ਨਾਂ 'ਤੇ" ਵਿਚ ਸ਼ਾਮਲ ਕੀਤੇ ਗਏ ਲੇਖ, ਪਿਛਲੇ ਵੀਹ ਸਾਲਾਂ ਦੇ ਸਮੇਂ ਦੌਰਾਨ ਲਿਖੇ ਗਏ ਸਨ। ਇਸ ਵਿਚਲਾ ਲੇਖ "ਯੁਗ ਪੁਰਸ਼" ਅਠਾਰਾਂ ਸਾਲ ਪਹਿਲਾਂ ਲਿਖਿਆ ਸੀ। "ਇਹਿਤਾਸ ਦੀ ਮੌਤ" ਲੇਖ ਕਰੀਬ ਪੰਦਰਾਂ ਸਾਲ ਪਹਿਲਾਂ ਦਾ ਲਿਖਿਆ ਹੋਇਆ ਹੈ। "ਸਾਕਾ ਸਰਹੰਦ" ਬਾਰਾਂ ਸਾਲ ਪੁਰਾਣਾ ਹੈ। "ਧਰਮ ਵਿਦਿਆ ਬੱਚਿਆਂ ਜਾਂ ਮਾਤਾ ਪਿਤਾ ਲਈ" ਦਸ ਸਾਲ ਪਹਿਲਾਂ ਦਾ ਹੈ। "ਇਸ਼ਕ ਹਕੀਕੀ ਵਾਲਾ ਪੰਜਾਬ ਕਿਸ ਰਾਹ" ਲੇਖ ਚੌਦਾਂ ਸਾਲ ਪਹਿਲਾਂ ਦਾ ਹੈ। "ਹੁਕਮਨਾਮਾ, ਤੇ ਹੁਕਮ ਨਾਮਿਆਂ ਬਾਰੇ ਤੱਥ" ਅੱਠ ਸਾਲ ਪਹਿਲਾਂ ਦਾ ਲਿਖਿਆ ਹੋਇਆ ਹੈ। "ਹੁਕਮਨਾਮਿਆਂ ਬਾਰੇ" ਲੇਖ ਨੂੰ, 26 ਅਕਤੂਬਰ 2003 ਦੀ ਸੰਸਾਰ ਪੱਧਰੀ ਕਨਵੈਨਸ਼ਨ ਤੋਂ ਪਹਿਲਾਂ, ਪੰਜਾਬ ਭਰ ਵਿਚ ਇਕ ਲੱਖ ਕਾਪੀ ਛਪਵਾ ਕੇ ਵੰਡੀ ਗਈ ਸੀ। ਅੱਗੋਂ ਇਸ ਦੀਆਂ ਫ਼ੋਟੋ ਕਾਪੀਆਂ ਭੀ ਬਹੁਤ ਹੋਈਆਂ। ਪਰ ਅਫ਼ਸੋਸ! ਕਿਸੇ ਤਕਨੀਕੀ ਗ਼ਲਤੀ ਕਾਰਨ ਇਸ 'ਤੇ ਮੇਰਾ ਨਾਮ ਛਪਣੋਂ ਰਹਿ ਗਿਆ ਸੀ।

ਸੰਨ 2004 ਦੇ ਸ਼ੁਰੂ ਵਿਚ ਮੈਂ ਪੁਸਤਕ ਛਪਾਉਣ ਦਾ ਮਨ ਬਣਾਇਆ। ਖਰੜਾ ਟਾਈਪ ਕਰਵਾ ਕੇ, ਲਾਹੌਰ ਬੁੱਕ ਸ਼ਾਪ ਲੁਧਿਆਣੇ ਵਾਲਿਆਂ ਨੂੰ ਬੇਨਤੀ ਕੀਤੀ। ਲੰਮਾ ਸਮਾਂ ਖਰੜਾ ਰੱਖ ਕੇ, ਪੜ੍ਹ ਕੇ "ਧੰਨਵਾਦ ਸਾਹਿਤ" ਵਾਪਸ ਕਰ ਦਿਤਾ। ਛਾਪਣ ਤੋਂ ਅਸਮਰਥਾ ਜ਼ਾਹਿਰ ਕੀਤੀ। ਮਨ ਉਦਾਸ ਹੋਇਆ। ਹਿੰਮਤ

ਜਹੀ ਕਰ ਕੇ "ਸਿੰਘ ਬ੍ਰਦਰਜ਼" ਅੰਮ੍ਰਿਤਸਰ ਵਾਲੇ ਸਿੰਘਾਂ ਕੋਲ ਪੁੱਜ ਕੇ ਇੱਛਾ ਦੁਹਰਾਈ। ਦੋ ਮਹੀਨੇ ਖਰੜਾ ਰੱਖ ਕੇ "ਮੁਆਫ਼ ਕਰੋ ਜੀ" ਆਖ ਕੇ ਵਾਪਸ ਭੇਜ ਦਿੱਤਾ। ਡੋਲਦੇ ਮਨ ਨਾਲ, ਇਕ ਹੋਰ ਪ੍ਰਕਾਸ਼ਕ 'ਭਾਈ ਚਤਰ ਸਿੰਘ ਜੀਵਨ ਸਿੰਘ' ਹੁਰਾਂ ਦੇ ਬੂਹੇ ਜਾ ਬੈਠਿਆ। ਉਨ੍ਹਾਂ ਖਰੜਾ ਪੜ੍ਹਨ ਲਈ ਦੋ ਮਹੀਨੇ ਦਾ ਸਮਾਂ ਮੰਗਿਆ। ਉਡੀਕ ਕਰਦਿਆਂ ਦੋ ਮਹੀਨੇ ਮਗਰੋਂ ਮੈਂ 'ਚਤਰ ਸਿੰਘ ਜੀਵਨ ਸਿੰਘ' ਵਾਲਿਆਂ ਦੇ ਕਾਊਂਟਰ 'ਤੇ ਬੈਠਣ ਵਾਲੇ, ਭਾਈ ਹਰਿੰਦਰਪਾਲ ਸਿੰਘ ਨੂੰ ਕਿਤਾਬ ਛਾਪਣ ਬਾਰੇ ਪੁਛਿਆ। ਉਸ ਨੇ ਬੜੇ ਪਿਆਰ ਭਰੇ ਅੰਦਾਜ਼ ਵਿਚ ਆਖਿਆ ਕਿ "ਅਸੀ ਇਸ ਕਿਤਾਬ ਨੂੰ ਛਾਪਣ ਦੀ ਖ਼ੁਸ਼ੀ ਨਹੀਂ ਲੈ ਸਕਾਂਗੇ।"

ਮੇਰਾ ਸਵਾਲ – "ਪਰ ਇਸ ਵਿਚ ਗ਼ਲਤ ਕੀ ਹੈ?"

ਹਰਿੰਦਰਪਾਲ ਸਿੰਘ– "ਗ਼ਲਤ ਕੁੱਝ ਨਹੀਂ ਪਰ ਇਹ ਕਿਤਾਬ ਵਿਵਾਦ ਵਿਚ ਪਵੇਗੀ। ਅਸੀ ਰਿਸਕ ਨਹੀਂ ਲੈਣਾ ਚਾਹੁੰਦੇ।"

ਸਵਾਲ–"ਵਿਵਾਦਾਂ ਵਿਚ ਪੈਣ ਵਾਲੀ ਪੁਸਤਕ ਵਿਕਦੀ ਬਹੁਤ ਹੈ। ਤੁਹਾਨੂੰ ਚੰਗੇ ਪੈਸੇ ਵਟਾ ਦੇਵੇਗੀ।"

ਪ੍ਰਕਾਸ਼ਕ– "ਜੀ ਹਾਂ! ਤੁਸੀਂ ਠੀਕ ਫ਼ੁਰਮਾਇਆ। ਇਹ ਕਿਤਾਬ ਵਿਕੇਗੀ ਰਿਉੜੀਆਂ ਵਾਂਗ। ਇਹ ਵਿਕੇਗੀ ਪਕੌੜਿਆਂ ਵਾਂਗ! ਇਹ ਵਿਕੇਸੀ ਦੇਸੀ ਘਿਉ ਦੀਆਂ ਬਣੀਆਂ ਗਰਮਾ ਗਰਮ ਜਲੇਬੀਆਂ ਵਾਂਗ। ਖ਼ਰੀਦਣ ਵਾਲਿਆਂ ਦੀ ਲਾਈਨ ਲੱਗ ਜਾਵੇਗੀ। ਮੈਨੂੰ ਮਾਲਾ ਮਾਲ ਕਰ ਦੇਵੇਗੀ ਤੇਰੀ ਇਹ ਕਿਤਾਬ। ਵੀਰ ਮੇਰਿਆ, ਇਸ ਕਿਤਾਬ ਵਿਚਲੀਆਂ ਲਿਖਤਾਂ ਨੇ ਮੇਰੇ ਸਿਰ ਦੇ ਸਾਰੇ ਵਾਲ ਪੁਟਵਾ ਦੇਣੇ ਹਨ। ਮੇਰੀ ਪੱਗ ਮੈਨੂੰ ਨਹੀਂ ਲੱਭਣੀ। ਮੈਂ ਅਜਿਹੀ ਮਾਇਆ ਨੂੰ ਕੀ ਚੱਟਣਾ ਹੈ। ਜੋ ਮੇਰੀ ਇੱਜ਼ਤ ਰੋਲ ਕੇ ਰੱਖ ਦੇਵੇ। ਮਿਹਰਬਾਨੀ ਕਰ, ਵਾਪਸ ਲੈ ਜਾ ਇਸ ਸੱਪ ਨੂੰ...।"

ਮੈਂ ਉਦਾਸ ਮਨ, ਭਾਰੇ ਕਦਮਾਂ ਨਾਲ ਰਾਤ ਨੂੰ ਘਰ ਪਹੁੰਚਿਆ ਮੇਰੀ ਪ੍ਰੇਸ਼ਾਨੀ ਨੂੰ ਮਹਿਸੂਸ ਕਰਦਿਆਂ, ਪਰਵਾਰ ਨੇ ਕਾਰਨ ਪੁਛਿਆ। ਮੈਂ ਸਾਰੀ ਵਿੱਥਿਆ ਸੰਖੇਪ ਵਿਚ ਕਹਿ ਸੁਣਾਈ। ਮੇਰੀ ਬੇਟੀ ਅਤੇ ਬੇਟੇ ਨੇ ਪੜ੍ਹਨ ਲਈ ਕਿਤਾਬ ਦਾ ਖਰੜਾ ਲੈ ਲਿਆ। ਹਿੱਸੇ ਵੰਡ ਵੰਡ ਕੇ ਅੱਧੀ ਰਾਤ ਤਕ ਉਨ੍ਹਾਂ ਸਾਰੀ ਕਿਤਾਬ ਪੜ੍ਹ ਲਈ। ਸਵੇਰੇ ਉਠਦਿਆਂ ਹੀ ਦੋਵੇਂ ਜਣੇ ਮੇਰੇ ਗਲ ਲੱਗ ਕੇ ਬੁੱਕੀ ਰੋਏ। ਮੇਰੇ ਕੋਲ ਬੈਠ ਕੇ ਕਿਤਾਬ ਦੇ ਕਈ ਪੈਰੇ ਮੁੜ ਮੁੜ ਪੜ੍ਹੇ। ਆਖਣ ਲੱਗੇ "ਡੈਡੀ! ਇਸ ਕਿਤਾਬ ਵਿਚਲੀ ਲਿਖਤ ਅਸੀ ਨਹੀਂ ਪੜ੍ਹੀ ਸੀ। ਰਾਤੀਂ ਪਹਿਲੀ ਵਾਰ ਪੜ੍ਹੀ ਹੈ। ਬਹੁਤ

ਸਾਰੀਆਂ ਉਹ ਗੱਲਾਂ ਹਨ, ਇਸ ਵਿਚ ਜਿਨ੍ਹਾਂ ਦਾ ਸਾਨੂੰ ਕੋਈ ਗਿਆਨ ਨਹੀਂ ਸੀ। ਅਸੀ ਬਹੁਤ ਜ਼ਿਆਦਾ ਪ੍ਰਭਾਵਤ ਹੋਏ ਹਾਂ। ਤੁਸੀ ਉਦਾਸ ਨਾ ਹੋਵੋ। ਭਾਵੇਂ ਕਰਜ਼ਾ ਚੁਕਣਾ ਪਵੇ, ਆਪਾਂ ਖ਼ੁਦ ਇਸ ਕਿਤਾਬ ਨੂੰ ਛਪਾਵਾਂਗੇ ਤੇ ਵੇਚਾਂਗੇ।"

ਦੋਸਤਾਂ ਮਿੱਤਰਾਂ ਤੋਂ ਫੜ ਫੜਾ ਕੇ ਇਕ ਲੱਖ ਰੁਪਏ ਦਾ ਪ੍ਰਬੰਧ ਕੀਤਾ। ਬਹੁਤ ਲੰਮੀ ਉਡੀਕ ਤੋਂ ਮਗਰੋਂ ਸਧਰਾਂ ਨੂੰ ਬੂਰ ਪਿਆ। ਕਿਤਾਬ "ਧਰਮ ਦੇ ਨਾਂ 'ਤੇ...?" ਛਪ ਕੇ ਆ ਗਈ। ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਚਾਰ ਮਹੀਨਿਆਂ ਦੇ ਥੋੜ੍ਹੇ ਜਹੇ ਸਮੇਂ ਵਿਚ ਕਿਤਾਬ ਵਿਕ ਗਈ।" ਦੂਜੀ ਐਡੀਸ਼ਨ ਛਪਾਈ। ਨਾਲ ਹੀ "ਸਾਡਾ ਬੇੜਾ ਇਉਂ ਗਰਕਿਆ" ਦੂਜੀ ਕਿਤਾਬ ਛਾਪ ਲਈ। ਇਸ ਦੂਜੀ ਕਿਤਾਬ ਨੇ, ਟਕਸਾਲ ਵਾਲਿਆਂ ਨੂੰ ਪੰਥਕ ਚੌਰਾਹੇ ਵਿਚ ਨੰਗੇ ਕਰ ਕੇ ਰੱਖ ਦਿਤਾ। ਇਨ੍ਹਾਂ ਬੁਰਛਾਗਰਦਾਂ ਨੇ ਮੇਰੇ 'ਤੇ ਕਈ ਵਾਰੀ ਹਮਲੇ ਕੀਤੇ। ਪਰ ਮੇਰੀ ਕਿਸੇ ਦਲੀਲ ਦਾ ਜੁਆਬ ਅੱਜ ਤਕ ਨਹੀਂ ਦੇ ਸਕੇ। ਇਨ੍ਹਾਂ ਦੋਵਾਂ ਕਿਤਾਬਾਂ ਦੀਆਂ ਚਾਰ-ਚਾਰ ਐਡੀਸਨਾਂ ਛਪ ਕੇ ਪਾਠਕਾਂ ਤਕ ਪਹੁੰਚ ਗਈਆਂ ਹਨ। ਮੇਰੀ ਆਸ ਨਾਲੋਂ ਕਿਤੇ ਵੱਧ, ਪਾਠਕਾਂ ਨੇ ਮੈਨੂੰ ਮਾਣ ਦਿਤਾ ਹੈ। ਇਨ੍ਹਾਂ ਤੋਂ ਮਗਰੋਂ ਅੱਠ ਕਿਤਾਬਾਂ ਹੋਰ ਛਪ ਚੁਕੀਆਂ ਹਨ। ਇਹ ਹੱਥਲੀ ਕਿਤਾਬ ਗਿਆਰਵੀਂ ਹੈ। ਇਸ ਵਿਚਲੀ ਲਿਖਤ ਬਾਰੇ ਮੈਂ ਕੁੱਝ ਨਹੀਂ ਆਖਾਂਗਾ। ਪੜ੍ਹ ਕੇ ਪਾਠਕ ਖ਼ੁਦ ਨਿਰਣਾ ਕਰਨ।

ਪਿਛਲੇ ਪੈਂਤੀ ਸਾਲ ਤੋਂ ਮੈਂ ਮਹੱਤਵਪੂਰਨ ਘਟਨਾਵਾਂ ਨੂੰ ਸਾਂਭਦਾ ਹੋਇਆ, ਡਾਇਰੀ ਲਿਖਦਾ ਆ ਰਿਹਾ ਹਾਂ। ਜਿਸ ਵਿਚ ਪੜ੍ਹਿਆ, ਸੁਣਿਆ, ਵਿਚਾਰਿਆ, ਖੋਜਿਆ ਸੱਭ ਸ਼ਾਮਲ ਹੈ। ਹੁਣ ਕਿਤਾਬ ਲਿਖਣ ਲਈ ਨਵੇਂ ਸਿਰਿਉਂ ਲਾਇਬ੍ਰੇਰੀਆਂ ਵਿਚ ਵਕਤ ਖ਼ਰਾਬ ਨਹੀਂ ਕਰਨਾ ਪੈਂਦਾ। ਗੁਰਬਾਣੀ ਅਤੇ ਭਾਈ ਗੁਰਦਾਸ ਜੀ, ਸਦਾ ਅੰਗਸੰਗ ਰਹਿੰਦੇ ਹੋਏ ਸਹਾਇਤਾ ਕਰਦੇ ਹਨ। ਆਉਣ ਵਾਲੇ ਸਮੇਂ ਵਿਚ ਹੋਰ ਕਈ ਵਿਸ਼ਿਆਂ ਦਾ ਮੈਟਰ ਤਿਆਰ ਪਿਆ ਹੈ। ਛੇਤੀ ਹੀ ਪੁਸਤਕ ਰੂਪ ਵਿਚ ਪਾਠਕਾਂ ਤਕ ਪੁਜਦਾ ਕਰਾਂਗਾ।

ਪਾਠਕਾਂ ਦਾ ਤਹਿ ਦਿਲੋਂ ਸ਼ੁਕਰਾਨਾ ਕਰਦਾ ਹੋਇਆ, ਆਸ ਕਰਦਾ ਹਾਂ ਕਿ ਇਸ ਕਿਤਾਬ ਨੂੰ ਭੀ ਪਹਿਲਾਂ ਵਾਂਗ ਹੀ ਹੁੰਗਾਰਾ ਦੇਣਗੇ।

ਸਤਿਕਾਰਯੋਗ ਬਾਬਾ ਨਾਨਕ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ, ਨਵੰਬਰ ਮਹੀਨੇ ਦੀ ਤੇਰਾਂ ਤਰੀਕ ਨੂੰ, ਪਾਠਕਾਂ ਸਨਮੁੱਖ ਰੱਖਣ ਦੀ ਖ਼ੁਸ਼ੀ ਲੈ ਰਿਹਾ ਹਾਂ। ਸਾਰਿਆਂ ਦਾ ਧੰਨਵਾਦ।

ਬਿਬੇਕ ਬੁਧਿ ਸਤਿਗੁਰ ਤੇ ਪਾਈ, ਗੁਰ ਗਿਆਨ ਗੁਰੂ ਪ੍ਰਭ ਕੇਰਾ॥

ਜਨ ਨਾਨਕ ਨਾਮ ਗੁਰੂ ਤੇ ਪਾਇਆ, ਧੁਰਿ ਮਸਤਕਿ ਭਾਗੁ ਲਖੇਰਾ॥ (711)

13- ਨਵੰਬਰ 2008 ਇੰਦਰ ਸਿੰਘ ਘੱਗਾ

# "ਪੰਥ ਰਤਨ" ਦਾ ਹੱਕਦਾਰ ਕਉਣ ?"

ਮਨੁੱਖੀ ਸਮਾਜ ਨੂੰ ਪਰਉਪਕਾਰ ਲਈ ਉਤਸ਼ਾਹਤ ਕਰਨ ਵਾਸਤੇ, ਪਰਵਾਰ ਪੱਧਰ ਤੋਂ ਲੈ ਕੇ, ਸੰਸਾਰ ਪੱਧਰ ਤੱਕ, ਇਨਾਮਾਂ, ਸਨਮਾਨਾਂ ਦਾ ਸਿਲਸਿਲਾ ਚਲਦਾ ਆ ਰਿਹਾ ਹੈ। ਇਕ ਨਿੱਕੇ ਬੱਚੇ ਨੂੰ 'ਸਾਬਾਸ਼' ਆਖਣ ਤੋਂ ਲੈ ਕੇ, ਨਿੱਕੇ ਤੋਹਫ਼ੇ ਖਿਡੌਣੇ, ਬਸਤਰ, ਮੌਮੈਂਟੋ, ਵਧੀਆ ਖਾਣੇ ਦੀ ਪੇਸ਼ਕਸ਼, ਸਾਈਕਲ, ਸਕੂਟਰ ਤੇ ਕਾਰ ਤਕ ਦੇ ਦਿੱਤੀ ਜਾਂਦੀ ਹੈ। ਦੇਸ਼ ਵਿਦੇਸ਼ ਵਿਚ ਸੈਰ ਕਰਨ ਲਈ, ਖਰਚਾ ਮੁਹੱਈਆ ਕਰਵਾ ਦਿੱਤਾ ਜਾਂਦਾ ਹੈ। ਭਾਵਨਾ ਹੁੰਦੀ ਹੈ ਕਿ ਵਕਤ ਸਿਰ ਦਿੱਤਾ ਗਿਆ ਉਤਸ਼ਾਹ, ਅੱਗੇ ਵੱਧਣ ਲਈ, ਇਨਸਾਨੀਅਤ ਦਾ ਭਲਾ ਕਰਨ ਲਈ, ਖਾਦ ਦਾ ਕੰਮ ਕਰਦਾ ਹੈ। ਇਸੇ ਤਰ੍ਹਾਂ ਸਮਾਜ ਦੇ ਸਿਆਣੇ ਪੁਰਖ, ਮਨੁੱਖਤਾ ਲਈ ਕੁੱਝ ਨਵਾਂ ਤੇ ਨਵੇਕਲਾ ਕਰਨ ਵਾਲੇ, ਸਾਹਸੀ ਨੌਜਵਾਨਾਂ ਦਾ ਸਨਮਾਨ ਕਰਦੇ ਹਨ। ਇਸ ਤੋਂ ਮਗਰੋਂ, ਸਟੇਟ ਪ੍ਰਤੀ ਵਫ਼ਾਦਾਰੀ, ਦੇਸ਼ ਪ੍ਰਤੀ ਵਫ਼ਦਾਰੀ ਲਈ, ਹਿੰਮਤ ਕਰਨ ਵਾਲਿਆਂ ਨੂੰ ਸਰਕਾਰਾਂ ਸਨਮਾਨਤ ਕਰਦੀਆਂ ਹਨ। ਕਈ ਵਾਰੀ ਅਪਣੇ ਧਾਰਮਿਕ ਦਾਇਰੇ ਵਿਚ ਰਹਿ ਕੇ ਵੀ, ਨੇਕ ਇਨਸਾਨ ਜ਼ਿਕਰਯੋਗ ਕੰਮ ਕਰ ਜਾਂਦੇ ਹਨ। ਉਨ੍ਹਾਂ ਸਿਦਕ ਸਿਰੜ ਦੇ ਪੱਕੇ, ਆਪੇ ਤਕ ਸੀਮਤ ਸੁਆਦਾਂ ਤੋਂ ਉਪਰ ਉੱਠਕੇ ਚੱਲਣ ਵਾਲੇ, ਧਰਮੀ ਇਨਸਾਨਾਂ ਨੂੰ, ਧਰਮ ਮੁਖੀਆਂ ਵਲੋਂ, ਧਰਮ ਅਸਥਾਨਾਂ ਵਿਚ ਸੱਦ ਕੇ, ਧਾਰਮਕ ਰਸਮਾਂ ਦੀ ਪੂਰਤੀ ਕਰ ਕੇ, ਵੱਡੇ ਇਕੱਠਾਂ ਵਿਚ, ਕੋਈ ਸਨਮਾਨਯੋਗ ਉਪਾਧੀ ਦਿੱਤੀ ਜਾਂਦੀ ਹੈ। ਭਲਾ ਕੰਮ ਕਰਨ ਵਾਲੇ ਦੀ ਹੌਸਲਾ ਅਫਜਾਈ ਕਰਨੀ, ਸਮਾਜ ਲਈ ਨੇਕ ਕੰਮ ਕਰਨ ਦੀ ਮਨਾਂ ਅੰਦਰ ਪ੍ਰੇਰਨਾ ਭਰ ਦਿੰਦੀ ਹੈ।

ਸਮੇਂ ਦੇ ਫੇਰ ਨਾਲ ਕੁੱਝ ਚਤੁਰ ਵਿਅਕਤੀ, ਮੁਖੀਆਂ ਨੂੰ ਭਰਮਾ ਕੇ, ਬਿਨਾਂ

ਕੋਈ ਅੱਛਾ ਕੰਮ ਕੀਤਿਆਂ, "ਸਨਮਾਨ" ਪ੍ਰਾਪਤ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ। ਸਨਮਾਨ ਪ੍ਰਾਪਤ ਕਰਨ ਵਾਲੀ ਕਮਜ਼ੋਰੀ (ਜਾਂ ਚੋਰੀ ਮੋਰੀ) ਦਾ ਜਦੋਂ ਕਿਸੇ ਹੋਰ ਸਮਾਜ ਸੇਵੀ ਨੂੰ ਪਤਾ ਲਗਦਾ ਹੈ, ਤਾਂ ਉਹ ਵੀ, 'ਨੇੜੇ ਦਾ ਰਾਹ' (ਸ਼ਾਟਕੱਟ) ਅਪਣਾ ਕੇ, ਮਿੰਨਤਾਂ ਕਰ ਕੇ, ਧਮਕੀਆਂ ਦੇ ਕੇ ਜਾਂ ਸੋਨੇ ਚਾਂਦੀ ਦੀ 'ਜੁੱਤੀ' ਮਾਰ ਕੇ, 'ਸਨਮਾਨਾਂ ਦਾ ਪੱਟਾ' ਆਪਣੇ ਗਲ ਵਿਚ ਪੁਆ ਲੈਂਦੇ ਹਨ। ਜਦੋਂ ਆਮ ਮਨੁੱਖ ਨੂੰ ਇਨ੍ਹਾਂ 'ਧਾਰਮਕ' ਧਾਂਦਲੀਆਂ ਦੀ ਭਿਣਕ ਪੈਂਦੀ ਹੈ, ਉਹ ਵਿਆਕੁਲ ਹੋ ਉਠਦਾ ਹੈ। ਪਹਿਲਾਂ ਕੁੱਝ ਸਮੇਂ ਤਕ ਇਸ ਠੱਗੀ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦਾ ਹੈ। ਜਿਉਂ ਜਿਉਂ ਆਉਣ ਵਾਲੇ ਸਮੇਂ ਵਿਚ ਹੋਰ 'ਧਾਰਮਕ ਲਿਬਾਸ ਵਿਚ ਲਿਪਟੇ ਧਰਮ ਦੋਖੀਆਂ' ਨੂੰ ਅਜਿਹੇ ਸਨਮਾਨ ਦਿਤੇ ਜਾਣ ਦਾ ਦੁਸ਼ਟ ਕਰਮ ਜਾਰੀ ਰਹਿੰਦਾ ਹੈ। ਉਸ ਅਵਸਥਾ ਵਿਚ ਆਮ ਆਦਮੀ ਦਾ ਵਿਸ਼ਵਾਸ, ਇਨ੍ਹਾਂ ਸਨਮਾਨਾਂ ਤੋਂ ਉਠ ਜਾਂਦਾ ਹੈ। ਧਰਮ ਮੁਖੀਆਂ ਪ੍ਰਤੀ ਮਨ ਵਿਚ ਨਫ਼ਰਤ ਭਰ ਜਾਂਦੀ ਹੈ। ਤੁਰੰਤ ਭਾਵੇਂ ਇਨ੍ਹਾਂ ਨੀਚ ਕਰਮਾਂ ਦਾ ਕੋਈ ਪ੍ਰਤੀਕਰਮ ਨਜ਼ਰ ਨਾ ਆਵੇ। ਭਵਿੱਖ ਵਾਸਤੇ ਅਜਿਹੇ ਮੰਦੇ ਤਰੀਕੇ ਦਿੱਤੇ ਗਏ ਸਨਮਾਨ, ਵੱਡੇ ਪੱਧਰ 'ਤੇ ਕੌਮੀ ਨੁਕਸਾਨ ਕਰ ਜਾਂਦੇ ਹਨ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ ਜਦੋਂ ਕੋਈ ਗੁਰੂ ਪਿਆਰ ਵਾਲਾ ਸਿੱਖ, ਤਨਮਨ ਨਾਲ ਮਨੁੱਖਤਾ ਦੀ ਸੇਵਾ ਕਰਦਾ ਸੀ, ਸੁਆਰਥ ਦਾ ਨਾਮੋ ਨਿਸ਼ਾਨ ਤਕ ਮਿਟਾ ਦਿਆ ਕਰਦਾ ਸੀ। ਮੋਹ ਲੋਭ ਆਦਿ ਵਿਸ਼ੇ ਵਿਕਾਰਾਂ ਨੂੰ ਕਾਬੂ ਵਿਚ ਕਰ ਲੈਂਦਾ ਸੀ। ਮਿੱਠ ਬੋਲੜਾ ਤੇ ਉਹ ਕੋਟੀ ਦਾ ਗਿਆਨਵਾਨ ਬਣ ਜਾਇਆ ਕਰਦਾ ਸੀ। ਬਿਨਾਂ ਡਰ ਅਤੇ ਲਾਲਚ ਦੇ, ਗੁਰਮਤਿ ਵਿਚਾਰਧਾਰਾ ਨੂੰ ਦੂਜਿਆਂ ਤਕ ਪਹੁੰਚਾਉਣ ਦੀ, ਮੁਹਾਰਤ ਹਾਸਲ ਕਰ ਲੈਂਦਾ ਸੀ, ਅਜਿਹੇ ਗੁਣਾਂ ਦੀ ਨਿਰਖ ਪਰਖ ਸਤਿਗੁਰੂ ਲਗਾਤਾਰ ਕਰਦੇ ਰਹਿੰਦੇ ਸਨ। ਸਤਿਗੁਰੂ ਜੀ ਦਾ ਨਜ਼ਰੇ ਕਰਮ ਬਣਨ ਵਾਲੇ ਗੁਰਸਿੱਖ ਨੂੰ, ਆਦਰ ਨਾਲ ਆਪਣੇ ਕੋਲ ਸੱਦ ਕੇ, ਸਾਹਿਬ ਜੀ ਸਿਰੋਪਾ ਦੇ ਕੇ ਸਨਮਾਨਤ ਕਰਦੇ। ਪ੍ਰਸੰਸਾ ਭਰੇ ਕੁੱਝ ਬਚਨ ਉਚਾਰ ਕੇ, ਸਬੰਧਤ ਸਿੱਖ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ, ਕਿਸੇ ਇਲਾਕੇ ਵਿਚ ਸੇਵਾ ਬਖ਼ਸ਼ ਦਿੰਦੇ। ਗੁਰਬਾਣੀ ਦੇ ਉਤਮ ਅਸੂਲ ਅਤੇ ਪ੍ਰਚਾਰਕ ਦੀ ਯੋਗਤਾ ਮਿਲ ਕੇ, ਭੁੱਲੇ ਭਟਕੇ ਲੋਕਾਂ ਨੂੰ ਸਿੱਖ ਪੰਥ ਵਿਚ ਸ਼ਾਮਲ ਕਰਨ ਲਈ ਨਿੱਗਰ ਯੋਗਦਾਨ ਪਾਉਂਦੇ ਰਹੇ ਹਨ।

ਪੀਰ ਬੁੱਧੂ ਸ਼ਾਹ ਦਾ ਨਾਮ ਇਤਿਹਾਸ ਵਿਚ ਬੜੇ ਫਖਰਯੋਗ ਤਰੀਕੇ ਲਿਖਿਆ ਮਿਲਦਾ ਹੈ। ਉਨ੍ਹਾਂ ਆਪਣੇ ਪੁੱਤਰਾਂ ਅਤੇ ਸੇਵਕਾਂ ਨੂੰ ਵਰ੍ਹਦੀ ਅੱਗ ਵਿਚ, ਗੁਰੂ

ਸਾਹਿਬ ਜੀ ਦੇ ਹੱਕ ਵਿਚ, ਜੰਗ ਲਈ ਭੇਜਿਆ। ਸ਼ਹੀਦੀਆਂ ਹੋਈਆਂ, ਬਹੁਤ ਸਾਰੇ ਨੌਜਵਾਨ ਜ਼ਖ਼ਮੀ ਹੋ ਗਏ। ਪੀਰ ਜੀ ਵਲੋਂ ਵਕਤ ਸਿਰ ਕੀਤੀ ਗਈ ਸਹਾਇਤਾ ਕਾਰਨ, ਸਿੱਖ ਫ਼ੌਜ ਜਿੱਤ ਗਈ। ਜੰਗ ਨਾਲ ਸਬੰਧਤ ਕੰਮ ਸਮਾਪਤ ਕਰ ਕੇ ਦਸਮ ਪਾਤਿਸ਼ਾਹ ਜੀ ਨੇ, ਕਈ ਸਾਰੇ ਬਹਾਦਰਾਂ ਦਾ ਸਨਮਾਨ ਕੀਤਾ। ਸ਼ਹੀਦਾਂ ਦੇ ਪਰਵਾਰਾਂ ਨੂੰ ਬੁਲਾ ਕੇ ਸਤਿਕਾਰ ਕੀਤਾ ਗਿਆ। ਪੀਰ ਬੁਧੂ ਸ਼ਾਹ ਵਲੋਂ ਕੀਤੀ ਗਈ ਬੇਜੋੜ ਸੇਵਾ ਤੋਂ ਬਾਅਦ, ਸਤਿਗੁਰੂ ਨੇ ਉਚੇਚੇ ਤੌਰ 'ਤੇ ਸਨਮਾਨ ਕਰਦਿਆਂ, ਆਪਣੀ ਦਸਤਾਰ ਦਾ ਅੱਧਾ ਹਿੱਸਾ ਪੀਰ ਜੀ ਨੂੰ, ਸਿਰੋਪੇ ਦੇ ਰੂਪ ਵਿਚ ਬਖ਼ਸ਼ਿਸ਼ ਕੀਤਾ। ਭਰੇ ਇਕੱਠ ਵਿਚ ਉਨ੍ਹਾਂ ਦੀ ਪ੍ਰਸੰਸਾ ਕੀਤੀ ਗਈ। ਕਿਉਂਕਿ ਉਨ੍ਹਾਂ ਦੇ ਪੁੱਤਰ ਅਤੇ ਸੇਵਕ ਜੰਗ ਵਿਚ ਲੇਖੇ ਵੀ ਲੱਗੇ, ਜ਼ਖ਼ਮੀ ਵੀ ਹੋਏ ਤੇ ਔਰੰਗਜੇਬ ਦੀ ਕਰੋਪੀ ਦਾ ਸ਼ਿਕਾਰ ਵੀ ਹੋਏ। ਕਿੰਨੀ ਵੱਡੀ ਕੀਮਤ ਉਤਾਰ ਕੇ ਸਿਰੋਪਾ ਪ੍ਰਾਪਤ ਕੀਤਾ ਗਿਆ ?

ਸਮਾਂ ਆਪਣੀ ਚਾਲ ਚਲਦਾ ਗਿਆ। ਹਾਲਾਤ ਬਦਲਦੇ ਗਏ। ਗੁਰੂ ਸਾਹਿਬ ਦੇ ਉਤਮ ਉਪਦੇਸ਼ ਸਿੱਖ ਮਨਾਂ ਵਿਚੋਂ ਕਿਰਦੇ ਗਏ। ਸਿਰੋਪੇ ਦਾ ਕਪੜਾ ਥੋਕ ਵਿਚ ਖਰੀਦਿਆ ਜਾਣ ਲੱਗਾ। ਕਰੋੜਾਂ ਰੁਪਏ ਦੇ ਕਪੜੇ ਵਿਚੋਂ ਲੱਖਾਂ ਰੁਪਏ ਦੇ ਫਰਾਡ ਹੋ ਜਾਣੇ ਆਮ ਜਿਹੀ ਘਟਨਾ ਜਾਪਣ ਲੱਗੀ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚਲੇ ਗੁਰਦਵਾਰਿਆਂ ਤੋਂ ਲੈ ਕੇ, ਸਥਾਨਕ ਪੱਧਰ ਦੇ ਹਰ ਗੁਰਦਵਾਰੇ ਵਿਚ ਸਿਰੋਪਿਆਂ ਦਾ ਵਾਪਾਰ ਹੋਣ ਲੱਗ ਪਿਆ। ਗੁਰ ਪੁਰਬਾਂ ਸਮੇਂ ਵੱਡੇ ਇਕੱਠਾਂ ਵਿਚ ਪਾਠੀਆਂ ਨੂੰ ਸਿਰੋਪੇ, ਰਾਗੀਆਂ ਨੂੰ ਸਿਰੋਪੇ, ਜਿਸ ਪਰਵਾਰ ਨੇ ਪਾਠ ਦਾ ਖ਼ਰਚਾ ਦਿਤਾ, ਉਸ ਨੂੰ ਸਿਰੋਪੇ। ਕਥਾ ਵਾਚਕ ਤੇ ਅਰਦਾਸੀਏ ਨੂੰ ਸਿਰੋਪੇ। ਲੰਗਰ ਪਕਾਉਣ ਵਾਲਿਆਂ ਨੂੰ ਤੇ ਵਰਤਾਉਣ ਵਾਲਿਆਂ ਨੂੰ ਸਿਰੋਪੇ। ਸਾਈਕਲ ਸਕੂਟਰ ਸਾਂਭਣ ਵਾਲਿਆਂ ਨੂੰ, ਤੇ ਜੋੜੇ ਜਮ੍ਹਾਂ ਕਰਨ ਵਾਲਿਆਂ ਨੂੰ ਸਿਰੋਪੇ। ਬਾਹਰੋਂ ਆਏ "ਵਿਸ਼ੇਸ਼ ਮਹਿਮਾਨਾਂ" ਨੂੰ ਸਿਰੋਪੇ। ਪਰਧਾਨਾਂ, ਸਕੱਤਰਾਂ ਨੂੰ ਸਿਰੋਪੇ। ਟੈਂਟ ਵਾਲਿਆਂ ਨੂੰ, ਲਾਈਟ ਤੇ ਸਪੀਕਰਾਂ ਵਾਲਿਆਂ ਨੂੰ ਸਿਰੋਪੇ। ਦਰੀਆਂ ਵਾਲਿਆਂ ਨੂੰ, ਪਾਣੀ ਪਿਲਾਉਣ ਵਾਲਿਆਂ, ਝਾੜੂ ਲਾਉਣ ਵਾਲਿਆਂ ਨੂੰ ਸਿਰੋਪੇ। ਜੋਟੀਆਂ ਦੇ ਸ਼ਬਦ ਪੜ੍ਹਨ ਵਾਲਿਆਂ ਨੂੰ, ਪ੍ਰਭਾਤ ਫੇਰੀ ਕੱਢਣ ਵਾਲਿਆਂ ਨੂੰ ਸਿਰੋਪੇ। ਗੱਤਕਾ ਪਾਰਟੀ ਨੂੰ ਸਿਰੋਪੇ, ਭੰਗੜਾ ਗਰੁੱਪ ਨੂੰ ਸਿਰੋਪੇ। ਸਾਰਿਆਂ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਸਿਰੋਪੇ ਵੰਡਣ ਤੋਂ ਬਾਅਦ ਸਟੇਜ ਤੋਂ ਸਪੀਕਰ ਰਾਹੀਂ ਬੋਲਿਆ ਜਾਂਦਾ ਹੈ ਕਿ "ਸਾਧ ਸੰਗਤ ਜੀ! ਜੇ ਕੋਈ ਹੋਰ ਰਹਿ ਗਿਆ ਹੋਵੇ, ਤਾਂ ਸਟੇਜ 'ਤੇ ਆ ਕੇ ਸਿਰੋਪਾ ਲੈ

ਲਵੇ।"

ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇਕ ਸੌ ਰੁਪਏ ਅਰਪਣ ਕਰਨ ਬਦਲੇ, ਗੋਲਮੋਲ ਤਹਿ ਕੀਤਾ ਸਿਰੋਪਾ ਅਤੇ ਇਕ ਵੱਡਾ ਪਤਾਸਾ ਦੇ ਕੇ, 'ਮਾਇਆ ਵਾਲੇ' ਦੀ ਹੌਸਲਾ ਅਫ਼ਜਾਈ ਕੀਤੀ ਜਾਂਦੀ ਹੈ। ਮਜ਼ਦੂਰੀ ਕਰਨ ਵਾਲਾ ਰੁੱਖੀ ਸੁੱਖੀ ਖਾਣ ਵਾਲਾ, ਗੁਰੂ ਨਾਨਕ ਸਾਹਿਬ ਦਾ ਪਿਆਰ ਪਾਤਰ, ਭਾਈ ਲਾਲੋ ਇਸ ਮਨਮੁਖੀ ਵਰਤਾਰੇ ਨੂੰ ਵੇਖ ਕੇ ਬਿੱਟ ਬਿੱਟ ਤਕਦਾ, ਹੰਝੂ ਕੇਰਦਾ, ਹਉਕੇ ਭਰਦਾ, ਸਬਰ ਦਾ ਘੁੱਟ ਭਰ ਕੇ, ਵੇਖਦਾ ਹੀ ਰਹਿ ਜਾਂਦਾ ਹੈ। ਲਗਪਗ ਹਰ ਇਕ ਧਰਮ ਅਸਥਾਨ 'ਤੇ ਮਲਕ ਭਾਗੋ ਕਾਬਜ਼ ਹੈ। ਉਸ ਸਮੇਂ ਗੁਰੂ ਨਾਨਕ ਬਾਬਾ ਜੀ, ਸਰੀਰ ਕਰ ਕੇ ਮੌਜੂਦ ਸਨ। ਅਨੇਕ ਖ਼ਤਰੇ ਸਹੇੜ ਕੇ ਵੀ, ਮਲਕ ਭਾਗੋ ਨੂੰ ਖਰੀਆਂ ਖਰੀਆਂ ਆਖ ਕੇ ਫਿਟਕਾਰਾਂ ਪਾ ਸਕਦੇ ਸਨ, ਸ਼ਰਮਸਾਰ ਕਰ ਸਕਦੇ ਸਨ। ਅੱਜ ਉਨ੍ਹਾਂ ਦੇ ਸੱਚੇ ਗਿਆਨ ਨੂੰ ਬਹੁਤ ਸਾਰੇ ਮਲਕ ਭਾਗੋਆਂ ਨੇ ਸਾਂਝ ਭਿਆਲੀ ਰਾਹੀਂ, ਸੱਤਾਂ ਜਿੰਦਰਿਆਂ ਅੰਦਰ ਬੰਦ ਕਰ ਦਿੱਤਾ ਹੈ। ਗੁਰੂ ਨਾਨਕ ਸਾਹਿਬ ਵਲੋਂ ਕਿਰਤੀਆਂ ਦੇ ਹੱਕ ਵਿਚ ਉਠਾਈ ਜ਼ੋਰਦਾਰ ਆਵਾਜ਼ ਨੂੰ ਅਮੀਰਾਂ ਵਜੀਰਾਂ ਦੀ ਹਮਾਇਤ ਵਿਚ (ਸਾਜ਼ਿਸ਼ਾਂ ਰਚ ਕੇ) ਭੁਗਤਾ ਦਿੱਤਾ ਜਾਂਦਾ ਹੈ। ਉਨ੍ਹਾਂ ਸਮਿਆਂ ਵਿਚ ਕੋਈ ਇਕ ਅਧ "ਸੱਜਣ ਠੱਗ" ਸੀ। ਅੱਜ ਹਜ਼ਾਰਾਂ ਦੀ ਗਿਣਤੀ ਵਿਚ "ਸੱਜਣ ਠੱਗ" ਗੁਰਦਵਾਰੇ, ਡੇਰੇ, ਠਾਠਾਂ, ਟਕਸਾਲਾਂ, ਟਿਕਾਣੇ ਤੇ ਛੌਣੇ ਬਣਾਈ, ਜਹਿਰੀ ਨਾਗਾਂ ਵਾਂਗ, ਫਣ ਫੈਲਾਈ ਸ਼ਿਕਾਰ ਦੀ ਉਡੀਕ ਵਿਚ ਬੈਠੇ ਹਨ। ਧਰਮ ਅਸਥਾਨਾਂ ਦੀਆਂ ਇਮਾਰਤਾਂ, ਦੋ ਨੰਬਰ ਦੀ ਕਮਾਈ ਤੋਂ ਉਸਰਦੀਆਂ ਹਨ। ਅਨੇਕ ਪ੍ਰਕਾਰ ਦੇ ਲੰਗਰ ਚੋਰਾਂ ਦੀ ਕਮਾਈ ਤੋਂ ਚਲਦੇ ਹਨ। ਹਜ਼ਾਰਾਂ ਰੁਪਏ ਦੇ ਸੁੰਦਰ ਰੁਮਾਲੇ ਤੇ ਲੱਖਾਂ ਰੁਪਏ ਦੀਆਂ ਚਾਨਣੀਆਂ, ਦੋ ਨੰਬਰ ਦਾ ਕੰਮ ਕਰਨ ਵਾਲੇ ਹੀ ਚੜ੍ਹਾ ਸਕਦੇ ਹਨ, ਕਿਰਤੀ ਇਨਸਾਨ ਨਹੀਂ। ਜਨਮ ਦਿਨ, ਸ਼ਾਦੀ ਦੀ ਸਾਲਗਿਰਾ, ਬੁੱਢਿਆਂ ਦੀਆਂ ਬਰਸੀਆਂ, ਕੋਠੀਆਂ ਦੀਆਂ ਚੱਠਾਂ 'ਤੇ ਲੱਖਾਂ, ਕਰੋੜਾਂ ਰੁਪਏ ਗਰੀਬ ਸਿੱਖ ਕਿਵੇਂ ਖਰਚ ਸਕੇਗਾ ? ਇਹ "ਧਾਰਮਕ ਚੋਚਲੇ" ਦੋ ਨੰਬਰੀਏ ਹੀ ਕਰ ਸਕਦੇ ਹਨ। ਲਗਦੈ ਬਾਬਾ ਨਾਨਕ ਜੀ, ਇਨ੍ਹਾਂ ਲੋਕਾਂ ਅੱਗੇ ਬੇਬਸ ਹਨ।

ਸਿੱਖਾਂ ਦੇ ਵਿਸ਼ਵਾਸਯੋਗ ਲਿਖਤ ਇਤਿਹਾਸ ਵਿਚਲੇ ਸਰੋਤਾਂ ਮੁਤਾਬਕ, ਜਦੋਂ ਕਿਸੇ ਸਿੱਖ ਨੂੰ ਸਤਿਕਾਰ ਦਿੱਤਾ ਗਿਆ ਤਾਂ "ਭਾਈ" ਆਖ ਕੇ ਦਿੱਤਾ ਗਿਆ। ਵੈਸੇ ਭੀ ਹਰਇਕ ਸਿੱਖ ਅਪਣੇ ਧਰਮ ਨਾਲ ਸਬੰਧਤ ਸਾਰੇ ਵਿਅਕਤੀਆਂ ਨੂੰ, ਆਪਣੇ "ਮਾਂ ਪਿਉ ਜਾਏ ਭਾਈ ਭੈਣਾ" ਸਵੀਕਾਰਦਾ ਹੈ। ਭਾਈ ਲਕਬ

ਅੰਦਰ ਨਿਮਰਤਾ ਬ੍ਰਾਬਰਤਾ ਅਤੇ ਗੁਰਮੁੱਖਤਾਈ ਵਾਲੀ ਅਪਣਤ ਵਿਦਮਾਨ ਹੈ। ਸਿੱਖਾਂ ਦੇ ਸਿਆਣੇ ਮੁਖੀਆਂ ਵਲੋਂ ਵਿਚਾਰ ਕਰ ਕੇ, ਆਧੁਨਿਕ ਜਮਾਨੇ ਵਿਚ ਵੀ, ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਨੂੰ, "ਭਾਈ" ਦੀ ਉਪਾਧੀ ਨਾਲ ਸਨਮਾਨਿਆ ਗਿਆ। ਇਨ੍ਹਾਂ ਵਿਚ ਭਾਈ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਭਾਈ ਰਣਧੀਰ ਸਿੰਘ, ਭਾਈ ਕਪੂਰ ਸਿੰਘ, (ਸਾਚੀ ਸਾਖੀ ਪੁਸਤਕ ਦੇ ਲਿਖਾਰੀ, ਤੇ ਨੈਸ਼ਨਨ ਪ੍ਰੋਫ਼ੈਸਰ ਆਫ਼ ਸਿੱਖਇਜ਼ਮ) ਭਾਈ ਹਰਭਜਨ ਸਿੰਘ (ਚੰਡੀਗੜ੍ਹ) ਅਤੇ ਭਾਈ ਅਰਦਮਨ ਸਿੰਘ ਬਾਗੜੀਆ, ਕੁੱਝ ਕੁ ਪ੍ਰਸਿੱਧ ਨਾਮ ਹਨ। ਇਨ੍ਹਾਂ ਸੱਭ ਨੂੰ "ਭਾਈ" ਦਾ ਵਿਸ਼ੇਸ਼ ਖਿਤਾਬ ਦੇ ਕੇ ਨਿਵਾਜਿਆ ਗਿਆ ਸੀ। ਸਮੁੱਚੇ ਪੰਥ ਦੇ ਆਦਰਯੋਗ "ਭਾਈ"।

ਜਿਥੇ ਜ਼ਿਕਰਯੋਗ ਸਿੱਖਾਂ ਨੂੰ ਭਾਈ ਦਾ ਸਨਮਾਨ ਸ਼੍ਰੋਮਣੀ ਕਮੇਟੀ ਵਲੋਂ ਦਿੱਤਾ ਜਾਂਦਾ ਸੀ। ਉਸ ਦੇ ਸਮਾਨਾਂਤਰ ਗੁਰਦਵਾਰੇ ਦਾ ਹਰਇਕ ਸੇਵਾਦਾਰ "ਭਾਈ" ਸੀ। ਪਾਠੀ, ਕਥਾਵਾਚਕ, ਕੀਰਤਨੀਏ, ਅਰਦਾਸੀਏ ਸਾਰੇ ਹੀ "ਭਾਈ" ਸਨ। ਇਹ ਸਾਰੇ ਸੇਵਾਦਾਰ ਆਮ ਕਰ ਕੇ ਆਰਥਕ ਪੱਖੋਂ ਕਮਜ਼ੋਰ ਜਿਹੇ ਤਾਂ ਹਨ ਹੀ, ਮਾਨਸਿੱਕ ਪੱਖ ਵੀ ਇਨ੍ਹਾਂ ਦਾ ਕਾਫ਼ੀ ਕਮਜ਼ੋਰ ਜਿਹਾ ਹੋਇਆ ਕਰਦਾ ਹੈ। ਜੇ ਇਹ ਨਿਘਰੀ ਹੋਈ ਗ਼ੁਲਾਮ ਜਿਹੀ ਸ਼੍ਰੇਣੀ ਨੂੰ ਭਾਈ ਆਖਿਆ ਜਾ ਰਿਹਾ ਹੈ, ਤਾਂ ਇਨ੍ਹਾਂ ਤੋਂ ਉਪਰਲਾ ਪ੍ਰਬੰਧਕ ਤਬਕਾ ਆਪਣੇ ਆਪ ਨੂੰ "ਭਾਈ" ਅਖਵਾ ਕੇ ਆਪਣੀ "ਬੇਇੱਜ਼ਤੀ" ਕਿਉਂ ਕਰਵਾਏ ? ਸੋ ਉਨ੍ਹਾਂ ਨੇ ਮਿਸਲਾਂ ਦੀ ਤਰਜੇ ਜਿੰਦਗੀ ਨੂੰ ਅਪਣਾਉਂਦਿਆਂ, ਆਪਣੇ ਆਪ ਨੂੰ "ਸਰਦਾਰ" ਹੋਣਾ ਐਲਾਨ ਦਿੱਤਾ। ਕੁੱਝ ਕੁ ਵਖਰੇਵਾਂ ਤਾਂ ਕਰਨਾ ਹੀ ਸੀ "ਮਾਲਕ ਅਤੇ ਨੌਕਰ" ਵਿਚਕਾਰ।

ਇਸ ਤੋਂ ਇਲਾਵਾ "ਛੋਟੇ ਅਤੇ ਵੱਡੇ" ਗੁਰਦਵਾਰੇ ਦਾ ਵਖਰੇਵਾਂ ਕਰਨਾ ਭੀ ਸਿੱਖ ਮੁਖੀਆਂ ਨੂੰ ਭੁੱਲਿਆ ਨਹੀਂ। ਜਿਥੇ ਜਾਤ ਕਾਰਨ ਲੋਕੀਂ ਵੱਡੇ ਛੋਟੇ ਮੰਨੇ ਜਾਣ, ਅਮੀਰੀ ਅਤੇ ਗਰੀਬੀ ਦੇ ਪਾੜੇ ਹੋਣ, ਅਹੁਦੇ ਦਾ ਅੰਤਰ ਹੋਵੇ। ਫਿਰ ਇਸ "ਕੈਂਸਰ ਰੋਗ" ਤੋਂ ਗੁਰਦਵਾਰਾ ਪ੍ਰਬੰਧ ਕਿਵੇਂ ਅਛੂਤਾ ਰਹਿ ਸਕਦਾ ਸੀ ? ਸੋ ਆਮ ਗੁਰਦਵਾਰਿਆਂ ਦੇ ਸੇਵਾਦਾਰ, "ਭਾਈ ਵਰਗੇ ਮਾਮੂਲੀ ਜਿਹੇ" ਨਾਮ ਨਾਲ ਪਛਾਣੇ ਜਾਂਦੇ ਸਨ। ਵੱਡੇ ਮਹਾਨ ਇਹਿਤਾਸਕ ਗੁਰਦਵਾਰਿਆਂ ਦੇ ਸੇਵਕ ਭਾਈ ਨਹੀਂ ਅਖਵਾ ਸਕਦੇ। ਉਨ੍ਹਾਂ ਲਈ ਬੜੀ ਮਿਹਨਤ ਕਰ ਕੇ, "ਸਿੰਘ ਸਾਹਿਬ" ਲਕਬ ਦੀ ਖੋਜ ਕੀਤੀ ਗਈ। ਦਰਬਾਰ ਸਾਹਿਬ ਦੇ ਗ੍ਰੰਥੀ ਬਿਨਾਂ ਗੁਣਾਂ ਤੋਂ, ਸਾਰੀਆਂ ਨਿਰਮਲ ਪ੍ਰੰਪਰਾਵਾਂ ਤੋੜ ਕੇ, "ਸਿੰਘ ਸਾਹਿਬ" ਥਾਪ ਕੇ ਆਮ ਸਿੱਖਾਂ ਦੇ

"ਭਾਈ" ਨਹੀਂ, ਮਾਲਕ ਜਾਂ ਅਫ਼ਸਰ ਥਾਪ ਦਿਤੇ ਗਏ। ਅਕਾਲ ਤਖ਼ਤ ਦਾ ਸੇਵਾਦਾਰ ਅਤੇ ਗ੍ਰੰਥੀ ਭਲਾ ਕਿਸੇ ਨਾਲੋਂ ਘੱਟ ਕਿਵੇਂ ਹੋ ਸਕਦਾ ਸੀ ? ਉਨ੍ਹਾਂ ਨੂੰ ਭੀ "ਸਿੰਘ ਸਾਹਿਬ" ਦਾ ਰੁਤਬਾ ਦੇ ਦਿਤਾ ਗਿਆ। ਜਦੋਂ ਕੋਈ ਬਿਮਾਰੀ ਫੈਲਣ ਲੱਗ ਪਵੇ ਫਿਰ ਰੋਕਣੀ ਬੜੀ ਔਖੀ ਹੈ। ਇਹ ਛੂਤਰੋਗ ਅਨੰਦਪੁਰ, ਤਲਵੰਡੀ ਸਾਬੋ ਦੇ ਸੇਵਾਦਾਰਾਂ ਨੂੰ ਆਪਣੀ ਲਪੇਟ ਵਿਚ ਲੈਂਦਾ ਹੋਇਆ, ਪਟਨਾ ਅਤੇ ਨਾਂਦੇੜ ਦੇ ਗੁਰਦਵਾਰਿਆਂ ਵਿਚ ਵੀ ਜਾ ਪਹੁੰਚਿਆ। ਚਲਦੇ ਫਿਰਦੇ 'ਹਵਾਈ ਤਖ਼ਤ' ਦਾ ਮੁਖੀ, ਨਿਹੰਗ ਭਾਈ ਵੀ ਇਸ ਦੀ ਜਕੜ ਵਿਚ ਆ ਗਿਆ। ਦਿੱਲੀ ਵਿਚ ਵੀ ਵੱਡੇ ਇਹਿਤਾਸਕ ਗੁਰਦਵਾਰੇ ਹਨ। ਜਿਥੇ ਅਣਗਿਣਤ ਸ਼ਰਧਾਲੂ ਰੋਜ਼ਾਨਾ ਨਮਸਕਾਰਾਂ ਕਰਨ, ਲੱਖਾਂ ਰੁਪਏ ਚੜ੍ਹਾਵਾ ਆਵੇ, ਫਿਰ ਉਥੇ ਦੇ ਸੇਵਕ ਗ੍ਰੰਥੀ ਬਾਰੇ ਵੀ ਕੁੱਝ ਸੋਚਣਾ ਪਵੇਗਾ। ਸੋ ਦਿੱਲੀ ਗੁਰਦਵਾਰਾ ਕਮੇਟੀ ਦੇ ਮੁਖੀਆਂ ਨੇ, ਅੰਮ੍ਰਿਤਸਰ ਵਾਲਿਆਂ ਦੀ ਰੀਸ ਕਰਦਿਆਂ, ਆਪਣੇ ਕੁੱਝ ਗ੍ਰੰਥੀਆਂ ਨੂੰ ਵੀ "ਸਿੰਘ ਸਾਹਿਬ" ਬਣਾ ਧਰਿਆ। ਅਮਰੀਕਾ ਨਿਵਾਸੀ ਸਿੱਖੀ ਦਾ ਪ੍ਰਚਾਰਕ, ਕਰੋੜ ਪਤੀ ਸਿੱਖ, ਭਾਈ ਹਰਭਜਨ ਸਿੰਘ ਯੋਗੀ, ਕਿਵੇਂ ਪਿਛੇ ਰਹਿ ਸਕਦਾ ਸੀ। ਆਪਣੇ ਧਨ ਦੀ ਤਾਕਤ ਨਾਲ, ਉਹ ਵੱਡੇ ਵੱਡੇ ਅਹੁਦੇਦਾਰਾਂ ਨੂੰ ਝੁਕਾ ਦਿਆ ਕਰਦਾ ਸੀ। ਸਤੰਬਰ 1995 ਦੇ, ਵਿਸ਼ਵ ਸਿੱਖ ਸੰਮੇਲਣ ਵਿਚ, ਯੋਗੀ ਜੀ ਨੂੰ "ਸ੍ਰੀ ਸਿੰਘ ਸਾਹਿਬ" ਦਾ ਮਹਾਨ ਖਿਤਾਬ ਦਿੱਤਾ ਗਿਆ। ਪੈਸੇ ਦੀ ਤਾਕਤ ਕਿੰਨੀ ਅਸੀਮ ਹੈ, ਕਿ ਤਖ਼ਤਾਂ ਦੇ ਸੇਵਾਦਾਰ ਸਿਰਫ਼ "ਸਿੰਘ ਸਾਹਿਬ" ਸਨ ਤੇ ਯੋਗੀ ਜੀ, "ਸ੍ਰੀ ਸਿੰਘ ਸਾਹਿਬ"। ਇਨ੍ਹਾਂ ਅਖੌਤੀ ਜਥੇਦਾਰਾਂ ਨਾਲੋਂ ਵੀ ਵੱਡੇ। ਜਦੋਂ (2005) ਯੋਗੀ ਜੀ ਕਾਲਵਸ ਹੋ ਗਏ ਤਾਂ "ਸਿੱਖ ਕੌਮ ਦੇ ਮਹਾਨ ਤਖ਼ਤ ਦੇ, ਮਹਾਨ ਜਥੇਦਾਰ" ਸ੍ਰੀ ਜੋਗਿੰਦਰ ਸਿੰਘ ਵੇਦਾਂਤੀ ਨੇ ਯੋਗੀ ਦੀ ਪਤਨੀ ਨੂੰ ਉਹੀ ਮਹਾਨ ਖਿਤਾਬ ਅੱਗੇ ਬਖ਼ਸ਼ ਦਿਤਾ। "ਸ੍ਰੀ ਸਿੰਘ ਸਾਹਿਬ ਜੀ"। ਮੇਰਾ ਕਿਸੇ ਬੀਬੀ ਨਾਲ ਕੋਈ ਵਿਰੋਧ ਨਹੀਂ ਹੈ। ਗੱਲ ਕੇਵਲ ਇੰਨੀ ਹੈ ਕਿ ਜਿਸ ਇਨਸਾਨ ਵਿਚ ਯੋਗਤਾ ਹੈ, ਸਨਮਾਨ ਉਸੇ ਨੂੰ ਮਿਲੇ, ਨਾ ਕਿ ਰਿਸ਼ਤੇਦਾਰੀਆਂ ਪਾਲਣ ਲਈ ਮਿਲੇ। ਜਿਵੇਂ ਕਿ ਰਾਜਨੀਤੀ ਵਿਚ ਅਕਸਰ ਹੀ ਵੇਖਣ ਨੂੰ ਮਿਲਦਾ ਹੈ।

ਜਦੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ ਤਾਂ ਹਰ ਇਕ ਸਿੱਖ ਦਹਿਸ਼ਤ ਵਿਚ ਸੀ। ਅੰਗਰੇਜ਼ਾਂ ਦੀ ਫ਼ੌਜ ਵਿਚਲੇ ਗੋਰੇ ਜਾਂ ਕਾਲੇ ਲੋਕ, ਸਿੱਖਾਂ 'ਤੇ ਜਿਵੇਂ ਦਿਲ ਕਰੇ ਜੁਲਮ ਕਰਨ, ਕੋਈ ਫਰਿਆਦ ਸੁਣਨ ਵਾਲਾ ਨਹੀਂ ਸੀ। ਵਿਰਲੇ ਚੋਣਵੇਂ ਸਿੱਖਾਂ ਨੂੰ ਆਪਣੇ ਨੇੜੇ ਲਿਆਉਣ ਲਈ, ਗੋਰਿਆਂ ਨੇ ਕਈ ਅਹੁਦੇ

ਪ੍ਰਚਲਤ ਕੀਤੇ। ਜਿਵੇਂ ਜੈਲਦਾਰ, ਸਫੈਦਪੋਸ਼, ਸਰਦਾਰ, ਤੇ ਸਰਦਾਰ ਬਹਾਦਰ ਆਦਿਕ। ਜਦੋਂ ਆਮ ਸਿੱਖ ਗਿਆਨਵਾਨ ਨਹੀਂ ਸੀ। ਜਥੇਬੰਦੀ ਵਿਚ ਨਹੀਂ ਸੀ। ਮਜਬੂਰੀ ਵਸ ਇਨ੍ਹਾਂ ਸਰਕਾਰੀ ਅਹੁਦਿਆਂ ਨੂੰ ਬਰਦਾਸ਼ਤ ਕਰਦਾ ਰਿਹਾ। ਜਦੋਂ ਹੀ ਆਜ਼ਾਦੀ ਦੀ ਭਾਵਨਾ ਪ੍ਰਗਟ ਹੋਣ ਲੱਗੀ, ਜਿਥੇ ਗੋਰਿਆਂ ਪ੍ਰਤੀ ਨਫ਼ਰਤ ਫੁੰਕਾਰਨ ਲੱਗੀ, ਉਥੇ ਨਾਲ ਹੀ ਇਨ੍ਹਾਂ ਸਫ਼ੈਦ ਪੋਸ਼ਾਂ ਤੇ ਜੈਲਦਾਰਾਂ ਵਿਰੁਧ ਭੀ ਗੁੱਸਾ ਭੜਕਣ ਲੱਗ ਪਿਆ। ਹੌਲੀ ਹੌਲੀ ਇਨ੍ਹਾਂ ਸਰਕਾਰੀ ਅਹੁਦਿਆਂ ਤੋਂ ਨਫ਼ਰਤ ਕੀਤੀ ਜਾਣ ਲੱਗੀ। ਇਨ੍ਹਾਂ ਸਨਮਾਨਾਂ ਵਾਲੇ ਲੋਕਾਂ ਨੂੰ ਆਮ ਜੰਤਾ ਅੰਗਰੇਜ਼ਾਂ ਦੇ ਪਿੱਠੂ ਅਤੇ ਦੇਸ਼ ਦੇ ਗੱਦਾਰ ਆਖਣ ਲੱਗ ਪਈ। ਗੋਰੀ ਸਰਕਾਰ ਵਲੋਂ ਆਪਣੇ ਵਫ਼ਾਦਾਰ ਰਾਜਿਆਂ ਨੂੰ, ਬਹੁਤ ਵੱਡੇ ਵੱਡੇ ਖਿਤਾਬਾਂ ਨਾਲ ਨਿਵਾਜਿਆਂ ਜਾਂਦਾ ਸੀ। ਜਿਨ੍ਹਾਂ ਵੱਡਾ ਕੋਈ ਦੇਸ਼ ਦਾ ਦੁਸ਼ਮਣ, ਅੰਗਰੇਜ਼ਾਂ ਲਈ ਉਨ੍ਹਾਂ ਹੀ ਚਹੇਤਾ।" ਹਿਜ਼ ਹਾਈ ਨੈਸ ਮੇਜਰ ਜਨਰਲ ਫ਼ਰਜੰਦ ਖ਼ਾਸ, ਦੌਲਤੇ ਇੰਗਲਿਸ਼ੀਆ, ਮਨਸੂਰੇਜ਼ਮਾਨ, ਅਮੀਰੁਲ ਉਮਰਾ, ਮਹਾਰਾਜਾ ਧੀਰਾਜ, ਰਾਜੇਸਵਰ, ਸ੍ਰੀ ਮਹਾਰਾਜਾਏ ਰਾਜਗਾਨ, ਸਰ.....ਆਦਿ। (ਮਹਾਨਕੋਸ਼ ਪੰਨਾ 736) ਦੇਸ਼ ਭਗਤਾਂ ਨੂੰ ਕੈਦਾਂ ਜੁਰਮਾਨੇ ਤੇ ਫਾਂਸੀਆਂ। ਗੱਦਾਰਾਂ ਨੂੰ ਇਨਾਮ ਮੁਰੱਬੇ ਜਮੀਨਾਂ ਵੱਡੇ ਅਹੁਦੇ।

ਇਸੇ ਰਾਹ 'ਤੇ ਚਲਦਿਆਂ ਸਿੱਖਾਂ ਵਿਚਲੇ ਗੱਦਾਰਾਂ ਨੇ, ਚੰਗਾ ਕੰਮ ਕਰਨ ਵਾਲਿਆਂ ਨੂੰ ਸਦਾ ਅਪਮਾਨਤ ਕੀਤਾ। ਪੰਥ ਦੋਖੀਆਂ ਨੂੰ ਅਹੁਦੇ ਦਿਤੇ ਗਏ ਤੇ ਸਨਮਾਨਤ ਕੀਤਾ ਗਿਆ। ਪੁਰਾਣੇ ਸਮੇਂ ਦਾ ਇਤਿਹਾਸ ਫਰੋਲਣ ਦੀ ਥਾਵੇਂ ਮੌਜੂਦਾ ਸਮੇਂ ਦਾ ਲੇਖਾ ਜੋਖਾ ਕਰ ਵੇਖੀਏ। ਵਿਗਿਆਨਕ ਢੰਗ ਨਾਲ ਗੁਰਮਤਿ ਅਸੂਲਾਂ ਦੀ ਵਿਆਖਿਆ ਕਰਨ ਵਾਲੇ ਸੰਤਾਂ, ਮਹੰਤਾਂ ਸੋਢੀਆਂ, ਬੇਦੀਆਂ ਅਤੇ ਪੁਜਾਰੀਆਂ ਵਿਰੁਧ, ਵੱਡੇ ਜਹਾਦ ਦੀ ਸ਼ੁਰੂਆਤ ਕਰਨ ਵਾਲੇ ਗਿਆਨੀ ਦਿੱਤ ਸਿੰਘ ਅਤੇ ਪ੍ਰੋ. ਗੁਰਮੁੱਖ ਸਿੰਘ ਨੂੰ ਸਨਮਾਨਤ ਕਰਨ ਦੀ ਥਾਵੇਂ, ਸਗੋਂ ਅਪਮਾਨਤ ਕੀਤਾ ਗਿਆ, "ਪੰਥ" ਵਿਚੋਂ ਛੇਕਿਆ ਗਿਆ। ਦੂਜੇ ਪਾਸੇ ਸਿਤਮ ਵੇਖੋ, ਪੰਥ ਲਈ ਅਤੇ ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲਿਆਂ ਵਿਚੋਂ, ਕਿਸੇ ਇਕ ਨੂੰ ਭੀ "ਪੰਥ ਰਤਨ" ਦਾ ਖਿਤਾਬ ਨਹੀਂ ਦਿੱਤਾ ਗਿਆ। ਹਾਂ ਸਮੁੱਚੇ ਪੰਥ ਦਾ ਬੇੜਾ ਮੰਝਧਾਰ ਵਿਚ ਡੋਬਣ ਵਾਲੇ, ਸਿੱਖਾਂ ਨੂੰ ਨਿਮਾਣੇ ਤੇ ਨਿਤਾਣੇ ਬਣਾ ਕੇ "ਬਘਿਆੜਾਂ" ਅੱਗੇ ਸੁੱਟ ਦੇਣ ਵਾਲੇ ਮਾਸਟਰ ਤਾਰਾ ਸਿੰਘ ਨੂੰ 'ਪੰਥ ਰਤਨ" ਐਵਾਰਡ ਨਾਲ ਸਨਮਾਨਿਆ ਗਿਆ।

ਭਾਈ ਗੁਰਚਰਨ ਸਿੰਘ ਟੌਹੜਾ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੋਣ ਦੇ ਬਾਵਜੂਦ, ਆਖਰੀ ਸੁਆਸਾਂ ਤਕ, ਰਾਜਨੀਤੀ ਦੀ ਦਲਦਲ ਵਿਚ ਗਰਕ ਹੋਇਆ ਰਿਹਾ। ਸਿੱਖਾਂ ਨੂੰ ਕੁਟਵਾਉਣ ਅਤੇ ਮੋਰਚੇ ਲਾਉਣ ਦੇ ਰਾਹ ਟੋਰੀ ਰੱਖਿਆ। ਧਰਮ ਪ੍ਰਚਾਰ ਲਈ, ਪੰਥ ਦੀ ਚੜ੍ਹਦੀ ਕਲਾ ਲਈ, ਰਾਈ ਮਾਤਰ ਕਾਰਜ ਨਾ ਉਲੀਕੀਆ। ਅੰਤ ਦਰਬਾਰ ਸਾਹਿਬ 'ਤੇ ਹਮਲੇ ਵਕਤ ਬਾਹਵਾਂ ਖੜੀਆਂ ਕਰ ਕੇ, ਲਾਸ਼ਾਂ ਨੂੰ ਪੈਰਾਂ ਹੇਠ ਰੌਂਦ ਕੇ, ਜਾਨ ਬਚਾ ਕੇ, ਸਰਕਾਰੀ ਗੱਡੀ ਵਿਚ ਜਾ ਬੈਠਾ। ਉਸ ਨੂੰ ਵੀ 'ਮਹਾਨ ਪੰਥਕ ਸੇਵਾ ਬਦਲੇ, "ਪੰਥ ਰਤਨ" ਦੇ ਖਿਤਾਬ ਨਾਲ ਨਿਵਾਜਿਆ ਗਿਆ।" ਇਥੇ ਜਨਰਲ ਸੁਬੇਗ ਸਿੰਘ, ਭਾਈ ਜਰਨੈਲ ਸਿੰਘ ਤੇ ਭਾਈ ਅਮਰੀਕ ਸਿੰਘ ਵਰਗੇ ਅਣਗਿਣਤ ਯੋਧੇ "ਪੰਥ ਰਤਨ" ਨਹੀਂ ਹਨ। ਵਾਹ ਮੇਰੀ ਕੌਮ ਦੇ ਸਰਬਰਾਹੋ! ਵਾਹ!!

ਇਸ ਦੂਲੇ ਪੰਥ ਵਿਚ ਜਾਲਮ ਸਰਕਾਰ ਦੀ ਮੁਖੀ, ਸਿੱਖ ਕੌਮ ਦੀ ਨਸਲ ਕੁਸੀ ਕਰਨ ਵਾਲੀ ਚੰਡਾਲ ਔਰਤ, ਇੰਦਰਾ ਗਾਂਧੀ ਨੂੰ, ਪਾਪਾਂ ਦੀ ਸਜ਼ਾ ਦੇਣ ਵਾਲੇ, ਮਹਾਨ ਸੂਰਮੇ ਭਾਰੀ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਨੂੰ "ਫ਼ਖਰ-ਏ-ਕੌਮ" ਦੇ ਸਨਮਾਨ ਨਾਲ ਨਿਵਾਜਣਾ ਬਣਦਾ ਸੀ। ਜਰਨਲ ਵੈਦਿਆ ਨੂੰ "ਨਰਕਗਾਮੀ" ਕਰਨ ਵਾਲੇ, ਭਾਈ ਹਰਜਿੰਦਰ ਸਿੰਘ ਤੇ ਭਾਈ ਸੁਖਦੇਵ ਸਿੰਘ ਨੂੰ "ਜਾਂਬਾਜ਼ ਰਾਖੇ" ਵਰਗਾ ਉਤਮ ਸਨਮਾਨ ਦਿੱਤਾ ਜਾਣਾ ਚਾਹੀਦਾ ਸੀ ਪਰ ਉਨ੍ਹਾਂ ਨੂੰ ਵਿਸਾਰ ਹੀ ਦਿੱਤਾ ਗਿਆ।

"ਪੰਥ ਰਤਨ" ਸਨਮਾਨ ਦਿੱਤਾ ਗਿਆ ਗਿਆਨੀ ਸੰਤ ਸਿੰਘ ਮਸਕੀਨ ਨੂੰ। ਨਾਲ ਪੰਜਾਹ ਲੱਖ ਰੁਪਿਆ ਨਗਦ ਪਰਵਾਰ ਨੂੰ। ਜੋ ਮਸਕੀਨ ਉਮਰ ਭਰ ਗੁਰਮਤਿ ਸਿਧਾਂਤਾਂ ਨੂੰ ਗੰਧਲੇ ਕਰ ਕੇ, ਸਿੱਖ ਸੰਗਤ ਵਿਚ ਪ੍ਰਚਾਰਦਾ ਰਿਹਾ। ਬ੍ਰਾਹਮਣੀ ਖਾਰੇ ਸਾਗਰ ਵਿਚ ਡੋਬਦਾ ਰਿਹਾ। ਗੁਰਬਾਣੀ ਦੀ ਘੱਟ ਸ਼ਾਇਰੋ ਸ਼ਾਇਰੀ ਦੀ "ਕਥਾ" (?) ਵੱਧ ਕਰਦਾ ਰਿਹਾ। ਜੋ ਸਿੱਖ ਸ਼ਰਧਾਵਾਨਾਂ ਤੋਂ ਕਰੋੜਾਂ ਰੁਪਏ ਬਟੋਰਦਾ ਰਿਹਾ। ਉਸੇ ਮਸਕੀਨ ਜੀ ਨੂੰ "ਪੰਥ ਰਤਨ" ਦਾ ਖਿਤਾਬ ਦੇ ਦਿੱਤਾ ਗਿਆ।

ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਆਪਣੀਆਂ ਲਿਖਤਾਂ ਰਾਹੀਂ ਬਿਪਰਨ ਕੀਆਂ ਰੀਤਾਂ ਤੋਂ ਵਰਜਣ ਲਈ, ਗੁਰਬਾਣੀ ਦੇ ਪ੍ਰਮਾਣਾਂ ਸਹਿਤ, ਕਿਤਾਬਾਂ ਲਿਖਦਾ ਰਿਹਾ। ਪੰਥਕ ਮੁਖੀਆਂ ਦੇ ਬੋਲੇ ਕੰਨਾਂ ਤੱਕ ਸੱਚ ਦੀ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਗੁਰੂ ਨਿੰਦਕ ਕਿਤਾਬਾਂ ਅਤੇ ਗੁਰੂ ਦੋਖੀ ਵਿਅਕਤੀਆਂ ਦਾ ਭਾਂਡਾ ਚੌਰਾਹੇ ਵਿਚ ਭੰਨਦਾ ਰਿਹਾ। ਉਸ ਬਜ਼ੁਰਗ ਵਿਦਵਾਨ

ਗੁਰਸਿਖ ਨੂੰ, "ਪੰਥ ਰਤਨ" ਤਾਂ ਕੀ ਮਿਲਣਾ ਸੀ, ਸਗੋਂ "ਪੰਥ ਵਿਚੋਂ ਖ਼ਾਰਜ" ਕਰਨ ਵਰਗਾ ਪਾਪ ਕਰ ਕੇ ਅਪਮਾਨਤ ਕੀਤਾ ਗਿਆ। ਸ੍ਰ. ਜੋਗਿੰਦਰ ਸਿੰਘ "ਸਪੋਕਸਮੈਨ' ਰਾਹੀਂ, ਸੱਚ ਦੀ ਆਵਾਜ਼ ਬੁਲੰਦ ਕਰਦਾ ਹੈ। ਪੁਜਾਰੀ ਟੋਲੇ ਨੂੰ, ਚਮਕਦੇ ਲੰਮੇ ਧਾਰਮਕ ਚੋਲਿਆਂ ਵਿਚ ਲਿਪਟੇ ਵੱਡੇ ਬਦਮਾਸ਼ਾਂ, ਚੋਰਾਂ ਠੱਗਾਂ ਤੇ ਪੰਥ ਦੋਖੀਆਂ ਨੂੰ, ਜੰਤਾ ਦੇ ਸਨਮੁੱਖ ਨੰਗੇ ਕਰਦਾ ਹੈ। ਕੌਮ ਘਾਤਕ, ਰਿਸ਼ਵਤ ਖੋਰ ਪੰਥ ਦੋਖੀ ਰਾਜਸੀ ਆਗੂਆਂ ਦੇ, ਭ੍ਰਿਸ਼ਟ ਚੇਹਰੇ ਬੇਨਕਾਬ ਕਰਦਾ ਹੈ। ਇਸ ਦੇ ਨਾਲ ਹੀ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੇ ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀ ਢਾਲ ਬਣ ਕੇ ਖਲੋ ਗਿਆ ਹੈ। ਪੁਜਾਰੀਆਂ ਦੀ ਮਰੀ ਆਤਮਾ ਨੇ ਵਿਸ਼ ਘੋਲੀ। ਧਰਮ ਦਾ ਮਖੌਟਾ ਪਹਿਨਿਆ। ਪਵਿੱਤਰ ਅਕਾਲ ਤਖ਼ਤ ਦੇ ਗੁਰਬਾਣੀ ਰੂਪੀ ਸੱਚ ਨੂੰ ਮਧੋਲ ਕੇ ਰੱਖ ਦਿਤਾ। ਸ੍ਰ. ਜੋਗਿੰਦਰ ਸਿੰਘ (ਸਪੋਕਸਮੈਨ) ਨੂੰ "ਪੰਥ ਰਤਨ" ਦਾ ਖਿਤਾਬ ਇਹ ਦਿਤਾ ਗਿਆ ਕਿ ਝੂਠਿਆਂ ਤੇ ਪਾਪੀਆਂ ਨੇ ਰਲ ਕੇ "ਪੰਥ ਵਿਚੋਂ ਖਾਰਜ ਕਰ ਦਿਤਾ।"

ਦਾਸ (ਇੰਦਰ ਸਿੰਘ ਘੱਗਾ) ਪਿਛਲੇ ਲੰਮੇ ਸਮੇਂ ਤੋਂ ਉਚੀਆਂ ਧਾਰਮਕ ਅਤੇ ਰਾਜਸੀ ਗੱਦੀਆਂ 'ਤੇ ਬੈਠੇ ਲੋਕਾਂ ਨੂੰ ਨੇੜਿਉਂ ਵੇਖਦਾ ਪਰਖਦਾ ਰਿਹਾ। ਇਨ੍ਹਾਂ ਪੁਜਾਰੀਆਂ ਅਤੇ ਡੇਰੇਦਾਰ, ਲੁਟੇਰੇ, ਸਾਧਾਂ ਦੀਆਂ, ਪੰਥ ਵਿਰੋਧੀ ਅਤੇ ਗੁਰਮਤਿ ਵਿਰੋਧੀ ਕੁਫ਼ਰ ਕਹਾਣੀਆਂ ਨੂੰ ਤਾਰ ਤਾਰ ਕਰਦਾ ਰਿਹਾ। ਗਿਆਨੀ ਗੁਰਬਚਨ ਸਿੰਘ (ਟਕਸਾਲ ਦਾ ਇਕ ਮੁਖੀ) ਵਲੋਂ ਲਿਖਿਆ ਗਿਆ ਕੂੜ ਕੁਫ਼ਰ, ਸੰਗਤ ਦੀ ਕਚਹਿਰੀ ਵਿਚ, ਬਾਦਲੀਲ, ਗੁਰਬਾਣੀ ਦੇ ਪ੍ਰਮਾਣ ਦੇ ਦੇ ਕੇ, ਪੇਸ਼ ਕਰਦਾ ਰਿਹਾ। "ਹੁਕਮਨਾਮਿਆਂ" ਵਾਲੇ ਅਧਿਕਾਰ ਦੀ ਦੁਰਵਰਤੋਂ ਕਰ ਕੇ, ਜਿਵੇਂ ਪੁਜਾਰੀਆਂ ਨੇ ਕੌਮੀ ਨੁਕਸਾਨ ਕੀਤਾ ਹੈ। ਚੋਰਾਂ, ਠੱਗਾਂ, ਬਲਾਤਕਾਰੀਆਂ ਨੂੰ ਕਿਵੇਂ ਇਨ੍ਹਾਂ ਸਾਫ਼ ਬਰੀ ਕਰ ਦਿਤਾ ਹੈ, ਉਹ ਸੱਭ ਨੰਗਾ ਕਰਦਾ ਰਿਹਾ। ਡੇਰੇਦਾਰ ਤੇ ਜਥੇਦਾਰ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ, ਸੰਗਤ ਦੇ ਇਕੱਠ ਸਨਮੁੱਖ, ਕਿਵੇਂ ਝੂਠ ਬੋਲਦੇ ਹਨ, ਕੌਮ ਨੂੰ ਗੁਮਰਾਹ ਕਰਦੇ ਹਨ। ਆਪਣੀਆਂ ਲਿਖਤਾਂ ਰਾਹੀਂ ਬਾਦਲੀਲ ਪੇਸ਼ ਕੀਤਾ। ਮਹਿਤੇ ਚੌਕ ਵਾਲੀ, ਡੇਰੇਦਾਰ ਸਾਧਾਂ ਦੀ ਇਕ ਪ੍ਰਮੁੱਖ ਗੱਦੀ, ਤਿਲਮਿਲਾ ਉਠੀ, ਰਾਤਾਂ ਦੀ ਨੀਂਦਰ ਤੇ ਦਿਨਾਂ ਦਾ ਚੈਨ ਜਾਂਦਾ ਰਿਹਾ। ਡੇਰਿਆਂ ਵਿਚੋਂ ਟੁਕੜੇ ਖਾ ਕੇ ਪਲੇ, (ਪੜ੍ਹੇ ਨਹੀਂ) ਡੇਰੇ ਦੇ ਮੁਖੀ ਨੂੰ ਸਤਿਗੁਰੂ ਜੀ ਨਾਲੋਂ ਸਿਰਮੌਰ ਮੰਨਣ ਤੇ ਪ੍ਰਚਾਰਨ ਵਾਲੇ ਜਥੇਦਾਰਾਂ ਨੇ "ਕੱਦੂ ਵਿਚ ਇਕ ਹੋਰ ਤੀਰ ਮਾਰ ਦਿਤਾ।" ਜਦੋਂ ਇਨ੍ਹਾਂ ਰਲ ਕੇ 21.10.2006 ਨੂੰ ਦਾਸ ਨੂੰ ਸੁਣਨ ਤੋਂ ਬਗੈਰ,

ਇਕ ਤਰਫ਼ਾ, ਨਾਦਰਸ਼ਾਹੀ ਫੁਰਮਾਨ ਜਾਰੀ ਕਰ ਦਿਤਾ। ਉਹ ਵੀ ਅਕਾਲ ਤਖ਼ਤ ਦੇ ਨਾਮ ਦੀ ਦੁਰਵਰਤੋਂ ਕਰਦਿਆਂ। ਅਖੇ, "ਪ੍ਰੋ. ਇੰਦਰ ਸਿੰਘ ਘੱਗਾ ਨੂੰ ਗੁਰਦਵਾਰਿਆਂ ਵਿਚ ਬੋਲਣ 'ਤੇ ਰੋਕ ਲਾਈ ਜਾਂਦੀ ਹੈ। ਇਸ ਵਲੋਂ ਲਿਖੀਆਂ ਕਿਤਾਬਾਂ ਨੂੰ ਛਾਪਣ ਅਤੇ ਵੇਚਣ 'ਤੇ ਵੀ ਪਾਬੰਦੀ ਲਾਈ ਜਾਂਦੀ ਹੈ। ਜਿੰਨੀ ਦੇਰ ਤਕ ਇਹ ਅਕਾਲ ਤਖ਼ਤ 'ਤੇ ਆ ਕੇ ਮੁਆਫ਼ੀ ਨਹੀਂ ਮੰਗ ਲੈਂਦਾ।"

ਇਥੇ ਝੂਠਿਆਂ, ਮਕਾਰਾਂ, ਪਖੰਡੀਆਂ, ਲੁਟੇਰਿਆਂ, ਬਲਾਤਕਾਰੀਆਂ ਤੇ ਪੰਥ ਦੀ ਪਿੱਠ ਵਿਚ ਛੁਰਾ ਮਾਰਨ ਵਾਲਿਆਂ ਨੂੰ ਸਨਮਾਨਤ ਕੀਤਾ ਜਾਂਦਾ ਹੈ। ਗੁਰਬਾਣੀ ਦੇ ਨਿਰੋਲ ਸੱਚ ਨੂੰ ਸੰਗਤ ਤਕ ਪਹੁੰਚਾਉਣ ਵਾਲਿਆਂ ਨੂੰ ਅਪਮਾਨਤ ਕੀਤਾ ਜਾਂਦਾ ਹੈ। , ਇਹ ਹੈ ਜਥੇਦਾਰਾਂ ਦਾ ਇਨਸਾਫ਼।

ਭਾਈ ਜਸਬੀਰ ਸਿੰਘ ਖੰਨੇ ਵਾਲੇ 2006 ਵਿਚ ਕਾਲਵਸ ਹੋ ਗਏ। ਉਨ੍ਹਾਂ ਦੀਆਂ "ਸ਼ਾਨਦਾਰ ਪੰਥਕ ਸੇਵਾਵਾਂ" ਨੂੰ ਧਿਆਨ ਵਿਚ ਰਖਦਿਆਂ, ਅਕਾਲ ਤਖ਼ਤ ਵਲੋਂ, ਸ਼੍ਰੋਮਣੀ ਸਨਮਾਨ "ਪੰਥ ਰਤਨ" ਦੇ ਕੇ ਨਿਵਾਜਿਆ ਗਿਆ। ਜੋ ਭਾਈ ਜਸਬੀਰ ਸਿੰਘ ਕੀਰਤਨ ਤੇ ਕਥਾ ਦੀ ਬਦੌਲਤ, ਕਰੋੜਾਂ ਰੁਪਏ ਕਮਾਉਂਦਾ ਰਿਹਾ। ਆਪਣਾ ਨਿਜੀ ਵਿਸ਼ਾਲ ਧਰਮ ਅਸਥਾਨ ਉਸਾਰਦਾ ਰਿਹਾ। ਆਪਣੀ ਨਿਜੀ ਮਲਕੀਅਤ ਵਿਚ, ਸੰਗਤ ਦੇ ਪੈਸੇ ਨਾਲ ਹਸਪਤਾਲ ਤਾਮੀਰ ਕਰਾਉਂਦਾ ਰਿਹਾ। ਅਪਣੇ ਹਸਪਤਾਲ ਵਾਸਤੇ, ਵਿਦੇਸ਼ਾਂ ਵਿਚੋਂ ਦਾਨ ਰੂਪ ਵਿਚ, ਮਹਿੰਗੀਆਂ ਮਸ਼ੀਨਾਂ ਅਤੇ ਹੋਰ ਸਾਜੋ ਸਮਾਨ ਇਕੱਠਾ ਕਰਦਾ ਰਿਹਾ। ਜੋ ਸਿੱਖਾਂ ਦਾ ਅਣਖੀਲਾ ਸੁਭਾ ਖ਼ਤਮ ਕਰ ਕੇ, ਨਾਮ ਸਿਮਰਣ ਵਰਗੇ ਘੁੰਮਣ ਘੇਰ ਵਿਚ ਉਲਝਾਉਂਦਾ ਰਿਹਾ ਜਿਸ ਦੀ ਅਚਨਚੇਤੀ ਹੋਈ ਮੌਤ ਵੀ ਬਹੁਤ ਸਾਰੇ ਸਵਾਲ ਛੱਡ ਗਈ ਹੈ। ਗੁਰਬਾਣੀ ਰਾਹੀਂ ਕਰੋੜਾਂ ਰੁਪਏ ਕਮਾਉਣ ਵਾਲਾ ਭਾਈ ਜਸਬੀਰ ਸਿੰਘ "ਮਹਾਨ ਹੈ, ਪੰਥ ਰਤਨ ਹੈ।"

ਉਪਰ ਵਰਣਿਤ ਗੁਰਦਵਾਰੇ (ਪਿੰਡ ਸੋਹਾਣਾ, ਨੇੜੇ ਮੋਹਾਲੀ) ਤੋਂ ਥੋੜੀ ਕੁ ਦੂਰ ਪਿੰਡ ਬੁੜੈਲ ਹੈ। ਇਸ ਪਿੰਡ ਦੀ ਜ਼ਮੀਨ ਵਿਚ, ਸਖ਼ਤ ਪਹਿਰੇ ਵਾਲੀ ਚੰਡੀਗੜ੍ਹ ਨਾਲ ਸਬੰਧਤ ਜੇਲ੍ਹ ਹੈ। ਇਸੇ ਬੁੜੈਲ ਜੇਲ੍ਹ ਵਿਚ, ਸਿੱਖ ਕੌਮ ਦੇ ਕਾਤਲ, ਬੇਅੰਤ ਸਿੰਘ ਨੂੰ ਪਾਪਾਂ ਦੀ ਸਜ਼ਾ ਦੇਣ ਵਾਲੇ ਸੂਰਮੇ ਸ੍ਰ. ਜਗਤਾਰ ਸਿੰਘ ਹਵਾਰਾ ਤੇ ਸ੍ਰ. ਬਲਵੰਤ ਸਿੰਘ ਆਦਿਕ ਬੰਦ ਹਨ। ਅਪਣੀ ਜਾਨ ਬੜੀ ਪਿਆਰੀ ਹੁੰਦੀ ਹੈ। ਘਰ ਪਰਵਾਰ ਜ਼ਮੀਨ ਤੇ ਪੈਸਾ, ਸਭ ਚਲਾ ਜਾਵੇ, ਲੋਕੀਂ ਪ੍ਰਵਾਨ ਕਰ ਲੈਂਦੇ ਹਨ ਪਰ ਜਾਨ ਬਚ ਜਾਵੇ, ਜੇ ਸਲਾਮਤ ਰਹੇ ਚੀਜ਼ਾਂ ਫੇਰ ਬਣਾ ਲਵਾਂਗੇ।

ਕਦੀ ਕਦਾਈਂ ਮਨੁੱਖ ਜਾਨ ਬਚਾਉਣ ਲਈ ਜ਼ਮੀਰ ਨੂੰ ਮਾਰ ਲੈਂਦਾ ਹੈ। ਧਰਮ ਇਮਾਨ ਗਵਾ ਬਹਿੰਦਾ ਹੈ। ਬਸ ਜਾਨ ਸਲਾਮਤ ਰਹਿ ਜਾਵੇ। ਸਰਦਾਰ ਦਿਲਾਵਰ ਸਿੰਘ ਨੇ ਜੋ ਬੇਜੋੜ ਸੂਰਮਗਤੀ ਦਾ ਕਾਂਡ ਲਿਖਿਆ ਹੈ, ਸਿੱਖ ਕੌਮ ਉਸ ਦੀ ਸਦਾ ਰਿਣੀ ਰਹੇਗੀ। ਭਰ ਜੁਆਨੀ ਵਿਚ, ਪੰਥ ਦੇ ਦਰਦ ਨਾਲ ਭਰਪੂਰ ਸੰਸਾਰਕ ਸੁਆਦਾਂ ਤੋਂ ਉਪਰ, ਜੀਵਨ ਮੁਕਤਿ, "ਮੈਂ ਮਰਾਂ ਪੰਥ ਜੀਵੇ" ਦੀ ਪਰਉਪਕਾਰੀ ਭਾਵਨਾ ਨਾਲ ਲਬਰੇਜ਼, ਸ੍ਰ. ਦਿਲਾਵਰ ਸਿੰਘ ਨੂੰ ਬਾਰ ਬਾਰ ਨਮਸਕਾਰ ਹੈ। ਜਿਸ ਨੇ ਆਪਣੇ ਜੁਆਨ, ਸੁਡੌਲ ਸੋਹਣੇ ਸਰੀਰ ਨੂੰ ਮਿੱਟੀ ਦੀ ਢੇਲੀ ਜਾਣਿਆ। ਆਪਣੇ ਗੁਰਸਿੱਖ ਭਾਈਆਂ, ਮਾਈਆਂ, ਬੱਚਿਆਂ ਦੀ ਜ਼ਿੰਦਗੀ ਕੀਮਤੀ ਸਮਝੀ। ਪੰਜਾਬ ਵਿਚਲੇ ਸ਼ਮਸ਼ਾਨ ਘਾਟਾਂ ਵਿਚੋਂ ਉਠ ਰਹੀਆਂ ਉਚੀਆਂ ਲਾਟਾਂ ਨੂੰ ਬੁਝਾਉਣ ਲਈ। ਛੈਲ ਬਾਂਕੇ ਅਣਖੀਲੇ ਸਿੱਖ ਗਭਰੂਆਂ ਨੂੰ ਅਣਪਛਾਤੀਆਂ ਲਾਸ਼ਾਂ ਬਣਨ ਤੋਂ ਰੋਕਣ ਲਈ। ਪੁਲਿਸ ਥਾਣਿਆਂ ਵਿਚ ਪੁੱਟੀਆਂ ਜਾ ਰਹੀਆਂ, ਬਜ਼ੁਰਗਾਂ ਦੀਆਂ ਸਫ਼ੈਦ ਦਾਹੜੀਆਂ ਬਚਾਉਣ ਲਈ। ਸਰਕਾਰੀ ਬੁੱਚੜਖਾਨਿਆਂ ਵਿਚ, ਨੂੰਹਾਂ, ਧੀਆਂ, ਮਾਵਾਂ ਦੀ ਪਤ ਰੁਲਣ ਤੋਂ ਬਚਾਉਣ ਲਈ। ਮਹੀਨਿਆਂ ਬੱਧੀ ਤਸੀਹਾ ਕੇਂਦਰਾਂ ਵਿਚ, ਅਣਮਨੁੱਖੀ ਤਸੀਹਿਆਂ ਤੋਂ ਸਿੱਖ ਨੌਜਵਾਨਾਂ ਨੂੰ ਮੁਕਤ ਕਰਾਉਣ ਲਈ। ਪੰਜਾਬ ਵਿਚ ਵਗ ਰਹੇ ਖ਼ੂਨ ਦੇ ਦਰਿਆ ਨੂੰ ਬੰਨ੍ਹ ਮਾਰਨ ਲਈ। ਘਰ ਘਰ ਵਿਚੋਂ ਸੁਣਦੇ ਵੈਣ ਰੋਕਣ ਲਈ। ਮਾਸੂਮ ਜਿੰਦਾਂ, ਨਿੱਕੇ ਬਾਲਾਂ ਨੂੰ ਯਤੀਮ ਹੋਣ ਤੋਂ ਬਚਾਉਣ ਲਈ। ਸਿੱਖ ਕੌਮ ਦੀ "ਢੱਠੀ ਪੱਗ" ਮੁੜ ਸਿਰ 'ਤੇ ਟਿਕਾਉਣ ਦੇ ਲਈ। ਸ੍ਰ. ਦਿਲਾਵਰ ਸਿੰਘ ਬਹਾਦਰ ਨੇ, ਆਪਣੇ ਸਿਰ 'ਤੇ ਜਿਉਂਦੇ ਜੀਅ ਖੱਫਣ ਬੰਨ੍ਹ ਲਿਆ। ਸਮੁੱਚੀ ਸਿੱਖ ਕੌਮ ਦਾ ਦਰਦ, ਆਪਣੇ ਦਿਲ ਵਿਚ ਟਿਕਾ ਲਿਆ। ਮੌਤ ਲਾੜੀ ਦਾ ਹਾਰ (ਬੰਬ) ਆਪਣੇ ਗਲ ਵਿਚ ਪਹਿਨ ਲਿਆ। ਸੂਬੇਦਾਰ ਵਜ਼ੀਰ ਖ਼ਾਨ ਦੀ ਬੁੱਚੜ ਰੂਹ ਤੇ ਜਕਰੀਆ ਖ਼ਾਨ ਜ਼ਾਲਮ ਦਾ ਦਿਲ ਲੈ ਕੇ, ਪੰਜਾਬ ਵਿਚ ਜੰਮੇ "ਸਿੱਖਾਂ ਦੀ ਨਸਲ ਘਾਤ" ਕਰ ਰਹੇ, ਬੇਅੰਤ ਸਿੰਘ ਨੂੰ ਅਜਿਹਾ ਸਬਕ ਸਿਖਾਇਆ ਕਿ ਉਸ ਦੀਆਂ ਪੁਸਤਾਂ ਯਾਦ ਕਰਨੀਆਂ। ਸ੍ਰ. ਦਿਲਾਵਰ ਸਿੰਘ ਦੇ ਸਰੀਰ ਦੇ ਚੀਥੜੇ ਉਡ ਗਏ। ਸੋਲਾਂ ਰਾਖਿਆ ਸਮੇਤ, ਪਾਪੀ ਬੇਅੰਤ ਸਿੰਘ ਨੂੰ ਤੂੰਬਾ ਤੂੰਬਾ ਕਰ ਕੇ ਬਖੇਰ ਦਿਤਾ। ਇਉਂ ਪੰਜਾਬ ਵਿਚੋਂ "ਜਾਂਬਾਜ਼ ਰਾਖੇ" ਸ੍ਰ. ਦਿਲਾਵਰ ਸਿੰਘ ਨੇ ਖ਼ੂਨ, ਦੀ ਹੋਲੀ ਬੰਦ ਕਰਵਾਈ। ਹੋਰ ਅਣਗਿਣਤ ਸਿੱਖ ਗਭਰੂਆਂ ਨੂੰ "ਅਣਪਛਾਤੀਆਂ ਲਾਸ਼ਾਂ" ਬਣਨੋਂ ਬਚਾਇਆ।

ਸਾਰੇ ਸਿੱਖ ਪੰਥ ਨੇ ਸੌਖਾ ਸਾਹ ਲਿਆ। ਸਿੱਖ ਨੌਜਵਾਨਾਂ ਦਾ ਡੀਕਾਂ ਲਾ ਕੇ

ਖ਼ੂਨ ਪੀਣ ਵਾਲਾ ਬੇਅੰਤ ਸਿੰਘ, ਸੈਕਟਰੀਏਟ (ਚੰਡੀਗੜ੍ਹ 31.08.1995) ਦੇ ਸਾਹਮਣੇ, ਖਖੜੀ ਕਰੇਲੇ ਹੋ ਗਿਆ। ਇਸ ਦੀ ਲਾਸ਼ ਨੂੰ ਇਕੱਠੀ ਕਰ ਕੇ, ਅਗਲੇ ਦਿਨ ਸ਼ਮਸ਼ਾਨ ਘਾਟ ਲਿਜਾਇਆ ਗਿਆ। ਹਿੰਦੂ ਆਏ, ਕਾਂਗਰਸੀ ਆਏ, ਕਾਮਰੇਡ ਆਏ। ਸਿੱਖ ਜਥੇਬੰਦੀਆਂ ਨਾਲ ਸਬੰਧਤ ਕੋਈ ਸਿੱਖ ਰਸਮੀ ਤੌਰ 'ਤੇ ਭੀ ਨਾ ਗਿਆ। ਸਿਰਫ਼ ਤੇ ਸਿਰਫ਼ ਸ੍ਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ "ਅੰਮ੍ਰਿਤਧਾਰੀ ਸਿੱਖ", ਬੇਅੰਤ ਸਿੰਘ ਦੇ ਸਸਕਾਰ 'ਤੇ ਜਾ ਹਾਜ਼ਰ ਹੋਇਆ। ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਪੈਰਾਂ ਹੇਠ ਮਧੋਲ ਕੇ ਇਹ ਪੱਥਰ ਦਿਲ ਇਨਸਾਨ ਸਿੱਖ ਦੁਸ਼ਮਣਾਂ ਦੇ ਮਨਾਂ ਦਾ ਚਹੇਤਾ ਬਣ ਗਿਆ। ਇਕ ਪਾਸੇ ਸ੍ਰੀ ਬੇਅੰਤ ਸਿੰਘ ਜਿੰਦਾਬਾਦ, ਸ੍ਰੀ ਬੇਅੰਤ ਸਿੰਘ ਅਮਰ ਰਹੇ, ਅਮਰ ਸ਼ਹੀਦ ਬੇਅੰਤ ਸਿੰਘ, ਤੇਰੇ ਸ਼ੁਰੂ ਕੀਤੇ ਮਹਾਨ ਕਾਰਜ (ਸਿੱਖਾਂ ਦਾ ਖ਼ਾਤਮਾ) ਨੂੰ ਪੂਰਾ ਕਰਾਂਗੇ" ਦੇ ਉਚੇ ਨਾਅਰੇ ਗੂੰਜ ਰਹੇ ਸਨ। ਉਸੇ ਥਾਂ ਸ੍ਰੀ ਬਾਦਲ ਜੀ, ਬੇਅੰਤ ਸਿੰਘ ਦੀ ਲਾਸ਼ 'ਤੇ ਚਾਦਰ ਪਾ ਕੇ, ਨਮਸਕਾਰ ਕਰ ਰਹੇ ਸਨ। ਅਜਿਹੇ ਅਣਗਿਣਤ ਸਿੱਖ ਆਗੂ, ਸਿੱਖ ਮਾਨਸਿਕਤਾ ਨੂੰ, ਲੰਮੇ ਸਮੇਂ ਤੋਂ ਵਲੂੰਧਰਦੇ ਆ ਰਹੇ ਹਨ। ਆਮ ਜਨ ਸਮੂਹ (ਭੇਡਾਂ ਵਾਂਗ) ਨੀਵੀਂ ਪਾਈ ਕਤਲਗਾਹ ਵਲ ਜਾ ਰਹੇ ਹਨ। ਆਉਣ ਵਾਲੇ ਸਮੇਂ ਵਿਚ, ਟੁਕੜਬੋਚ ਕਿਸਮ ਦੇ "ਜਥੇਦਾਰ", ਬਾਦਲ ਸਾਹਿਬ ਨੂੰ ਵੀ "ਮਹਾਨ ਪੰਥਕ ਸੇਵਾ ਬਦਲੇ, "ਪੰਥ ਰਤਨ" ਖਿਤਾਬ ਨਾਲ ਜ਼ਰੂਰ ਨਿਵਾਜਣਗੇ।"

ਸ੍ਰ. ਦਿਲਾਵਰ ਸਿੰਘ ਬੇਜੋੜ ਸੂਰਮਗਤੀ ਵਾਲਾ "ਧਰਮ ਕਾਰਜ" ਨੇਪਰੇ ਚਾੜ੍ਹ ਕੇ, ਛੋਟੀ ਉਮਰ ਵਿਚ ਜੁੱਗਾਂ ਤਕ ਫਖ਼ਰ ਕਰਨ ਜੋਗ ਇਤਿਹਾਸ ਸਿਰਜ ਕੇ ਅਪਣਾ ਨਾਮ ਰੋਸ਼ਨ ਕਰ ਗਿਆ। ਇਸ ਤੋਂ ਮਗਰੋਂ ਪੁਲਿਸ ਨੇ (ਬੇਅੰਤ ਸਿੰਘ ਕਤਲ ਕੇਸ) ਇਸ "ਸਾਜ਼ਿਸ਼" ਵਿਚ ਹੋਰ ਸਹਿਯੋਗੀਆਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕੀਤਾ। ਇਸ ਕੇਸ ਵਿਚ ਬਹੁਤ ਉਤਰਾ ਚੜ੍ਹਾ ਆਏ। ਸ੍ਰ. ਜਗਤਾਰ ਸਿੰਘ ਹਵਾਰਾ, ਸ੍ਰ. ਪਰਮਜੀਤ ਸਿੰਘ ਭਿਉਰਾ, ਸ੍ਰ. ਬਲਵੰਤ ਸਿੰਘ ਅਤੇ ਸ੍ਰ. ਜਗਤਾਰ ਸਿੰਘ ਤਾਰਾ ਨੂੰ ਬਿਨਾਂ ਪੁਖਤਾ ਸਬੂਤਾਂ ਦੇ, ਕਤਲ ਵਿਚ ਸ਼ਾਮਲ ਮੰਨ ਕੇ, ਚੰਡੀਗੜ੍ਹ ਦੀ ਬੁੜੈਲ ਜੇਲ ਵਿਚ ਬੰਦ ਕਰ ਦਿੱਤਾ। ਜੇਲ੍ਹ ਵਿਚ ਹੀ ਬਾਰਾਂ ਸਾਲ ਤਕ, ਇਹ ਮੁਕੱਦਮਾ ਚਲਦਾ ਰਿਹਾ। ਇਸੇ ਸਮੇਂ ਦੌਰਾਨ, ਜੇਲ੍ਹ ਅੰਦਰੋਂ ਸੁਰੰਗ ਪੁੱਟ ਕੇ, ਕੁੱਝ ਸਿੰਘ ਨੱਸ ਜਾਣ ਵਿਚ ਵੀ ਕਾਮਯਾਬ ਹੋ ਗਏ। ਸ੍ਰ. ਪਰਮਜੀਤ ਸਿੰਘ ਭਿਉਰਾ ਤਾਂ ਮੁੜ ਪੁਲਿਸ ਦੇ ਹੱਥ ਨਾ ਆਇਆ। ਸ੍ਰ. ਜਗਤਾਰ ਸਿੰਘ ਹਵਾਰਾ ਨੂੰ ਫੜ ਲਿਆ,

ਅਤੇ ਬੁੜੈਲ ਜੇਲ੍ਹ ਵਿਚ ਫਿਰ ਮੁਕੱਦਮਾ ਸ਼ੁਰੂ ਹੋਇਆ। ਭਾਰਤ ਸਰਕਾਰ ਵਲੋਂ ਇਸ ਕੇਸ ਨਾਲ ਸਬੰਧਤ ਕਈ ਜੱਜ ਬਦਲੇ ਗਏ।

ਪੈਰ ਘਸੀਟਦਾ ਇਹ ਕੇਸ ਆਖ਼ਰੀ ਮੋੜ 'ਤੇ ਆ ਪੁੱਜਿਆ 30, 31 ਜੁਲਾਈ 2007 ਨੂੰ, ਸ੍ਰ. ਹਵਾਰਾ ਅਤੇ ਸਾਥੀਆਂ ਵਲੋਂ ਬਚਾਉ ਪੱਖ ਦੇ ਵਕੀਲਾਂ ਨੇ, ਜੋ ਦਲੇਰੀ ਦਾ ਅਤੇ ਸਿਆਣਪ ਦਾ ਸਬੂਤ ਦਿਤਾ, ਉਹ ਲਮੇਂ ਤਕ ਯਾਦ ਕੀਤਾ ਜਾਵੇਗਾ। ਸ੍ਰ. ਅਮਰ ਸਿੰਘ ਚਾਹਲ, ਸ੍ਰ. ਨਵਕਿਰਨ ਸਿੰਘ ਅਤੇ ਸ੍ਰੀ ਮਾਨ ਅਰਵਿੰਦ ਠਾਕੁਰ ਵਕੀਲ ਨੇ, ਜੋ ਦਲੀਲਾਂ ਪੇਸ਼ ਕੀਤੀਆਂ, ਉਨ੍ਹਾਂ ਦਾ ਕੋਈ ਜਵਾਬ ਨਹੀਂ।

ਜਦੋਂ ਸਰਕਾਰੀ ਵਕੀਲਾਂ ਨੇ ਜੱਜ ਅੱਗੇ "ਮੁਲਜ਼ਮਾਂ" ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਵਕਾਲਤ ਕੀਤੀ। ਉਸ ਵਕਤ ਬਚਾਉ ਪੱਖ ਦੇ ਵਕੀਲਾਂ ਨੇ, ਬੇਬਾਕੀ ਦਾ ਸਬੂਤ ਦਿੰਦਿਆਂ, ਇਨ੍ਹਾਂ ਨੌਜਵਾਨਾਂ ਦਾ ਪੱਖ ਜਿਵੇਂ ਪੇਸ਼ ਕੀਤਾ, ਉਸ ਦਾ ਸੰਖੇਪ ਸਾਰ ਕੁੱਝ ਇਸ ਤਰ੍ਹਾਂ ਹੈ :

"ਜੱਜ ਸਾਹਿਬ! ਇਨ੍ਹਾਂ ਮੁੰਡਿਆਂ ਨੇ ਕੋਈ ਅਪਰਾਧ ਨਹੀਂ ਕੀਤਾ। ਇਕ ਸਾਜ਼ਿਸ਼ ਤਹਿਤ ਇਨ੍ਹਾਂ ਨੂੰ ਕਤਲ ਕੇਸ਼ ਵਿਚ ਫਸਾਇਆ ਗਿਆ ਹੈ। ਸ਼ੱਕ ਦੇ ਆਧਾਰ 'ਤੇ, ਬਿਨਾਂ ਠੋਸ ਸਬੂਤਾਂ ਤੋਂ, ਕਾਨੂੰਨ ਮੁਤਾਬਕ ਸਜ਼ਾ ਦਿੱਤੀ ਹੀ ਨਹੀਂ ਜਾ ਸਕਦੀ। ਜਿਸ ਨੌਜਵਾਨ ਸ੍ਰ. ਦਿਲਾਵਰ ਸਿੰਘ ਨੂੰ, ਬੇਅੰਤ ਸਿੰਘ ਦੇ ਕਤਲ ਦਾ ਮੁੱਖ ਦੋਸ਼ੀ ਦਸਿਆ ਗਿਆ ਹੈ, ਉਹ ਜੀਵਤ ਨਹੀਂ ਹੈ। ਉਸ ਦੇ ਨਾਲ ਇਸ ਕਤਲ ਵਿਚ ਹੋਰ ਕੌਣ ਕੌਣ ਸ਼ਾਮਲ ਸਨ, ਸਰਕਾਰੀ ਧਿਰ ਸਬੂਤ ਪੇਸ਼ ਕਰਨੋਂ ਅਸਮਰਥ ਰਹੀ ਹੈ। ਜੇ ਇਹ ਨੌਜਵਾਨ ਕਤਲ ਵਿਚ ਸ਼ਾਮਲ ਹੋਣ ਵੀ (ਜਿਵੇਂ ਕਿ ਸਰਕਾਰੀ ਧਿਰ ਨੇ ਕਿਹਾ ਹੈ) ਤਾਂ ਵੀ ਇਹ ਬੇਕਸੂਰ ਹਨ, ਸਮੇਤ ਸ੍ਰ. ਦਿਲਾਵਰ ਸਿੰਘ ਦੇ। ਦੁਨੀਆਂ ਭਰ ਦੇ ਲਿਖਤੀ ਅਤੇ ਮੌਖਿਕ ਕਾਨੂੰਨ, ਹਰ ਇਨਸਾਨ ਨੂੰ, ਇਹ ਅਧਿਕਾਰ ਦਿੰਦੇ ਹਨ, ਕਿ ਜੇ ਕੋਈ ਵਿਅਕਤੀ, ਮੰਦੇ ਇਰਾਦੇ ਨਾਲ, ਕਿਸੇ ਦੇ ਘਰ ਵਿਚ ਦਾਖ਼ਲ ਹੋਵੇ, ਘਰ ਦੇ ਜਾਨ ਮਾਲ ਅਤੇ ਇੱਜ਼ਤ ਨੂੰ ਖ਼ਤਰਾ ਹੋਵੇ, ਉਸ ਹਾਲਤ ਵਿਚ, ਦੁਰਾਚਾਰੀ ਮਨੁੱਖ ਨੂੰ, ਕਤਲ ਵੀ ਕੀਤਾ ਜਾ ਸਕਦਾ ਹੈ। ਇਹ ਕਤਲ ਬੁਰੇ ਇਰਾਦੇ ਨਾਲ ਨਹੀਂ ਕੀਤਾ ਗਿਆ। ਸਗੋਂ ਅਪਣੀ ਜਾਨ ਮਾਲ ਦੀ ਰਾਖੀ ਲਈ ਕੀਤਾ ਗਿਆ ਹੈ। ਅਜਿਹੇ ਕਤਲ ਵਿਚ ਅਦਾਲਤਾਂ ਸਜ਼ਾ ਨਹੀਂ ਦਿੰਦੀਆਂ।"

"ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੇ, ਸਰਕਾਰੀ ਤਾਕਤ ਦੀ ਦੁਰਵਰਤੋਂ

ਕਰਦਿਆਂ, ਦੋ ਲੱਖ ਤੋਂ ਜ਼ਿਆਦਾ ਨੌਜਵਾਨਾਂ ਨੂੰ, ਝੂਠੇ ਪੁਲਿਸ ਮੁਕਾਬਲਿਆਂ ਵਿਚ ਮਰਵਾ ਦਿਤਾ। ਸਾਰੇ ਮਨੁੱਖੀ ਅਧਿਕਾਰ ਕੁਚਲ ਦਿਤੇ ਗਏ। ਸ੍ਰ. ਜਸਵੰਤ ਸਿੰਘ ਖਾਲੜਾ ਨੇ, ਸੁਪਰੀਮ ਕੋਰਟ ਵਿਚ ਅਪੀਲ ਕੀਤੀ। ਸੁਪਰੀਮ ਕੋਰਟ ਨੇ ਇਸ ਕਤਲੋ ਗਾਰਤ ਨੂੰ, ਸਿੱਖਾਂ ਦੀ ਨਸਲਕੁਸੀ ਦੇ ਬਰਾਬਰ ਮੰਨਿਆ। ਇਨ੍ਹਾਂ ਸਰਕਾਰੀ ਜੁਲਮਾਂ ਦੀ ਸੀ.ਬੀ.ਆਈ. ਨੂੰ ਪੜਤਾਲ ਕਰਨ ਲਈ ਹੁਕਮ ਦਿਤਾ ਗਿਆ। ਸ੍ਰ. ਖਾਲੜਾ ਨੇ 25000 ਸਿੱਖ ਮੁੰਡਿਆਂ ਨੂੰ, "ਅਣਪਛਾਤੇ" ਕਹਿ ਕੇ ਸਾੜੇ ਗਏ ਦੇ ਪਤੇ ਸਿਰਨਾਵੇਂ ਲੱਭ ਲਏ।" 2000 ਸਿੱਖ ਗਭਰੂਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਗਿਆ", ਨੂੰ ਸਰਕਾਰੀ ਮਨੁੱਖੀ ਅਧਿਕਾਰ ਕਮਿਸ਼ਨ ਸਵੀਕਾਰ ਕਰ ਚੁੱਕਿਆ ਹੈ। ਵੈਸੇ ਗ਼ੈਰ ਸਰਕਾਰੀ ਮਨੁੱਖੀ ਅਧਿਕਾਰ ਸੰਸਥਾਵਾਂ "2,00000 (ਦੋ ਲੱਖ) ਤੋਂ ਵੱਧ ਵਿਅਕਤੀ ਪੰਜਾਬ ਵਿਚ ਮਾਰ ਦਿੱਤੇ ਗਏ", ਦਾ ਦਾਅਵਾ, ਸਬੂਤਾਂ ਸਹਿਤ ਪੇਸ਼ ਕਰ ਚੁੱਕੀਆਂ ਹਨ। ਉਨ੍ਹਾਂ ਦੋ ਲੱਖ ਇਨਸਾਨਾਂ ਦਾ ਕਾਤਲ ਕੌਣ ਸੀ ? ਬਿਨਾਂ ਸ਼ੱਕ ਮੁੱਖ ਮੰਤਰੀ ਬੇਅੰਤ ਸਿੰਘ, ਉਸ ਦੀ ਸਰਕਾਰ ਅਤੇ ਪੁਲਿਸ। ਜੇ ਕੋਈ ਵਿਅਕਤੀ ਕਸੂਰਵਾਰ ਹੋਵੇ, ਤਾਂ ਪੁਲਿਸ ਦੀ ਡਿਊਟੀ ਉਸ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ ਵਿਚ ਪੇਸ਼ ਕਰਨ ਦੀ ਹੈ, ਨਾਕਿ ਖ਼ੁਦ ਗੋਲੀ ਮਾਰ ਦੇਣ ਦੀ। ਲੱਖਾਂ ਬੇਦੋਸ਼ੇ ਇਨਸਾਨਾਂ ਦੇ ਕਾਤਲਾਂ 'ਤੇ ਕੋਈ ਮੁਕੱਦਮਾ ਨਹੀਂ ਚਲਿਆ। ਕਿਸੇ ਨੂੰ ਸਜ਼ਾ ਨਹੀਂ ਮਿਲੀ। ਦੂਜੇ ਪਾਸੇ ਜੇ ਸ੍ਰ. ਦਿਲਾਵਰ ਸਿੰਘ ਵਰਗਾ ਸ਼ੇਰ ਮਰਦ, ਆਪਣੀ ਕੁਰਬਾਨੀ ਦੇ ਕੇ, ਦੋ ਲੱਖ ਵਿਅਕਤੀਆਂ ਦੇ ਕਾਤਲ ਬੇਅੰਤ ਸਿੰਘ ਨੂੰ, ਕਤਲ ਨਾ ਕਰਦਾ ਤਾਂ ਹੋਰ ਕੀ ਚਾਰਾ ਸੀ। ਇਸ ਸ਼ਖ਼ਸ ਨੇ ਸਿੱਖ ਕੌਮ ਨੂੰ ਤਬਾਹੀ ਦੇ ਕੰਢੇ ਲਿਆ ਖੜਾ ਕੀਤਾ ਸੀ। ਇਸ ਪਾਪੀ ਮੁੱਖ ਮੰਤਰੀ ਨੇ, ਪਤਾ ਨਹੀਂ ਅਜੇ ਹੋਰ ਕਿੰਨੇ ਲੋਕਾਂ ਦੇ, ਪੁਲਿਸ ਮੁਕਾਬਲੇ ਬਣਵਾ ਕੇ, ਮਾਰ ਮੁਕਾਉਣਾ ਸੀ। ਇਸ ਜੁਲਮ ਦੀ ਇੰਤਹਾ ਨੂੰ ਰੋਕਣ ਦਾ ਇਕੋ ਇਕ ਆਖ਼ਰੀ ਰਾਹ ਸੀ, ਉਸ ਨੂੰ ਮਾਰ ਮੁਕਾਉਣਾ। ਇਹੀ ਆਖ਼ਰੀ ਤਰੀਕਾ ਅਪਣਾ ਕੇ, ਜਾਲਮ ਨੂੰ ਜੁਲਮ ਕਰਨੋਂ ਰੋਕਿਆ ਗਿਆ ਹੈ। ਜੇ ਅਦਾਲਤ, ਇਸ ਪੱਖ ਨੂੰ ਸਾਹਮਣੇ ਰੱਖੇ ਤਾਂ ਇਹ ਸਾਰੇ ਮੁੰਡੇ ਨਿਰਦੋਸ਼ ਮੰਨੇ ਜਾਣਗੇ। ਸੰਸਾਰ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ, ਇਨ੍ਹਾਂ ਨੂੰ ਵੱਡੇ ਵੱਡੇ ਅਮਨ ਪੁਰਸਕਾਰਾਂ ਨਾਲ ਨਿਵਾਜਣਗੀਆਂ। ਇਨ੍ਹਾਂ ਨੌਜਵਾਨਾਂ ਦੀ ਬਹਾਦਰੀ ਅਤੇ ਸਿਆਣਪ ਸਦਕਾ, ਪੰਜਾਬ ਵਿਚੋਂ ਖ਼ੂਨ ਦੇ ਦਰਿਆ ਵਗਣੇ ਬੰਦ ਹੋ ਸਕੇ ਹਨ। ਆਪਣੀ ਇੱਜ਼ਤ ਅਤੇ ਜਾਨ ਮਾਲ ਦੀ ਰਾਖੀ ਕਰਦਿਆਂ, ਵਿਗੜੇ ਮਨੁੱਖ ਦਾ ਜੇ ਕਤਲ ਵੀ ਕਰ ਦਿੱਤਾ ਜਾਵੇ, ਤਾਂ ਇਹ ਜੁਰਮ

ਨਹੀਂ ਹੈ। ਇਨ੍ਹਾਂ ਮੁੰਡਿਆਂ ਨੇ ਪੂਰੀ ਸਿੱਖ ਕੌਮ ਦੀ ਜਾਨ ਮਾਲ, ਤੇ ਇੱਜ਼ਤ ਨੂੰ ਬਚਾਉਣ ਖ਼ਾਤਰ, ਬੇਅੰਤ ਸਿੰਘ ਵਰਗੇ ਮਹਾਂ ਪਾਪੀ, ਲੱਖਾਂ ਮਨੁੱਖਾਂ ਦੇ ਕਾਤਲ ਨੂੰ, ਮਾਰ ਵੀ ਦਿਤਾ ਹੈ, ਤਾਂ ਇਹ ਕੋਈ ਅਪਰਾਧ ਨਹੀਂ ਕੀਤਾ। ਉਸ ਨੂੰ ਬੁਰਾਈ ਤੋਂ ਰੋਕਣ ਦਾ ਇਹੀ ਆਖ਼ਰੀ ਰਸਤਾ ਸੀ”......।

ਆਪਣੀ ਜੁਆਨੀ ਨੂੰ ਕੁਰਬਾਨ ਕਰ ਕੇ, ਸ੍ਰ. ਦਿਲਾਵਰ ਸਿੰਘ ਨੇ, ਲੱਖਾਂ ਜੁਆਨੀਆਂ ਬਚਾ ਲਈਆਂ। ਆਪਣੀ ਜ਼ਿੰਦਗੀ ਦੇ ਬੇਹਤਰੀਨ ਬਾਰਾਂ ਸਾਲ, ਤਸੀਹੇ ਝਲਦਿਆਂ, ਸ੍ਰ. ਜਗਤਾਰ ਸਿੰਘ ਹਵਾਰਾ ਅਤੇ ਸਾਥੀਆਂ ਨੇ, ਜੇਲ ਵਿਚ ਗੁਜ਼ਾਰ ਦਿੱਤੇ। ਅਜੇ ਫਾਂਸੀ ਦੀ ਸਜ਼ਾ ਸਿਰ ’ਤੇ ਮੰਡਰਾ ਰਹੀ ਹੈ ਪਰ ਉਨ੍ਹਾਂ ਲੱਖਾਂ ਨੌਜਵਾਨਾਂ ਨੂੰ ਜੇਲਾਂ ਵਿਚ ਸੜਨੋਂ, ਮਰਨੋਂ ਬਚਾ ਲਿਆ ਹੈ। ਲੋਕੀਂ ਸ੍ਰ. ਭਗਤ ਸਿੰਘ ਨੂੰ “ਸ਼ਹੀਦ–ਏ–ਆਜ਼ਮ” ਕਹਿੰਦੇ ਹਨ। ਇਹ ਮਾਣਮੱਤਾ ਖਿਤਾਬ ਸ੍ਰ. ਦਿਲਾਵਰ ਸਿੰਘ, ਸ੍ਰ. ਜਗਤਾਰ ਸਿੰਘ ਹਵਾਰਾ ਅਤੇ ਸ੍ਰ. ਬਲਵੰਤ ਸਿੰਘ ਨੂੰ ਮਿਲਣਾ ਚਾਹੀਦਾ ਹੈ। ਬੁੜੈਲ ਜੇਲ੍ਹ ਤੋਂ ਦੋ ਕਿਲੋ ਮੀਟਰ ਦੇ ਫਾਸਲੇ ’ਤੇ, ਭਾਈ ਜਸਬੀਰ ਸਿੰਘ ਖੰਨੇ ਵਾਲੇ ਨੂੰ, ਵਧੀਆ ਕੀਰਤਨੀਆ ਹੋਣ ਦੀ ਬਦੌਲਤ “ਪੰਥ ਰਤਨ” ਦਾ ਖਿਤਾਬ ਦਿਤਾ ਗਿਆ। ਹਾਲਾਂਕਿ ਉਸ ਨੇ ਕੀਰਤਨ ਦੀ ਬਦੌਲਤ, ਆਪਣੇ ਪਰਵਾਰ ਦੀ ਉਜੀਵਕਾ ਕਮਾਈ। ਕਰੋੜਾਂ ਰੁਪਏ ਇਕੱਠੇ ਕੀਤੇ। ਉਹ ਫਿਰ ਵੀ “ਪੰਥ ਰਤਨ” ਬਣਾ ਦਿਤਾ ਗਿਆ। ਜਿਨ੍ਹਾਂ ਜਾਂਬਾਜ਼ ਬਹਾਦਰਾਂ ਨੇ, ਆਪਣੀਆਂ ਜੁਆਨੀਆਂ ਵਾਰ ਕੇ, ਹਜ਼ਾਰਾਂ ਲੱਖਾਂ ਸਿੱਖਾਂ ਨੂੰ, ਮੌਤ ਦਾ ਗਰਾਸ ਬਣਨੋਂ ਬਚਾ ਲਿਆ। ਮਾਵਾਂ ਦੇ ਪੁੱਤਰ, ਮਾਸੂਮਾਂ ਦੇ ਪਿਤਾ ਨੂੰ ਬਚਾ ਲਿਆ। ਬਜ਼ੁਰਗਾਂ ਦੀਆਂ ਦਾਹੜੀਆਂ ਤੇ ਨੂੰਹਾਂ, ਧੀਆਂ ਦੀਆਂ ਇੱਜ਼ਤਾਂ ਨੂੰ ਬਚਾ ਲਿਆ। ਕੀ ਉਹ ਸਹੀ “ਪੰਥ ਰਤਨ” ਨਹੀਂ ਹਨ ? ਝੂਠੇ ਰਾਜ ਨੇਤਾ, ਮੱਕਾਰ ਧਰਮ ਮੁਖੀ, ਲਾਲਚੀ ਪ੍ਰਚਾਰਕ ਕੀ ਇਹ “ਝੂਠੇ ਪੰਥ ਰਤਨ” ਨਹੀਂ ਮੰਨੇ ਜਾਣੇ ਚਾਹੀਦੇ ? ਕੀ ਸਿੱਖਾਂ ਦੇ ਮਕਾਰ ਰਾਜਸੀ ਲੀਡਰ, ਅਤੇ ਉਨ੍ਹਾਂ ਦੇ ਦੁੰਮ ਛੱਲੇ ਧਾਰਮਕ ਆਗੂ, ਕਦੀ ਸਹੀ ਹੱਕਦਾਰਾਂ ਨੂੰ ਬਣਦਾ ਸਹੀ ਸਨਮਾਨ ਦੇ ਸਕਣਗੇ ? ਜਿਨ੍ਹਾਂ ਕੌਮਾਂ ਦੇ ਮੁਖੀ ਬਹਾਦਰਾਂ ਦਾ ਸਨਮਾਨ ਨਾ ਕਰਨ ਉਸ ਕੌਮ ਵਿਚੋਂ ਬਹਾਦਰੀ ਵਾਲਾ ਮਰਦਾਊਪੁਣਾ ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ। ਉਹ ਕੌਮਾਂ ਫਿਰ ਖ਼ੁਦਕੁਸੀਆਂ ਤਾਂ ਕਰ ਸਕਦੀਆਂ ਹਨ। ਹੱਕ ਪ੍ਰਾਪਤ ਕਰਨ ਲਈ ਲੜ ਨਹੀਂ ਸਕਦੀਆਂ।

<u>ਇਕ ਵੰਗਾਰ :</u>

ਇਸ ਨਿਮਾਣੇ ਸੇਵਕ ਵਲੋਂ ਪੰਥ ਦੀ ਚੜ੍ਹਦੀ ਕਲਾ ਲਈ, ਸਮਰਪਣ ਭਾਵਨਾ ਨਾਲ ਕੰਮ ਕਰ ਰਹੀਆਂ ਜਥੇਬੰਦੀਆਂ ਦੇ ਮੁਖੀਆਂ ਨੂੰ ਵੰਗਾਰ। ਦੂਜੇ ਆਪਣੇ ਆਪ ਨੂੰ ਸਿੱਖ ਵਿਦਵਾਨ (ਪ੍ਰਚਾਰਕ ਤੇ ਲੇਖਕ) ਅਖਵਾਉਣ ਵਾਲੇ ਸੁਹਿਰਦ ਗੁਰਸਿੱਖਾਂ ਨੂੰ ਵੰਗਾਰ। ਆਉਣ ਵਾਲੇ ਸਮੇਂ ਵਿਚ ਛੇਤੀ ਤੋਂ ਛੇਤੀ, ਇਕ ਤਾਲਮੇਲ ਕਮੇਟੀ ਬਣਾ ਕੇ, ਇਕ ਵੀਰ ਨੂੰ ਉਸ ਦਾ ਕਨਵੀਨਰ ਥਾਪ ਕੇ, ਕੁੱਝ ਨਵੇਂ ਪੁਰਸਕਾਰਾਂ ਦਾ ਐਲਾਣ ਕਰਿਆ ਕਰੀਏ। ਲੇਖਾਰੀਆਂ ਅਤੇ ਪ੍ਰਚਾਰਕਾਂ ਵਾਸਤੇ ਕੁੱਝ ਇਸ ਤਰ੍ਹਾਂ ਦੇ ਸਨਮਾਨ ਪ੍ਰਚਲਤ ਕੀਤੇ ਜਾਣ - "ਸਮਰੱਥ ਵਿਦਵਾਨ, ਖੋਜੀ ਵਿਦਵਾਨ, ਸਿਧਾਂਤਕ ਵਿਦਵਾਨ, ਫ਼ਿਲਾਸਫ਼ਰ ਵਿਦਵਾਨ, ਕਲਮ ਦਾ ਧਨੀ ਵਿਦਵਾਨ। ਦੂਜੇ ਖੇਤਰਾਂ ਵਿਚ ਵਿਸ਼ੇਸ਼ ਸੇਵਾ ਕਰਨ ਵਾਲੇ ਕੁੱਝ ਸਨਮਾਨ ਇਸ ਤਰ੍ਹਾਂ ਭੀ ਕਲਪੇ ਜਾ ਸਕਦੇ ਹਨ : "ਪੰਥਕ ਮੋਤੀ, ਕੌਮੀ ਹੀਰਾ, ਕੋਹਿਨੂਰ, ਭਾਈ ਸਾਹਿਬ, ਗੁਰਮੁਖੀ ਜੀਵਨ ਜਾਂ ਬੁਲੰਦ ਸੋਚ" ਆਦਿਕ ਨਾਂ ਰਖੇ ਜਾ ਸਕਦੇ ਹਨ। ਇਸੇ ਤਰ੍ਹਾਂ ਬਹਾਦਰਾਂ ਲਈ-"ਮਰਜੀਵੜਾ, ਜੀਵਨ ਮੁਕਤ, ਪਹਿਰੇਦਾਰ, ਜਾਂਬਾਜ਼ ਰਾਖਾ" ਜਾਂ ਫਿਰ ਸਿੱਖ ਬਹਾਦਰਾਂ ਦੇ ਨਾਮ 'ਤੇ ਸਨਮਾਨ ਦਿਤੇ ਜਾ ਸਕਦੇ ਹਨ-ਸਾਹਿਬਜ਼ਾਦਿਆਂ ਦੇ ਨਾਮ 'ਤੇ, ਬੰਦਾ ਸਿੰਘ ਬਹਾਦਰ ਦੇ ਨਾਮ 'ਤੇ, ਸ੍ਰ. ਬਾਜ਼ ਸਿੰਘ, ਆਲੀ ਸਿੰਘ, ਤਾਰਾ ਸਿੰਘ ਵਾਂ, ਸ੍ਰ. ਕਪੂਰ ਸਿੰਘ, ਸ੍ਰ. ਚੜ੍ਹਤ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ ਅਤੇ ਰਾਮਗੜ੍ਹੀਆ, ਮਹਾਰਾਜਾ ਰਣਜੀਤ ਸਿੰਘ, ਸ੍ਰ. ਹਰੀ ਸਿੰਘ ਨਲੂਆ ਤੇ ਸ੍ਰ. ਸ਼ਾਮ ਸਿੰਘ ਅਟਾਰੀ ਵਾਲਾ ਅਦਿਕ।

ਜੋ ਪੰਥ ਦੁਸ਼ਮਣ ਸਿੱਖੀ ਭੇਖ ਵਿਚ, ਵੱਡੇ ਅਹੁਦਿਆਂ 'ਤੇ ਕਾਬਜ਼ ਹਨ। ਸਿੱਖ ਕੌਮ ਨੂੰ ਲਗਾਤਾਰ ਕੁਰਾਹੇ ਪਾ ਰਹੇ ਹਨ। ਗੋਲਕਾਂ ਲੁੱਟ ਰਹੇ ਹਨ। ਪੰਥ ਦੀ ਚੜ੍ਹਦੀ ਕਲਾ ਵਾਸਤੇ ਜਿਨ੍ਹਾਂ ਕਦੀ ਕੋਈ ਮਾਸਾ ਕੰਮ ਨਹੀਂ ਕੀਤਾ। ਸਮੇਤ ਸਾਧ ਸੰਤ ਟੋਲੇ ਦੇ, ਅਤੇ ਜਥੇਦਾਰਾਂ ਦੇ ਜੋ ਪੰਥ ਨੂੰ ਬ੍ਰਾਹਮਣੀ ਖਾਰੇ ਸਾਗਰ ਵਿਚ ਡੋਬ ਰਹੇ ਹਨ। ਸਗੋਂ ਪੰਥ ਲਈ ਚੜ੍ਹਦੀ ਕਲਾ ਦੇ ਕਾਰਜ ਕਰਨ ਵਾਲਿਆਂ ਨੂੰ, ਅਪਮਾਨਤ ਕਰਦੇ ਹਨ। ਉਨ੍ਹਾਂ ਪੰਥ ਦੋਖੀਆਂ ਲਈ ਵੀ ਕੁੱਝ ਤਗਮੇ ਸ਼ੁਰੂ ਕੀਤੇ ਜਾਣ। ਜਿਨ੍ਹਾਂ ਦੇ ਨਾਮ ਕੁੱਝ ਇਸ ਤਰ੍ਹਾਂ ਦੇ ਰੱਖੇ ਜਾ ਸਕਦੇ ਹਨ -ਸਾਧਾਰਣ ਕਿਸਮ ਦੇ ਪੰਥ ਵਿਰੋਧੀ ਲਈ, "ਲਾਹਣਤੀ"। ਉਸ ਤੋਂ ਉਪਰਲੇ ਵਾਸਤੇ "ਕਮੀਣਾ"। ਵਧੇਰੇ ਖ਼ਤਰਨਾਕ ਲਈ "ਮੱਕਾਰ"। ਪਾਪ ਦੇ ਸਿਖਰਲੇ ਡੰਡੇ 'ਤੇ ਬੈਠੇ ਲਈ "ਹਰਾਮੀ"। ਲਾਲਚੀਆਂ ਲਈ, "ਲੁਟੇਰਾ, ਗੋਗੜਧਾਰੀ, ਮੱਠਾਧੀਸ, ਕਾਇਰ"। ਗ੍ਰਿਸਤ ਨੂੰ ਤਿਆਗ ਕੇ ਔਰਤਾਂ ਵਿਚ ਘਿਰੇ ਰਹਿਣ ਵਾਲੇ ਨੂੰ, "ਹਿਰਸੀ ਜਾਂ ਕੁੰਚਰ"। ਇਸੇ ਤਰ੍ਹਾਂ ਹੋਰ

ਨਾਮ ਤਲਾਸ਼ ਕੇ, ਇਨ੍ਹਾਂ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ। ਛੇਮਾਹੀ ਜਾਂ ਸਾਲ ਮਗਰੋਂ ਹੋਣ ਵਾਲੇ ਇਕੱਠਾਂ ਵਿਚ, "ਕਾਲੀ ਸੂਚੀ" ਵਾਲੇ ਤਗਮਿਆਂ ਦਾ ਐਲਾਨ ਕੀਤਾ ਜਾਇਆ ਕਰੇ। ਮੈਨੂੰ ਵਿਸ਼ਵਾਸ ਹੈ, ਇਹ ਸੁਧਾਰਵਾਦੀ ਕੰਮ ਵਿਚ ਸ੍. ਜੋਗਿੰਦਰ ਸਿੰਘ, ਪੰਥਕ ਅਖ਼ਬਾਰ "ਸਪੋਕਸਮੈਨ" ਰਾਹੀਂ ਜ਼ਰੂਰ ਸਾਡਾ ਸਾਥ ਦੇਣਗੇ।

ਜੇ ਸਿੱਖ ਛੇਤੀ ਨਾ ਸੰਭਲੇ, ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ "ਪੰਥ ਰਤਨ" ਪੁਰਸਕਾਰ ਨਾਲ ਜ਼ਰੂਰ ਸਨਮਾਨਿਆ ਜਾਵੇਗਾ। ਜੋਗਿੰਦਰ ਸਿੰਘ ਵੇਦਾਂਤੀ, ਖ਼ੁਦ ਵੀ ਆਪਣੇ ਗਲ ਵਿਚ "ਪੰਥ ਰਤਨ" ਦਾ ਪਟਾ ਪਾ ਲਵੇਗਾ। ਮਾਨ ਸਿੰਘ ਪਿਹੋਵੇ ਵਾਲੇ, ਦਲਜੀਤ ਸਿੰਘ ਸ਼ਿਕਾਗੋ ਵਾਲੇ, ਧਨਵੰਤ ਸਿੰਘ (ਬਲਾਤਕਾਰੀਏ) ਵਰਗਿਆਂ ਨੂੰ "ਪੰਥ ਰਤਨ" ਦਿੱਤੇ ਹੀ ਸਮਝੋ। ਹਰਨਾਮ ਸਿੰਘ ਧੁੰਮਾ, ਭਾਈ ਠਾਕੁਰ ਸਿੰਘ, ਭਾਈ ਰਣਜੀਤ ਸਿੰਘ ਢੱਡਰੀਆਂ ਵਰਗਿਆਂ ਲਈ, "ਪੰਥ ਰਤਨ" ਵੱਟ 'ਤੇ ਪਿਆ ਸਮਝੋ। ਸ੍ਰੀ ਪਿਆਰਾ ਸਿੰਘ ਭਨਿਆਰਾ, ਸ੍ਰੀ ਆਸ਼ੂਤੋਸ਼ ਨੂਰਮਹਿਲੀਆ ਅਤੇ ਸਿਰਸੇ ਵਾਲੇ ਗੁਰਮੀਤ ਰਾਮ ਰਹੀਮ ਵੀ "ਪੰਥ ਰਤਨ" ਪ੍ਰਾਪਤ ਕਰਨ ਵਾਲਿਆਂ ਦੀ ਕਤਾਰ ਵਿਚ ਹੀ ਸਮਝੋ।

ਜਾਨਾਂ ਕੁਰਬਾਨ ਕਰਨ ਵਾਲੇ ਸਿੱਖ ਗਭਰੂ, ਪਾਗਲਾਂ ਵਾਲੀ ਅਵਸਥਾ ਵਿਚ ਪੁੱਜ ਚੁਕੇ ਉਨ੍ਹਾਂ ਦੇ ਮਾਤਾ ਪਿਤਾ। ਰੋਟੀ ਤੋਂ ਆਤੁਰ ਯਤੀਮ ਖਾਨਿਆਂ ਵਿਚ ਪਲ ਰਹੇ ਉਨ੍ਹਾਂ ਦੇ ਬੱਚੇ। ਹਉਕੇ ਭਰਦੀਆਂ ਅਥਰੂ ਬਹਾਉਂਦੀਆਂ, ਉਨ੍ਹਾਂ ਦੀਆਂ ਪਤਨੀਆਂ। ਇਨ੍ਹਾਂ ਦੀ ਹਮਦਰਦੀ ਵਿਚ ਸਿੱਖਾਂ ਦੇ ਮੁਖੀਆਂ ਨੇ ਮਗਰਮੱਛ ਵਾਲੇ ਹੰਝੂ ਤਾਂ ਬੜੇ ਬਹਾਏ ਹਨ। ਅਮਲੀ ਤੌਰ 'ਤੇ ਕੁੱਝ ਵੀ ਨਹੀਂ ਕੀਤਾ। ਦੋ ਲੱਖ "ਬੱਬਰ ਸ਼ੇਰਾਂ" ਵਿਚੋਂ ਕਿਸੇ ਇਕ ਨੂੰ ਵੀ "ਪੰਥ ਰਤਨ" ਖਿਤਾਬ ਨਹੀਂ। ਪੰਥ ਨੂੰ ਲੁੱਟ ਕੇ ਖਾਣ ਵਾਲਿਆਂ ਲਈ "ਪੰਥ ਰਤਨ"? ਅਜਿਹੇ ਲੋਕਾਂ ਬਾਰੇ ਗੁਰਬਾਣੀ ਇਉਂ ਫਿਟਕਾਰ ਪਾਉਂਦੀ ਹੈ :

ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥
ਮਾਇਆ ਮੂਠਾ ਚੇਤੈ ਨਾਹੀ ॥ ਭਰਮੇ ਭੂਲਾ ਬਹੁਤੀ ਰਾਹੀ ॥
ਬਾਹਰਿ ਭੇਖ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥
ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣ ਕਹੀ ਨ ਸੀਝੈ ॥
ਮੂਰਖ ਬਾਹਮਣ ਪ੍ਰਭੂ ਸਮਾਲਿ ॥ ਦੇਖਤ ਸੁਨਤ ਤੇਰੈ ਹੈ ਨਾਲਿ ॥
ਕਹੁ ਨਾਨਕ ਜੇ ਹੋਵੀ ਭਾਗੁ ॥ ਮਾਨੁ ਛੋਡਿ ਗੁਰਚਰਨੀ ਲਾਗੁ ॥

(372)

***

# ਆਜ਼ਾਦੀ ਦੀ ਪਹਿਲੀ ਜੰਗ

ਜਦੋਂ ਭੀ ਭਾਰਤ ਦੀ ਆਜ਼ਾਦੀ ਬਾਰੇ ਕੋਈ ਵਿਚਾਰ ਚਰਚਾ ਚਲਦੀ ਹੈ ਤਾਂ ਅਖ਼ਬਾਰ ਰਸਾਲੇ ਅਤੇ ਇਹਿਤਾਸਕ ਪੁਸਤਕਾਂ ਵਿਚ ਬੜੇ ਜ਼ੋਰ ਸ਼ੋਰ ਨਾਲ ਇਹੀ ਪ੍ਰਚਾਰਿਆ ਗਿਆ ਹੈ ਕਿ ਸੰਨ 1857 ਵਿਚ ਲੜੀ ਗਈ ਜੰਗ ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਸੀ। ਸੰਨ 1857 ਦੇ ਆਪ ਹੁਦਰੇ ਵਿਦਰੋਹ ਨੂੰ ਇੰਨੇ ਜ਼ੋਰਦਾਰ ਢੰਗ ਨਾਲ ਲੋਕ ਮਨਾਂ ਅੰਦਰ ਠੋਸ ਦਿੱਤਾ ਗਿਆ ਹੈ ਕਿ ਆਖ਼ਰ ਬਹੁ ਗਿਣਤੀ ਲੋਕੀਂ ਬਿਨਾਂ ਹੀਲ ਹੁੱਜ਼ਤ ਤੋਂ, ਇਸ ਬਗ਼ਾਵਤ ਨੂੰ ਆਜ਼ਾਦੀ ਦੀ ਪਹਿਲੀ ਜੰਗ ਮੰਨ ਬੈਠੇ ਹਨ। ਉਪਰ ਹੋਰ ਸਿਤਮ ਜ਼ਰੀਫ਼ੀ ਵੇਖੋ, ਅੱਡੀ ਚੋਟੀ ਦਾ ਜ਼ੋਰ ਇਸ ਗੱਲ 'ਤੇ ਵੀ ਲਾ ਦਿੱਤਾ ਗਿਆ ਹੈ ਕਿ 1857 ਦਾ ਗਦਰ ਕਦੀ ਫੇਲ੍ਹ ਨਾ ਹੁੰਦਾ, ਜੇ ਸਿੱਖ ਗੱਦਾਰੀ ਨਾ ਕਰਦੇ। ਭਾਰਤ ਨੇ ਇਕ ਸੌ ਸਾਲ ਪਹਿਲਾਂ ਆਜ਼ਾਦ ਹੋ ਜਾਣਾ ਸੀ, ਪਰ ਇਨ੍ਹਾਂ ਸਿੱਖਾਂ ਦੀ ਗੱਦਾਰੀ ਕਾਰਨ ਹੀ ਅੰਗਰੇਜ਼ ਪੂਰੇ ਨੱਬੇ ਸਾਲ ਦੇਸ਼ ਨੂੰ ਲੁਟਦੇ ਰਹੇ, ਤਬਾਹੀ ਮਚਾਉਂਦੇ ਰਹੇ। ਕਾਸ਼! ਸਿੱਖਾਂ ਨੇ ਗੱਦਾਰੀ ਨਾ ਕੀਤੀ ਹੁੰਦੀ।

ਭਾਰਤ ਭਰ ਤੋਂ ਬੁਲਾਏ ਚੋਟੀ ਦੇ ਇਤਿਹਾਸਕਾਰਾਂ ਦਾ ਇਕ ਵਿਸ਼ਾਲ ਸੰਮੇਲਨ ਸੰਨ 1957 ਵਿਚ, ਕੇਂਦਰੀ ਸਰਕਾਰ ਦੀ ਸਰਪ੍ਰਸਤੀ ਅਧੀਨ ਦਿੱਲੀ ਵਿਖੇ ਸੱਦਿਆ ਗਿਆ, ਜਿਸ ਵਿਚ ਵਿਚਾਰ ਦਾ ਪ੍ਰਮੁੱਖ ਵਿਸ਼ਾ ਸੀ ਸੰਨ 1857 ਦਾ ਗਦਰ ਫੇਲ੍ਹ ਕਿਉਂ ਹੋਇਆ? ਯੂਨੀਵਰਸਿਟੀਆਂ ਵਿਚੋਂ ਆਏ ਬੜੇ ਨਾਮੀਂ ਵਿਚਾਰਵਾਨਾਂ ਨੇ ਲੰਬੇ ਚੌੜੇ ਭਾਸ਼ਣ ਦਿਤੇ। ਸਾਰਿਆਂ ਨੇ ਇਸੇ ਨੁਕਤੇ ਉਤੇ ਪੂਰਾ ਜ਼ੋਰ ਲਾਇਆ ਕਿ 1857 ਦਾ ਗਦਰ ਸਿੱਖਾਂ ਦੀ ਗੱਦਾਰੀ ਕਾਰਨ ਨਾਕਾਮ ਹੋਇਆ। ਇਸ ਸੌ ਸਾਲ ਦੀ ਲੰਮੀ ਗ਼ੁਲਾਮੀ ਸਿੱਖਾਂ ਕਾਰਨ ਭਾਰਤ ਵਾਸੀਆਂ ਨੂੰ ਬਰਦਾਸ਼ਤ ਕਰਨੀ ਪਈ। ਇਸੇ ਵੱਡੇ ਇਕੱਠ ਵਿਚ ਪ੍ਰਸਿੱਧ ਸਿੱਖ ਇਤਿਹਾਸਕਾਰ ਡਾ. ਗੰਡਾ ਸਿੰਘ ਜੀ ਭੀ ਹਜ਼ਰ ਸਨ। ਸਗੋਂ ਇਸ ਸਮਾਗਮ ਦੇ ਉਹ ਪ੍ਰਧਾਨ ਸਨ। ਸਮੁੱਚੀ ਸਿੱਖ ਕੌਮ ਨੂੰ ਪੈਂਦੀਆਂ ਫਿਟਕਾਰਾਂ ਉਹ ਬਰਦਾਸ਼ਤ ਨਾ ਕਰ ਸਕੇ। ਚੋਟੀ

ਦੇ ਬੁੱਧੀਜੀਵੀਆਂ ਵਲੋਂ ਬਹਾਦਰ ਸਿੱਖਾਂ ਨੂੰ ਗੱਦਾਰੀ ਲਫ਼ਜ਼ ਨਾਲ ਪੁਕਾਰਨਾ ਉਨ੍ਹਾਂ ਦਾ ਕਲੇਜਾ ਵਿੰਨ ਰਿਹਾ ਸੀ। ਅੰਤ ਬਹੁਤ ਕੁੱਝ ਵੇਖ, ਸੁਣ ਕੇ ਡਾ. ਸਾਹਿਬ ਦੇ ਖ਼ੂਨ ਨੇ ਉਬਾਲਾ ਖਾਧਾ ਉਨ੍ਹਾਂ ਰੋਸ ਵਜੋਂ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ। ਨਾਲ ਹੀ ਸਟੇਜ 'ਤੇ ਬੋਲਣ ਦਾ ਵਕਤ ਮੰਗ ਲਿਆ। ਸਾਰੇ ਪਾਸੇ ਹਲਚਲ ਜਿਹੀ ਮਚ ਗਈ। ਪ੍ਰਧਾਨ ਨੇ ਤਾਂ ਅਖ਼ੀਰ ਵਿਚ ਬੋਲਣਾ ਸੀ, ਪਰ ਇਹ ਮਾਜਰਾ ਕੀ ਹੈ? ਪਹਿਲਾਂ ਅਸਤੀਫ਼ਾ ਫਿਰ ਬੋਲਣ ਲਈ ਵਕਤ ਦੀ ਮੰਗ? ਸਾਰੇ ਬਿੱਟ ਬਿੱਟ ਤਕ ਰਹੇ ਸਨ। ਡਾ.ਗੰਡਾ ਸਿੰਘ ਜੀ ਨੇ ਸਟੇਜ 'ਤੇ ਜਾ ਕੇ ਸਿੱਖਾਂ ਦਾ ਪੰਖ ਅਜਿਹੇ ਜ਼ੋਰਦਾਰ ਅਤੇ ਬਾ-ਦਲੀਲ ਢੰਗ ਨਾਲ ਪੇਸ਼ ਕੀਤਾ, ਸਾਰੇ ਸੁਣਨ ਵਾਲੇ ਦੰਗ ਰਹਿ ਗਏ। ਸਾਰੀ ਵਿਚਾਰ ਦਾ ਮੁਹਾਣ ਹੀ ਬਦਲ ਗਿਆ, ਪਾਸਾ ਹੀ ਪਲਟ ਗਿਆ। ਇਤਿਹਾਸਕਾਰਾਂ ਦੇ ਪਸੀਨੇ ਛੁਟਣੇ ਸ਼ੁਰੂ ਹੋ ਗਏ ਜੋ ਬੁਲਾਰੇ ਬੋਲ ਚੁੱਕੇ ਸਨ ਉਹ ਡਾ. ਸਾਹਿਬ ਦੇ ਜੁਆਬ ਸੁਣ ਕੇ ਖਿਸਕਣੇ ਸ਼ੁਰੂ ਹੋ ਗਏ। ਜਿਨ੍ਹਾਂ ਹਾਲੀ ਬੋਲਣਾ ਸੀ ਉਹ ਸੋਚਾਂ ਵਿਚ ਪੈ ਗਏ। ਕੁੱਝ ਇਕ ਨੇ ਨਾ ਬੋਲਣਾ ਹੀ ਬਿਹਤਰ ਸਮਝਿਆ। ਡਾ. ਗੰਡਾ ਸਿੰਘ ਨੇ ਭਾਰਤ ਵਿਚੋਂ ਆਏ ਚੋਣਵੇਂ ਇਤਿਹਾਸਕਾਰਾਂ ਦੇ ਸਾਹਮਣੇ ਜੋ ਕੁੱਝ ਬੋਲਿਆ, ਉਹ ਬਹੁਤ ਜ਼ਿਆਦਾ ਸੀ ਜਿਸ ਦਾ ਤਸੱਲੀਬਖ਼ਸ਼ ਜਵਾਬ ਕਿਸੇ ਨੇ ਵੀ ਨਾ ਦਿਤਾ। ਉਹ ਸਾਰਾ ਇਥੇ ਬਿਆਨ ਨਹੀਂ ਹੋ ਸਕਦਾ, ਪਰ ਉਸ ਦਾ ਭਾਵ ਅਤੇ ਸੰਖੇਪ ਸਾਰ ਕੁੱਝ ਇਸ ਤਰ੍ਹਾਂ ਹੈ :

'ਅੱਜ ਦੇ ਇਸ ਮਹੱਤਵਪੂਰਨ ਇਕੱਠ ਵਿਚ ਸੰਨ 1857 ਦਾ ਗਦਰ ਫੇਲ੍ਹ ਹੋਣ ਦੇ ਕਾਰਨਾਂ ਬਾਰੇ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ ਪਰ ਸਾਰਾ ਤਾਣ ਇਸੇ ਨੁਕਤੇ 'ਤੇ ਕੇਂਦਰਤ ਰਿਹਾ ਕਿ ਅਗਰ ਸਿੱਖਾ ਨੇ ਗੱਦਾਰੀ ਨਾ ਕੀਤੀ ਹੁੰਦੀ ਤਾਂ ਇਹ ਬਗ਼ਾਵਤ ਕਦੀ ਫੇਲ੍ਹ ਨਾ ਹੁੰਦੀ। ਇਸ ਤਰ੍ਹਾਂ ਆਖ ਕੇ ਤੁਸੀਂ ਸਾਰੀ ਸਿੱਖ ਕੌਮ ਦੀ ਬੇਇੱਜ਼ਤੀ ਕੀਤੀ ਹੈ। ਜਿਸ ਸਿੱਖ ਕੌਮ ਨੇ ਆਪਣੀ ਆਬਾਦੀ ਦੇ ਮੁਕਾਬਲੇ ਕਿਤੇ ਵੱਧ ਕੁਰਬਾਨੀਆਂ ਕੀਤੀਆਂ ਹਨ, ਅੱਜ ਉਸੇ ਸਿੱਖ ਕੌਮ ਨੂੰ ਦੋਸ਼ੀਆਂ ਵਾਲੇ ਕਟਹਿਰੇ ਵਿਚ ਖੜਾ ਕਰ ਦਿੱਤਾ ਗਿਆ ਹੈ। ਮੈਂ ਬੈਠਾ ਦੇਰ ਤਕ ਆਪਣੇ ਮਨ ਨਾਲ ਡੂੰਘਾਈ ਤਕ ਵਿਚਾਰ ਕਰਦਾ ਰਿਹਾ ਹਾਂ ਕਿ ਜੇ ਸਿੱਖਾਂ ਨੇ ਗੱਦਾਰੀ ਕੀਤੀ ਹੈ ਤਾਂ ਕੀਹਦੇ ਨਾਲ ਅਤੇ ਕਿਉਂ? ਨਹੀਂ! ਨਹੀਂ!! ਇਲਜ਼ਾਮ ਸਰਾਸਰ ਝੂਠਾ ਅਤੇ ਤੱਥਾਂ ਤੋਂ ਸੱਖਣਾ ਹੈ। ਸੱਭ ਤੋਂ ਪਹਿਲਾਂ ਤਾਂ ਇਹ ਵਿਚਾਰ ਕਰ ਲਈਏ ਕਿ ਕੀ ਵਾਕਿਆ ਹੀ 1857 ਦਾ ਵਿਦਰੋਹ ਆਜ਼ਾਦੀ ਦੀ ਪਹਿਲੀ ਲੜਾਈ ਸੀ? ਨਹੀਂ, ਮੈਂ ਕਿਸੇ ਵੀ ਸੂਰਤ ਵਿਚ ਇਸ ਨੂੰ ਆਜ਼ਾਦੀ ਦੀ ਪਹਿਲੀ ਜੰਗ ਨਹੀਂ ਮੰਨਦਾ। ਇਹ ਕੋਈ

ਯੋਜਨਾਬੰਦ ਢੰਗ ਨਾਲ ਛੇੜਿਆ ਗਿਆ ਜਹਾਦ ਨਹੀਂ ਸੀ। ਮਸਲਾ ਸਿਰਫ਼ ਗਾਂ ਅਤੇ ਸੂਰ ਦੀ ਚਰਬੀ ਤੋਂ ਭਖਿਆ ਸੀ। ਕਿਸੇ ਨੇ ਫ਼ੌਜੀਆਂ ਵਿਚ ਅਫਵਾਹ ਫੈਲਾ ਦਿਤੀ ਕਿ ਕਾਰਤੂਸਾਂ ਦੀਆਂ ਟੋਪੀਆਂ 'ਤੇ ਜੋ ਡਾਟ ਲੱਗਾ ਹੋਇਆ ਹੈ, ਉਸ ਨੂੰ ਗਾਂ ਅਤੇ ਸੂਰ ਦੀ ਚਰਬੀ ਲੱਗੀ ਹੋਈ ਹੈ ਅਤੇ ਉਹ ਮੂੰਹ (ਦੰਦਾਂ) ਨਾਲ ਖੋਲ੍ਹਣਾ ਪੈਂਦਾ ਸੀ। ਗਾਂ ਦੀ ਚਰਬੀ ਹਿੰਦੂ ਤੇ ਸੂਰ ਦੀ ਚਰਬੀ ਤੋਂ ਮੁਸਲਮਾਨ ਭੜਕਾਹਟ ਵਿਚ ਆ ਗਏ। ਮੰਗਲ ਪਾਂਡੇ ਨਾਮੀਂ ਇਕ ਫ਼ੌਜੀ ਨੇ ਇਸੇ ਕਾਰਨ ਗੁੱਸੇ ਵਿਚ ਆ ਕੇ ਇਕ ਅੰਗਰੇਜ਼ ਫ਼ੌਜੀ ਅਫ਼ਸਰ ਨੂੰ ਮੇਰਠ ਛੌਣੀ ਵਿਚ ਗੋਲੀ ਮਾਰ ਦਿੱਤੀ। ਬਸ ਸਾਰੀ ਬੇਸਿਰ ਪੈਰ ਬਗ਼ਾਵਤ ਦਾ ਮੁੱਢ ਇਥੋਂ ਹੀ ਬੱਝਾ ਸੀ। ਜਿਥੇ ਜਿਥੇ ਪਤਾ ਲਗਦਾ ਗਿਆ ਮਾਰਧਾੜ ਸ਼ੁਰੂ ਹੋ ਗਈ ਪਰ ਇਹ ਸੱਭ ਕੁੱਝ ਧਾਰਮਿਕ ਭਾਵਨਾਵਾਂ ਕਰ ਕੇ ਸੀ, ਦੇਸ਼ ਆਜ਼ਾਦੀ ਦੀ ਭਾਵਨਾ ਕਰ ਕੇ ਨਹੀਂ ਸੀ। ਕੁੱਝ ਚਤੁਰ ਲੋਕਾਂ ਵਲੋਂ ਇਸ ਬੇਚੈਨੀ ਨੂੰ ਦੇਸ਼ ਦੀ ਆਜ਼ਾਦੀ ਲਈ ਲੜੀ ਗਈ ਜੰਗ ਸਿੱਧ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਸਾਰੇ ਰਜਵਾੜੇ ਆਪੋ ਆਪਣਾ ਰਾਗ ਅਲਾਪ ਰਹੇ ਸਨ। ਦੇਸ਼ ਅਣਗਿਣਤ ਟੁਕੜਿਆਂ ਵਿਚ ਵੰਡਿਆ ਹੋਇਆ ਸੀ। ਸਾਂਝਾ ਕੋਈ ਕਮਾਂਡਰ ਨਹੀਂ ਸੀ, ਕੋਈ ਵਿਉਂਤਬੰਦੀ ਭੀ ਨਹੀਂ ਸੀ।

ਮੈਂ ਤਾਂ ਇਸ ਨੂੰ ਆਜ਼ਾਦੀ ਲਈ ਲੜੀ ਗਈ ਪਹਿਲੀ ਜੰਗ ਹੀ ਨਹੀਂ ਮੰਨਦਾ ਕਿਉਂਕਿ ਹਿੰਦੁਸਤਾਨ ਸੱਤ ਸੌ ਸਾਲ ਤੋਂ ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜਿਆ ਪਿਆ ਸੀ। ਜੇ ਆਜ਼ਾਦੀ ਲਈ ਪਹਿਲੀ ਵਾਰ ਕਿਸੇ ਭਾਰਤਵਾਸੀ ਨੇ ਵੰਗਾਰਿਆ ਤਾਂ ਉਹ ਮਹਾਂ ਪੁਰਖ ਗੁਰੂ ਨਾਨਕ ਸਾਹਿਬ ਜੀ ਸਨ ਜਿਨ੍ਹਾਂ ਸਿੰਘ ਗਰਜਨਾ ਨਾਲ ਨਾਅਰਾ ਬੁਲੰਦ ਕੀਤਾ :

ਜੈਸੀ ਮੈਂ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨ ਵੇ ਲਾਲੋ ॥
ਪਾ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜ ਫਿਰੈ ਪਰਧਾਨੁ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥.........
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ ॥
(722)

ਹਮਲਾਵਰ ਬਾਬਰ ਨੇ ਗੁਰੂ ਨਾਨਕ ਸਾਹਿਬ ਨੂੰ ਜੇਲ ਵਿਚ ਬੰਦ ਕੀਤਾ, ਤਸੀਹੇ ਝੱਲੇ, ਚੱਕੀਆਂ ਪੀਸੀਆਂ...। ਆਜ਼ਾਦੀ ਦੀ ਪਹਿਲੀ ਜੰਗ ਉਥੋਂ ਸ਼ੁਰੂ ਹੁੰਦੀ

ਹੈ। ਗੁਰੂ ਅਰਜਨ ਸਾਹਿਬ ਜੀ ਹਕੂਮਤ ਦੀਆਂ ਨਜ਼ਰਾਂ ਵਿਚ ਬਾਗ਼ੀ ਸਨ, ਉਨ੍ਹਾਂ ਨੂੰ ਵੀ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਭਾਰਤ ਦੇ ਪਹਿਲੇ ਮਹਾਨ ਸ਼ਹੀਦ ਗੁਰੂ ਅਰਜਨ ਸਾਹਿਬ ਜੀ ਹੀ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਰਹੇ। ਸਮੇਂ ਸਮੇਂ ਚਾਰ ਜੰਗਾਂ ਵੀ ਲੜੀਆਂ। ਗੁਰੂ ਤੇਗ਼ ਬਹਾਦਰ ਸਾਹਿਬ ਅਣਖ, ਗ਼ੈਰਤ ਅਤੇ ਧਰਮ ਦੀ ਆਜ਼ਾਦੀ ਲਈ ਦਿੱਲੀ 'ਚ ਔਰੰਗਜ਼ੇਬ ਨੇ ਸ਼ਹੀਦ ਕਰ ਦਿੱਤੇ। ਕੀ ਉਨ੍ਹਾਂ ਦੀ ਕੋਈ ਜਾਤੀ ਦੁਸ਼ਮਣੀ ਸੀ? ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਆਜ਼ਾਦੀ ਲਈ ਸਮਾਜ ਦੇ ਭਲੇ ਲਈ ਜੋ ਘਾਲਾ ਘਾਲੀਆਂ, ਕਸ਼ਟ ਸਹੇ, ਤੇਗਾਂ ਵਾਹੀਆਂ, ਹਿੰਦਵਾਸੀਆਂ ਵਿਚ ਅਣਖ ਗ਼ੈਰਤ ਦਾ ਸੰਚਾਰ ਕੀਤਾ, ਉਨ੍ਹਾਂ ਦੀ ਕਿਧਰੇ ਵੀ ਮਿਸਾਲ ਨਹੀਂ ਮਿਲਦੀ। ਹਰ ਸਿੱਖ ਸੀਸ ਤਲੀ 'ਤੇ ਰੱਖ ਕੇ ਮੈਦਾਨ ਵਿਚ ਕੁਦ ਪਿਆ। ਬੰਦਾ ਸਿੰਘ ਬਹਾਦਰ ਨੇ ਸਿੱਖ ਗਭਰੂਆਂ ਨੂੰ ਨਾਲ ਲੈ ਕੇ, ਬਹਾਦਰ ਸ਼ਾਹ ਅਤੇ ਫਰਖ਼ਸ਼ੀਅਰ ਦਾ ਨੱਕ ਵਿਚ ਦਮ ਕਰ ਦਿੱਤਾ। ਅੰਤ ਅਣਗਿਣਤ ਯੋਧਿਆਂ ਸਮੇਤ ਉਹ ਆਜ਼ਾਦੀ ਦੀ ਸ਼ਮਾਂ ਤੋਂ ਆਪਾ ਕੁਰਬਾਨ ਕਰ ਗਏ। ਇਹ ਆਜ਼ਾਦੀ ਦੀ ਖ਼ੂੰਖਾਰ ਜੰਗ ਚਲਦੀ ਰਹੀ, ਸ਼ਸ਼ਤਰ ਟਕਰਾਉਂਦੇ ਰਹੇ, ਗੋਲੀ ਵਰ੍ਹਦੀ ਰਹੀ, ਸੂਰਮੇ ਭਿੜਦੇ ਰਹੇ, ਖ਼ੂਨ ਦੀਆਂ ਨਦੀਆਂ ਵਹਿੰਦੀਆਂ ਰਹੀਆਂ....। ਪਰ ਇਹ ਮਰਜੀਵੜਿਆਂ ਦਾ ਕਾਫ਼ਲਾ ਅੱਗੇ ਹੀ ਵਧਦਾ ਰਿਹਾ। ਬੰਦ ਬੰਦ ਕਟਦੇ ਰਹੇ, ਖੋਪਰੀਆਂ ਉਤਰਦੀਆਂ ਰਹੀਆਂ, ਆਰੇ ਚਲਦੇ ਰਹੇ, ਦੀਵਾਰਾਂ ਵਿਚ ਚਿਣਦੇ ਰਹੇ, ਦੇਗਾਂ ਵਿਚ ਉਬਲਦੇ ਰਹੇ, ਦੁਸ਼ਮਣ ਦੇ ਆਹੂ ਲਾਹੁੰਦੇ ਰਹੇ, ਆਜ਼ਾਦੀ ਦੀ ਜੰਗ, ਜ਼ਿੰਦਗੀ ਮੌਤ ਦੀ ਜੰਗ ਲੜਦੇ ਰਹੇ। ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਤੇ ਰਾਮਗੜ੍ਹੀਆ, ਰਣਜੀਤ ਸਿੰਘ, ਹਰੀ ਸਿੰਘ ਨਲਵਾ, ਬਾਬਾ ਦੀਪ ਸਿੰਘ, ਅਕਾਲੀ ਫੂਲਾ ਸਿੰਘ, ਸ਼ਾਮ ਸਿੰਘ ਅਟਾਰੀ ਤੇ ਭਾਈ ਮਹਾਰਾਜ ਸਿੰਘ...। ਇਹ ਫਰਹਿਸਤ ਬਹੁਤ ਲੰਮੀ ਹੈ, ਇਨ੍ਹਾਂ ਯੋਧਿਆਂ ਨੇ ਜ਼ਾਲਮ ਹਾਕਮਾਂ ਨੂੰ ਭਾਜੜਾਂ ਪੁਆਈ ਰੱਖੀਆਂ।

ਸਿੱਖਾਂ ਨੇ ਦਰਾਖੈਬਰ ਦੇ ਰਸਤੇ ਭਾਰਤ ਨੂੰ ਲੁੱਟ ਕੇ ਲੈ ਜਾਣ ਵਾਲਿਆਂ ਦਾ ਸਦਾ ਲਈ ਰਾਹ, ਬੰਦ ਕਰ ਦਿੱਤਾ। ਜਿਧਰੋਂ ਚਲੇ ਸੀ ਉਧਰ ਵਾਪਸ ਮੁੜਨ 'ਤੇ ਮਜਬੂਰ ਕਰ ਦਿੱਤੇ। ਸਤਲੁਜ ਤਕ ਦਾ ਪੰਜਾਬ ਅਫ਼ਗਾਨਿਸਤਾਨ ਦਾ ਹਿੱਸਾ ਬਣਾ ਦਿਤਾ ਗਿਆ ਸੀ। ਉਹ ਵਾਪਸ ਮੋੜ ਕੇ ਲਿਆਂਦਾ ਭਾਰਤ ਨਾਲ ਸਿੱਖਾਂ ਨੇ ਹੀ ਜੋੜਿਆ, ਉਧਰ ਸਮੁੰਦਰ ਦੇ ਰਸਤੇ ਅੰਗਰੇਜ਼ ਭਾਰਤ ਵਿਚ ਦਾਖ਼ਲ ਹੋ ਗਏ।

ਅਪਣੀਆਂ ਚਾਲਾਂ ਦੁਆਰਾ ਅੰਤ ਉਹ ਸਾਰੇ ਭਾਰਤ 'ਤੇ ਕਾਬਜ਼ ਹੋ ਗਏ। ਇਕ ਪੰਜਾਬ ਹੀ ਉਨ੍ਹਾਂ ਦੀ ਗ਼ੁਲਾਮੀ ਤੋਂ ਬਚਿਆ ਹੋਇਆ ਸੀ। ਜਿਥੇ ਰਣਜੀਤ ਸਿੰਘ ਦੀ ਕਮਾਨ ਹੇਠ ਸਿੱਖਾਂ ਦਾ ਰਾਜ ਸੀ। ਤੁਸੀਂ ਉਹ ਵੀ ਆਜ਼ਾਦ ਨਾ ਰਹਿਣ ਦਿੱਤਾ। ਬੇਅੰਤ ਮੁਖਈਆ ਅੰਗਰੇਜ਼ ਫ਼ੌਜ ਵਿਚ ਭਰਤੀ ਹੋ ਗਿਆ। ਰਣਜੀਤ ਸਿੰਘ ਦੇ ਅੱਖਾਂ ਮੀਟਦਿਆਂ ਹੀ ਸਮੁੱਚੇ ਭਾਰਤ ਦੀਆਂ ਫ਼ੌਜਾਂ ਪੰਜਾਬ 'ਤੇ ਚੜ੍ਹ ਪਈਆਂ। ਇਧਰ ਲਾਲ ਸਿੰਘ, ਗੁਲਾਬ ਸਿੰਘ, ਧਿਆਨ ਸਿੰਘ (ਭਈਏ ਤੇ ਡੋਗਰੇ) ਅੰਦਰਖਾਤੇ ਅੰਗਰੇਜ਼ਾਂ ਨਾਲ ਜਾ ਰਲੇ। ਦੁਨੀਆਂ ਦੀ ਸੱਭ ਤੋਂ ਸ਼ਕਤੀਸ਼ਾਲੀ ਬਾਦਸ਼ਾਹੀ (ਅੰਗਰੇਜ਼) ਤੇ ਉਨ੍ਹਾਂ ਨਾਲ ਸਾਰਾ ਹਿੰਦੁਸਤਾਨ ਹੱਥਾਂ ਵਿਚ ਸਸ਼ਤਰ ਫੜੀ ਸਿੱਖਾਂ ਨੂੰ ਖ਼ਤਮ ਕਰਨ ਲਈ ਤਿਆਰ। ਫਿਰ ਵੀ ਇਸ ਅਸਾਵੀਂ ਜੰਗ ਵਿਚ ਖ਼ਾਲਸੇ ਨੇ ਉਹ ਜੋਹਰ ਵਿਖਾਏ ਜੀਹਨੂੰ ਲੋਕੀਂ ਰਹਿੰਦੀ ਦੁਨੀਆਂ ਤਕ ਯਾਦ ਰਖਣਗੇ। ਕਵੀ ਸ਼ਾਹ ਮੁਹੰਮਦ ਲਿਖਦਾ ਹੈ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫ਼ੌਜਾਂ ਭਰੀਆਂ ਨੇ।
ਨਾਲ ਗੋਲਿਆਂ ਦੇ ਬੰਦੇ ਜਾਣ ਉਡਦੇ, ਹਾਥੀ ਉਡਦੇ ਸਣੇ ਅੰਬਾਰੀਆਂ ਨੇ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

(ਜੰਗਨਾਮਾ ਸ਼ਾਹ ਮੁਹੰਮਦ)

ਅੰਗਰੇਜ਼ੀ ਫ਼ੌਜ ਵਿਚ ਸ਼ਾਮਲ ਹੋ ਕੇ ਦੇਸੀ ਲੋਕਾਂ ਨੇ ਸਿੱਖਾਂ 'ਤੇ ਜੋ ਕਹਿਰ ਢਾਹਿਆ ਉਸ ਨੂੰ ਕੋਈ ਕਲਮ ਜਾਂ ਜ਼ੁਬਾਨ ਬਿਆਨ ਨਹੀਂ ਕਰ ਸਕਦੀ। ਸਿੱਖਾਂ ਦੇ ਘਰ ਘਾਟ ਲੁੱਟੇ ਅਤੇ ਉਜਾੜੇ ਗਏ, ਗੱਭਰੂਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ। ਅੱਗਾਂ ਲਾਈਆਂ, ਸੱਭ ਕੁੱਝ ਤਹਿਸ ਨਹਿਸ ਕਰ ਦਿੱਤਾ। ਲੱਖਾਂ ਦੇ ਸਰਦਾਰ ਕੱਖਾਂ ਦੇ ਨਾ ਰਹਿਣ ਦਿੱਤੇ। ਔਰਤਾਂ ਦੀ ਬੇਪਤੀ ਕੀਤੀ ਗਈ। ਹਿੰਦੂਆਂ ਵਲੋਂ ਕੀਤੇ ਰੋਂਗਟੇ ਖੜੇ ਕਰ ਦੇਣ ਵਾਲੇ ਜ਼ੁਲਮ ਹਾਲੀ ਸਿੱਖਾਂ ਨੂੰ ਭੁੱਲੇ ਨਹੀਂ ਸਨ। ਕਿਵੇਂ ਘੁੱਗ ਵਸਦੇ ਪੰਜਾਬ ਨੂੰ ਅੰਗਰੇਜ਼ਾਂ ਨਾਲ ਰਲ ਕੇ ਮਿੱਟੀ ਵਿਚ ਮਿਲਾ ਦਿੱਤਾ ਗਿਆ, ਆਜ਼ਾਦੀ ਨੂੰ ਗ਼ੁਲਾਮੀ ਵਿਚ ਬਦਲ ਦਿੱਤਾ ਗਿਆ। ਸਿੱਖ ਰਾਜ ਦੇ ਖ਼ਾਤਮੇ ਨੂੰ ਹਾਲੀ ਦਸ ਸਾਲ ਵੀ (1849) ਪੂਰੇ ਨਹੀਂ ਹੋਏ ਸਨ ਕਿ ਭਾਰਤ ਵਿਚ ਆਪਹੁਦਰਾ ਵਿਦਰੋਹ (1857) ਉਠ ਪਿਆ। ਹਿੰਦੂ ਫ਼ੌਜਾਂ ਵਲੋਂ ਲਾਏ ਗਏ ਡੂੰਘੇ ਜ਼ਖ਼ਮ ਹਾਲੀ ਸਿੱਖਾਂ ਨੂੰ ਭੁੱਲੇ ਨਹੀਂ ਸਨ। ਭਿਆਨਕ ਤਬਾਹੀ ਤੋਂ ਬਾਅਦ ਹਾਲੀ

ਉਹ ਸੰਭਲਣ ਹੀ ਲੱਗੇ ਸਨ। ਨੋਟ ਕਰਨ ਵਾਲੀ ਵੱਡੀ ਗੱਲ ਇਹ ਭੀ ਹੈ ਕਿ ਕਿਸੇ ਹਿੰਦੂ ਮੁਖੀ ਨੇ ਸਿੱਖਾਂ ਤਕ ਪਹੁੰਚ ਕੀਤੀ? ਵਿਦਰੋਹ ਵਿਚ ਸ਼ਾਮਲ ਹੋਣ ਲਈ ਕਿਹਾ? ਸਿੱਖਾਂ ਸਹਿਮਤੀ ਪ੍ਰਗਟ ਕੀਤੀ? ਫਿਰ ਜਿਸ ਜ਼ੁਲਮੀ ਮੁਗ਼ਲ ਹਕੂਮਤ ਨੂੰ ਸਦੀਆਂ ਤਕ ਜੰਗ ਲੜਕੇ ਲੱਖਾਂ ਨੌਜਵਾਨ ਸ਼ਹੀਦ ਕਰਵਾ ਕੇ ਖ਼ਤਮ ਕੀਤਾ ਸੀ, ਉਸੇ ਖ਼ਾਨਦਾਨ ਦਾ ਇਕ ਅਯਾਸ਼ ਵਿਅਕਤੀ, ਬਹਾਦਰ ਸ਼ਾਹ ਜਫ਼ਰ, ਗੱਦੀ 'ਤੇ ਬੈਠਣਾ ਚਾਹੁੰਦਾ ਸੀ? ਕੀ ਇਸ ਪਾਪੀ ਹਕੂਮਤ ਨੂੰ ਅੱਗੇ ਲਿਆ ਕੇ ਸਿੱਖ ਜ਼ਾਲਮਾਂ ਦੀ ਸਹਾਇਤਾ ਕਰਦੇ? ਜਿਨ੍ਹਾਂ ਨੂੰ ਖ਼ੂਨ ਦੀਆਂ ਨਦੀਆਂ ਬਹਾ ਕੇ ਸਿਰਾਂ ਦੇ ਗੰਜ ਉਸਾਰ ਕੇ ਗੱਦੀ ਤੋਂ ਉਤਾਰਿਆ ਸੀ ਰਾਜ ਭਾਗ ਫਿਰ ਉਨ੍ਹਾਂ ਦੇ ਹਵਾਲੇ ਕਰ ਦਿੰਦੇ? ਜਿਨ੍ਹਾਂ ਨੂੰ ਇਥੇ ਵੱਡੇ ਜੋਧੇ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਉਨ੍ਹਾਂ ਬਾਰੇ ਸੱਚ ਪੜਚੋਲਣ ਦੀ ਲੋੜ ਹੈ। ਲਕਸ਼ਮੀ ਬਾਈ, ਰਾਣੀ ਝਾਂਸੀ ਦੇ ਆਪਣੀ ਕੋਈ ਔਲਾਦ ਨਹੀਂ ਸੀ। ਉਸ ਦਾ ਪਤੀ ਰਾਜਾ ਬਹੁਤ ਅਯਾਸ਼ ਤੇ ਬਦਕਾਰ ਤਬੀਅਤ ਵਾਲਾ ਸੀ। ਅਪਣੀਆਂ ਖ਼ੁਦਸਹੇੜੀਆਂ ਬੀਮਾਰੀਆਂ ਕਾਰਨ ਉਸ ਦੀ ਮੌਤ ਹੋ ਗਈ। ਲਕਸ਼ਮੀ ਬਾਈ ਨੇ ਇਕ ਲੜਕਾ ਗੋਦ ਲੈਣਾ ਚਾਹਿਆ ਪਰ ਅੰਗਰੇਜ਼ ਹਕੂਮਤ ਇਨ੍ਹਾਂ ਦੇ ਬਦਕਾਰ ਕੰਮਾਂ ਤੋਂ ਨਾਖ਼ੁਸ਼ ਸੀ। ਉਨ੍ਹਾਂ ਮੁਤਬੰਨਾ ਲੈਣ ਤੋਂ ਮਨਾਹੀ ਕਰ ਦਿੱਤੀ। ਮੁੜ ਉਸ ਨੇ ਅੰਗਰੇਜ਼ ਹਾਕਮ ਨੂੰ ਖਤ ਲਿਖ ਕੇ ਦਸ ਲੱਖ ਰੁਪਏ ਸਾਲਾਨਾ ਖ਼ਰਚਾ ਲੈ ਕੇ ਰਾਜ ਛੱਡ ਦੇਣ ਦੀ ਪੇਸ਼ਕਸ਼ ਕੀਤੀ ਪਰ ਹਕੂਮਤ ਟਸ ਤੋਂ ਮਸ ਨਾ ਹੋਈ। ਅਖ਼ੀਰ ਦੋ ਲੱਖ ਤਕ ਲੈ ਕੇ ਵੀ ਰਾਜ ਤਿਆਗਣ ਲਈ ਤਰਲੇ ਕਰਦੀ ਰਹੀ ਫਿਰ ਵੀ ਅੰਗਰੇਜ਼ ਨਾ ਮੰਨੇ। ਇਥੇ ਯਾਦ ਕਰਵਾਣਾ ਉਚਿਤ ਹੋਵੇਗਾ ਕਿ ਲੰਡਨ ਦੀ ਵੱਡੀ ਲਾਇਬਰੇਰੀ ਵਿਚ ਲਕਸ਼ਮੀਬਾਈ ਦੇ ਸਾਰੇ ਹੱਥ ਲਿਖਤ ਖਤ ਮੌਜੂਦ ਪਏ ਹਨ ਜਿਨ੍ਹਾਂ ਵਿਚ ਉਸ ਨੇ ਸਮਝੌਤੇ ਬਾਰੇ ਲਿਖਿਆ ਹੋਇਆ ਹੈ। ਜਦੋਂ ਗੱਲ ਕਿਸੇ ਸਿਰੇ ਲਗਦੀ ਨਾ ਦਿਸੀ ਤਾਂ ਲੜ ਮਰਨਾ ਹੀ ਬਿਹਤਰ ਸਮਝਿਆ। ਇਥੇ ਭੀ ਲਕਸਮੀਬਾਈ ਦੀ ਹਮਸ਼ਕਲ, ਵਿਸ਼ਵਾਸ ਪਾਤਰ ਜੁਲਾਹਿਆਂ ਦੀ ਨੌਜਵਾਨ ਬਹਾਦਰ ਲੜਕੀ ਮੈਦਾਨ ਵਿਚ ਕੁੱਦ ਪਈ। ਆਮ ਸਿਪਾਹੀ ਉਸ ਨੂੰ ਰਾਣੀ ਸਮਝ ਕੇ ਹੌਸਲੇ ਨਾਲ ਲੜਦੇ ਮਰਦੇ ਰਹੇ। ਰਾਣੀ ਝਾਂਸੀ ਦੀ ਥਾਂ ਸ਼ਹੀਦ ਹੋਣ ਵਾਲੀ ਲੜਕੀ ਦਾ ਨਾਮ ਸੀ ਝਲਾਰੀ ਬਾਈ। ਤਾਤੀਆ ਤੋਪੇ ਅਤੇ ਨਾਨਾ ਫ਼ਾਰਨਵੀਸ ਦੀ ਕਹਾਣੀ ਭੀ ਇਸ ਤੋਂ ਕੋਈ ਬਹੁਤੀ ਚੰਗੀ ਨਹੀਂ ਹੈ। ਇਹ ਸਾਰੇ ਆਪੋ ਆਪਣੇ ਨਿੱਜੀ ਸੁੱਖਾਂ ਲਈ ਛੋਟੇ ਛੋਟੈ ਧਰਤੀ ਦੇ ਟੁਕੜਿਆਂ ਲਈ ਲਿਲਕੜੀਆਂ ਲੈ ਰਹੇ ਸਨ, ਸਾਂਝੇ ਕਾਰਜ ਲਈ ਕੋਈ ਭੀ ਨਹੀਂ ਲੜ ਰਿਹਾ ਸੀ।

ਇਥੇ ਇਹ ਵੀ ਯਾਦ ਰਖਣਾ ਜ਼ਰੂਰੀ ਹੈ ਕਿ ਆਮ ਪਰਜਾ ਇਨ੍ਹਾਂ ਰਜਵਾੜਿਆਂ ਹੱਥੋਂ ਬੇਹੱਦ ਦੁਖੀ ਸੀ। ਅਣਗਿਣਤ ਢੰਗਾਂ ਨਾਲ ਲੋਕਾਂ ਨੂੰ ਮਾਰਿਆ ਲੁਟਿਆ ਅਤੇ ਜ਼ਲੀਲ ਕੀਤਾ ਜਾਂਦਾਸੀ। ਅੰਗਰੇਜ਼ ਦਾ ਰਾਜ ਇਨ੍ਹਾਂ ਨਾਲੋਂ ਸੈਂਕੜੇ ਗੁਣਾ ਚੰਗਾ ਸੀ।

ਤੁਸੀ 1857 ਦੇ ਬੇ ਸਿਰਪੈਰ ਵਿਦਰੋਹ ਨੂੰ ਆਜ਼ਾਦੀ ਦੀ ਪਹਿਲੀ ਜੰਗ ਕਹਿ ਰਹੇ ਹੋ, ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਇਹ ਸਥਾਨਕ ਵਕਤੀ ਜਨੂਨ ਸੀ। ਅਸਲ ਆਜ਼ਾਦੀ ਦੀ ਲੜਾਈ ਤਾਂ ਗੁਰੂ ਨਾਨਕ ਸਾਹਿਬ ਵਲੋਂ ਸ਼ੁਰੂ ਹੋ ਚੁੱਕੀ ਸੀ। ਫਿਰ ਸਾਰੇ ਭਾਰਤ ਵਾਸੀਆਂ ਨੇ ਪੰਜਾਬ ਨੂੰ ਗ਼ੁਲਾਮ ਬਣਾਉਣ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ। ਬਹੁਤ ਵੱਡੇ ਸੁਤੰਤਰ ਰਾਜ ਨੂੰ ਪਰਾਧੀਨ ਬਣਾਉਣ ਵਿਚ ਹੱਥ ਠੋਕੇ ਬਣੇ।

ਕਿਸੇ ਹਿੰਦੂ ਮੁਖੀ ਵਲੋਂ ਸਿੱਖਾਂ ਤਕ ਪਹੁੰਚ ਕਰ ਕੇ ਸਹਾਇਤਾ ਦੀ ਮੰਗ ਨਹੀਂ ਕੀਤੀ ਗਈ। ਸਿੱਖਾਂ ਵਲੋਂ ਬਗਾਵਤ ਵਿਚ ਸ਼ਾਮਲ ਹੋਣ ਦਾ ਵਚਨ ਨਹੀਂ ਦਿੱਤਾ ਗਿਆ। ਕੁੱਝ ਲੋਕਾਂ ਨੇ ਆਪਣੀ ਮਨਮਾਨੀ ਕੀਤੀ, ਪਰ ਗੱਦਾਰ ਸਿੱਖਾਂ ਨੂੰ ਗਰਦਾਨਿਆ ਜਾ ਰਿਹਾ ਹੈ। ਕਿੰਨੀ ਸ਼ਰਮ ਦੀ ਗੱਲ ਹੈ ਕਿ ਬੜੀ ਢੀਠਤਾਈ ਨਾਲ ਇਹਿਤਾਸ ਨੂੰ ਗੰਧਲਾ ਕੀਤਾ ਜਾ ਰਿਹਾ ਹੈ। ਸਿੱਖਾਂ 'ਤੇ ਘਟੀਆ ਅਤੇ ਝੂਠੇ ਇਲਜ਼ਾਮ ਲਾਏ ਜਾ ਰਹੇ ਹਨ। ਜਿਨ੍ਹਾਂ ਸਿੱਖਾਂ ਨੇ ਭਾਰਤ ਵਰਸ਼ ਦੀ ਆਨਸ਼ਾਨ ਕਾਇਮ ਰਖਣ ਲਈ ਅਣਗਿਣਤ ਜਾਨਾਂ ਵਾਰ ਦਿੱਤੀਆਂ, ਖ਼ੂਨ ਦੇ ਦਰਿਆ ਵਗਾ ਦਿੱਤੇ, ਨਵੀਂ ਚੇਤਨਾ ਪੈਦਾ ਕੀਤੀ, ਜ਼ਿੰਦਗੀ ਨੂੰ ਨਵੇਂ ਅਰਥ ਦਿੱਤੇ, ਦੇਸ਼ ਨੂੰ ਟੁੱਟਣ ਤੋਂ ਬਚਾਇਆ ਕੀ ਅੱਜ ਭਾਰਤ ਵਲੋਂ ਸਿੱਖਾਂ ਨੂੰ ਇਹੀ ਇਨਾਮ ਮਿਲੇਗਾ? ਇਹੀ ਤਾਜ਼ ਟਿਕੇਗਾ ਸਿਰ 'ਤੇ ਗੱਦਾਰੀ ਦਾ? ਮੇਰੇ ਕੋਲ ਕਹਿਣ ਵਾਸਤੇ ਬਹੁਤ ਕੁੱਝ ਹੈ, ਪਰ ਵਕਤ ਇਜਾਜ਼ਤ ਨਹੀਂ ਦਿੰਦਾ। ਅੱਜ ਹੀ ਮੈਂ ਇਕ ਕਿਤਾਬਚਾ ਲਿਖ, ਛਾਪ ਕੇ ਸਵੇਰੇ ਤਕ ਤੁਹਾਡੇ ਹੱਥਾਂ ਵਿਚ ਪਹੁੰਚਾ ਦਿਆਂਗਾ ਤਾਕਿ ਸਾਰੀ ਸਹੀ ਤਸਵੀਰ ਸਾਹਮਣੇ ਆ ਸਕੇ ਤਾਕਿ ਸੰਸਾਰ ਨੂੰ ਪਤਾ ਲੱਗ ਸਕੇ ਕਿ ਕਿਵੇਂ ਇਕ ਸੋਚੀ ਸਮਝੀ ਸਾਜ਼ਿਸ਼ ਅਧੀਨ ਸਿੱਖਾਂ ਨੂੰ ਹੌਂਸਲਾ ਹੀਣ ਤੇ ਜ਼ਲੀਲ ਕੀਤਾ ਜਾ ਰਿਹਾ ਹੈ।

ਸੱਚਮੁੱਚ ਰਾਤੋ ਰਾਤ ਕਿਤਾਬ ਲਿਖੀ ਗਈ। ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸਾਈਕਲੋਸਟਾਈਲ ਕਰ ਕੇ ਵੰਡੀ ਗਈ। ਜਿਸ ਦਾ ਬਹੁਤ ਚੰਗਾ ਪ੍ਰਤੀਕਰਮ ਹੋਇਆ। ਦੁਬਾਰਾ ਉਸ ਇਕੱਠ ਵਿਚ ਸਿੱਖਾਂ ਨੂੰ ਗੱਦਾਰ ਕਹਿਣ ਦੀ ਕਿਸੇ ਨੇ

ਜੁਅੱਰਤ ਨਾ ਕੀਤੀ ਪਰ ਬਦਲਵੇਂ ਢੰਗਾਂ ਨਾਲ ਗੁੱਝੀਆਂ ਚਾਲਾਂ ਵਰਤ ਕੇ ਸਿੱਖਾਂ ਨੂੰ ਹੀਣੇ ਸਿੱਧ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਂਦੀ। ਅਫ਼ਸੋਸ ਇਸ ਗੱਲ ਦਾ ਵੀ ਹੈ ਕਿ ਸਿੱਖ ਕੌਮ ਕੋਲ ਡਾ. ਗੰਡਾ ਸਿੰਘ ਵਰਗੇ ਨਿਧੜਕ, ਠੀਕ ਵਕਤ ਠੀਕ ਗੱਲ ਕਹਿ ਸਕਣ ਦੇ ਸਮਰਥ ਵਿਦਵਾਨ ਹੀ ਨਹੀਂ ਹਨ। ਇਕੋ ਇਕ ਵਿਦਵਾਨ ਨੇ ਭਾਰਤ ਭਰ ਵਿਚੋਂ ਆਏ ਚੋਣਵੇਂ ਇਤਿਹਾਸਕਾਰਾਂ ਨੂੰ ਲਾਜਵਾਬ ਕਰ ਦਿੱਤਾ। ਸੰਨ 1857 ਦੇ ਗਦਰ ਵਾਲੀ ਅਸਲੀਅਤ ਦੇ ਬਖੀਏ ਉਧੇੜ ਦਿੱਤੇ। ਅਖੌਤੀ ਸ਼ਹੀਦਾਂ ਨੂੰ ਚਿੱਤ ਕਰ ਦਿੱਤਾ....। ਕੀ ਅੱਜ ਦੇ ਸਿੱਖ ਵਿਦਵਾਨ ਕਲਮ ਦੀ ਆਜ਼ਾਦੀ ਦੀ ਵਕਾਲਤ ਕਰਨ ਵਾਲੇ, ਪੰਥਕ ਹਿੱਤਾਂ ਵਾਲੇ ਲੇਖ, ਕਿਤਾਬਚੇ, ਛਾਪ ਕੇ ਪੰਥ ਦੀ ਤ੍ਰਾਸਦੀ ਨੂੰ ਸੰਸਾਰ ਸਾਹਮਣੇ ਸਹੀ ਸੰਦਰਭ ਵਿਚ ਪੇਸ਼ ਕਰਨ ਦੀ ਦਲੇਰੀ ਕਰਨਗੇ। ਚਾਰੇ ਬੰਨਿਓ ਘੇਰ ਕੇ ਕੁੱਟੇ ਜਾ ਰਹੇ ਸਿੱਖਾਂ ਨੂੰ ਹੀ ਮੱਤ ਦਿੰਦੇ ਰਹਿਣਗੇ ਕਿ ਇਸ ਸੰਕਟ ਵਿਚੋਂ ਨਿਕਲਣ ਵਾਸਤੇ ਕੋਈ ਨਿੱਗਰ ਸੇਧ ਵੀ ਦੇਣਗੇ ?

***

# ਭੱਟਾਂ ਦੇ ਸਵਈਏ, ਕੀ ਗੁਰਬਾਣੀ ਵਿਰੋਧੀ ਹਨ ?

ਸਤਿਗੁਰੂ ਸਾਹਿਬਾਨ ਵਲੋਂ ਉਚਾਰਣ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਤਰਤੀਬ ਦੇ ਕੇ ਸੰਭਾਲੀ ਪਾਵਨ ਗੁਰਬਾਣੀ, ਸਿੱਖ ਧਰਮ ਦੀ ਆਧਾਰਸ਼ਿਲਾ (ਨੀਂਹ) ਹੈ। ਗੁਰੂ ਸਾਹਿਬ ਜੀ ਦੀ ਦੂਰਅੰਦੇਸੀ ਅਤੇ ਭਵਿੱਖ ਮੁਖੀ ਸੋਚ ਸਦਕਾ ਸਾਰੀ ਬਾਣੀ ਲਿਖਤ ਰੂਪ ਵਿਚ ਅੱਜ ਸਿੱਖ ਪੰਥ ਕੋਲ ਇਕ ਅਨਮੋਲ ਖ਼ਜ਼ਾਨਾ ਹੈ। ਇਸ ਬਾਣੀ ਦੁਆਰਾ ਸਚਿਆਰ ਮਨੁੱਖ ਦੀ ਘਾੜਤ ਘੜਨ ਲਈ, ਅਣਗਿਣਤ ਢੰਗ ਤਰੀਕੇ ਸੁਝਾਏ ਗਏ ਹਨ। ਬਹੁਪੱਖੀ ਸਿੱਖਿਆ ਲੈ ਕੇ ਇਨਸਾਨ ਜਦੋਂ ਗੁਰੂ ਜੀ ਵਲੋਂ ਚਿਤਵੇ ਮਾਡਲ ਮੁਤਾਬਕ ਆਪਣਾ ਜੀਵਨ ਢਾਲ ਲੈਂਦਾ ਹੈ, ਉਸ ਵਕਤ ਉਸ ਨੂੰ ਗੁਰਬਾਣੀ ਦੀ ਬੋਲੀ ਵਿਚ 'ਗੁਰਮੁਖ' ਆਖਿਆ ਗਿਆ ਹੈ। ਅਸੀਂ ਸਾਰੇ

ਇਨਸਾਨ ਭਾਵੇਂ ਉਸ ਉਚੇਰੀ ਅਵਸਥਾ ਨੂੰ ਨਾ ਪੁੱਜ ਸਕੀਏ, ਪਰ ਵਿਕਾਸ ਲਈ ਯਤਨ ਕਰਦੇ ਰਹਿਣਾ ਅਤਿਅੰਤ ਫ਼ਇਦੇਮੰਦ ਹੈ। ਜਦੋਂ ਪਹਿਲਾਂ ਮਾਨਸਕ ਵਿਕਾਸ ਹੋ ਜਾਵੇਗਾ, ਉਸ ਤੋਂ ਬਾਅਦ ਗਿਆਨ ਦੀ ਵਰਤੋਂ ਆਪਣੇ ਲਈ, ਆਪਣੇ ਪਰਵਾਰ ਲਈ ਅਤੇ ਸਮੁੱਚੇ ਸਮਾਜ ਦੇ ਭਲੇ ਲਈ ਕੀਤੀ ਜਾਵੇਗੀ, ਤਾਂ ਹੀ ਸਾਰਥਕ ਹੋ ਸਕੇਗੀ। ਕੱਚਾ ਅਧੂਰਾ ਗਿਆਨ ਕਈ ਉਲਝਣਾ ਮੁਸ਼ਕਲਾਂ ਖੜੀਆਂ ਕਰ ਦਿੰਦਾ ਹੈ। ਗੁਰਬਾਣੀ ਬਾਰੇ ਬਸ ਇਹੀ ਦੁਖਦਾਈ ਪਹਿਲੂ ਹੈ ਕਿ ਇਸ ਨੂੰ ਗਹਿਰਾਈ ਨਾਲ ਪੜ੍ਹਨ, ਵਿਚਾਰਨ ਤੇ ਸਮਝਣ ਤੋਂ ਬਿਨਾਂ ਹੀ ਲਿਖਿਆ ਜਾ ਰਿਹਾ ਹੈ। ਬਹੁਗਿਣਤੀ ਸਿੱਖ ਲੇਖਕ, ਗੁਰਬਾਣੀ ਤੋਂ ਲਗਪਗ ਕੋਰੇ ਹਨ। ਜੇ ਕੁੱਝ ਲਿਖਦੇ ਹਨ ਤਾਂ ਗੁਰਬਾਣੀ ਦੇ ਪਿਛੇ ਟੁਰਨ ਦੀ ਥਾਵੇਂ ਗੁਰਬਾਣੀ ਨੂੰ ਆਪਣੇ ਵਿਚਾਰਾਂ ਪਿੱਛੇ ਟੋਰਨ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਕਿ ਲੇਖਕ ਨੇ ਆਪਦੇ ਵਿਚਾਰਾਂ ਨੂੰ ਹਾਵੀ ਨਹੀਂ ਹੋਣ ਦੇਣਾ ਸਗੋਂ ਗੁਰਬਾਣੀ ਪ੍ਰਭਾਵੀ ਰਹਿਣੀ ਚਾਹੀਦੀ ਹੈ। ਫਿਰ ਕਿਸੇ ਇਕ ਪੰਕਤੀ ਨੂੰ ਸਮੁੱਚੇ ਸ਼ਬਦ ਵਿਚੋਂ ਅਲੱਗ ਕਰ ਕੇ ਪ੍ਰਮਾਣ ਦੇਣਾ, ਬਾਕੀ ਸਾਰੇ ਸ਼ਬਦ ਨੂੰ ਨਜ਼ਰ ਅੰਦਾਜ਼ ਕਰ ਦੇਣਾ, ਕਿਸੇ ਤਰ੍ਹਾਂ ਵੀ ਵਾਜਬ ਨਹੀਂ ਹੈ। ਇਸ ਤਰ੍ਹਾਂ ਕਰਨ ਨਾਲ ਅਰਥ ਹੋਰ ਦੇ ਹੋਰ ਹੋ ਜਾਣਗੇ, ਕਈ ਵਾਰੀ ਗੁਰ ਆਸੇ ਤੋਂ ਉਲਟ ਭੀ।

ਸੰਨ 1900 ਤੋਂ ਲੈ ਕੇ 1928 ਤਕ ਧੂਰੀ ਮਾਲੇਰਕੋਟਲਾ ਸੜਕ 'ਤੇ ਸਥਿਤ ਪਿੰਡ, ਭਸੌੜ ਦੇ ਰਹਿਣੇ ਵਾਲੇ ਸ੍ਰ. ਤੇਜਾ ਸਿੰਘ (ਪ੍ਰਸਿੱਧ ਨਾਮ ਬਾਬੂ ਤੇਜਾ ਸਿੰਘ) ਨੇ ਗੁਰਮਤਿ ਪ੍ਰਚਾਰ ਅਤੇ ਮਨਮਤ ਪਰਹਾਰ ਵਾਸਤੇ ਜ਼ਿਕਰਯੋਗ ਕੰਮ ਕੀਤਾ। ਉਨ੍ਹਾਂ ਵਲੋਂ ਲਿਖੀਆਂ ਪੁਸਤਕਾਂ ਅੱਜ ਵੀ ਚੰਗਾ ਗਿਆਨ ਦੇਣ ਦੇ ਸਮਰੱਥ ਹਨ ਪਰ ਉਸ ਵਕਤ ਗੁਰਬਾਣੀ ਦੇ ਅਰਥ, ਵਿਆਕਰਣਕ ਨਿਯਮਾਂ ਮੁਤਾਬਕ ਨਹੀਂ ਕੀਤੇ ਗਏ ਸਨ। ਸਗੋਂ ਸੰਨ 1885 ਵਿਚ ਜੋ ਅਰਥ "ਫ਼ਰੀਦ ਕੋਟੀ ਟੀਕਾ" ਨਾਮ ਹੇਠ ਕੀਤੇ ਗਏ ਸਨ, ਉਹ ਸਾਰੇ ਹੀ ਸਿੱਖਾਂ ਨੂੰ ਸੁਤੰਤਰ ਧਰਮ ਜਾਂ ਵਖਰੀ ਕੌਮ ਨਾ ਮੰਨ ਕੇ, ਬਿਪਰਵਾਦੀ ਖਾਰੇ ਸਾਗਰ ਵਿਚ ਡੋਬਣ ਵਾਲੇ ਸਨ। ਸਿਤਮ ਇਹ ਕਿ ਇਨ੍ਹਾਂ ਬਿਪਰਵਾਦੀ ਪੋਥੀਆਂ ਨੂੰ ਲਿਖਣ ਲਈ, "ਪੰਡਿਤ ਬਦਨ ਸਿੰਘ ਤੇ ਸਾਥੀ ਮਹੰਤ ਸੁਮੇਰ ਸਿੰਘ (ਪਟਨਾ) ਗਿਆਨੀ ਹਰਭਜਨ ਸਿੰਘ, ਗਿ. ਸੰਤ ਸਿੰਘ, ਗਿ. ਝੰਡਾ ਸਿੰਘ, ਗਿ. ਰਾਏ ਸਿੰਘ, ਗਿ. ਧਿਆਨ ਸਿੰਘ, ਪੰਡਿਤ ਹਮੀਰ ਸਿੰਘ, ਪੰਡਿਤ ਬਾਲਕ ਰਾਮ, ਗਿ. ਬਖਤਾਵਰ ਸਿੰਘ ਸਾਰੇ ਬ੍ਰਾਹਮਣੀ ਸੋਚ ਵਾਲੇ" ਲਾਏ ਗਏ। ਪੈਸਾ ਖਰਚ ਰਹੇ ਸਨ ਸਿੱਖ ਰਾਜੇ। ਮੁਖੀ ਬਣਾ ਦਿਤੇ ਗਏ ਬ੍ਰਾਹਮਣ। ਇਨ੍ਹਾਂ ਨੇ

"ਹਮਕੋ ਤੁਮਕੋ" ਵਾਲੀ ਬੋਲੀ ਵਰਤੀ, ਤੇ ਗੁਰਬਾਣੀ ਦੇ ਅਰਥ ? ਬ੍ਰਹਮਾ ਵਿਸ਼ਨੂੰ ਸ਼ਿਵ, ਰਾਮ ਕ੍ਰਿਸ਼ਨ ਦੀ ਚੌਧਰ, ਤੇ ਗੁਰੂ ਸਾਹਿਬ ਉਨ੍ਹਾ ਦੇ ਬਣਾ ਧਰੇ ਪਿਛਲੱਗ। ਇਸ ਦਾ ਸੱਭ ਤੋਂ ਪਹਿਲਾ ਵਿਰੋਧ ਕੀਤਾ ਪ੍ਰੋ. ਗੁਰਮੁਖ ਸਿੰਘ ਨੇ। ਫਿਰ ਭਾਈ ਵੀਰ ਸਿੰਘ ਨੇ ਵਖਰੇ ਢੰਗ ਨਾਲ ਅਰਥ ਕੀਤੇ। ਭਾਈ ਰਣਧੀਰ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਮੁਢਲੇ ਰੂਪ ਵਿਚ ਅਰਥ ਭੀ ਕੀਤੇ ਅਤੇ ਵਿਆਕਰਣ ਦੇ ਭੇਤ ਲੱਭਣ ਵਿਚ ਪਹਿਲ ਕਰਦਿਆਂ ਨਿਕੇ ਕਿਤਾਬਚੇ ਲਿਖੇ। 1921 ਤੋਂ ਪ੍ਰੋ. ਸਾਹਿਬ ਨੇ ਭੀ ਇਸ ਪਾਸੇ ਕੰਮ ਸ਼ੁਰੂ ਕੀਤਾ। ਇਕ ਪੰਜ ਕੁ ਸੌ ਸਫ਼ੇ ਦੀ ਵਡਅਕਾਰੀ ਕਿਤਾਬ "ਗੁਰਬਾਣੀ ਸਿਧਾਂਤਾਂ ਬਾਰੇ ਸਪੱਸ਼ਟ ਕੰਮ ਕਰ ਰਹੇ ਵਿਆਕਰਣ" ਨਿਯਮ ਲਭ ਕੇ ਦਿਤੇ। ਇਨ੍ਹਾਂ ਹੀ ਨੇਮਾਂ ਵਿਚ ਰਹਿ ਕੇ ਪ੍ਰੋ. ਸਾਹਿਬ ਸਿੰਘ ਜੀ ਨੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਦਸ ਜਿਲਦਾਂ ਵਿਚ ਕੀਤਾ। ਇਸ ਟੀਕੇ ਵਿਚ ਉਨ੍ਹਾਂ ਨੇ ਗੁਰਬਾਣੀ ਬਾਰੇ ਪ੍ਰਚਲਤ ਕੀਤੀਆਂ ਮਨ ਘੜਤ ਸਾਖੀਆਂ, ਮਨੌਤਾਂ ਨੂੰ ਗੁਰਬਾਣੀ ਦੇ ਪਰਮਾਣ ਦੇ ਕੇ ਪੂਰੀ ਵਿਵੇਕ ਸੀਲਤਾ ਦੁਆਰਾ ਰੱਦ ਕਰ ਦਿਤਾ। ਅੱਜ ਤਕ ਦੇ ਹੋ ਚੁਕੇ ਟੀਕਿਆਂ ਵਿਚੋਂ, ਇਹ ਟੀਕਾ ਸੱਭ ਤੋਂ ਵੱਧ ਮਕਬੂਲ ਹੋਇਆ ਹੈ। ਜੋ ਗੁਰ ਆਸੇ ਦੇ ਵੀ ਜ਼ਿਆਦਾ ਨੇੜੇ ਹੈ। ਬਾਬੂ ਤੇਜਾ ਸਿੰਘ ਭਸੌੜ ਵਾਲਿਆਂ ਨੇ ਭੱਟਾਂ ਦੇ ਸਵਈਏ, ਸਤੇ ਬਲਵੰਡ ਦੀ ਵਾਰ, ਬਾਬਾ ਸੁੰਦਰ ਦੀ ਸੱਦਬਾਣੀ ਨਾਮਨਜ਼ੂਰ ਕਰ ਦਿਤੀ। ਇਥੋਂ ਤਕ ਅੱਗੇ ਚਲੇ ਗਏ ਇਹ ਵੀਰ ਕਿ ਭਗਤਾਂ ਦੀ ਬਾਣੀ ਵਿਚ ਰਾਮਕ੍ਰਿਸ਼ਨ ਆਦਿ ਦਾ ਜ਼ਿਕਰ ਬਹੁਤ ਵਾਰੀ ਆਇਆ ਹੋਣ ਕਰ ਕੇ ਇਨ੍ਹਾਂ ਨੇ ਭਗਤਬਾਣੀ ਵੀ ਨਕਾਰ ਦਿਤੀ। ਅਖੇ ਹਿੰਦੂ ਦੇਵੀ ਦੇਵਤਿਆਂ ਦੀ ਪ੍ਰਸੰਸਾ ਵਾਲੀ ਬਾਣੀ "ਗੁਰਬਾਣੀ ਤੁੱਲ ਨਹੀਂ ਹੋ ਸਕਦੀ।" ਇਸ ਵਿਚਾਰ ਨੂੰ ਪੰਥਕ ਮਨਾਂ ਨੇ ਸਵੀਕਾਰ ਨਾ ਕੀਤਾ। ਬਾਬੂ ਤੇਜਾ ਸਿੰਘ ਅਨੰਤ ਤਰੀਕਿਆਂ ਨਾਲ ਚੰਗਾ ਹੋਣ ਦੇ ਬਾਵਜੂਦ ਮਾਤ ਖਾ ਗਿਆ। ਉਸ ਵਲੋਂ ਉਠਾਏ ਨੁਕਤਿਆਂ ਨੂੰ ਪ੍ਰੋ. ਸਾਹਿਬ ਸਿੰਘ ਨੇ ਬੜੇ ਵਿਸਥਾਰ ਮਈ ਢੰਗ ਤਰੀਕੇ ਵਰਤ ਕੇ ਲੀਹ ਸਿਰ ਲਿਆਂਦਾ। ਇਉਂ ਕਹਿ ਲਈਏ ਕਿ ਸੱਭ ਤੋਂ ਵੱਧ ਮੰਨਣਯੋਗ ਅਰਥ ਸਾਹਿਬ ਸਿੰਘ ਵਲੋਂ ਕੀਤੇ ਗਏ ਹਨ। ਸੱਦ ਬਾਣੀ, ਭੱਟ ਬਾਣੀ, ਭਗਤ ਬਾਣੀ ਬਾਰੇ ਫਿਰ ਕਦੀ ਬਹੁਤੀ ਵਿਰੋਧਤਾ ਸਾਹਮਣੇ ਨਹੀਂ ਆਈ।

ਜਿਸ ਦਿਨ ਤੋਂ "ਪੋਥੀ ਸਾਹਿਬ" ਦੀ ਸੰਪੂਰਨਤਾ ਹੋਈ ਹੈ, ਉਸੇ ਦਿਨ ਤੋਂ ਰਾਗਮਾਲਾ ਦਾ ਵਿਰੋਧ ਹੁੰਦਾ ਆ ਰਿਹਾ ਹੈ। ਕਈ ਰੂੜੀਵਾਦੀ ਰਾਗਮਾਲਾ ਦੇ ਹੱਕ ਵਿਚ ਵੀ ਬਿਨਾਂ ਦਲੀਲ ਜਾਂ ਸਬੂਤ ਤੋਂ ਬੋਲਦੇ ਵੇਖੇ ਜਾ ਸਕਦੇ ਹਨ। ਰਾਗ ਮਾਲਾ

ਦੇ ਵਿਵਾਦ ਵਾਂਗ ਬਾਕੀ ਗੁਰਬਾਣੀ ਬਾਰੇ ਅਜਿਹਾ ਮਾਰੂ ਕਿਸਮ ਦਾ ਝਗੜਾ ਕਦੇ ਨਹੀਂ ਪਿਆ ਕਿਉਂਕਿ ਕਿਸੇ ਪੁਰਾਤਨ ਗ੍ਰੰਥ ਵਿਚ ਅੱਜ ਤਕ ਇਹ ਲਿਖਿਆ ਹੋਇਆ ਨਹੀਂ ਮਿਲਿਆ ਕਿ ਭੱਟਾਂ ਦੇ ਸਵਈਏ "ਗੁਰਬਾਣੀ ਦਾ ਹਿੱਸਾ ਨਹੀਂ ਹਨ।" ਫਿਰ ਜਿਵੇਂ ਰਾਗਮਾਲਾ ਸਮੇਤ ਕਵੀ ਆਲਮ ਦੀ ਲਿਖੀ ਪੂਰੀ ਕਿਤਾਬ ਮਿਲਦੀ ਹੈ। ਭੱਟਾਂ ਦੇ ਸਵਈਆਂ ਵਾਲੀ ਕੋਈ ਕਿਤਾਬ ਗੁਰਬਾਣੀ ਤੋਂ ਬਾਹਰੀ ਨਹੀਂ ਮਿਲਦੀ। ਕੁੱਝ ਸਵਾਲ ਇਉਂ ਸ਼੍ਰੇਣੀਵੰਡ ਕੀਤੇ ਜਾ ਸਕਦੇ ਹਨ :

1. ਗੁਰੂ ਸਾਹਿਬ ਨੇ ਆਪਣੇ ਆਪ ਨੂੰ ਕਦੇ ਉਚਾ ਨਹੀਂ ਆਖਿਆ, ਨੀਚ ਜਾਂ ਦਾਸ ਕਿਹਾ ਹੈ।
2. ਪਰ ਭੱਟਾਂ ਨੇ ਗੁਰੂ ਜੀ ਨੂੰ ਰੱਬ, ਹਰਿ, ਪ੍ਰਮੇਸ਼ਰ ਆਦਿ ਲਿਖਿਆ ਹੈ, ਵਿਰੋਧ ਕਿਉਂ ?
3. ਜਿਨ੍ਹਾਂ ਅਵਤਾਰਾਂ ਨੂੰ ਗੁਰਬਾਣੀ ਵਿਚ ਰੱਦ ਕੀਤਾ ਗਿਆ ਹੈ, ਉਨ੍ਹਾਂ ਨਾਲ ਹੀ ਤੁਲਨਾ ਕਿਉਂ ?
4. ਰੱਬ ਨਿਰਆਕਾਰ ਹੈ, ਫਿਰ ਉਹ ਜਨਮ ਕਿਵੇਂ ਲੈ ਸਕਦਾ ਹੈ? ਇਹ ਵਿਰੋਧਾਭਾਸ ਕਿਉਂ ?

ਲਗਭਗ ਇਨ੍ਹਾਂ ਸਵਾਲਾ ਦਾ ਜਵਾਬ ਦੇਣਾ ਬਣਦਾ ਹੈ। ਬਖ਼ਸ਼ਿਸ਼ ਕੀਤੀ ਗਈ ਸੋਝੀ ਮੁਤਾਬਕ, ਗੁਰਬਾਣੀ ਵਿਚੋਂ ਜੋ ਕੁੱਝ ਪ੍ਰਾਪਤ ਕਰ ਸਕਿਆ ਹਾਂ ਉਸ ਅਨੁਸਾਰ ਜਵਾਬ ਦੇਣ ਦਾ ਯਤਨ ਕਰ ਰਿਹਾ ਹਾਂ :

ਸਵਾਲ ਨੰ. 1. ਦੁਨੀਆਂ ਦੇ ਸਾਰੇ ਦਾਨੇ ਪੁਰਖ ਨਿਮਰਤਾ ਵਿਚ ਜੀਵਨ ਬਿਤਾਉਂਦੇ ਹਨ। ਆਪਣੇ ਨਾਮ ਨਾਲ ਖ਼ੁਦ ਕੋਈ ਵਿਸ਼ੇਸ਼ਣ ਨਹੀਂ ਲਾਉਂਦੇ ਪਰ ਜਦੋਂ ਕਦੀ ਕਾਲਜਾਂ ਵਿਚ ਇਕੱਠਾਂ ਵਿਚ, ਸਭਾ ਸੁਸਾਇਟੀਆਂ ਵਿਚ ਉਨ੍ਹਾਂ ਨੂੰ ਪਿਆਰ ਕਰਨ ਵਾਲੇ, ਉਨ੍ਹਾਂ ਦੇ ਕੀਤੇ ਕੰਮਾਂ ਤੋਂ ਪ੍ਰਭਾਵਤ ਹੋ ਕੇ ਨਾਮ ਦੇ ਨਾਲ ਕਈ ਤਰ੍ਹਾਂ ਦੇ ਵਿਸ਼ੇਸ਼ਣ ਲਾ ਦਿੰਦੇ ਹਨ। ਕੀ ਇਸ ਤਰ੍ਹਾਂ ਕਰਨਾ ਜਾਇਜ਼ ਨਹੀਂ? ਕੋਈ ਵਿਅਕਤੀ ਜਦੋਂ ਖ਼ੁਦ ਬੋਲੇ ਤਾਂ ਕਹਿ ਸਕਦਾ ਹੈ ਕਿ "ਮੈਂ ਕੀਟ ਹਾਂ, ਚਰਨ ਧੂੜ ਹਾਂ, ਸਭਨਾਂ ਦਾ ਦਾਸ ਤੇ ਗ਼ੁਲਾਮ ਹਾਂ, ਨਿਮਾਣਾ ਹਾਂ, ਮੂਰਖ ਹਾਂ" ਆਦਿ ਪਰ ਉਸ ਮਨੁੱਖ ਨੂੰ ਦੂਜਾ ਕੋਈ ਇਹ ਨਹੀਂ ਕਹਿ ਸਕੇਗਾ ਕਿ "ਤੂੰ ਕੀੜਾ ਹੈਂ, ਤੂੰ ਚਰਨ ਧੂੜ ਹੈਂ, ਸਭਨਾਂ ਦਾ ਦਾਸ ਤੇ ਗ਼ੁਲਾਮ ਹੈਂ।" ਕੀ ਇਸ ਤਰ੍ਹਾਂ ਕਹਿਣਾ ਕਿਸੇ ਸਭਿਅਕ ਦਾਇਰੇ ਵਿਚ ਪਰਵਾਨ ਕੀਤਾ ਜਾ ਸਕਦਾ ਹੈ? ਕਦੀ ਭੀ ਨਹੀਂ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਆਪ ਨੂੰ ਮੂਰਖ ਅਤੇ ਨੀਚ ਭੀ ਆਖਿਆ ਹੈ ਪਰ ਕੀ ਉਨ੍ਹਾਂ

ਨੂੰ ਅਸੀ ਮੂਰਖ ਜਾਂ ਨੀਚ ਕਹਿ ਸਕਦੇ ਹਾਂ। ਕਦੀ ਭੀ ਨਹੀਂ। ਸ਼ਬਦ ਪੜ੍ਹੋ :

ਮੈਂ ਕੀਤਾ ਨ ਜਾਤਾ ਹਰਾਮਖੋਰੁ ॥ ਹਉ ਕਿ ਮੁਹੁ ਦੇਸਾਂ ਦੁਸਟੁ ਚੋਰ ॥
ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ (ਮ. 1, 24)

ਗੁਰੂ ਨਾਨਕ ਸਾਹਿਬ ਇਸ ਸਾਰੇ ਸ਼ਬਦ ਵਿਚ ਆਪਣੇ ਆਪ ਨੂੰ ਸੰਬੋਧਨ ਕਰ ਕੇ ਭਾਵੇਂ ਮਨੁਖਤਾ ਨੂੰ ਸਮਝਾਉਂਦੇ ਹਨ ਪਰ ਹਰ ਗਲ ਆਪਣੇ ਉਤੇ ਢੁਕਾਈ ਹੈ। ਮੈਂ ਹਰਾਮ ਖੋਰ ਹਾਂ, ਦੁਸ਼ਟ ਤੇ ਚੋਰ ਭੀ ਮੈਂ ਹਾਂ। ਕਿਵੇਂ ਮੂੰਹ ਵਿਖਾਵਾਂ ? ਮੈਂ ਨੀਚ ਹਾਂ (ਨੀਵੀਂ ਜਾਤ ਤੇ ਨੀਵੇਂ ਕੰਮ ਕਰਨ ਵਾਲੇ) ਧਾਣਕਾਂ ਵਾਲਾ ਮੇਰਾ ਸਾਰਾ ਕੰਮਕਾਰ ਕਿਵੇਂ ਪਰਵਾਨ ਹੋਵੇਗਾ ?" ਹਰ ਸਿੱਖ ਜਾਣਦਾ ਹੈ ਕਿ ਇਹ ਇਕ ਸਮਝਾਉਣ ਦਾ ਢੰਗ ਹੈ, ਨਿਮਰਤਾ ਦਾ ਪ੍ਰਤੀਕ ਹੈ। ਉਂਝ ਸਤਿਗੁਰੂ ਬਹੁਤ ਮਹਾਨ ਸਨ। ਇਹੋ ਗਲ ਬਾਕੀ ਸਾਰੀ ਬਾਣੀ ਵਿਚ ਦੂਜੇ, ਤੀਜੇ ਸਤਿਗੁਰੂ ਜੀ ਨੇ ਕੀਤੀ ਹੈ। ਆਪਣੇ ਆਪ ਨੂੰ ਨੀਵਾਂ ਨਿਮਾਣਾ ਆਖਿਆ ਹੈ ਪਰ ਗੁਰੂ ਨਾਨਕ ਸਾਹਿਬ ਨੂੰ ਬੇਅੰਤ ਉਚਾ ਤੇ ਮਹਾਨ ਬਿਆਨ ਕੀਤਾ ਹੈ ਕਿਉਂਕਿ ਪਹਿਲੇ ਸਰੀਰਕ ਜਾਮੇ ਦਾ ਨਾਮ ਨਾਨਕ ਸੀ। ਨਾਨਕ ਨਾਮ ਵਾਲੇ ਪੰਜ ਭੂਤਕ ਸਰੀਰ ਵਿਚ ਉਤਮ ਦਰਜੇ ਦਾ ਰੂਹਾਨੀ ਤੇ ਦੁਨਿਆਵੀ ਗਿਆਨ ਸੀ। ਵਡਿਆਈ ਸਰੀਰ ਦੀ ਨਹੀਂ ਸਗੋਂ ਜੋ ਨੂਰੀ ਜੋਤ ਸੀ, ਉਸ ਦੀ ਵਡਿਆਈ ਕੀਤੀ ਗਈ, ਜੋ ਬਿਲਕੁਲ ਵਾਜਬ ਹੈ। ਗੁਰੂ ਅਰਜਨ ਸਾਹਿਬ ਆਪਣੇ ਆਪ ਨੂੰ ਭਾਵੇਂ ਮੂਰਖ ਆਖ ਰਹੇ ਹਨ ਪਰ ਸਾਰੀ ਬਾਣੀ ਵਿਚ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ ਨੂੰ ਕਿਤੇ ਮੂਰਖ ਨਹੀਂ ਲਿਖਿਆ। ਬਾਕੀ ਸਾਰੇ ਗੁਰੂ ਵਿਅਕਤੀਆਂ ਨੇ ਇਸੇ ਤਰ੍ਹਾਂ ਕੀਤਾ ਹੈ। ਇਸ ਵਿਚਾਰ ਨੂੰ ਸਮਝਣ ਲਈ ਗੁਰਬਾਣੀ ਪਰਮਾਣ ਹਾਜ਼ਰ ਹਨ :

ਮੈ ਮੂਰਖ ਕੀ ਕੇਤਕ ਬਾਤ ਹੈ,
ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ
ਸੇ ਫਿਰਿ ਗਰਭਾਸਿ ਨ ਪਰਿਆ ਰਹੇ ॥ (612)

ਪੰਜਵੇਂ ਗੁਰੂ ਜੀ ਆਖ ਰਹੇ ਹਨ ਕਿ ਮੈਂ ਤਾਂ ਮੂਰਖ ਹਾਂ ਕੀ ਦੱਸਾਂ, ਕਰੋੜਾਂ ਹੀ ਪਾਪੀ ਅਪਰਾਧੀ ਤਰ ਗਏ। ਕਿਵੇਂ ਤਰ ਗਏ ? ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਦਾ ਗਿਆਨ ਉਪਦੇਸ਼ ਸੁਣਿਆ ਧਾਰਨ ਕੀਤਾ, ਉਹ ਫਿਰ ਕਿਸੇ ਜਨਮ ਮਰਨ ਵਿਚ ਨਹੀਂ ਪਵੇਗਾ। ਹੋਰ ਪੜ੍ਹੋ :

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥

ਸਭ ਤੇ ਵਡਾ ਸਤਿਗੁਰੁ ਨਾਨਕ ਜਿਨਿ ਕਲ ਰਾਖੀ ਮੇਰੀ ॥ (ਮ.5, 750)

ਗੁਰੂ ਅਰਜਨ ਸਾਹਿਬ ਦੱਸ ਰਹੇ ਹਨ ਕਿ ਮੈਂ ਕੋਈ ਗਿਆਨਵਾਨ ਨਹੀਂ ਹਾਂ। ਮੈਂ ਕਦੀ ਰਵਾਇਤੀ ਧਿਆਨ ਨਹੀਂ ਟਿਕਾਇਆ। ਹੇ ਪ੍ਰਭੂ ਤੇਰਾ ਕੋਈ ਮੈਂ ਭੇਤ ਨਹੀਂ ਜਾਣਦਾ ਪਰ ਸਾਰਿਆਂ ਨਾਲੋਂ ਵੱਡਾ ਮਹਾਂਪੁਰਖ ਗੁਰੂ ਨਾਨਕ ਮੈਨੂੰ ਮਿਲ ਗਿਆ ਹੈ। ਜਿਸ ਨੇ ਮੇਰੀ ਧਰਮ ਸ਼ਕਤੀ ਪਰਪੱਕ ਅਡੋਲ ਕਰ ਦਿੱਤੀ।

ਇਸੇ ਤਰ੍ਹਾਂ ਚੌਥੇ ਪਾਤਿਸ਼ਾਹ ਫ਼ੁਰਮਾਨ ਕਰਦੇ ਹਨ, ਪੜ੍ਹੋ :

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥

ਗੁਰ ਗੋਵਿੰਦੁ, ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥ (ਮ. 4, 442)

ਸਤਿਗੁਰੂ ਜੀ ਸਮਝਾਉਂਦੇ ਹਨ ਕਿ ਐ ਭਾਈ, ਮੈਂ ਸਰੀਰ ਸਮੁੰਦਰ ਨੂੰ ਰਿੜਕ ਕੇ ਪਰਖ ਲਿਆ ਹੈ। ਇਥੋਂ ਹੀ ਮੈਨੂੰ ਅਨਮੋਲ ਖਜ਼ਾਨੇ ਮਿਲੇ ਹਨ ਕਿ ਪਰਮੇਸ਼ਰ ਅਤੇ ਗੁਰੂ ਇਕੋ ਰੂਪ ਹਨ, ਕੋਈ ਫਰਕ ਨਹੀਂ ਹੈ। ਹੋਰ ਵੇਖੋ :

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰੂ ਸੰਗਿ ਕੀਰੇ ਹਮ ਥਾਪੇ ॥

ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥

(ਮ.4, 167)

ਗੁਰੂ ਰਾਮ ਦਾਸ ਜੀ ਆਪਣੇ ਗੁਰੂ ਅਮਰਦਾਸ ਦੀ ਵਡਿਆਈ (ਗੁਰੂ ਨਾਨਕ ਸਾਹਿਬ ਭੀ ਹੋ ਸਕਦੇ ਹਨ) ਕਰਦਿਆਂ ਨਿਮਰਤਾ ਭਾਵ ਵਿਚ ਫ਼ੁਰਮਾਨ ਕਰਦੇ ਹਨ "ਹੇ ਸਤਿਗੁਰ ਜੀ, ਮੇਰੀ ਕੀ ਹੈਸੀਅਤ ਸੀ ਤੁਸੀਂ ਖੁਦ ਜਾਣਦੇ ਹੋ। ਮੈਂ ਤਾਂ ਰੁਲਦਾ ਫਿਰ ਰਿਹਾ ਸੀ, ਕੋਈ ਮੇਰਾ ਸਹਾਰਾ ਨਹੀਂ ਸੀ। ਮੇਰੇ ਜਿਹੇ ਕੀੜੇ ਨੂੰ ਤੁਸੀਂ ਮਾਣ ਦਿਤਾ ਹੈ। ਹੇ ਗੁਰੂ ਨਾਨਕ ਜੋਤ ਤੁਸੀ ਧੰਨਤਾ ਯੋਗ ਹੋ। ਤੁਹਾਡੇ ਤੋਂ ਸਿਖਿਆ ਪ੍ਰਾਪਤ ਕਰ ਕੇ ਮੇਰੇ ਸਾਰੇ ਸੰਸੇ ਸੋਗ ਫਿਕਰ ਖ਼ਤਮ ਹੋ ਗਏ ਹਨ।

ਉਮੀਦ ਹੈ, ਪਹਿਲੇ ਸਵਾਲ ਦਾ ਜਵਾਬ ਮਿਲ ਗਿਆ ਹੋਵੇਗਾ।

ਸਵਾਲ ਨੰ. 2 ਦਾ ਜਵਾਬ : ਅੱਗੇ ਸਵਾਲ ਕੀਤਾ ਗਿਆ ਹੈ ਕਿ ਭੱਟਾਂ ਨੇ ਗੁਰੂ ਸਾਹਿਬਾਨ ਨੂੰ ਹਰੀ ਪਰਮੇਸ਼ਰ ਜਾਂ ਭਗਵਾਨ ਆਦਿ ਲਿਖਿਆ ਹੈ। ਸੁਨਿਮਰ ਬੇਨਤੀ ਹੈ ਕਿ ਗੁਰਮਤਿ ਸਿਧਾਂਤ ਮੁਤਾਬਕ ਰੱਬ ਜਨਮ ਨਹੀਂ ਲੈਂਦਾ। ਇਹ ਬਚਨ ਭੀ ਤਾਂ

ਗੁਰਬਾਣੀ ਵਿਚ ਬਰਾਬਰ ਆਉਂਦੇ ਹਨ ਕਿ ਸਾਰੇ ਜੀਵਾਂ ਵਿਚ ਉਸੇ ਵਾਹਿਗੁਰੂ ਦੀ ਜੋਤ ਕਾਰਜਸ਼ੀਲ ਹੈ। ਰੱਬ ਦੇ ਦੋ ਸਰੂਪ ਮੰਨੇ ਗਏ ਹਨ ਨਿਰਗੁਣ ਤੇ ਸਰਗੁਣ। ਇਕ ਉਹ ਜੋ ਪਸਾਰਾ ਪਸਰਿਆ ਪਰਤੱਖ ਦਿਸ ਰਿਹਾ ਹੈ। ਗੁਰ ਫੁਰਮਾਨ ਹੈ :

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥

(ਮ.1, 141)

ਹੇ ਨਾਨਕ ਦਾਤਾਰ ਸੱਚ ਹੈ ਪਰ ਉਸ ਦੀ ਪਛਾਣ ਦਿਸਦੀ ਕੁਦਰਤ ਵਿਚੋਂ ਹੁੰਦੀ ਹੈ।

ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥
ਗੁਰਸਬਦੀ ਸਭੁ ਬ੍ਰਹਮ ਪਛਾਨਿਆ ॥ (ਮ.1, 1043)

ਹੇ ਭਾਈ ਕਰਤਾਰ ਦੇ ਕੁਦਰਤ ਰੂਪੀ ਵਰਤਾਰੇ ਨੂੰ ਵੇਖ ਕੇ ਮਨ ਨੇ ਮੰਨ ਲਿਆ ਕਿ ਇਸ ਦੇ ਪਿਛੇ ਕੋਈ ਮਹਾਨ ਤਾਕਤ ਹੈ। ਗੁਰੂ ਦੇ ਗਿਆਨ (ਸ਼ਬਦ) ਦੁਆਰਾ ਹਰ ਥਾਂ ਪਰਮੇਸ਼ਰ ਦੀ ਪਛਾਣ ਹੋ ਗਈ।

ਗੁਰੂ ਸਾਹਿਬਾਨ ਨੂੰ ਭੱਟਾਂ ਨੇ ਹੀ ਰੱਬ ਜਾਂ ਪਰਮੇਸ਼ਰ ਨਹੀਂ ਕਿਹਾ ਸਗੋਂ ਗੁਰ ਸਾਹਿਬਾਨ ਭੀ ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੂੰ ਬਹੁਤ ਵਾਰੀ ਰੱਬ ਦਾ ਰੂਪ ਜਾਂ ਪਰਤੱਖ ਹਰਿ ਆਖ ਰਹੇ ਹਨ। ਪੜ੍ਹੋ ਪਰਮਾਣ :

1. ਹਰਿ ਗੁਰੁ ਨਾਨਕੁ ਜਿਨੁ ਪਰਸਿਅਉ
   ਸਿ ਜਨਮ ਮਰਣ ਦੁਹ ਥੇ ਰਹਿਓ ॥ (ਮ.5, 1386)
2. ਹਰਿ ਗੁਰੂ ਨਾਨਕੁ ਜਿਨੁ ਪਰਸਿਅਓ
   ਤਿਨੁ ਸਭ ਕੁਲ ਕੀਓ ਉਧਾਰੁ ॥
3. ਹਰਿ ਗੁਰੁ ਨਾਨਕੁ ਜਿਨੁ ਪਰਸਿਓ
   ਤੇ ਬਹੁੜਿ ਫਿਰਿ ਜੋਨਿ ਨ ਆਏ ॥ (ਮ. 5,
   1386)
4. ਹਰਿ ਗੁਰੁ ਨਾਨਕੁ ਜਿਨੁ ਪਰਸਿਓ ਤੇ ਇਤ ਉਤ ਸਦਾ ਮੁਕਤੇ ॥
5. ਬਲਿਓ ਚਰਾਗੁ ਅੰਧਾਰ ਮਹਿ
   ਸਭ ਕਲਿ ਉਧਰੀ ਇਕ ਨਾਮ ਧਰਮ ॥
   ਪ੍ਰਗਟੁ ਸਗਲ ਹਰਿ ਭਵਨ ਮਹਿ
   ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥ (ਮ. 5, 1327)

ਉਪਰ ਲਿਖੇ ਗਏ ਸਵਈਏ ਗੁਰੂ ਅਰਜਨ ਸਾਹਿਬ ਜੀ ਦੇ ਹਨ। ਲੰਮੀ

ਵਿਚਾਰ ਕਰਨ ਦੀ ਜ਼ਰੂਰਤ ਨਹੀਂ ਭਾਸਦੀ। ਜਿਵੇਂ ਭੱਟਾਂ ਨੇ ਗੁਰੂ ਸਾਹਿਬਾਨ ਨੂੰ ਰੱਬ ਦਾ ਰੂਪ ਆਖਿਆ ਹੈ ਗੁਰੂ ਅਰਜਨ ਸਾਹਿਬ ਭੀ ਗੁਰੂ ਨਾਨਕ ਨੂੰ ਪਰਤੱਖ ਰੱਬ ਦਾ ਰੂਪ ਹੀ ਤਾਂ ਆਖ ਰਹੇ ਹਨ। ਸੰਖੇਪ ਸਾਰ ਇਉਂ ਹੈ :

1. ਹਰੀ ਦਾ ਰੂਪ ਗੁਰੂ ਨਾਨਕ ਜਿਸ ਨੂੰ ਮਿਲ ਜਾਵੇ ਉਸ ਦਾ ਜਨਮ ਮਰਨ ਖ਼ਤਮ ਹੋ ਜਾਂਦਾ ਹੈ।
2. ਹਰੀ ਦਾ ਰੂਪ ਗੁਰੂ ਨਾਨਕ ਜਿਸ ਨੇ ਪ੍ਰਾਪਤ ਕੀਤਾ ਉਸ ਦੀਆਂ ਸੱਭ ਕੁੱਲਾਂ ਤਰ ਗਈਆਂ।
3. ਜਿਨ੍ਹਾਂ ਨੇ ਹਰੀ ਰੂਪ ਗੁਰੂ ਨਾਨਕ ਨੂੰ ਪਾ ਲਿਆ ਫਿਰ ਜੂਨਾਂ ਵਿਚ ਨਹੀਂ ਆਉਣਗੇ।
4. ਜਿਨ੍ਹਾਂ ਨੇ ਹਰੀ ਰੂਪ ਗੁਰੂ ਨਾਨਕ ਨੂੰ ਪਰਵਾਨ ਕਰ ਲਿਆ ਉਹ ਬੰਧਨਾਂ ਤੋਂ ਮੁਕਤ ਹੋ ਗਏ।
5. ਅਗਿਆਨਤਾ ਦੇ ਹਨੇਰੇ ਵਿਚ ਗੁਰੂ ਨਾਨਕ ਗਿਆਨ ਦਾ ਚਿਰਾਗ ਹਨ। ਸਾਰੀ ਸ੍ਰਿਸ਼ਟੀ ਦੇ ਜੀਵ ਨਾਮ ਦੀ ਬਦੌਲਤ (ਗੁਰੂ ਦੀ ਸਿਖਿਆ) ਤਰ ਜਾਣਗੇ। ਸਾਰੀ ਕਾਇਨਾਤ ਵਿਚ ਗੁਰੂ ਨਾਨਕ ਦੀ ਸੋਭਾ ਪ੍ਰਗਟ ਹੋ ਰਹੀ ਹੈ ਕਿਉਂਕਿ ਗੁਰੂ ਨਾਨਕ ਅਤੇ ਪਾਰਬ੍ਰਹਮ ਇਕ ਹੀ ਰੂਪ ਹਨ।

ਜਦੋਂ ਸਤਿਗੁਰੂ ਸਾਹਿਬਾਨ ਗੁਰੂ ਨਾਨਕ ਬਾਰੇ ਬੇਅੰਤ ਵਡਿਆਈ ਵਾਲੇ ਸ਼ਬਦ ਲਿਖ ਰਹੇ ਹਨ ਤਾਂ ਭੱਟਾਂ ਦਾ ਲਿਖਿਆ ਕਿਵੇਂ ਗ਼ਲਤ ਸਿੱਧ ਕੀਤਾ ਜਾ ਸਕਦਾ ਹੈ ? ਗੁਰੂ ਦੀ ਵਡਿਆਈ ਵਾਲੇ ਕੁੱਝ ਹੋਰ ਪਰਮਾਣ ਪੜ੍ਹੋ :

* ਸੋ ਸਤਿਗੁਰ ਧੰਨੁ ਧੰਨੁ ਜਿਨਿ ਭਰਮਗੜ ਤੋੜਿਆ ॥<br>ਸੋ ਸਤਿਗੁਰੂ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥ (522)
* ਗੁਰ ਜੈਸਾ ਨਾਹੀ ਕੋ ਦੇਵ ॥ ਜਿਸੁਮਸਤਕਿ ਭਾਗੁ ਸੁ ਲਾਗਾ ਸੇਵ ॥ (1142)
* ਸਭਿ ਧੰਨੁ ਕਰਹੁ ਗੁਰੁ ਸਤਿਗੁਰੂ, ਗੁਰੁ ਸਤਿਗੁਰੂ<br>ਜਿਤੁ ਮਿਲਿ ਹਰਿ ਪੜਦਾ ਕਜਿਆ ॥ (1315)
* ਧਨ ਧਰਣੀ ਧਰ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥<br>ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ ॥<br>(930)
* ਗੁਰ ਕੀ ਮਹਿਮਾ ਬੇਦ ਨਾ ਜਾਣਹਿ ॥

ਤੁਛ ਮਾਤ ਸੁਣਿ ਸੁਣਿ ਵਖਾਣਹਿ ॥ (1078)

✳ ਦਾਸ ਕੀ ਲਾਜ ਰਖੈ ਮਿਹਰਵਾਨੁ ॥
ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ॥ (821)

✳ ਗੁਰ ਕੈ ਸਬਦਿ ਤਰੇ ਮੁਨਿ ਕੇਤੇ, ਇੰਦ੍ਰਾਇਕ ਬ੍ਰਮਾਦਿ ਤਰੇ ॥
ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪ੍ਰਸਾਦੀ ਪਾਰਿ ਪਰੇ ॥
(1125)

✳ ਸੁਣੀ ਅਰਦਾਸਿ ਸੁਆਮੀ ਮੇਰੇ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥
(611)

ਸਵਾਲ ਨੰ. 3 ਦਾ ਜਵਾਬ : ਜਿਨ੍ਹਾ ਦੇਵਤਿਆਂ ਅਵਤਾਰਾਂ ਨੂੰ ਗੁਰਬਾਣੀ ਨੇ ਰੱਦ ਕਰ ਦਿੱਤਾ ਹੈ। ਉਨ੍ਹਾਂ ਨਾਲ ਗੁਰੂ ਸਾਹਿਬ ਦੀ ਤੁਲਨਾਂ ਕਿਉਂ ਕੀਤੀ ਗਈ ? ਜਰਾ ਅੱਖਾਂ ਖੋਲ੍ਹ ਕੇ ਧਿਆਨ ਪੂਰਵਕ ਆਪਣੇ ਆਲੇ ਦੁਆਲੇ ਸਮਾਜਕ ਵਰਤਾਰੇ ਨੂੰ ਵੇਖੋ ਪਰਖੋ। ਇਨਸਾਨ ਦੀ ਬੋਲੀ ਵਿਚ ਨਿਖਾਰ ਉਮਰ ਮੁਤਾਬਕ, ਤਜਰਬੇ ਅਨੁਸਾਰ ਵਿਦਿਅਕ ਯੋਗਤਾ ਮੁਤਾਬਕ, ਦੇਸ਼ ਦੀ ਸਭਿਅਤਾ, ਕਿੱਤੇ ਅਤੇ ਧਰਮ ਮੁਤਾਬਕ ਬੋਲੀ ਬਣਦੀ ਚਲੀ ਜਾਂਦੀ ਹੈ। ਕਿਸੇ ਵਿਅਕਤੀ ਦੀ ਬੋਲ-ਚਾਲ ਤੋਂ ਉਸ ਦੀ ਯੋਗਤਾ ਕੰਮਕਾਜ ਅਤੇ ਧਰਮ ਬਾਰੇ ਕਾਫ਼ੀ ਸਾਰਾ ਅਤਾ-ਪਤਾ ਮਿਲ ਜਾਂਦਾ ਹੈ। ਬਿਨਾ ਯਤਨ ਕੀਤੇ ਸਾਡੀ ਮਾਨਸਿਕ ਘਾੜਤ ਘੜੀ ਜਾ ਰਹੀ ਹੁੰਦੀ ਹੈ। ਉਸੇ ਮੁਤਾਬਕ ਬੋਲਚਾਲ ਜਾਂ ਲਿਖਤ ਬਣਦੀ ਜਾਂਦੀ ਹੈ। ਭੱਟ ਸਾਹਿਬਾਨ ਇਕ ਤਾਂ ਹਿੰਦੂ ਸੱਭਿਅਤਾ ਵਿਚ ਪ੍ਰਵਾਨ ਚੜ੍ਹੇ ਸਨ। ਦੂਜਾ, ਜਾਤ ਦੇ ਬ੍ਰਾਹਮਣ ਹੋਣ ਕਰਕੇ ਆਪਣੀ ਸੰਸਕ੍ਰਿਤੀ ਬਾਰੇ, ਧਰਮ ਬਾਰੇ, ਦੇਵਤਿਆਂ-ਅਵਤਾਰਾਂ ਬਾਰੇ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ। ਉਸੇ ਮੁਹਾਵਰੇ ਜਾਂ ਬੋਲੀ ਵਿਚ ਉਨ੍ਹਾਂ ਗੁਰੂ ਸਾਹਿਬ ਦੀ ਵਡਿਆਈ ਕੀਤੀ ਹੈ। ਉਨ੍ਹਾਂ ਲਈ ਉਸ ਸਮੇਂ ਦੇ ਸਾਹਿਤ ਤੇ ਧਰਮ ਮੁਤਾਬਿਕ ਰਾਮ ਤ੍ਰੇਤਾ ਯੁੱਗ ਦਾ ਅਵਤਾਰ ਸੀ। ਰਾਮ ਨਾਲੋਂ ਪ੍ਰਸਿੱਧ ਲੋਕ ਨਾਇਕ ਹੋਰ ਕੋਈ ਨਹੀਂ ਸੀ। ਇਸੇ ਲਈ ਉਨ੍ਹਾਂ ਨੂੰ ਕਹਿਣਾ ਪਿਆ - ਤ੍ਰੇਤੈ ਤੈ ਮਾਣਿਓ ਰਾਮ ਰਘੁਵੰਸ ਕਹਾਇਓ ॥"

ਦੁਆਪਰ ਵਿਚ ਕ੍ਰਿਸ਼ਨ ਹਿੰਦੂ ਸਮਾਜ ਲਈ ਮਹਾਂ ਨਾਇਕ ਸੀ। ਉਸ ਤੋਂ ਉੱਤਮ ਦਰਜੇ ਦਾ ਕੋਈ ਨਹੀਂ ਸੀ। ਇਸੇ ਲਈ ਸਰਬ ਸ੍ਰੇਸ਼ਠ ਨੂੰ ਸਨਮੁੱਖ ਰੱਖ ਕੇ, ਗੁਰੂ ਨਾਨਕ ਦੀ ਸੋਭਾ ਕਰਦਿਆਂ ਪੁਕਾਰ ਉਠੇ - "ਦੁਆਪੁਰਿ ਕ੍ਰਿਸ਼ਨ ਮੁਰਾਰਿ

ਕੰਸ ਕਿਰਤਾਰਥ ਕੀਓ। ਉਗ੍ਰਸੈਣ ਕਉ ਰਾਜ ਅਭੈ ਭਗਤਹ ਜਨ ਦੀਓ॥" ਸਤਿਯੁਗ ਵਿੱਚ ਸਭ ਤੋਂ ਵੱਧ ਪੂਜਿਆ ਜਾਣ ਵਾਲਾ ਅਵਤਾਰ ਸੀ ਵਿਸ਼ਨੂੰ। ਵਿਸ਼ਨੂੰ ਤੋਂ ਮਹਾਨ ਕੋਈ ਪਾਤਰ ਸਤਿਯੁੱਗ ਵਿਚ ਨਹੀਂ ਮੰਨਿਆ ਗਿਆ। ਭਾਵੇਂ ਕਲਯੁੱਗ, ਤ੍ਰੇਤਾ, ਦੁਆਪੁਰ ਅਤੇ ਸਤਿਯੁਗ ਕਲਪਤ ਹਨ। ਇਨ੍ਹਾਂ ਦੇਵੀ-ਦੇਵਤਿਆਂ ਦੀ ਹੋਂਦ ਭੀ ਸ਼ੱਕੀ ਹੀ ਹੈ। ਪਰ ਜੋ ਕੁਝ ਮੌਜੂਦ ਹੈ, ਉਦਾਹਰਣ ਉਸੇ ਦੀ ਹੀ ਦਿੱਤੀ ਜਾ ਸਕਦੀ ਹੈ। ਜਦੋਂ ਕਲਯੁਗ ਬਾਰੇ ਬਿਆਨ ਕੀਤਾ ਜਾਣ ਲੱਗਿਆ ਤਾਂ ਪੜ੍ਹੋ ਭੱਟ ਸਾਹਿਬ ਕੀ ਲਿਖਦੇ ਹਨ-

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ, ਅੰਗਦ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ॥
(1390)

ਸਵੱਈਏ ਸਾਫ਼ ਦੱਸ ਪਾ ਰਹੇ ਹਨ ਕਿ ਉਨ੍ਹਾਂ ਜੁਗਾਂ ਵਿਚ ਉਨ੍ਹਾਂ ਅਵਤਾਰਾਂ ਦੀ ਜੈ-ਜੈ ਕਾਰ ਸੀ ਪਰ ਅੱਜ ਗੁਰੂ ਨਾਨਕ ਦੀ ਜੈ-ਜੈ ਕਾਰ ਹੈ। ਗੁਰੂ ਅੰਗਦ ਅਤੇ ਗੁਰੂ ਅਮਰਦਾਸ ਦੀ ਸੋਭਾ ਹੈ। ਉਨ੍ਹਾਂ ਨੇ ਆਪਣੀਆਂ ਕਾਵਿਕ ਉਡਾਰੀਆਂ ਰਾਹੀਂ ਜੁੱਗਾਂ ਪਹਿਲਾਂ ਹੋਏ ਮੰਨੇ ਜਾਂਦੇ ਦੇਵੀਆਂ-ਦੇਵਤੇ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿਚ ਲਿਆ ਬਿਠਾਏ ਹਨ। ਯੂਰਪੀਨ ਮੁਲਕਾਂ ਨੂੰ ਭਾਰਤੀ ਮੁਹਾਵਰੇ ਦੀ ਛੇਤੀ ਕੀਤੇ ਸਮਝ ਨਹੀਂ ਆਵੇਗੀ ਕਿਉਂਕਿ ਉਧਰ ਸਾਡੇ ਵਰਗੀ ਸੱਭਿਅਤਾ ਵਿਕਸਿਤ ਨਹੀਂ ਹੋਈ। ਉਨ੍ਹਾਂ ਦਾ ਸੁਭਾਅ ਅਤੇ ਮੁਹਾਵਰਾ ਅਲੱਗ ਤਰ੍ਹਾਂ ਦਾ ਹੈ। ਮਿਸਾਲ ਲਈ, ਉਨ੍ਹਾਂ ਵਾਸਤੇ ਬਬੀਹੇ ਦੀ ਕੋਈ ਕੀਮਤ ਨਹੀਂ। ਉਥੇ ਕੋਇਲ ਅੰਬ ਦੀ ਟਾਹਣੀ 'ਤੇ ਬੈਠ ਕੇ ਮਿੱਠੇ ਗੀਤ ਨਹੀਂ ਗਾਉਂਦੀ। ਉਥੇ ਸਾਵਣ ਮਹੀਨੇ ਦੀ ਅਤੇ 'ਮੋਰੀ ਰੁਣ ਝੁਣ' ਦੀ ਕੋਈ ਵੁੱਕਤ ਨਹੀਂ ਹੈ। ਮੋਰਾਂ ਨੇ ਪੈਲਾਂ ਕੀ ਪਾਉਣਆਂ ਸੀ? ਵਿਚਾਰੇ ਲੱਭਿਆਂ ਨਹੀਂ ਲੱਭਦੇ। ਉਥੇ ਤੀਆਂ ਦੇ ਗੀਤ ਅਤੇ ਗਿੱਧੇ ਨਹੀਂ ਹਨ। ਇਸ ਦੀ ਥਾਂ ਪੱਬ-ਕਲੱਬ ਹਨ, ਸ਼ਰਾਬ ਹੈ। ਯੂਰਪ ਦੇ ਲਿਖਾਰੀ ਇਧਰਲੇ ਰੂਪਕ ਨਹੀਂ ਵਰਤ ਸਕਣਗੇ। ਸਾਡੇ ਦੇਸ਼ ਦੇ ਲਿਖਾਰੀ ਯੂਰਪ ਵਿਚ ਪ੍ਰਚਲਿਤ ਉਪਮਾਵਾਂ ਨਹੀਂ ਲਿਖ ਸਕਣਗੇ। ਬਿਲਕੁੱਲ ਇਸੇ ਤਰ੍ਹਾਂ ਭੱਟਾਂ ਦੀ ਮਜਬੂਰੀ ਸੀ। ਉਹ ਗੁਰੂ ਜੀ ਨੂੰ ਕੀਹਦੇ ਵਰਗਾ ਕਹਿੰਦੇ? ਉਨ੍ਹਾਂ ਕੋਲ ਜੋ ਸਭ ਤੋਂ ਉੱਤਮ ਦਰਜੇ ਦਾ ਸੀ, ਉਸੇ ਨਾਲ ਮੇਲ ਕੇ ਵਡਿਆਈ ਕਰਦੇ ਰਹੇ। ਕੋਈ ਨਵੀਂ ਜਾਂ ਵੱਖਰੀ ਹਸਤੀ ਕਿਥੋਂ ਪੈਦਾ ਕਰਦੇ? ਇਹ ਮਜਬੂਰੀ ਭੱਟਾਂ ਦੀ ਹੀ ਨਹੀਂ ਹੈ, ਭਗਤਾਂ ਦੀ ਭੀ ਹੈ। ਅੱਗੋਂ ਪਰਖ ਕਰੀਏ ਤਾਂ ਗੁਰੂ ਸਾਹਿਬਾਨ ਦੀ ਭੀ ਇਹ ਮਜਬੂਰੀ ਪ੍ਰਤੱਖ ਪੜ੍ਹੀ-

ਵੇਖੀ ਜਾ ਸਕਦੀ ਹੈ। ਪਰਮਾਤਮਾ ਦਾ ਸਰੂਪ ਬਿਆਨ ਕਰਦਿਆਂ ਖ਼ੁਦ ਗੁਰੂ ਨਾਨਕ ਸਾਹਿਬ ਜਪੁ ਜੀ ਵਿਚ ਫ਼ੁਰਮਾ ਰਹੇ ਹਨ, ਪੜ੍ਹੋ –

ਗੁਰੁ ਈਸਰੁ, ਗੁਰੁ ਗੋਰਖੁ, ਬ੍ਰਹਮਾ, ਗੁਰੁ ਪਾਰਬਤੀ ਮਾਈ॥ (ਜਪੁ–2)

ਇਥੇ ਗੁਰੂ ਜੀ ਸਪੱਸ਼ਟ ਲਿਖ ਰਹੇ ਹਨ ਕਿ ਸਾਡੇ ਲਈ ਵਿਸ਼ਨੂੰ, ਗੋਰਖ, ਬ੍ਰਹਮਾ ਅਤੇ ਪਾਰਬਤੀ ਮਾਈ ਦੀ ਥਾਂ ਪਰਮਾਤਮਾ ਹੀ ਸਭ ਕੁਝ ਹੈ। ਕੀ ਗੁਰੂ ਨਾਨਕ ਜੀ ਨੇ ਇਹੀ ਤਰੀਕਾ ਨਹੀਂ ਵਰਤਿਆ, ਜੋ ਭੱਟਾਂ ਨੇ ਵਰਤਿਆ ਹੈ? ਫਿਰ ਹੋਰ ਪੜ੍ਹੋ –

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥
ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ (ਜਪੁ ਜੀ)

ਅੱਗੇ ਸਾਰੇ ਭਗਤਾਂ ਨੇ ਪੌਰਾਣਕ ਦੇਵੀ–ਦੇਵਤਿਆਂ ਨੂੰ ਭਾਵੇਂ ਮੁਕੰਮਲ ਤੌਰ 'ਤੇ ਰੱਦ ਕੀਤਾ ਹੈ ਪਰ ਦੂਜੇ ਪਾਸੇ ਉਨ੍ਹਾਂ ਦੀਆਂ ਉਦਾਹਰਣਾਂ ਲਈ ਹਵਾਲੇ ਭੀ ਦਿੱਤੇ ਹਨ। ਕੀ ਕੋਈ ਸਮਝਦਾਰ ਇਨਸਾਨ ਇਹ ਮੰਨ ਲਵੇਗਾ ਕਿ ਭਗਤਾਂ ਨੂੰ ਗਿਆਨ ਘੱਟ ਸੀ? ਜਾਂ ਫਿਰ ਉਨ੍ਹਾਂ ਨੂੰ ਆਪਣੀ ਗੱਲ ਸਪੱਸ਼ਟ ਨਹੀਂ ਕਰਨੀ ਆਈ? ਜੀ ਨਹੀਂ! ਗੱਲ ਇਸ ਤਰ੍ਹਾਂ ਹੋਇਆ ਕਰਦੀ ਹੈ ਕਿ ਜੋ ਵਸਤੂ, ਵਿਅਕਤੀ, ਪਸ਼ੂ–ਪੰਛੀ, ਕੁਦਰਤੀ ਨਜ਼ਾਰੇ ਸਾਹਮਣੇ ਹੁੰਦੇ ਹਨ ਜਾਂ ਜਿਨ੍ਹਾਂ ਬਾਰੇ ਪਹਿਲਾਂ ਤੋਂ ਹੀ ਲੋਕਾਂ ਦੇ ਮਨਾਂ ਤੇ ਮਨੌਤਾਂ ਅਸਰ ਪਾ ਚੁੱਕੀਆਂ ਹਨ, ਉਨ੍ਹਾਂ ਦੀ ਹੀ ਉਦਾਹਰਣ ਦਿੱਤੀ ਜਾਇਆ ਕਰਦੀ ਹੈ। ਭਗਤ ਬਾਣੀ ਵਿਚੋਂ ਹਵਾਲੇ ਪੜ੍ਹੋ : –

ਮੇਰੇ ਬਾਪੁ ਮਾਧਉ ਤੂ ਧਨੁ ਕੇਸੋ ਸਾਂਵਲੀਓ ਬੀਠੁਲਾਇ॥ ਰਹਾਉ॥
ਕਰ ਧਰੇ ਚਕ੍ਰ ਬੈਕੁੰਠ ਤੇ ਆਏ, ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥
ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥
ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥
ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾ ਗਤਿ ਆਈਅਲੇ॥
(ਨਾਮਦੇਵ ਜੀ–988)

ਅਣਜਾਣ ਵਿਅਕਤੀ ਨੂੰ ਉਪਰ ਵਰਣਿਤ ਸ਼ਬਦ ਪੜ੍ਹ ਕੇ, ਭਗਤ ਨਾਮਦੇਵ ਜੀ ਅਵਤਾਰਾਂ ਦੇ ਪੁਜਾਰੀ ਨਜ਼ਰ ਆਉਣਗੇ। ਪਰ ਕੀ ਇਸ ਤਰ੍ਹਾਂ ਸੋਚਣਾ ਗੁਰਬਾਣੀ ਦੇ ਗਿਆਨ ਵੱਲੋਂ ਦਿਵਾਲੀਏ ਹੋਣ ਦਾ ਸਬੂਤ ਨਹੀਂ ਹੈ? ਕਿਉਂਕਿ

ਇਕ ਹੋਰ ਥਾਂ ਭਗਤ ਨਾਮਦੇਵ ਜੀ ਇਹ ਭੀ ਤਾਂ ਸਪਸ਼ਟ ਲਿਖ ਰਹੇ ਹਨ :

ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾਕਾ ਲੜਕਾ ਮਾਰਿਆ ਥਾ॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥

(ਨਾਮੇਦਵ ਜੀ-875)

ਕੋਈ ਵਿਚਾਰ ਲਿਖਣ ਤੋਂ ਪਹਿਲਾਂ ਕੀ ਇਨ੍ਹਾਂ ਸਾਰੇ ਪੱਖਾਂ ਬਾਰੇ ਪਰਖ ਕਰਨੀ ਜ਼ਰੂਰੀ ਨਹੀਂ ਹੈ ? ਜੀ ਹਾਂ ! ਗੁਰੂ ਘਰ ਦਾ ਇਸੇ ਤਰ੍ਹਾਂ ਲਿਖਣ-ਬੋਲਣ ਵਿਚ ਭਲਾ ਹੈ। ਆਉ ਗੁਰੂ ਅਰਜਨ ਸਾਹਿਬ ਤੋਂ ਪੁੱਛੀਏ ਕਿ ਸਤਿਗੁਰੂ ਜੀ ਤੁਸੀਂ ਭੀ ਹਿੰਦੂ ਨਾਵਾਂ ਵਾਲੇ ਪਰਮੇਸ਼ਵਰ ਦਾ ਕਿਤੇ ਗੁਰਬਾਣੀ ਵਿਚ ਜ਼ਿਕਰ ਕੀਤਾ ਹੈ ? ਸਤਿਗੁਰੂ ਜੀ ਦੱਸਦੇ ਹਨ ਕਿ ਅਨੰਤਵਾਰੀ ਕੀਤਾ ਹੈ। ਇਸ ਸ਼ਬਦ ਵਿਚ ਸਾਰੇ ਹੀ ਹਿੰਦੂ 'ਭਗਵਾਨ' ਇਕੱਠੇ ਕਰ ਦਿੱਤੇ ਹਨ। ਉਂਝ ਸਤਿਗੁਰੂ ਜੀ ਨੂੰ ਮੁਸਲਮਾਨੀ ਢੰਗ ਨਾਲ ਲਿਖੇ ਬੋਲੇ ਰੱਬ ਦੇ ਨਾਂ ਬੁਰੇ ਨਹੀਂ ਲੱਗਦੇ। ਇਹ ਦੋਵੇਂ ਲੰਮੇ ਸ਼ਬਦ ਪੰਨਾ 1082 ਤੋਂ ਸ਼ੁਰੂ ਹੋ ਕੇ 1084 ਤੱਕ ਫੈਲੇ ਹੋਏ ਪੜ੍ਹੇ ਜਾ ਸਕਦੇ ਹਨ, ਪਰ ਸਤਿਗੁਰੂ ਜੀ ਇਥੇ ਇਹ ਲਿਖਣਾ ਨਹੀਂ ਭੁੱਲੇ ਕਿ ਭਾਈ ਇਹ ਸਾਰੇ ਨਾਮ ਉਸ ਦੇ ਕੰਮਾਂ ਨੂੰ ਵੇਖ ਕੇ ਰੱਖੇ ਗਏ ਹਨ। ਵੈਸੇ ਰੱਬ ਅਨਾਮ ਹੈ, ਉਸ ਦਾ ਕੋਈ ਨਾਮ ਨਹੀਂ ਹੈ। ਬਸ ਸਦਾ ਸੱਤ ਹੈ, ਸਤਿਨਾਮੁ ਹੈ। ਪੜ੍ਹੋ ਸ਼ਬਦ -

ਅਚੁਤ ਪਾਰਬ੍ਰਹਮ ਪਰਮੇਸਰੁ ਅੰਤਰਜਾਮੀ॥ ਮਧੁਸੂਦਨ ਦਾਮੋਦਰ ਸੁਆਮੀ॥
ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ॥
ਮੋਹਨ ਸਾਧਵ ਕ੍ਰਿਸਨ ਮੁਰਾਰੇ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ॥
ਧਰਣੀਧਰ ਈਸ ਨਰ ਸਿੰਘ ਨਾਰਾਇਣ॥ ਦਾੜਾ ਅਗ੍ਰੇ ਪ੍ਰਿਥਮਿ ਧਰਾਇਣ॥
ਬਾਵਨ ਰੂਪ ਕੀਤਾ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ॥
ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮ ਤੇਰਾ ਪਰਾ ਪੂਰਬਲਾ॥
ਕਹੁ ਨਾਨਕ ਭਗਤਿ ਪਏ ਸਰਣਾਈ ਦੇਹੁ ਦਰਸੁ ਮਨਿ ਰੰਗ ਲਗਾ॥
(1083)

ਮਾਰੂ ਰਾਗ ਦੇ ਇਸ ਲਮੇ ਸ਼ਬਦ ਵਿਚ ਲਗਭਗ ਇਕ ਸੌ ਨਾਮ ਪੌਰਾਣਕ ਗ੍ਰੰਥਾਂ ਵਿਚੋਂ ਲੈ ਕੇ ਪੰਜਵੇਂ ਗੁਰੂ ਜੀ ਨੇ ਦਰਜ ਕੀਤੇ ਹਨ। ਕੀ ਰੱਬ ਨਾਲ ਉਨ੍ਹਾਂ ਦੀ ਤੁਲਨਾ ਕਰਨੀ ਬੁਰੀ ਗੱਲ ਹੋ ਗਈ ? ਜਾਂ ਕਿਸੇ ਗੁਰਮਤਿ ਦੇ ਅਸੂਲ ਦੀ

ਉਲੰਘਣਾ ਹੋ ਗਈ ? ਜੀ ਨਹੀਂ, ਗੁਰੂ ਅਤੇ ਪਰਮੇਸਰ ਨੂੰ ਪਉੜੀ, ਬੇੜੀ, ਤੁਲਾਹ, ਮਲਾਹ, ਦਰਿਆ, ਸਮੁੰਦਰ, ਬਿਰਖ, ਅੰਮ੍ਰਿਤ, ਸੂਰਜ, ਦੀਪਕ, ਬਰਫ਼ ਦਾ ਘਰ, ਹਿਮਾਲਾ ਪਰਬਤ ਆਦਿ ਭੀ ਕਿਹਾ ਗਿਆ ਹੈ। ਕੀ ਰੱਬ ਇੰਨਾ ਛੋਟਾ ਹੈ, ਸਗੋਂ ਇਹ ਵਸਤਾਂ ਤਾਂ ਰੱਬ ਨੇ ਬਣਾਈਆਂ ਹਨ, ਫਿਰ ਇਨ੍ਹਾਂ ਨੂੰ ਰੱਬ ਜਾਂ ਸਤਿਗੁਰੂ ਕਿਉਂ ਲਿਖਿਆ ਗਿਆ ਹੈ ? ਕੀ ਰੱਬ ਪਉੜੀ ਜਿੰਨਾ ਛੋਟਾ ਹੈ ? ਕੀ ਬੇੜੀ ਵਰਗਾ ਮਾਮੂਲੀ ਹੈ ? ਸੰਸਾਰ ਸਹਿਤ ਨੂੰ ਜਾਣਨ ਵਾਲੇ ਲੋਕ ਲੇਖਕ ਦੇ ਜਜ਼ਬਾਤੀ ਵਲਵਲਿਆਂਨੂੰ ਸਮਝਣ ਵਾਲੇ ਕਾਵਿਕ ਉਡਾਰੀਆਂ ਲਾਉਣ ਵਾਲੇ ਗੁਰਬਾਣੀ ਦੇ ਅਜਿਹੇ ਨਿਰਾਲੇ ਰੰਗਾਂ ਤੇ ਛੰਦਾਂ ਨੂੰ ਸਹਿਜੇ ਸਮਝ ਸਕਦੇ ਹਨ ਪਰ ਆਮ ਵਿਅਕਤੀ ਦੇ ਵਸ ਦਾ ਇਹ ਕੰਮ ਨਹੀਂ ਹੈ। ਉਹ ਇਕ ਵਿਚਾਰ ਪਕੜਦਾ ਹੈ ਤੇ ਦੂਜਾ ਗੁਆਚ ਜਾਂਦਾ ਹੈ। ਸਿੱਖ ਮਤਿ ਸਿਰਫ਼ ਇਕ ਅਕਾਲ ਪੁਰਖ ਦਾ ਮੰਨਣ ਵਾਲਾ ਹੈ। ਇਸ ਵਿਚਾਰ ਨੂੰ ਗੁਰਬਾਣੀ ਨੇ ਮੁੱਢ ਤੋਂ ਲੈ ਕੇ ਅੰਤ ਤੱਕ ਪੂਰੀ ਸਾਵਧਾਨੀ ਨਾਲ ਨਿਭਾਇਆ ਹੈ। ਜਿਵੇਂ ਬਾਣੀ "ੴ" ਤੋਂ ਸ਼ੁਰੂ ਹੁੰਦੀ ਹੈ। "ਓ' ਦੇ ਅੱਗੇ ਲਗਿਆ ਏਕਾ (੧) ਬ੍ਰਹਮਾ, ਵਿਸ਼ਨੂੰ, ਸ਼ਿਵ ਦੀ ਤਿੱਕੜੀ ਦਾ ਸਫ਼ਾਇਆ ਕਰ ਦਿੰਦਾ ਹੈ। ਜਦੋਂ ਇਹ ਤਿੰਨੇ ਮੋਢੀ "੧" ਨਾਲ ਮੁਕਾ ਦਿੱਤੇ ਤਾਂ ਅੱਗੇ ਹੋਰ ਕੋਈ ਇਨ੍ਹਾਂ ਦੀ ਅੰਸ-ਬੰਸ ਵਾਲਾ ਅਵਤਾਰ ਗੁਰਬਾਣੀ ਨੇ ਜੰਮਣਾ ਹੀ ਬੰਦ ਕਰ ਦਿੱਤਾ। 'ਆਖੇ ਕਮਲਾ ਨਾ ਮਰੇ ਕਮਲੇ ਦੀ ਮਾਂ ਮਰ ਜਾਵੇ' ਤਾਂ ਕਿ ਹੋਰ ਕਮਲੇ ਨਾ ਜੰਮ ਧਰੇ। ਗੁਰੂ ਨਾਨਕ ਸਾਹਿਬ ਜੀ ਨੇ ਇਹੀ ਤਾਂ ਕੀਤਾ ਹੈ। ਪੜ੍ਹੋ :

ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਿਕਾ ਧਰਾ॥
ਅਸਤਿ ਏਕ ਦਿਗਰਿ ਕੁਈ॥ ਏਕੁ ਤੁਈ ਏਕੁ ਤੁਈ॥ (ਮਹਲਾ 1-144)

ਗੁਰੂ ਅਰਜਨ ਸਾਹਿਬ ਜੀ ਨੇ ਪੂਰੀ ਸਾਵਧਾਨੀ ਵਰਤਦਿਆਂ ਹਰ ਗੱਲ, ਸਮਝਣਯੋਗ ਢੰਗ ਨਾਲ ਲਿਖੀ ਹੈ। ਭੁਲੇਖੇ ਖਤਮ ਕਰਨ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ ਪਰ ਫਿਰ ਭੀ ਜੇ ਕਿਸੇ ਨੂੰ ਗੁਰਬਾਣੀ ਵਿਚੋਂ ਅਵਤਾਰ ਪੂਜਾ ਦਾ ਭੁਲੇਖਾ ਲੱਗ ਜਾਵੇ ਤਾਂ ਕਿਰਪਾ ਕਰਕੇ ਇਕ ਵਾਰੀ ਅਰਥਾਂ ਸਣੇ ਮੁਕੰਮਲ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ, ਸਾਰੇ ਸ਼ੰਕੇ ਨਵਿਰਤ ਹੋ ਜਾਣਗੇ। ਮੰਗਲ ਦੇ ਨਾਲ, ਹਰ ਥਾਵੇਂ ਜਿਸ "੧" (ਏਕਾ) ਦੀ ਵਰਤੋਂ ਕੀਤੀ ਗਈ ਹੈ ਤਾਂ ਉਸੇ ਨੂੰ ਸਮਝ ਲਿਆ ਜਾਵੇ। ਮੰਗਲਾਂ ਦੇ ਨਾਲ 567 ਵਾਰੀ "ਏਕਾ" ਵਰਤਿਆ ਗਿਆ ਹੈ ਤਾਂ ਕਿ ਜਗਿਆਸੂ ਗ਼ਲਤੀ ਨਾ ਕਰ ਜਾਵੇ। ਘੱਟੋ-ਘੱਟ 567 ਵਾਰੀ ਤਾਂ ਏਕੇ

ਨੂੰ ਵੇਖ ਕੇ ਇਕ ਨਿਰੰਕਾਰ ਤੇ ਵਿਸ਼ਵਾਸ ਬਣ ਹੀ ਜਾਵੇਗਾ।

ਨੰਬਰ 4 ਸਵਾਲ ਇਹ ਹੈ ਕਿ ਰੱਬ ਨਿਰਾਕਾਰ ਹੈ, ਉਹ ਸਰੀਰ ਧਾਰਕੇ ਨਹੀਂ ਆਉਂਦਾ। ਗੁਰੂ ਅਰਜਨ ਸਾਹਿਬ ਨੇ ਸਾਫ਼ ਲਿਖਿਆ ਹੈ :

ਸਗਲ ਪਰਾਧ ਦੇਹਿ ਲੋਰੋਨੀ॥

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥ (ਮ. ਪ. 1136)

ਸੁਨਿਮਰ ਬੇਨਤੀ ਹੈ ਕਿ ਅਵਤਾਰਵਾਦ ਦਾ ਸੰਕਲਪ ਬਿਲਕੁੱਲ ਵੱਖਰੀ ਸੋਚ ਜਾਂ ਵਿਚਾਰਧਾਰਾ ਹੈ। ਸਿੱਖ ਧਰਮ ਦਾ ਉਸ ਨਾਲ ਕੋਈ ਸਰੋਕਾਰ ਨਹੀਂ ਹੈ। ਇਥੇ ਭੱਟ ਸਿੱਖਾਂ ਨੇ ਆਪਣੇ ਅੰਦਰ ਉਮਲ ਰਹੀ, ਅਪਾਰ ਖੁਸ਼ੀ ਨੂੰ ਪ੍ਰਗਟ ਕੀਤਾ ਹੈ। ਉਹ ਪਹਿਲਾਂ 'ਪੱਥਰ ਭਗਵਾਨਾਂ' ਨੂੰ ਪੂਜਦੇ ਸਨ। 'ਬ੍ਰਾਹਮਣ ਭਗਵਾਨਾਂ' ਦੀ ਗੁਰ ਪਦਵੀ ਦਾ ਉਨ੍ਹਾਂ ਨੂੰ ਗਿਆਨ ਸੀ। ਪਰ ਉਸ ਸਾਰੇ ਵਰਤਾਰੇ ਵਿਚ ਮਨੁੱਖਤਾ ਨਾਲ ਹਮਦਰਦੀ, ਪਰਉਪਕਾਰ, ਆਪਾ ਭਾਵ ਗਵਾ ਕੇ ਸੇਵਾ ਕਰਨੀ, ਵੰਡ ਕੇ ਛਕਣਾ, ਕਿਰਤ ਕਰਨੀ ਅਤੇ ਹਰ ਇਨਸਾਨ ਵਿਚ ਰੱਬੀ ਜੋਤ ਮਹਿਸੂਸ ਕਰਨੀ। ਜਦੋਂ ਇਹ ਕਰਤਾਰੀ ਗੁਣ ਗੁਰੂ ਸਾਹਿਬਾਨ ਵਿਚ ਵੇਖੇ ਤਾਂ ਉਨ੍ਹਾਂ ਦਾ ਕਵੀ ਮਨ ਨੱਚ ਪਿਆ, ਗਾਉਣ ਲੱਗ ਪਿਆ। ਉਨ੍ਹਾਂ ਵਿਸਮਾਦੀ ਛਿਣਾਂ ਵਿਚੋਂ ਜੋ ਗੁਰੂ ਜੋਤ ਵਿਚ, ਸ਼ਰਧਾਵਾਨ ਗੁਰਸਿੱਖਾਂ ਨੇ ਅਨੁਭਵ ਕੀਤਾ, ਉਸ ਨੂੰ ਸਤਿਗੁਰੂ ਅਰਜਨ ਸਾਹਿਬ ਜੀ ਦੇ ਸਨਮੁੱਖ ਗਾਇਆ। ਸਤਿਗੁਰੂ ਜੀ ਨੂੰ ਇਹ ਗੁਰੂ ਉਪਮਾ ਪਸੰਦ ਆਈ। ਉਨ੍ਹਾਂ ਨੇ ਲੈ ਕੇ ਗੁਰੂ ਗ੍ਰੰਥ (ਪੋਥੀ ਸਾਹਿਬ) ਦਾ ਅੰਗਾ ਬਣਾ ਦਿੱਤੀ। ਇਸ ਬਾਣੀ ਵਿਚ ਗੁਰੂ ਵਿਅਕਤੀਆਂ ਦਾ ਨਾਮ ਭਾਵੇਂ ਲਿਆ ਗਿਆ ਹੈ ਪਰ ਸੋਭਾ ਉਨ੍ਹਾਂ ਦੇ ਉਪਕਾਰਾਂ ਦੀ ਕੀਤੀ ਗਈ ਹੈ, ਸਰੀਰ ਦੀ ਨਹੀਂ। ਅਨੰਤ ਉਪਕਾਰ ਕਰਨ ਵਾਲੇ ਸਤਿਗੁਰੂਆਂ ਦੀ ਦਿਲੋਂ-ਮਨੋ ਸੋਭਾ ਨਾ ਕਰਨੀ, ਧੰਨਵਾਦ ਨਾ ਕਰਨਾ ਕੀ ਅਕ੍ਰਿਤਘਣਤਾ ਨਹੀਂ ਮੰਨੀ ਜਾਵੇਗੀ? ਸਿੱਖ ਆਪਣੇ ਗੁਰੂ ਦੇ ਉਪਕਾਰ ਨੂੰ ਭੁੱਲ ਕੇ ਵਫ਼ਾਦਾਰ ਸਿੱਖ ਅਖਵਾ ਸਕਣਗੇ? ਉਹ ਪਰਉਪਕਾਰ ਭਾਵੇਂ ਉਸ ਵਕਤ ਸਨ, ਅਸੀਂ ਅੱਜ ਭੀ ਤਾਂ ਉਨਾਂ ਹੀ ਗੁਣਾਂ ਨੂੰ ਯਾਦ ਕਰਕੇ ਸਤਿਗੁਰੂ ਜੀ ਦਾ ਧੰਨਵਾਦ ਕਰਦੇ ਹਾਂ। ਇਹ ਉਹ ਪਿਆਰ ਵਲਵਲੇ ਹਨ, ਜਦੋਂ ਅਸੀਂ ਕਿਸੇ ਨੂੰ ਮੁਸ਼ਕਿਲ ਵਿਚ ਮਦਦ ਕਰਨ ਬਦਲੇ ਆਮ ਕਹਿ ਦਿੰਦੇ ਹਾਂ- "ਤੁਸੀਂ ਮੇਰੇ ਲਈ ਰੱਬ ਬਣ ਕੇ ਬਹੁੜ ਪਏ।" ਇਸ ਤਰ੍ਹਾਂ ਭੱਟਾਂ ਨੇ ਹੀ ਨਹੀਂ ਕੀਤਾ, ਸਗੋਂ ਭਗਤਾਂ ਨੇ ਅਤੇ ਗੁਰੂ ਸਾਹਿਬਾਨ ਨੇ ਖ਼ੁਦ ਭੀ ਬਹੁਤ ਥਾਈਂ ਕੀਤਾ ਹੈ। ਇਨ੍ਹਾਂ ਸਵੱਈਆਂ ਵਿਚ ਜਿਥੇ ਗੁਰੂ ਉਸਤਤ ਹੈ, ਉਥੇ ਇਤਿਹਾਸਕ ਮਹੱਤਤਾ ਭੀ ਬਹੁਤ ਹੈ। ਪਹਿਲੇ

ਪਾਤਿਸ਼ਾਹ ਤੋਂ ਲੈ ਕੇ ਪੰਜਵੇਂ ਨਾਨਕ ਤੱਕ, ਤਰਤੀਬਵਾਰ ਬਹੁਤ ਕੀਮਤੀ ਜਾਣਕਾਰੀ ਮਿਲਦੀ ਹੈ। ਅਸੀਂ ਆਮ ਇਨਸਾਨ ਪਰਮਾਤਮਾ ਦਾ ਸਰੂਪ ਨਹੀਂ ਜਾਣਦੇ। ਜਿਸ ਮਹਾਨ ਸ਼ਖ਼ਸੀਅਤ ਨੇ ਸਾਡੇ ਸਨਮੁੱਖ ਪਰਮੇਸਰ ਦਾ ਗਿਆਨ ਰੱਖ ਦਿੱਤਾ, ਜੀਵਨ ਜਾਚ ਸਮਝਾ ਦਿੱਤੀ, ਬੰਧਨਾਂ ਤੋਂ ਮੁਕਤ ਕਰਵਾ ਦਿੱਤਾ, ਉਸ ਅਕਾਲ ਜੋਤ ਨੂੰ ਪਰਮੇਸਰ ਦਾ ਰੂਪ ਨਾ ਆਖੀਏ ਤਾਂ ਕੀ ਆਖੀਏ ? ਸੋਭਾ ਨੂਰਾਨੀ ਜੋਤ ਦੀ ਕੀਤੀ ਗਈ ਹੈ ਪਰ ਉਹ ਰੱਬੀ ਗਿਆਨ ਜਿਸ ਸਰੀਰ ਦੁਆਰਾ ਪ੍ਰਗਟ ਹੋਇਆ ਹੈ, ਉਸ ਦੀ ਵਡਿਆਈ ਸਹਿਜ ਸੁਭਾਏ ਹੀ ਹੋ ਜਾਇਆ ਕਰਦੀ ਹੈ। ਕਿਵੇਂ ਗਿਆਨ ਜੋਤ ਨੂੰ ਅਗੇ ਕਾਰਜ ਕਰਦੀ ਭੱਟਾਂ ਨੇ ਅਨੁਭਵ ਕੀਤਾ ਹੈ, ਸਰੀਰ ਦੀ ਗੱਲ ਨਾ ਕਰਕੇ ਗੁਰੂ ਜੋਤ ਦੀ ਗੱਲ ਕੀਤੀ ਹੈ, ਪੜ੍ਹਦਿਆਂ ਸ਼ੰਕੇ ਨਵਿਰਤ ਹੋ ਜਾਂਦੇ ਹਨ :

ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤ ਮੁਖਿ ਲੀਅਉ ॥
ਗੁਰ ਅਰਜਨ ਸਿਰਿ ਛਤ੍ਰ ਅਪਿ ਪਰਮੇਸਰਿ ਦੀਅਉ ॥
ਮਿਲਿ ਨਾਨਕ ਅੰਗਦ ਅਮਰ ਗੁਰ, ਗੁਰੁ ਰਾਮਦਾਸ ਹਰਿ ਪਾਹਿ ਗਯਉ ॥
ਹਰਿਬੰਸ ਜਗਤਿ ਜਸੁ ਸੰਚਰਉ ਸੁ ਕਵਣੁ ਕਹੈ ਸ੍ਰੀ ਗੁਰੂ ਮੁਯਉ ॥
ਕਾਟੇ ਸੁ ਪਾਪ ਤਿੰਨ ਨਰਹੁ ਕੇ ਗੁਰੁ ਰਾਮਦਾਸੁ ਜਿਨ੍ਹ ਪਾਯਉ ॥
ਛਤ੍ਰ ਸਿੰਘਾਸਨੁ ਪਿਰਥਮੀ ਗੁਰੂ ਅਰਜੁਨ ਕਉ ਦੇ ਆਇਅਉ ॥

(ਭੱਟਾਂ ਦੇ ਸਵਈਏ–1409)

ਜੇ ਭੱਟਾਂ ਨੇ ਗੁਰੂ ਨੂੰ ਰੱਬ ਦਾ ਰੂਪ ਆਖ ਦਿੱਤਾ ਤਾਂ ਗੁਰੂ ਸਾਹਿਬ ਨੇ ਭੀ ਇਹ ਤਰੀਕੇ ਵਰਤੇ ਹਨ । ਪੜ੍ਹੋ:

ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ,
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥ (ਮ. ਪ. 169)

ਹੇ ਵਾਹਿਗੁਰੂ ! ਅਸੀਂ ਸਤਿਗੁਰੂ ਨੂੰ ਪਾਰਬ੍ਰਹਮ ਕਰਕੇ ਸਵੀਕਾਰ ਕੀਤਾ ਹੋਇਆ ਹੈ। ਵਰਨਾ ਮੈਂ ਮਹਾਂ ਮੂਰਖ ਸਾਂ, ਬੁਰੀ ਮੱਤਾਂ ਵਾਲਾ ਸਾਂ, ਸਤਿਗੁਰੂ ਦੇ ਉੱਤਮ ਬਚਨਾ (ਸਿੱਖਿਆ) ਦੁਆਰਾ ਮੈਨੂੰ ਰੱਬ ਬਾਰੇ ਸੋਝੀ ਮਿਲੀ ਹੈ। ਨਾਮਦੇਵ ਜੀ ਰੱਬੀ ਪਿਆਰ ਵਿਚ ਇਉਂ ਪੁਕਾਰ ਉੱਠਦੇ ਹਨ :

ਪਾਨੀ ਮਹਿ ਦੇਖੁ ਮੁਖੁ ਜੈਸਾ। ਨਾਮੇ ਕੋ ਸੁਆਮੀ ਬੀਠਲੁ ਐਸਾ॥

(1318)

ਹੇ ਭਾਈ ਤੂੰ ਸ਼ੀਸ਼ੇ ਵਿਚ ਆਪਣਾ ਹੀ ਮੂੰਹ ਵੇਖ ਲੈ, ਤੂੰ ਰੱਬ ਵਰਗਾ ਹੀ ਹੈ ਕਿਉਂਕਿ ਉਸੇ ਦਾ ਪੁੱਤਰ ਜੁ ਹੈਂ। ਕਬੀਰ ਜੀ ਖੁਦ ਵਿਸਮਾਦੀ ਪਲਾਂ ਵਿਚ ਕੂਕ ਉੱਠਦੇ ਹਨ :

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ (969)

ਗੁਰੂ ਨਾਨਕ ਸਾਹਿਬ ਭੀ ਕਾਵਿਕ ਉਡਾਰੀਆਂ ਵਿਚ ਨਿਰਾਕਾਰ ਦਾ ਆਕਾਰ ਪ੍ਰਗਟ ਕਰਨ ਦੀ ਕਿਰਪਾ ਕਰ ਰਹੇ ਹਨ। ਹਾਲਾਂਕਿ ਉਨ੍ਹਾਂ ਬਹੁਤ ਥਾਈਂ ਰੱਬ ਨੂੰ 'ਅਜੋਨੀ' ਆਖਿਆ ਹੈ। ਇਥੇ ਸਰੂਪ ਜੋਨੀ ਵਿਚ ਆਉਣ ਵਾਲੇ ਮਨੁੱਖਾਂ ਵਰਗਾ ਬਿਆਨ ਕੀਤਾ ਹੈ। ਪੜ੍ਹੋ ਪ੍ਰਮਾਣ :

ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥
ਕੰਚਨ ਕਾਇਆ ਸੁਇਨੇ ਕੀ ਢਾਲਾ॥
ਸੋਵੰਨ ਢਾਲ ਕ੍ਰਿਸ਼ਨ ਮਾਲਾ ਜਪਹੁ ਤੁਮ ਸਹੇਲੀਹੋ॥..
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ। ਕੁਹਕਨਿ ਕੋਕਿਲਾ ਤਰਲ ਜੁਆਣੀ॥...
ਬਿਨਵੰਤਿ ਨਾਲਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥
(ਮ-੧-567)

ਉਪਰਲੇ ਸ਼ਬਦ ਵਿਚ ਮਨੁੱਖੀ ਸਰੀਰ ਵਾਂਗ ਇਕ ਇਕ ਅੰਗ ਦਾ ਨਾਮ ਲੈ ਕੇ ਪਰਮਾਤਮਾ ਦੀ ਸੁੰਦਰਤਾ ਬਿਆਨ ਕੀਤੀ ਗਈ ਹੈ। ਇਹ ਕੇਵਲ ਜਜ਼ਬਾਤੀ ਵਲਵਲੇ ਹਨ, ਗੁਰਬਾਣੀ ਹੀ ਸਾਨੂੰ ਸੋਝੀ ਬਖਸ਼ ਰਹੀ ਹੈ ਕਿ ਰੱਬ ਦੇ ਨੱਕ, ਕੰਨ, ਮੂੰਹ, ਹੱਥ ਅਤੇ ਸਰੀਰੀ ਆਕਾਰ ਨਹੀਂ ਹੁੰਦਾ। ਉਨ੍ਹਾਂ ਗੱਲਾਂ ਨੂੰ ਭੀ ਸਾਹਮਣੇ ਰੱਖਣਾ ਹੁੰਦਾ ਹੈ। ਪੜ੍ਹੋ :

ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ, ਨਨ ਏਕ ਪਦ ਗੰਧ ਬਿਨ,
ਸਹਸ ਤਵ ਗੰਧ ਇਵ ਚਲਤ ਮੁਹੀ॥ (ਮ-੧-13)

ਨਿਰੰਕਾਰ ਦੀਆਂ ਹਜ਼ਾਰਾਂ ਅੱਖਾਂ ਹਨ, ਹਜ਼ਾਰਾਂ ਪੈਰ, ਹੱਥ, ਨੱਕ, ਕੰਨ ਅਤੇ ਸਰੀਰ ਹਨ ਪਰ ਅਸਲ ਵਿਚ ਉਸ ਦਾ ਕੋਈ ਸਰੀਰਕ ਆਕਾਰ ਨਹੀਂ ਹੈ। ਸ੍ਰਿਸ਼ਟੀ

ਦੇ ਜੀਵਾਂ ਦੀਆਂ ਅੱਖਾਂ ਆਦਿ ਹੀ ਉਸ ਦੀਆਂ ਹਨ, ਉਸੇ ਦੀ ਬਖਸ਼ਿਸ਼ ਹਨ। ਗੁਰਬਾਣੀ ਵਿਚ ਅਜਿਹੇ ਅਨੇਕਾਂ ਸਬੂਤ ਮਿਲਦੇ ਹਨ ਜਿਵੇਂ ਸਤਿਗੁਰੂ ਰੱਬ ਨੂੰ ਸਾਹਮਣੇ ਵੇਖ ਕੇ ਸੇਵਕਾਂ ਦੀ ਮਦਦ ਕਰਨ ਲਈ ਆ ਬਹੁੜਿਆ ਮਹਿਸੂਸ ਕਰਦੇ ਹੋਣ। ਅਸੀਂ ਸਾਰੇ ਭਲੀ ਭਾਂਤ ਜਾਣਦੇ ਹਾਂ ਕਿ ਗੁਰਬਾਣੀ ਦਾ ਕੇਂਦਰੀ ਅਸੂਲ ਰੱਬ ਨੂੰ ਜੂਨਾਂ ਵਿਚ ਆਉਣ ਵਾਲਾ ਨਹੀਂ ਮੰਨਿਆ ਗਿਆ। ਉਂਞ ਇਨ੍ਹਾਂ ਸ਼ਬਦਾਂ ਨੂੰ ਭੀ ਗਹੁ ਨਾਲ ਪੜ੍ਹ ਲਵੋ :

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ (450)
ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ॥
(451)

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖ ਲਾਇਆ ॥
ਜਨ ਨਾਨਕ ਐਸਾ ਹਰ ਸੇਵਿਆ ਅੰਤਿ ਲਏ ਛਡਾਇਆ ॥ (451)
ਪਾੜ ਪੜੋਸਣਿ ਪੂਛਿ ਨੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥
ਤੋ ਪਹਿ ਦੁਗਣੀ ਮਜੂਰੀ ਦੈ ਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥
ਬੇਢੀ ਕੇ ਗੁਣ ਸੁਨਿ ਰੀ ਬਾਣੀ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥
ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥
(657)

ਨਾਮਦੇਵ ਨੂੰ ਗੁਆਂਢਣ ਬੀਬੀ ਪੁੱਛਦੀ ਹੈ, ਵੇ ਵੀਰ! ਕਿਰਪਾ ਕਰਕੇ ਦਸ ਕਿ ਤੇਰਾ ਸੋਹਣਾ ਮਕਾਨ ਕਿਸ ਨੇ ਬਣਾ ਦਿੱਤਾ ਹੈ ? ਮੈਂ ਚਾਹੁੰਦੀ ਹਾਂ ਕਿ ਮੇਰਾ ਘਰ ਭੀ ਅਜਿਹਾ ਹੀ ਸੋਹਣਾ ਬਣੇ। ਮੈਨੂੰ ਉਸ ਕਾਰੀਗਰ ਦੀ ਦਸ ਪਾ, ਭਾਵੇਂ ਪੈਸੇ ਦੋ ਗੁਣਾ ਵੱਧ ਲੱਗ ਜਾਣ, ਇਸ ਦਾ ਫਿਕਰ ਨਹੀਂ ਹੈ। ਨਾਮਦੇਵ ਜੀ ਆਖਣ ਲੱਗੇ, ਸੁਣ ਭੈਣ! ਮੇਰਾ ਕਾਰੀਗਰ ਉਹ ਹੈ, ਜਿਸ ਨੇ ਸਮੁੰਦਰ ਨੂੰ ਬੰਨ੍ਹ ਕੇ ਟਿਕਾਇਆ ਹੋਇਆ ਹੈ। ਧਰੂ ਤਾਰੇ ਭਾਵ ਆਕਾਸ਼ ਨੂੰ ਸਥਿਰ ਕੀਤਾ ਹੋਇਆ ਹੇ। ਜਿਸ ਨੇ ਸੀਤਾ ਨੂੰ ਕੈਦ ਵਿਚੋਂ ਕੱਢ ਕੇ ਵਾਪਸ ਲਿਆਂਦਾ। ਜਿਸ ਨੇ ਰਾਵਣ ਨੂੰ ਖਤਮ ਕਰਕੇ ਵਿਭੀਸ਼ਣ ਨੂੰ ਲੰਕਾ ਦਾ ਰਾਜਾ ਬਣਾ ਦਿੱਤਾ। ਉਹ ਆਪੇ ਆਪ ਰੱਬ ਮੇਰਾ ਕਾਰੀਗਰ ਹੈ, ਉਸ ਨੇ ਮੇਰਾ (ਸਰੀਰ ਰੂਪੀ ਘਰ) ਮਕਾਨ ਤਿਆਰ ਕੀਤਾ ਹੈ, ਉਹ

ਪੈਸੇ ਨਹੀਂ, ਪ੍ਰੇਮ ਦੀ ਭੇਟਾ ਲੈਂਦਾ ਹੈ। ਨਾਮਦੇਵ ਜੀ ਦਾ ਇਕ ਹੋਰ ਪ੍ਰਮਾਣ ਵੇਖੋ :

ਸਾਤ ਘੜੀ ਜਬ ਬੀਤੀ ਸੁਣੀ ॥ ਅਜਹੁ ਨ ਆਇਓ ਤ੍ਰਿਭਵਣ ਧਣੀ ॥
ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜੇ ਗੋਬਿੰਦ ਆਇਲਾ ॥
ਕਹਹਿ ਤ ਧਰਣਿ ਇਕੋਡੀ ਕਰਉ ॥
ਕਹਹਿ ਤ ਲੇ ਕਰਿ ਉਪਰਿ ਧਰਉ ॥ (ਨਾਮਦੇਵ-1166)

ਇਸ ਸ਼ਬਦ ਨੂੰ ਓਪਰੀ ਨਜ਼ਰੇ ਪੜ੍ਹਿਆਂ ਇੰਝ ਪ੍ਰਤੀਤ ਹੋ ਰਿਹਾ ਹੈ ਕਿ ਜਿਵੇਂ ਵਿਸ਼ਨੂੰ ਅਵਤਾਰ ਗਰੁੜ 'ਤੇ ਸਵਾਰੀ ਕਰ ਕੇ ਖੰਭਾਂ ਦੇ ਵਾਜੇ ਵਜਾਉਂਦਿਆਂ ਆ ਗਿਆ। ਆ ਕੇ ਵਿਸ਼ਨੂੰ ਨੇ ਪੁੱਛਿਆ ਕਿ ਹੇ ਨਾਮਦੇਵ ਧਰਤੀ ਪੁੱਠੀ ਕਰ ਦਿਆਂ ? ਹੇਠਲੀ ਉਪਰ ਕਰ ਦਿਆਂ, ਮੁਰਦਾ ਗਊ ਜੀਵਤ ਕਰਦਿਆਂ ? ਆਦਿ...ਪਰ ਨਾਮੇਦਵ ਦਾ ਰੱਬ, ਗਰੁੜ ਵਰਗੇ ਨਿੱਕੇ ਜਿਹੇ ਪੰਛੀ ਦੀ ਸਵਾਰੀ ਕਰਦਾ ਹੋਇਆ, ਸਰੀਰ ਧਾਰ ਕੇ ਨਹੀਂ ਆਉਂਦਾ। ਨਾਮਦੇਵ ਜੀ ਹੀ ਅੱਗੇ ਚੱਲ ਕੇ ਇਉਂ ਲਿਖ ਰਹੇ ਹਨ :

ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥
ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੋਪਾਲਾ ॥
ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ ॥
ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ ॥ (1167)

ਹੇ ਨਿਰੰਕਾਰ ਜੀ, ਸਾਰਾ ਆਕਾਸ ਤੇਰਾ ਟੋਪ ਹੈ। ਸੱਤੇ ਪਾਤਾਲ ਮੰਨੋ ਤੇਰੇ ਪੈਰ ਦਾ ਜੋੜਾ (ਜੁੱਤੀ) ਹਨ। ਸਾਰੇ ਜੀਵਾਂ ਦੇ ਅੰਦਰ ਤੇਰਾ ਵਾਸਾ ਹੈ। ਸਮਝੋ ਸਰੀਰ ਰੂਪੀ ਅਣਗਿਣਤ ਤੇਰੇ ਰਹਿਣ ਦੇ ਟਿਕਾਣੇ ਹਨ। 56 ਕਰੋੜ ਬੱਦਲ ਤੇਰਾ ਚੋਲਾ ਹਨ ਅਤੇ 16 ਹਜ਼ਾਰ ਗੋਪੀਆਂ ਮੰਨੋ ਤੇਰੇ ਚੋਲੇ ਦੀਆਂ ਤਣੀਆਂ ਹਨ। ਸਾਰੀ ਧਰਤੀ ਦੇ ਭਾਰ ਜਿੰਨਾ ਭਾਰਾ ਤੇਰਾ ਮੁੱਦਗਰ (ਸੋਟਾ-ਲੂਣ ਮਿਰਚ ਤੇ ਸ਼ਰਦਾਈ ਰਗੜਨ ਵਾਲਾ) ਹੈ। ਸਾਰਾ ਸੰਸਾਰ ਤੇਰੀ ਖਾਣਾ ਖਾਣ ਵਾਲੀ ਥਾਲੀ ਹੈ। ਸਮਝੋ ਧਰਤੀ ਹੀ ਖਾਣੇ ਵਾਲਾ ਭਾਂਡਾ ਹੈ। ਇਸ ਤਰ੍ਹਾਂ ਦੀ ਮਹਾਨ ਤੇ ਵਿਰਾਟ ਸ਼ਕਤੀ ਵਾਲੇ ਨਿਰੰਕਾਰ ਨੂੰ ਨਾਮਦੇਵ ਜੀ ਧਿਆਉਂਦੇ ਹਨ।

ਗੁਰਬਾਣੀ ਤਾਂ ਇਹ ਭੀ ਸਿਖਾਉਂਦੀ ਹੈ ਕਿ ਮਨੁੱਖ ਦੇ ਅੰਦਰ ਵਾਹਿਗੁਰੂ ਦੀ ਜੋਤ, ਸੱਤਿਆ ਜਾਂ ਸ਼ਕਤੀ, ਨਿਰੰਤਰ ਵਰਤ ਰਹੀ ਹੈ। ਉਸ ਸ਼ਕਤੀ ਨੂੰ ਪਛਾਣਨਾ ਅਤੇ ਵਰਤੋਂ ਵਿਚ ਲਿਆਉਣਾ ਹੈ । ਜਦੋਂ ਇਨਸਾਨ ਉਸ ਲਾਮਿਸਾਲ ਸ਼ਕਤੀ ਨੂੰ ਮਹਿਸੂਸ ਕਰ ਲੈਂਦਾ ਹੈ, ਉਸ ਸਮੇਂ ਉਹ ਆਤਮਾ ਪੱਖੋਂ ਨਿਰੰਕਾਰ ਦਾ ਹੀ ਇਕ

ਛੋਟਾ ਜਿਹਾ ਹਿੱਸਾ ਹੁੰਦਾ ਹੈ। ਵੇਖੋ :

- ਜਿਨ੍ਹਾਂ ਨ ਵਿਸਰੈ ਨਾਮੁ ਸੇ ਕਿਨੇਹਿਆ॥
  ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (397)
- ਮਤਿ ਵਿਚ ਰਤਨੁ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿੱਖ ਸੁਣੀ॥ (2)
- ਮਨ ਤੂੰ ਜੋਤਿ ਸਰੂਪ ਹੈ ਅਪਣਾ ਮੂਲ ਪਛਾਣ॥
  ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗ ਮਾਣੁ॥
  (441)
- ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥
  ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕੋ ਨਾਉ ਬਿਬੇਕੋ॥ (793)
- ਜਨ ਨਾਨਕ ਬੋਲੈ ਅੰਮ੍ਰਿਤ ਬਾਣੀ। ਗੁਰਸਿੱਖਾਂ ਕੈ ਮਨਿ ਪਿਆਰੀ ਭਾਣੀ॥
  ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ
  ਗੁਰੁ ਸਤਿਗੁਰੁ ਪਰਉਪਕਾਰੀਆ ਜੀਉ॥ (ਮ.5, 96)
- ਮੋਕਉ ਜਗਜੀਵਨੁ ਜੀਵਾਲਿ ਲੈ ਸੁਆਮੀ ਰਿਦ ਅੰਤਰਿ ਨਾਮ ਵਸਾਇਆ॥
  ਨਾਨਕ ਗੁਰੂ, ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮ ਧਿਆਇਆ॥ (ਮ-4-882)
- ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
  ਜੀਅ ਦਾਨ ਦੇਇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ (ਮ-5-749)

ਉਪਰ ਵਰਣਿਤ ਸ਼ਬਦਾਂ ਦੀ ਵਿਚਾਰ ਕਰਨ ਦੀ ਕੋਈ ਲੋੜ ਨਹੀਂ ਭਾਸਦੀ, ਕਿਉਂਕਿ ਬੜੀ ਸੌਖੀ ਸਮਝ ਆ ਸਕਣ ਵਾਲੀ ਸ਼ਬਦਾਵਲੀ ਹੈ। ਮਨੁੱਖ ਦੇ ਅੰਦਰ ਰੱਬ ਵੱਸਦਾ ਹੈ। ਰੱਬੀ ਗਿਆਨ ਵਾਲਾ ਇਨਸਾਨ ਰੱਬ ਦਾ ਹੀ ਰੂਪ ਹੈ। ਮਨ ਵਿਚ ਅਨੇਕ ਗੁਣ ਅਤੇ ਸ਼ਕਤੀਆ ਮੌਜੂਦ ਹਨ। ਗੁਰਮੁੱਖਾਂ ਨੂੰ ਬੁਰੇ ਨਾ ਆਖੋ, ਨਾਮ ਜਪਣ ਵਾਲੇ ਅਤੇ ਨਾਮੀ ਵਿਚ ਕੋਈ ਭੇਦ ਨਹੀਂ ਹੁੰਦਾ। ਗੁਰੂ ਪਾਵਨ ਗੁਰਬਾਣੀ ਰਾਹੀਂ ਉਪਦੇਸ਼ ਕਰ ਰਿਹਾ ਹੈ। ਗੁਰਸਿੱਖ ਨੂੰ ਗੁਰੂ ਦੀ ਮੱਤ ਚੰਗੀ ਲੱਗਦੀ ਹੈ। ਇਹ ਉਪਦੇਸ਼ ਮਹਾਨ ਗੁਰੂ, ਪੂਰਾ ਗੁਰੂ ਕਰ ਰਿਹਾ ਹੈ, ਜੋ ਪਰਉਪਕਾਰ ਦੀ ਸਾਕਾਰ ਮੂਰਤ ਹੈ। ਨਾਮ ਜਪਣ ਵਾਲੇ ਭਗਤ ਸਾਹਿਬਾਨ, ਗੁਰੂ ਸਾਹਿਬਾਨ, ਜਨਮ ਮਰਣ ਵਿਚ ਨਹੀਂ ਆਉਂਦੇ। ਉਹ ਤੇ ਸਿਰਫ਼ ਪਰਉਪਕਾਰ ਵਾਸਤੇ ਨੇਕੀ ਦੇ ਰਾਹ ਲੋਕਾਂ

ਨੂੰ ਤੋਰਨ ਲਈ ਆਉਂਦੇ ਹਨ ਅਤੇ ਆਮ ਵਿਅਕਤੀ ਦਾ ਅਕਾਲ ਪੁਰਖ ਨਾਲ ਮੇਲ ਕਰਵਾ ਦਿੰਦੇ ਹਨ।

ਕਿਸੇ ਅਗੰਮੀ ਸਰੂਰ ਵਿਚ ਵਿਸਮਾਦੀ ਰੰਗ ਵਿਚ ਆ ਕੇ ਖ਼ੁਦ ਕਬੀਰ ਜੀ ਪੁਕਾਰ ਉਠਦੇ ਹਨ :

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ (ਕਬੀਰ 1367)

ਇਥੇ ਵਿਸ਼ੇਸ਼ ਤੌਰ'ਤੇ ਵਿਲੱਖਣ ਗੱਲ ਇਹ ਹੈ ਕਿ ਜੋ ਬ੍ਰਾਹਮਣ ਸਦੀਆਂ ਤੋਂ ਲੋਕਾਂ ਦਾ ਗੁਰੂ ਬਣਕੇ, ਧਿਙਾਣੇ ਦੀ ਲੁੱਟ-ਖਸੁੱਟ ਕਰਦਾ ਆ ਰਿਹਾ ਸੀ ਅਤੇ ਆਪਣੀ ਪੂਜਾ ਭੀ ਕਰਵਾ ਰਿਹਾ ਸੀ। ਇਹ ਗਿਆਰਾਂ ਭੱਟ ਉਸੇ ਬ੍ਰਾਹਮਣ ਸ਼੍ਰੇਣੀ ਵਿਚੋਂ ਸਨ। ਇਨ੍ਹਾਂ ਨੇ ਉਹ ਜਾਤੀ ਅਭਿਮਾਨ ਤਿਆਗ ਦਿੱਤਾ। ਆਪਣੇ ਦੇਵਤੇ ਅਤੇ ਅਵਤਾਰਾਂ ਨਾਲੋਂ ਗੁਰੂ ਸਾਹਿਬਾਨ ਨੂੰ ਉੱਤਮ ਕਰ ਕੇ ਲਿਖਿਆ ਹੈ। ਜਾਤ ਪੱਖੋਂ ਖੱਤਰੀ ਕੁਲ ਵਿਚ ਜਨਮੇ ਗੁਰੂ ਸਾਹਿਬਾਨ ਨੂੰ ਆਪਣਾ ਮਹਾਨ ਆਗੂ ਜਾਂ ਗੁਰੂ ਸਵੀਕਾਰ ਕੀਤਾ ਹੈ। ਇਸ ਲਾਸਾਨੀ ਘਟਨਾ ਨੂੰ ਗੁਰਬਾਣੀ ਵਿਚ ਸ਼ਾਮਲ ਕਰਨਾ ਅਤਿ ਜ਼ਰੂਰੀ ਸੀ, ਜੋ ਗੁਰੂ ਅਰਜਨ ਸਾਹਿਬ ਨੇ ਕੀਤਾ। ਇਨ੍ਹਾਂ ਹੀ ਸਵੱਈਆਂ ਵਿਚ ਭੱਟਾਂ ਨੇ ਅਖੌਤੀ ਨੀਵੀਂ ਜਾਤ ਵਾਲੇ ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ, ਸੈਣ ਜੀ ਆਦਿ ਦੀ ਭੀ ਭਰਪੂਰ ਪ੍ਰਸ਼ੰਸਾ ਕੀਤੀ ਹੈ। ਆਮ ਵਰਤਾਰੇ ਮੁਤਾਬਕ ਨੀਵੀਂ ਜਾਤ ਵਾਲਿਆਂ ਨੂੰ ਬ੍ਰਾਹਮਣ ਕਦੋਂ ਮਾਣ ਦਿੰਦੇ ਸਨ ? ਇਹ ਭੱਟਾਂ ਵੱਲੋਂ ਸਤਿਗੁਰੂ ਜੀ ਦੀ ਇਨਕਲਾਬੀ ਸੋਚ ਨੂੰ ਸਵੀਕਾਰ ਕਰ ਕੇ ਆਤਮ ਸਮਰਪਣ ਹੈ। ਕੀ ਇਹ ਕੋਈ ਮਾਮੂਲੀ ਗੱਲ ਸੀ ਕਿ ਪੁਰਾਣੀ ਵੈਦਿਕ ਰੀਤੀ ਖ਼ਤਮ ਹੋ ਰਹੀ ਹੈ। ਨਵੀਂ ਗੁਰਮਤਿ ਧਾਰਾ ਅੰਗੜਾਈਆਂ ਭਰ ਰਹੀ ਹੈ। ਪੁਰਾਣੇ ਨੂੰ ਤਿਆਗ ਕੇ, ਭੱਟਾਂ ਨੇ ਨਵੀਂ ਪਰਉਪਕਾਰੀ ਸੋਚ ਨੂੰ ਜੀ ਆਇਆਂ ਆਖ ਕੇ ਸਵਾਗਤ ਕੀਤਾ ਹੈ, ਧਨਵਾਦ ਆਖਿਆ ਹੈ। ਭੱਟਾਂ ਦੀ ਇਸ ਸੋਚ ਨੂੰ ਪ੍ਰਵਾਨ ਕਰਦਿਆਂ ਗੁਰੂ ਅਰਜਨ ਸਾਹਿਬ ਨੇ ਖ਼ੁਦ ਇਨ੍ਹਾਂ ਸਵੱਈਆਂ ਨੂੰ 'ਪੋਥੀ' ਵਿਚ ਦਰਜ ਕੀਤਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿਚ ਭੀ ਸਿੱਖ ਗੁਰੂ ਦੀਆਂ ਵਡਿਆਈਆਂ ਕਰਦੇ ਰਹਿਣ। ਆਪਣੇ ਜੀਵਨ ਨੂੰ ਸਤਿਗੁਰੂ ਪ੍ਰਤੀ ਨਿਸ਼ਠਾ ਪੂਰਵਕ ਸਮਰਪਣ ਕਰ ਦੇਣ।

ਗੁਰਬਾਣੀ ਦੇ ਧੁਰੰਤਰ ਵਿਦਵਾਨ ਅਤੇ ਉੱਚਤਮ ਵਿਆਖਿਆਕਰ ਭਾਈ ਗੁਰਦਾਸ ਜੀ ਆਪਣੀ ਪ੍ਰਸਿੱਧ ਰਚਨਾ 40 ਵਾਰਾਂ ਵਿਚ ਅਤੇ 675 ਕਬਿੱਤਾਂ

ਵਿਚ ਵਾਰ-ਵਾਰ ਗੁਰੂ ਉਪਮਾ ਕਰਦੇ ਹਨ। ਗੁਰੂ ਅਰਜਨ ਸਾਹਿਬ ਨੂੰ ਚਾਹੀਦਾ ਸੀ ਕਿ ਅਜਿਹਾ ਕਰਨ ਤੋਂ ਰੋਕ ਦਿੰਦੇ ਪਰ ਨਹੀਂ ਰੋਕਿਆ। ਫਿਰ ਗੁਰੂ ਹਰਿਗੋਬਿੰਦ ਸਾਹਿਬ ਦੀ ਉਸਤਤ ਉਨ੍ਹਾਂ ਦੇ ਸਨਮੁੱਖ ਹੀ ਕਰਦੇ ਰਹੇ, ਲਿਖਦੇ ਰਹੇ। ਛੇਵੇਂ ਗੁਰੂ ਨੇ ਨਾ ਰੋਕਿਆ। ਗੁਰੂ ਦੀ ਵਡਿਆਈ ਲਿਖਕੇ ਕੀ ਭਾਈ ਗੁਰਦਾਸ ਜੀ ਨੇ ਗ਼ਲਤੀ ਕੀਤੀ ਸੀ ? ਜੀਵਤ ਗੁਰੂ ਦੀ ਸੋਭਾ ? ਪਿਆਰਿਓ, ਸੋਭਾ ਕਰਨਜੋਗ ਦੀ ਸੋਭਾ ਕਰਨੀ ਹੀ ਚਾਹੀਦੀ ਹੈ। ਸਤਿਗੁਰੂ ਸਾਹਿਬਾਨ ਜੀ ਨੇ ਬੜੇ ਉਪਕਾਰ ਕੀਤੇ ਹਨ। ਬੜੇ ਉੱਚ ਪਾਏ ਦੇ ਵਿਚਾਰ ਸੰਸਾਰ ਨੂੰ ਬਖਸ਼ਿਸ਼ ਕੀਤੇ ਹਨ। ਫਿਰ ਸੋਭਾ ਕਿਉਂ ਨਾ ਕਰੀਏ, ਜੇ ਮਹਾਨ ਗੁਰੂ ਦੀ ਵਡਿਆਈ ਨਹੀਂ ਕਰਾਂਗੇ ਤਾਂ ਅਹਿਸਾਨ ਫਰਾਮੋਸ਼ ਹੋਵਾਂਗੇ। ਦਸਮ ਪਾਤਿਸ਼ਾਹ ਦੀ ਹਜ਼ੂਰੀ ਵਿਚ ਮਾਨਯੋਗ ਕਵੀ ਭਾਈ ਨੰਦ ਲਾਲ ਜੀ ਗੁਰੂ ਉਸਤਤ ਵਿਚ ਲਾਜਵਾਬ ਕਵਿਤਾਵਾਂ ਲਿਖ ਕੇ ਦਸਮ ਗੁਰੂ ਨੂੰ ਸੁਣਾਉਂਦੇ ਰਹੇ। ਉਨ੍ਹਾਂ ਨੂੰ ਨਾ ਰੋਕਿਆ ਗਿਆ। ਗੁਰੂ ਜੀ ਦੇ ਬਹੁਤ ਸਾਰੇ ਦਰਬਾਰੀ ਕਵੀ ਸਤਿਗੁਰੂਆਂ ਦੀ ਵਡਿਆਈ ਕਰਦੇ ਰਹੇ, ਨਹੀਂ ਰੋਕੇ। ਵਡਿਆਈ ਸੱਚ 'ਤੇ ਆਧਾਰਤ ਹੋਵੇ, ਚਮਚਾਗਿਰੀ ਨਾ ਹੋਵੇ। ਸਤੇ ਬਲਵੰਡ ਜੀ ਨੇ ਭੀ ਗੁਰੂ ਉਪਮਾ ਇਉਂ ਕੀਤੀ ਹੈ :

> ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
> ਪੂਰੀ ਹੋਈ ਕਰਾਮਾਤ ਆਪਿ ਸਿਰਜਣਹਾਰੈ ਧਾਰਿਆ॥
> ਸਿਖੀਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥
> ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥
> ਜਿਨੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥
> ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥
> ਧੰਨੁ ਸੁ ਤੇਰਾ ਥਾਨੁ ਹੈ ਸਚ ਤੇਰਾ ਪੈਸਕਾਰਿਆ॥
> ਨਾਨਕੁ ਤੂ ਲਹਣਾ ਤੂ ਹੈ, ਗੁਰੁ ਅਮਰ ਤੂ ਵੀਚਾਰਿਆ॥
> ਗੁਰੁ ਡਿਠਾ ਤਾਂ ਮਨੁ ਸਾਧਾਰਿਆ॥ (968)

***

# ਭਾਈ ਜਰਨੈਲ ਸਿੰਘ ਦੀ ਫ਼ੋਟੋ ਦਾ ਰੇੜਕਾ

ਸੰਨ 1947 ਤੋਂ ਮਗਰੋਂ ਜਦੋਂ ਸਾਰੀ ਤਾਕਤ ਬ੍ਰਾਹਮਣਵਾਦੀਆਂ ਦੇ ਹੱਥ ਆ ਗਈ, ਸਭ ਕੁੱਝ ਬਦਲ ਗਿਆ। ਆਜ਼ਾਦੀ ਤੋਂ ਪਹਿਲਾਂ ਸਿੱਖ ਕੌਮ ਸਨਮੁੱਖ ਲੁਭਾਉਣੇ ਵਾਅਦੇ ਕੀਤੇ ਗਏ ਅਤੇ ਬਾਅਦ ਵਿਚ ਪੂਰੀ ਤਰ੍ਹਾਂ ਵਿਸਾਰ ਹੀ ਨਹੀਂ ਦਿੱਤੇ ਗਏ, ਸਗੋਂ ਨਕਾਰ ਦਿੱਤੇ ਗਏ। ਕਈਆਂ ਹਾਲਾਤ ਵਿਚ ਸਿੱਖਾਂ ਨੂੰ ਜ਼ਲੀਲ ਕਰਨ ਵਾਲੇ ਬਿਆਨ ਅਤੇ ਕੰਮ ਭੀ ਦਿੱਸਣ ਲੱਗ ਪਏ। ਉਸ ਸਮੇਂ ਦੇ ਇਕ ਪ੍ਰਸਿੱਧ ਸਿੱਖ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਨੇ ਬੜੀ ਪਤੇ ਦੀ ਗੱਲ ਲਿਖੀ ਸੀ, ਜੋ ਲਗਭਗ ਇਵੇਂ ਸੀ–"ਭਾਰਤ ਸਰਕਾਰ ਦੇ ਲੀਡਰਾਂ ਵੱਲੋਂ ਹਿੰਦੂ–ਸਿੱਖ ਏਕਤਾ ਦੇ ਬੇਲੋੜੇ ਜਿਹੇ ਰਾਗ ਅਲਾਪੇ ਜਾ ਰਹੇ ਹਨ। ਉਹ ਸ਼ਾਇਦ ਬਹੁਤ ਛੇਤੀ ਭੁੱਲ ਗਏ ਹਨ ਕਿ ਸਿੱਖਾਂ ਨੇ ਏਕਤਾ ਦੇ ਵਿਸ਼ਵਾਸ ਵਿਚ ਆ ਕੇ ਹੀ ਅਪਣੀ ਕਿਸਮਤ ਨੂੰ ਭਾਰਤ ਨਾਲ ਜੋੜਿਆ ਹੈ। ਇਸ ਦੇਸ਼ ਲਈ ਹਿੰਦੂਆਂ ਤੋਂ ਕਈਗੁਣਾ ਵੱਧ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਹਨ। ਹੁਣ ਮੁੜ ਸਾਨੂੰ ਕਿਸ 'ਏਕਤਾ' ਦਾ ਸਬਕ ਪੜ੍ਹਾਉਣਾ ਚਾਹੁੰਦੇ ਹਨ ਹਿੰਦੂ ਲੀਡਰ? ਕਿਹਾ ਜਾ ਰਿਹਾ ਹੈ ਕਿ ਹਿੰਦੂਆਂ ਅਤੇ ਸਿੱਖਾਂ ਦਾ ਬਹੁਤ ਕੁੱਝ 'ਸਾਂਝਾ' ਹੈ। ਇਸ ਲਈ ਸਿੱਖ ਵੱਖਰੇ ਨਹੀਂ ਹਨ, ਹਿੰਦੂ ਹੀ ਹਨ। ਇਥੇ ਮੈਂ (ਸ੍ਰ. ਤੇਜਾ ਸਿੰਘ) ਸਪਸ਼ੱਟ ਕਰਨਾ ਚਾਹੁੰਦਾ ਹਾਂ ਕਿ ਗਾਂ ਅਤੇ ਮੱਝ ਦਾ ਬਹੁਤ ਕੁੱਝ ਸਾਂਝਾ ਹੈ। ਦੋਵਾਂ ਦੇ ਚਾਰ ਲੱਤਾਂ ਹਨ, ਚਾਰ ਥਣ ਹਨ, ਦੋ ਸਿੰਗ ਹਨ। ਅੱਖਾਂ, ਕੰਨ, ਪੂੰਛ ਆਦਿ ਇਕੋ ਜਿਹੇ ਹਨ। ਇੰਨਾ ਕੁੱਝ ਸਾਂਝਾ ਹੋਣ ਦੇ ਬਾਵਜੂਦ ਦੋਵੇਂ ਵੱਖੋ–ਵੱਖ ਹਨ। ਗਾਂ ਸਿਰਫ਼ ਗਾਂ ਹੈ, ਮੱਝ ਨਹੀਂ ਅਤੇ ਮੱਝ ਸਿਰਫ਼ ਮੱਝ ਹੈ, ਗਾਂ ਨਹੀਂ। ਕਿਸੇ ਮਜਬੂਰੀ ਵਸ ਦੋਵੇਂ ਇਕੋ ਖੁਰਲੀ 'ਤੇ ਬੱਝ ਗਈਆਂ ਹਨ ਤਾਂ ਇਕ ਦੂਜੀ ਨੂੰ ਸਿੰਗ ਮਾਰਨ ਤੋਂ ਸੰਕੋਚ ਕਰਨ। ਦੋਵਾਂ ਨੂੰ ਲੜਾਈ ਵਿਚ

ਨੁਕਸਾਨ ਹੋਣਾ ਹੈ। ਆਪੋ-ਆਪਣਾ ਘਾਹ ਖਾਣ, ਆਪੋ ਅਪਣੀ ਜਗ੍ਹਾ 'ਤੇ ਰਹਿਣ, ਇਸੇ ਵਿਚ ਦੋਵਾਂ ਦੀ ਭਲਾਈ ਹੈ।"

ਅਫ਼ਸੋਸ ਕਿ ਬ੍ਰਾਹਮਣਵਾਦੀ ਸੋਚ ਦੇ ਧਾਰਨੀ ਲੋਕ ਸਿੱਖਾਂ ਨੂੰ ਪ੍ਰੇਸ਼ਾਨ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਹਨ। ਜੋ ਲੋਕ ਸਦੀਆਂ ਤੋਂ ਗੁਲਾਮ ਰਹੇ ਹੋਣ, ਉਨ੍ਹਾਂ ਨੂੰ ਬਿਨਾਂ ਕੁਰਬਾਨੀ ਕੀਤੇ ਲੂੰਬੜ ਚਾਲਾਂ ਨਾਲ ਆਜ਼ਾਦੀ ਮਿਲ ਗਈ। ਇਨਸਾਨੀਅਤ ਦੇ ਨਾਂ 'ਤੇ ਦੂਜਿਆਂ ਨਾਲ ਕਿਵੇਂ ਵਿਹਾਰ ਕਰਨਾ ਹੈ ? ਇਨ੍ਹਾਂ ਨੇ ਹਾਲੀਂ ਸਿੱਖਿਆ ਨਹੀਂ ਹੈ। ਸਭਿਅਤਾ ਦੇ ਤੌਰ-ਤਰੀਕੇ ਲੱਗਦੈ ਇਨ੍ਹਾਂ ਤੋਂ ਬਹੁਤ ਦੂਰ ਹਨ। ਅਪਣੇ 'ਛੋਟੇ ਭਰਾਵਾਂ' ਨਾਲ ਕਿਹੋ ਜਿਹਾ ਸਲੂਕ ਕਰਨਾ ਹੈ ? ਇਨ੍ਹਾਂ ਨੇ ਜਾਣਿਆ ਹੀ ਨਹੀਂ ? ਛੋਟੇ ਛੋਟੇ ਬਹਾਨੇ ਲੈ ਕੇ ਸਿੱਖ ਕੌਮ ਨੂੰ ਮਾਨਸਿਕ ਤਸੀਹੇ ਦਿੱਤੇ ਜਾ ਰਹੇ ਹਨ। ਪੰਜਾਬ ਦਾ ਪਾਣੀ ਖੋਹਿਆ, ਬਿਜਲੀ ਖੋਹੀ, ਰਾਜਧਾਨੀ ਖੋਹੀ, ਪੰਜਾਬੀ ਬੋਲਦੇ ਇਲਾਕੇ ਖੋਹੇ, ਫਸਲਾਂ ਦੇ ਵਾਜ਼ਬ ਭਾਅ ਨਾ ਦਿੱਤੇ, ਵੱਡੇ ਕਾਰਖ਼ਾਨੇ ਨਾ ਦਿੱਤੇ। ਜਦੋਂ ਜ਼ੋਰਦਾਰ ਆਵਾਜ਼ ਨਾਲ ਪੰਜਾਬ ਲਈ ਹੱਕ ਮੰਗੇ ਤਾਂ ਟੈਂਕ, ਤੋਪਾਂ, ਫੌਜਾਂ ਚਾੜ੍ਹ ਕੇ ਤਬਾਹੀ ਮਚਾਈ ਗਈ। ਇਸੇ ਕਾਰਨ ਬਹੁਤ ਸਾਰੇ ਨੌਜਵਾਨ ਹਥਿਆਰਬੰਦ ਜੰਗ ਦੇ ਰਾਹ ਪੈ ਗਏ। ਉਨ੍ਹਾਂ ਨੂੰ ਕੋਹ-ਕੋਹ ਕੇ ਮਾਰਿਆ। ਸਗੋਂ ਉਨ੍ਹਾਂ ਦੇ ਪਰਿਵਾਰ ਅਤੇ ਰਿਸ਼ਤੇਦਾਰ ਵੀ ਨਹੀਂ ਛੱਡੇ। ਪੰਜਾਬ ਵਿਚ 'ਲੋਹੇ ਦਾ ਸੁਹਾਗਾ ਫੇਰ ਕੇ ਸ਼ਾਂਤੀ' ਵਰਤਾ ਦਿੱਤੀ ਗਈ। ਚਾਰੇ ਬੰਨ੍ਹਿਓਂ ਘਿਰ ਜਾਣ 'ਤੇ ਕੋਈ ਰਾਹ ਨਜ਼ਰ ਨਾ ਆਉਂਦੇ ਵੇਖ ਕੇ, ਕਰਜ਼ੇ ਦੇ ਬੋਝ ਹੇਠ ਦਬੇ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪਾਏ ਗਏ। ਇਸ ਜ਼ਲਾਲਤ ਭਰੀ ਜ਼ਿੰਦਗੀ ਨਾਲੋਂ ਮੌਤ ਸੌਖੀ ਪ੍ਰਤੀਤ ਹੋਣ ਲੱਗ ਪਈ। ਨਿੱਤ ਦਿਨ ਸਿੱਖ ਕੌਮ ਦੇ ਜ਼ਖਮਾਂ ਨੂੰ ਉਚੇੜਿਆ ਜਾ ਰਿਹਾ ਹੈ।

ਲੋਕ ਕਹਾਣੀਆਂ ਵਿਚੋਂ ਇਕ ਕਹਾਣੀ ਪੜ੍ਹੀ ਸੀ, ਮੌਕਾ ਮੇਲ ਬਣ ਜਾਣ 'ਤੇ ਖ਼ੁਦ ਅਜ਼ਮਾਇਸ਼ ਕਰਕੇ ਵੇਖੀ। ਸੁਣਿਆ ਸੀ ਕਿ ਜੇ ਬਿੱਲਾ ਚਾਰੇ ਬੰਨਿਉਂ ਘਿਰ ਜਾਵੇ, ਬੱਚ ਨਿਕਲਣ ਲਈ ਰਾਹ ਨਜ਼ਰ ਨਾ ਆਵੇ ਤਾਂ ਆਖ਼ਰੀ ਹਥਿਆਰ ਵਜੋਂ ਉਹ ਮਾਰਨ ਵਾਲੇ ਦੇ ਸਿਰ ਨੂੰ ਪੈਂਦਾ ਹੈ। ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰਕੇ ਮੈਂ ਬਿੱਲਾ ਘੇਰ ਲਿਆ ਤਾਂ ਸੱਚਮੁੱਚ ਹੀ ਮੇਰੀ ਗਰਦਨ ਨੂੰ ਆ ਪਿਆ, ਕਿਉਂਕਿ ਮੈਂ ਪਹਿਲਾਂ ਤੋਂ ਤਿਆਰੀ ਵਿਚ ਸੀ, ਇਸ ਲਈ ਬਿੱਲੇ ਦੇ ਹਮਲੇ ਤੋਂ ਬਚਾਅ ਕਰਦਿਆਂ ਛੇਤੀ ਨਾਲ ਦਰਵਾਜ਼ਾ ਖੋਲ੍ਹ ਦਿੱਤਾ, ਬਿੱਲਾ ਨੱਸ ਗਿਆ। ਸਿੱਖਾਂ ਦੀ ਹਾਲਤ ਇਸ ਸਮੇਂ ਲਗਭਗ ਇਸੇ ਤਰ੍ਹਾਂ ਦੀ ਬਣਾ ਦਿੱਤੀ ਗਈ ਹੈ। ਚਾਰੇ ਪਾਸਿਆਂ

ਤੋਂ ਘੇਰ ਲਿਆ ਗਿਆ ਹੈ। ਅਜਿਹੀ ਹਾਲਤ ਵਿਚ ਜਾਂ ਤਾਂ ਖ਼ੁਦਕੁਸ਼ੀ ਹੋ ਸਕਦੀ ਹੈ ਜਾਂ ਗਲ ਪਿਆ ਜਾ ਸਕਦਾ ਹੈ।

ਸਿੱਖਾਂ ਦੇ ਲੀਡਰ ਆਪਣੇ ਧਰਮ ਪ੍ਰਤੀ ਵਫ਼ਾਦਾਰ ਨਹੀਂ ਹਨ। ਬਹੁਤਿਆਂ ਨੂੰ ਧਰਮ ਬਾਰੇ ਕੋਈ ਦਿਲਚਸਪੀ ਨਹੀਂ ਹੈ। ਧਰਮ ਦਾ ਗਿਆਨ ਹੋਣਾ ਤਾਂ ਦੂਰ ਦੀ ਗੱਲ, ਸਗੋਂ ਧਰਮ ਦੇ ਵਿਰੁੱਧ ਭੁਗਤ ਰਹੇ ਹਨ ਸਾਡੇ ਅਕਾਲੀ। ਹਾਂ, ਵੋਟਾਂ ਸਮੇਂ 'ਸਿੱਖੀ ਨੂੰ ਖਤਰਾ' ਜ਼ਰੂਰ ਦਿੱਸਣ ਲੱਗ ਪੈਂਦਾ ਹੈ। ਵੋਟਾਂ ਦੀ ਸਮਾਪਤੀ ਤੋਂ ਮਗਰੋਂ 'ਪੰਥ ਚੜ੍ਹਦੀਕਲਾ' ਵਿਚ ਆਪਣੇ ਆਪ ਪਹੁੰਚ ਜਾਂਦਾ ਹੈ।

ਸੰਨ 1997 ਵਿਚ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਅਕਾਲ ਤਖ਼ਤ ਦੇ ਸਨਮੁੱਖ ਜੂਨ '84 ਦੇ ਘੱਲੂਘਾਰੇ ਨੂੰ ਸਮਰਪਿਤ ਸ਼ਹੀਦੀ ਦਿਨ ਭੀ ਨਹੀਂ ਸੀ ਮਨਾਉਣ ਦਿੱਤਾ। ਤਤਕਾਲੀ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਨੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਿਰੋਪਾਉ ਦੇਣੇ ਚਾਹੇ। ਬਾਦਲ ਦੇ ਸਲਾਹਕਾਰ ਨੇ ਰੁਕਵਾ ਦਿੱਤੇ। ਸਿਰੋਪਾਉ ਅਕਾਲ ਤਖ਼ਤ 'ਤੇ ਰੱਖੇ, ਸ਼ਸਤਰਾਂ ਨੂੰ ਭੇਟ ਕੀਤੇ ਗਏ। ਭਾਈ ਰਣਜੀਤ ਸਿੰਘ (ਮਜਬੂਰੀ ਵਿਚ) ਨੇ ਇਹ ਗੁਰਮਤਿ ਵਿਰੋਧੀ ਕਾਰਜ ਕੀਤਾ। ਭਾਰਤ ਸਰਕਾਰ ਦੀਆਂ 'ਫੋਰਸਾਂ' ਨੇ ਸਿੱਖਾਂ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਸੀ। ਸਿੱਖ ਖੌਫਜ਼ਦਾ ਸਨ। 'ਅਕਾਲੀ ਸਰਕਾਰ' ਬਣਨ ਤੇ ਸੁੱਖ ਦਾ ਸਾਹ ਲਿਆ। ਪੰਜ ਸਾਲ ਬਿਨਾਂ ਕੋਈ ਪ੍ਰਾਪਤੀ ਦੇ ਬਾਦਲ ਜੀ ਨੇ ਖ਼ੂਬ ਰਾਜ ਕੀਤਾ। ਇਨ੍ਹਾਂ ਵਲੋਂ ਜੋ ਵਾਅਦੇ ਕੀਤੇ ਗਏ ਸਨ, ਪੂਰੇ ਨਾ ਕੀਤੇਜਾਣ ਕਰਕੇ 2002 ਵਿਚ ਵੋਟਰਾਂ ਨੇ ਫ਼ਤਵਾ ਕਾਂਗਰਸ ਦੇ ਹੱਕ ਵਿਚ ਦੇ ਦਿੱਤਾ। ਪ੍ਰਾਪਤੀ ਕੋਈ ਕਾਂਗਰਸ ਸਰਕਾਰ ਨੇ ਭੀ ਪੰਜਾਬ ਲਈ ਨਹੀਂ ਕੀਤੀ। ਫਰਵਰੀ 2007 ਵਿਚ ਫਿਰ ਅਕਾਲੀ-ਭਾਜਪਾ ਸਰਕਾਰ ਆ ਗਈ, ਪਰ ਬਾਦਲ ਦਾ ਆਧਾਰ ਸਿੱਖਾਂ ਵਿਚ ਲਗਾਤਾਰ ਘੱਟਦਾ ਜਾ ਰਿਹਾ ਹੈ। ਇਸ ਘੱਟ ਰਹੇ ਆਧਾਰ ਨੂੰ ਠੁਮਣਾ ਦੇਣ ਹਿੱਤ, ਭਾਈ ਜਰਨੈਲ ਸਿੰਘ ਦੀ ਫ਼ੋਟੋ, ਅੰਮ੍ਰਿਤਸਰ ਸਿੱਖ ਅਜਾਇਬ ਘਰ ਵਿਚ ਲਾਉਣ ਦੀ 'ਵੱਡੀ ਦਲੇਰੀ' ਕਰ ਵਿਖਾਈ।

ਭਾਈ ਜਰਨੈਲ ਸਿੰਘ 23 ਸਾਲ ਪਹਿਲਾਂ ਸਰੀਰ ਲੇਖੇ ਲਾ ਗਿਆ। ਉਸ ਦੀ ਆਪਣੀ ਦਮਦਮੀ ਜਾਂ ਭਿੰਡਰਾਂ ਟਕਸਾਲ (ਝੂਠ ਪ੍ਰਚਾਰ ਰਾਹੀਂ) ਦਸਮ ਪਾਤਸ਼ਾਹ ਵੱਲੋਂ ਸ਼ੁਰੂ ਕਰਵਾਈ ਗਈ ਸੀ। ਉਸ ਜਥੇਬੰਦੀ ਵੱਲੋਂ 21 ਸਾਲ ਤੱਕ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖਲੋ ਕੇ ਬੇਖੌਫ਼ ਝੂਠ ਬੋਲਿਆ ਗਿਆ ਕਿ ਭਾਈ ਜਰਨੈਲ ਸਿੰਘ ਚੜ੍ਹਦੀ ਕਲਾ ਵਿਚ ਹੈ, ਸਮਾਂ ਆਉਣ 'ਤੇ ਪ੍ਰਗਟ ਹੋਵੇਗਾ। ਜਦੋਂ ਭਾਈ ਜਰਨੈਲ ਸਿੰਘ 'ਜੀਵਤ ਹੈ' ਤਾਂ ਸ਼੍ਰੋਮਣੀ ਕਮੇਟੀ ਉਸ ਬਾਰੇ ਕਿਸੇ ਤਰ੍ਹਾਂ ਦੀ

ਸਿਰਦਰਦੀ ਕਿਉਂ ਚੁੱਕੇ ? ਖੈਰ ਭਾਈ ਬਾਦਲ ਜੀ ਨੇ ਉਸ ਦਾ 'ਸਨਮਾਨ' ਕਰਦਿਆਂ ਤਸਵੀਰ ਸ਼੍ਰੋਮਣੀ ਕਮੇਟੀ ਨੂੰ ਆਖ ਕੇ ਅਜਾਇਬ ਘਰ ਵਿਚ ਲਗਵਾ ਦਿੱਤੀ। ਟਕਸਾਲ ਅਤੇ ਹੋਰ ਜਜ਼ਬਾਤੀ ਸਿੱਖਾਂ ਨੂੰ ਆਪਣੇ ਵੱਲ ਕਰਨ ਲਈ। ਅਖ਼ਬਾਰ ਵਿਚ ਕਿੰਨੇ ਸਾਰੇ ਲੋਕਾਂ ਨੇ ਬਿਆਨ ਛਪਵਾ ਲਏ, 'ਚੰਗਾ ਹੋਇਆ, ਮਾੜਾ ਹੋਇਆ' ਆਖ ਕੇ।

ਹਿੰਦੂ ਜਥੇਬੰਦੀਆਂ ਨੇ ਇਸ ਮਾਮੂਲੀ ਜਿਹੀ ਕਾਰਵਾਈ ਨੂੰ ਹਜ਼ਮ ਨਾ ਕੀਤਾ। ਕਿਸੇ ਨੇ ਭਾਈ ਜਰਨੈਲ ਸਿੰਘ ਦੀ ਫ਼ੋਟੋ ਉਤਾਰ ਕੇ ਲਿਆਉਣ ਵਾਲੇ ਨੂੰ ਤਿੰਨ ਲੱਖ ਰੁਪਏ ਦੇਣ ਦਾ ਐਲਾਨ ਕੀਤਾ, ਕਿਸੇ ਨੇ ਇਕ ਕਿਲੋ ਸੋਨਾ ਦੇਣ ਦਾ ਦਮਗੱਜ਼ਾ ਮਾਰਿਆ, ਕਿਸੇ ਹੋਰ ਧਿਰ ਨੇ 14 ਦਸੰਬਰ ਨੂੰ 'ਪੰਜਾਬ ਬੰਦ' ਦਾ ਸੱਦਾ ਦਿਤਾ ਪਰ ਬੰਦ ਹੋਇਆ ਕੋਈ ਨਾ। ਇਥੇ ਜੋ ਨੁਕਤਾ ਵਿਚਾਰਨਯੋਗ ਹੈ, ਉਹ ਇਹ ਕਿ ਹਿੰਦੂ ਲੋਕ ਆਪਣੇ ਵਿਸ਼ਵਾਸ ਮੁਤਾਬਕ ਆਪਣੇ ਘਰਾਂ ਵਿਚ ਜਾਂ ਮੰਦਰਾਂ ਵਿਚ ਚੂਹਿਆਂ ਨੂੰ ਪੂਜਣ, ਚਾਹੇ ਬਾਂਦਰਾਂ ਦੀ ਆਰਤੀ ਉਤਾਰਨ, ਭਾਵੇਂ ਸੱਪਾਂ ਨੂੰ ਦੁੱਧ ਪਿਲਾਉਣ ਅਤੇ ਭਾਵੇਂ ਗਣੇਸ਼ ਨੂੰ, ਭਾਵੇਂ ਅੱਠ ਬਾਹਵਾਂ ਵਾਲੀ ਮਾਈ ਨੂੰ ਸ਼ੇਰ 'ਤੇ ਸਵਾਰ ਕਰਾਉਣ ਤੇ ਭਾਵੇਂ ਵਿਸ਼ਨੂੰ ਜੀ ਨੂੰ ਗਰੁੜ 'ਤੇ ਬਿਠਾਉਣ, ਸੂਰ ਦੀ ਪੂਜਾ ਕਰਨ, ਮੱਝ ਦੀ ਕਰਨ ਤੇ ਚਾਹੇ ਕਰਨ ਬਲਦਾਂ, ਗਾਵਾਂ ਤੇ ਕੁੱਤਿਆਂ ਕਾਵਾਂ ਦੀ। ਸਿੱਖਾਂ ਨੂੰ ਕੋਈ ਇਤਰਾਜ਼ ਨਹੀਂ। ਇਹ ਹਿੰਦੂ ਸਮਾਜ ਦਾ ਅਪਣਾ ਮਸਲਾ ਹੈ। ਪਰ ਸਿੱਖਾਂ ਦੇ ਅਜਾਇਬ ਘਰ ਵਿਚ ਕੀਹਦੀ ਫੋਟੋ ਲਾਉਣੀ ਹੈ, ਕੀਹਦੀ ਨਹੀਂ ਲਾਉਣੀ ਇਹ ਫੈਸਲਾ ਭੀ ਹੁਣ ਹਿੰਦੂ ਕਰਿਆ ਕਰਨਗੇ ? ਲੱਗਦੈ ਅਜਾਇਬ ਘਰ ਵਿਚੋਂ ਅਗਲੇ ਐਕਸ਼ਨ ਪਲਾਨ ਵਿਚ ਇਹ ਲੋਕ ਸਿੱਖ ਇਤਿਹਾਸ ਦੀਆਂ ਯਾਦਗਾਰੀ ਫ਼ੋਟੋਆਂ ਉਤਰਵਾ ਕੇ, ਦੇਵੀਆਂ ਦੇਵਤਿਆਂ ਤੇ ਜਾਨਵਰਾਂ ਦੀਆਂ ਫ਼ੋਟੋਆਂ ਲਗਵਾਉਣ ਲਈ ਜ਼ਰੂਰ ਦਬਾਅ ਪਾਉਣਗੇ। 'ਹਿੰਦੂ ਸਿੱਖ ਏਕਤਾ ਜ਼ਿੰਦਾਬਾਦ' ਤਾਂ ਇਸੇ ਤਰ੍ਹਾਂ ਹੋ ਸਕਦੀ ਹੈ।

ਸ੍ਰ. ਕਪੂਰ ਸਿੰਘ ਨੇ ਇਕ ਵਾਰੀ ਕਿਹਾ ਸੀ ਕਿ ਹਿੰਦੂ ਸਿੱਖ ਏਕਤਾ ਦਾ ਫਾਰਮੂਲਾ ਇਹ ਹੈ ਕਿ ਸਿੱਖ ਨੂੰ ਬਣਾ ਲਿਆ ਭਾਰ ਢੋਣ ਵਾਲਾ ਖੋਤਾ, ਬ੍ਰਾਹਮਣ ਬਾਣੀਆ ਹੋ ਗਿਆ ਇਸ ਉੱਤੇ ਸਵਾਰ। ਆਪਣਾ ਸਾਰਾ ਵਜ਼ਨ ਤੇ ਨਾਲ ਲੋੜੀਂਦਾ ਸਮਾਨ ਭੀ ਖੋਤੇ ਉੱਤੇ ਲੱਦ ਲਿਆ। ਵਿਚਾਰੇ ਨੂੰ ਦਾਣਾ ਤਾਂ ਕੀ ਪਾਉਣਾ ਸੀ, ਕਦੀ ਰੱਜਵੇਂ ਪੱਠੇ ਤੱਕ ਨਹੀਂ ਪਾਏ। ਧੁੱਪ-ਛਾਂ ਦਾ ਖਿਆਲ ਨਹੀਂ ਰੱਖਿਆ, ਢਿੱਡ ਭਰਨ ਲਈ ਰੂੜੀਆਂ ਵੱਲ ਕਰ ਕੇ ਡੰਡਾ ਮਾਰ ਦਿੰਦਾ ਹੈ। ਉਥੋਂ

ਹੀ ਪਕੜ ਕੇ ਫਿਰ ਭਾਰ ਲੱਦ ਲੈਂਦਾ ਹੈ। ਉੱਤੇ ਬੈਠਾ ਬਾਣੀਆ ਬ੍ਰਾਹਮਣ ਛਮਕਾਂ ਮਾਰ ਕੇ ਤੇਜ਼ ਤੁਰਨ ਲਈ ਮਜਬੂਰ ਕਰਦਾ ਹੈ।

ਜਦੋਂ ਭੁੱਖਾ, ਬੀਮਾਰ ਜਾਂ ਥੱਕਿਆ ਹਾਰਿਆ ਖੋਤਾ ਚੀਕਦਾ ਹੈ, ਕੁੰਝ ਖਾਣ ਨੂੰ ਮੰਗਦਾ ਹੈ, ਥੋੜ੍ਹਾ ਆਰਾਮ ਚਾਹੁੰਦਾ ਹੈ, ਥੋੜ੍ਹਾ ਭਾਰ ਘੱਟ ਕਰਨ ਲਈ ਤਰਲੇ ਕਰਦਾ ਹੈ, ਉੱਪਰ ਬੈਠਾ ਵਿਅਕਤੀ ਸ਼ੋਰ ਮਚਾ ਦਿੰਦਾ ਹੈ। 'ਖੋਤਾ ਬਾਗ਼ੀ ਹੋ ਗਿਆ, ਅਤਿਵਾਦੀ ਬਣ ਗਿਆ'। ਹਿੰਦੂ ਸਿੱਖ ਏਕਤਾ ਨੂੰ ਖ਼ਤਰਾ ਪੈਦਾ ਹੋ ਗਿਆ ਦਾ ਵਿਰਲਾਪ ਇਸੇ ਸੋਚ ਦੀ ਪੈਦਾਵਾਰ ਹੈ।

ਸ੍ਰੀ ਸੁੱਚਾ ਸਿੰਘ ਲੰਗਾਹ ਵਰਗੇ ਅਕਾਲੀ ਮੰਤਰੀ ਪਿਛਲੇ ਸਮੇਂ (1997-2002) ਗੁਰਦਵਾਰਿਆਂ ਵਿਚ 501 ਰਾਮਾਇਣ ਪਾਠ ਕਰਵਾ ਚੁੱਕੇ ਹਨ ਅਤੇ ਮੰਦਰਾਂ ਵਿਚ ਅਖੰਡ ਪਾਠ ਕਰਦੇ ਰਹੇ ਹਨ 'ਹਿੰਦੂ ਸਿੱਖ ਏਕਤਾ' ਲਈ। ਸ੍ਰੀ ਬਾਦਲ ਸਾਹਿਬ ਹਵਨ ਕਰਾਉਂਦੇ ਰਹੇ, ਮੰਦਰਾਂ ਵਿਚ ਟੱਲੀਆਂ ਖੜਕਾਉਂਦੇ ਰਹੇ। ਟਿੱਕੇ ਲਗਵਾਉਂਦੇ ਰਹੇ, ਮਾਤਾ ਦੀਆਂ ਚੁੰਨੀਆਂ ਗਲ ਵਿਚ ਪੁਆਉਂਦੇ ਰਹੇ "ਹਿੰਦੂ ਸਿੱਖ ਏਕਤਾ ਲਈ।" ਭਰਵੇਂ ਇਕੱਠਾ ਵਿਚ 'ਵਾਹਿਗੁਰੂ ਜੀ ਕਾ ਖ਼ਾਲਸਾ, ਰਾਮ ਜੀ ਕੀ ਫ਼ਤਿਹ' ਦਾ ਜੈਕਾਰਾ ਗਜਾਉਂਦੇ ਰਹੇ, ਹਿੰਦੂ ਸਿੱਖ ਏਕਤਾ ਲਈ। ਪੰਜਾਬ ਦੀਆਂ ਸਾਰੀਆਂ ਮੰਗਾਂ ਭੁਲਾ ਦਿਤੀਆਂ 'ਹਿੰਦੂ ਸਿੱਖ ਏਕਤਾ ਲਈ'। ਹਿੰਦੂ ਸਿੱਖ ਏਕਤਾ ਦਾ ਸੀਮੈਂਟ ਇੰਨਾ ਕਮਜ਼ੋਰ ਹੈ ਕਿ ਭਾਈ ਜਰਨੈਲ ਸਿੰਘ ਦੀ ਫ਼ੋਟੋ ਨੇ ਹੀ ਇਸ ਵਿਚ ਤਰੇੜਾਂ ਪਾ ਦਿੱਤੀਆਂ। ਦੋ ਲੱਖ ਸਿੱਖਾਂ ਦੀ ਕਾਤਲ ਇੰਦਰਾ ਗਾਂਧੀ ਦੀ ਫ਼ੋਟੋ ਪਾਰਲੀਮੈਂਟ ਵਿਚ ਲੱਗ ਸਕਦੀ ਹੈ। ਉਸ ਦੇ ਨਾਂ 'ਤੇ ਸੜਕਾਂ, ਸਕੂਲ, ਕਾਲਜ, ਯੂਨੀਵਰਸਿਟੀ ਅਤੇ ਭਲਾਈ ਸਕੀਮਾਂ ਚਲਾਈਆਂ ਜਾ ਸਕਦੀਆਂ ਹਨ। ਸਿੱਖਾਂ ਦੇ ਕਾਤਲ ਬੇਅੰਤ ਸਿੰਘ ਦੇ ਬੁੱਤ ਚੌਕਾਂ ਵਿਚ ਲਾਏ ਜਾ ਸਕਦੇ ਹਨ। ਉਸ ਦੇ ਨਾਂ 'ਤੇ ਇੰਜੀਨੀਅਰਿੰਗ ਕਾਲਜ ਖੋਲ੍ਹੇ ਜਾ ਸਕਦੇ ਹਨ। ਇਕ ਸਿੱਖ ਦੀ ਫ਼ੋਟੋ ਅਪਣੇ ਅਜਾਇਬ ਘਰ ਵਿਚ ਭੀ ਸਿੱਖ ਨਹੀਂ ਲਾ ਸਕਦੇ ?

ਜੇਲ੍ਹੋਂ ਛੁੱਟ ਕੇ ਨਵੰਬਰ 1985 ਵਿਚ ਦਾਸ ਅਕਾਲ ਤਖ਼ਤ ਦੀ ਹੋਈ ਤਬਾਹੀ ਵੇਖਣ ਗਿਆ। ਜੋ ਭਾਣਾ ਵਾਪਰਿਆ ਸੀ, ਪਥਰਾਈਆਂ ਅੱਖਾਂ ਨਾਲ ਵੇਖਦਾ ਵਾਪਸ ਨੇੜੇ ਦੀਆਂ ਦੁਕਾਨਾਂ 'ਤੇ ਖਲ੍ਹੋ ਗਿਆ। ਉਸੇ ਦੁਕਾਨ 'ਤੇ ਭਾਈ ਜਰਨੈਲ ਸਿੰਘ ਦੀਆਂ ਫੋਟੋਆਂ ਵਿੱਕ ਰਹੀਆਂ ਸਨ। ਮੈਂ ਦੁਕਾਨਦਾਰ ਦੇ ਨੇੜੇ ਜਾ ਕੇ ਬੇਨਤੀ ਕੀਤੀ-ਵੀਰ ਜੀਓ! ਸ੍ਰੀ ਹਰਚੰਦ ਸਿੰਘ ਲੌਂਗੋਵਾਲ, ਸ੍ਰੀ ਗੁਰਚਰਨ ਸਿੰਘ ਟੌਹੜਾ, ਸ੍ਰੀ ਪ੍ਰਕਾਸ਼ ਸਿੰਘ ਬਾਦਲ ਜਾਂ ਸ੍ਰੀ ਜਗਦੇਵ ਸਿੰਘ ਤਲਵੰਡੀ ਆਦਿ ਦੀਆਂ

ਫ਼ੋਟੋਆਂ ਭੀ ਰੱਖ ਲਓ, ਪੈਸੇ ਵਟਾਉਣਗੀਆਂ।'

ਦੁਕਾਨਦਾਰ ਨੇ ਬੜੀ ਪਤੇ ਦੀ ਗੱਲ ਆਖੀ, ਨੇੜੇ ਹੋ ਕੇ ਕਹਿਣ ਲੱਗਾ- 'ਭਾਅ ਜੀ ਜਿਹੜੇ ਲੋਕ ਜ਼ਮੀਰ ਵੇਚ ਲੈਂਦੇ ਹਨ, ਉਨ੍ਹਾਂ ਦੀਆਂ ਫ਼ੋਟੋਆਂ ਨਹੀਂ ਵਿਕਦੀਆਂ। ਜਿਹੜੇ ਖ਼ੁਦ ਨਹੀਂ ਵਿਕਦੇ, ਉਨ੍ਹਾਂ ਦਾ ਸੱਭ ਕੁੱਝ ਵਿਕਦਾ ਹੈ...।"

ਇਸ ਮੂਰਖਤਾ ਭਰੇ ਸ਼ੋਰਗੁਲ ਵਿਚ, ਭਾਈ ਜਰਨੈਲ ਸਿੰਘ ਅਤੇ ਹੋਰ ਨਾਮੀ ਸਿੱਖ ਯੋਧਿਆਂ ਦੀਆਂ ਫ਼ੋਟੋਆਂ ਆਪਣੇ ਘਰਾਂ ਵਿਚ ਲਾ ਲੈਣੀਆਂ ਚਾਹੀਦੀਆਂ ਹਨ। ਇੰਦਰਾ ਗਾਂਧੀ, ਮੁੱਖ ਮੰਤਰੀ ਬੇਅੰਤ ਸਿੰਘ ਅਤੇ ਕੇ. ਪੀ. ਐਸ. ਗਿੱਲ ਆਦਿ ਦੀ ਪਾਪੀ ਜੁੰਡਲੀ ਨੂੰ ਜਿੰਨੀਆਂ ਲਾਹਨਤਾ ਪੈ ਸਕਣ, ਉਨੀਆਂ ਹੀ ਥੋੜ੍ਹੀਆਂ ਹਨ।

***

# ਭੂਤਾਂ ਬਾਰੇ ਗੁਰਬਾਣੀ ਦਾ ਸੱਚ

ਰੋਜ਼ਾਨਾ ਸਪੋਕਸਮੈਨ ਮਈ 13 ਦੇ ਅੰਕ ਵਿਚ ਸ੍ਰ. ਭੁਪਿੰਦਰ ਸਿੰਘ ਮੁਦਕੀ ਦੀ ਚਿੱਠੀ ਛਪੀ ਸੀ। ਜੋ ਸ੍ਰ. ਜਗਸੀਰ ਸਿੰਘ ਚੀਮਾ ਦੀ ਲਿਖਤ ਦੇ ਜਵਾਬ ਵਿਚ ਪ੍ਰਗਟ ਕੀਤਾ ਗਿਆ ਪ੍ਰਤੀਕਰਮ ਸੀ। ਵੀਰ ਭੁਪਿੰਦਰ ਸਿੰਘ ਨੇ ਜੋ ਮਨ ਨੂੰ ਕੁਰੇਦਣ ਵਾਲੀ ਗੱਲ ਲਿਖੀ ਹੈ ਉਸ ਦਾ ਜਵਾਬ ਲਿਖੇ ਬਿਨਾਂ ਬਹੁਤ ਸਾਰੇ "ਸ਼ਰਧਾਵਾਨ" ਪਾਠਕਾਂ ਦੇ ਗੁਮਰਾਹ ਹੋਣ ਦਾ ਅੰਦੇਸ਼ਾ ਸੀ। ਜੋ ਖਤ ਵਿਚ ਸ਼ਬਦ ਵਰਤੇ ਗਏ ਹਨ ਕਿ "ਮੈਂ ਅੰਮ੍ਰਿਤਧਾਰੀ ਸ਼ਰਧਾਵਾਨ ਨੌਜਵਾਨ ਹਾਂ। ਵਹਿਮਾਂ ਭਰਮਾਂ ਤੋਂ ਮੁਕਤ ਹਾਂ, ਗੁਰਬਾਣੀ ਦੇ ਅੱਖਰ ਅੱਖਰ ਨੂੰ ਸੱਚ ਮੰਨਦਾ ਹਾਂ। ਗੁਰਬਾਣੀ ਵਿਚ ਜਦੋਂ ਭੂਤਾਂ ਪ੍ਰੇਤਾਂ ਦਾ ਜ਼ਿਕਰ ਹੈ। ਫਿਰ ਇਸ ਨੂੰ ਝੂਠ ਕਿਵੇਂ ਕਿਹਾ ਜਾ ਸਕਦਾ ਹੈ ?" ਅੱਗੇ ਗੁਰਬਾਣੀ ਦੇ ਦੋ ਕੁ ਪ੍ਰਮਾਣ ਲਿਖੇ ਗਏ ਸਨ। ਮੈਂ ਕੋਈ ਲੰਮਾ ਲੇਖ ਨਾ ਲਿਖ ਕੇ, ਭੂਤ ਪ੍ਰੇਤ ਸ਼ਬਦ ਕਿਨ੍ਹਾਂ ਕਿਨ੍ਹਾਂ ਅਰਥਾਂ ਵਿਚ ਆਇਆ ਹੈ, ਕੇਵਲ ਉਹੀ ਲਿਖਾਂਗਾ। ਬਹੁਤ ਸਾਰੀਆਂ ਚੀਜ਼ਾਂ ਜੋ ਲੋਕ ਬੋਲੀ ਵਿਚ ਪ੍ਰਚਲਤ ਹੁੰਦੀਆਂ ਹਨ, ਹਰ ਲੇਕ ਕਵੀ ਉਸ "ਮੁਹਾਵਰੇ" ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਵਰਤਦਾ ਹੈ। ਧਰਮਰਾਜ ਜਾਂ ਜਮਰਾਜ ਕਿਤੇ ਨਹੀਂ ਹੈ, ਹਿੰਦੂ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਹੈ, ਗੁਰਬਾਣੀ ਨੇ ਕੇਵਲ ਉਦਾਹਰਨ ਲਈ ਵਰਤ ਲਿਆ। ਕਾਮਧੇਨ, ਪਾਰਜਾਤ, ਨਰਕ ਸੁਰਗ,

ਜਮਦੂਤ, ਚਿਤਰ ਗੁਪਤ ਕਿਤੇ ਨਹੀਂ ਹਨ। ਇਨ੍ਹਾਂ ਦੀਆਂ ਉਦਾਹਰਣਾਂ ਭੀ ਗੁਰਬਾਣੀ ਵਿਚ ਮੌਜੂਦ ਹਨ। ਉਦਾਹਰਣਾ ਅਮਲੀ ਦੀਆਂ, ਵੇਸ਼ਵਾ ਦੀਆਂ, ਚੋਰਾਂ ਦੀਆਂ ਉਲੂਆਂ ਮੱਛੀਆਂ ਡੱਡੀਆਂ ਆਦਿ ਦੀਆਂ ਭੀ ਮੌਜੂਦ ਹਨ ਪਰ ਕੋਈ ਗਲ ਸਮਝਾਉਣ ਵਾਸਤੇ :

ਆਉ ਭੂਤਾਂ ਪ੍ਰੇਤਾਂ ਬਾਰੇ ਗੁਰਬਾਣੀ ਪ੍ਰਮਾਣ ਪੜ੍ਹੀਏ–

1. ਪਦਾਰਥਾਂ ਲਈ ਭੂਤ ਸ਼ਬਦ :

ਸਾਰ ਭੂਤ ਸਤਿ ਹਰਿ ਕੋ ਨਾਉ ॥
ਸਹਜਿ ਸੁਭਾਇ ਨਾਨਕ ਗੁਨ ਗਾਉ ॥ (289)

2. ਸਮਾ ਭੂਤ :

ਕਰਤ ਬੁਰਾਈ ਮਾਨਸ ਤੇ ਛਪਾਈ ਸਾਖੀ ਭੂਤ ਭਵਾਨ ॥ (1202)

3. ਸਰੀਰ ਭੂਤ :

ਭਸਮਾ ਭੂਤ ਹੋਆ ਖਿਨ ਭੀਤਰ ਕੀਆ ਅਪਨਾ ਪਾਇਆ ॥ (714)

4. ਪੰਜ ਤੱਤ ਭੂਤ :

ਪੰਚਮੀ ਪੰਚ ਭੂਤ ਬੇਤਾਲਾ ॥ ਆਪਿ ਅਗੋਚਰੁ ਪੁਰਖੁ ਨਿਰਾਲਾ ॥ (839)

5. ਵਿਸ਼ੇ ਵਿਕਾਰ ਭੂਤ :

ਦੂੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣ ਕਰਹਿ ਬੇਤਾਲੇ ॥ (1031)

6. ਮਾਇਆ ਭੂਤ :

ਮਾਇਆ ਮੋਹ ਪ੍ਰੇਤੁ ਹੈ, ਕਾਮੁ ਕ੍ਰੋਧੁ ਅਹੰਕਾਰਾ ॥
(513)

7. ਦੇਹੀ ਭੂਤ :

ਪਸੂ ਪ੍ਰੇਤ ਮੁਗਧ ਤੇ ਬੁਰੀ ॥ ਤਿਸੈ ਨ ਬੁਝੈ ਜਿਨ ਇਹ ਸਿਰੀ ॥ (890)

8. ਗਿਆਨ ਹੀਨ ਭੂਤ ਹਨ :

ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨ ਬੂਝੇ ਪਸੂ ਭਏ ਬੇਤਾਲੇ ॥
(224)

9. ਮਨਮੁੱਖ ਭੂਤ ਹੈ :

ਸਚ ਸਚਾ ਜਿਨੀ ਨ ਸੇਵੀਆ ਸੇ ਮਨਮੁੱਖ ਮੂੜ ਬੇਤਾਲੇ (ਬੇਤਾਲੇ –ਭੂਤ)॥
(311)

10. ਸੰਸਾਰ ਹੀ ਭੂਤਨਾ ਹੈ :

ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ॥ (149)

11. ਪ੍ਵਾਰ ਹੀ ਭੂਤਨਾ ਹੈ :

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ॥

ਪੁਤੁ ਜਿਨੂਰਾ ਧੀਅ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰ॥ (556)

12. ਗੁਣਾਂ ਤੋਂ ਖਾਲੀ ਬੰਦੇ ਸਮਝੋ ਘਰਾਂ ਵਿਚ ਭੂਤ ਹੀ ਤਾਂ ਰਹਿ ਰਹੇ ਹਨ :

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥

ਸੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥ (1374)

13. ਗੁਰੂ ਭੂਤਾਂ ਵਰਗਿਆ ਨੂੰ ਗੁਰਮੁਖ ਬਣਾ ਦਿੰਦੇ ਹਨ :

ਪਸੂ ਪ੍ਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ॥

ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ॥

(802)

14. ਗੁਰੂ ਨੇ ਭੂਤ ਰੂਪੀ ਮਨੁੱਖਾਂ ਨੂੰ ਸੰਵਾਰ ਦਿਤਾ :

ਪ੍ਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ॥

ਸਭੇ ਸਿੱਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ॥ (323)

ਸੁ ਨਿਮਰਤਾ ਸਹਿਤ ਬੇਨਤੀ ਹੈ ਕਿ ਇਹ ਕਹਿ ਦੇਣਾ ਬੜਾ ਆਸਾਨ ਹੈ ਕਿ ਮੈਂ ਅੱਖਰ ਅੱਖਰ ਗੁਰਬਾਣੀ ਨੂੰ ਸੱਚ ਮੰਨਦਾ ਹਾਂ। ਇਸ ਵਿਸ਼ਵਾਸ ਨੂੰ ਨਮਸਕਾਰ ਹੈ ਪਰ ਇਹ ਧਿਆਨ ਰਹੇ ਕਿ ਗੁਰਬਾਣੀ ਦਾ ਡੂੰਘਾ ਅਧਿਐਨ ਭੀ ਕੀਤਾ ਹੈ ਕਿ ਨਹੀਂ? ਅਰਥਾਂ ਸਮੇਤ ਕਿੰਨੀ ਵਾਰ ਗੁਰੂ ਦੇ ਦਰਸ਼ਨ ਕੀਤੇ ਹਨ? ਜੋ ਅਰਥ ਪੜ੍ਹੇ ਸੁਣੇ ਹਨ, ਉਹ ਸਿੱਖਾਂ ਲਈ ਫ਼ਾਇਦੇਮੰਦ ਹਨ ਕਿ ਨੁਕਸਾਨ ਦੇ? ਪ੍ਰੋ. ਸਾਹਿਬ ਸਿੰਘ ਜੀ ਤੋਂ ਬਿਨਾਂ ਬਹੁਤੇ ਟੀਕਾਕਾਰਾਂ ਨੇ ਗੁਰਬਾਣੀ ਦੇ ਅਰਥ ਬ੍ਰਾਹਮਣੀ ਚੌਖਟੇ ਵਿਚ ਕੀਤੇ ਹਨ। ਅੱਗੋਂ ਬ੍ਰਾਹਮਣੀ ਹੈਡ ਕੁਆਰਟਰ ਤੋਂ ਪੜ੍ਹੇ, "ਅਖੌਤੀ ਨਿਰਮਲੇ ਸਾਧ, ਡੇਰੇਦਾਰ, ਪੌਰਾਣਕ ਕਥਾਵਾਂ ਦੇ ਬੇਸਿਰ ਪੈਰ ਦੇ ਹਵਾਲੇ ਦੇ ਕੇ, ਗੁਰਬਾਣੀ ਨੂੰ ਹਿੰਦੂ ਮਤ ਦੇ ਖਾਰੇ ਸਾਗਰ ਵਲ ਧੱਕੀ ਤੁਰੇ ਜਾ ਰਹੇ ਹਨ।

ਭੂਤਾਂ ਪ੍ਰੇਤਾਂ ਦੀ ਕੋਈ ਜੂਨ ਨਹੀਂ ਹੈ, ਸਰੀਰ ਤੋਂ ਬਿਨਾਂ ਅਜਿਹੀਆਂ ਸ਼ਕਤੀਆਂ ਜਾਂ ਆਤਮਾਵਾਂ ਦਾ ਟਿਕਣਾ ਠਹਿਰਨਾ ਅਸੰਭਵ ਹੈ। ਫਿਰ ਗੁਰਬਾਣੀ ਵਿਚ ਇਹ ਤਾਂ ਕਿਤੇ ਵੀ ਨਹੀਂ ਲਿਖਿਆ ਗਿਆ ਕਿ ਕੋਈ ਭੂਤ, ਭੂਤਨੀ, ਕਿਸੇ ਬੰਦੇ ਵਿਚ ਦਾਖ਼ਲ ਹੋ ਸਕਦਾ ਹੈ। ਹੋਰ ਸੋਚੋ! ਕਦੀ ਗਾਂ, ਮੱਝ, ਹਾਥੀ, ਕੁੱਤਾ, ਜੇ ਭੂਤ ਬਣ ਜਾਵੇ ਤੇ ਉਹ ਕਿਸੇ ਬੰਦੇ ਅੰਦਰ ਦਾਖ਼ਲ ਹੋ ਜਾਵੇ ਤਾਂ ਕੀ ਉਹ ਇਨਸਾਨ ਉਸ

ਜਾਨਵਰ ਵਾਂਗ ਬੋਲੇਗਾ ? ਜੇ ਕੋਈ ਮਨੁੱਖ ਭੂਤ ਬਣਕੇ ਜਾਨਵਰਾਂ ਵਿਚ ਵੜ ਜਾਵੇ ਤਾਂ ਕੀ ਜਾਨਵਰ ਬੰਦਿਆਂ ਵਾਂਗ ਵਿਹਾਰ ਕਰੇਗਾ। ਮਨੁੱਖੀ ਬੋਲੀ ਬੋਲੇਗਾ ? ਕੋਈ ਅਰਬ ਮੁਲਕ ਵਾਲਾ, ਅਫ਼ਰੀਕੀ ਚੀਨੀ ਜਾਂ ਅੰਗਰੇਜ਼ ਪੰਜਾਬੀ ਵਿਅਕਤੀ ਵਿਚ ਭੂਤ ਬਣ ਕੇ ਵੜ ਜਾਵੇ ਤਾਂ ਉਹ ਪੰਜਾਬੀ ਬੰਦਾ ਆਪਣੀ ਬੋਲੀ ਛੱਡ ਕੇ ਸਬੰਧਤ ਭੂਤਨੇ ਦੀ ਬੋਲੀ ਬੋਲੇਗਾ ? ਇਹ ਮਾਨਸਿਕ ਰੋਗ ਹਨ, ਭੂਤ ਪ੍ਰੇਤ ਕੋਈ ਨਹੀਂ ਹਨ। ਹਾਲਾਂਕਿ ਮੈਂ ਕੋਈ ਇਨ੍ਹਾਂ ਕੰਮਾਂ ਦਾ ਮਾਹਿਰ ਨਹੀਂ ਹਾਂ, ਪਰ ਦਸ ਕੁ ਵਿਅਕਤੀਆਂ ਦੇ ਭੂਤ ਮੈਂ ਖ਼ੁਦ ਕੱਢ ਚੁੱਕਿਆ ਹਾਂ। ਪ੍ਰੇਸ਼ਾਨੀ ਹੋਰ ਹੁੰਦੀ ਹੈ, ਉਸ ਨੂੰ ਭੂਤ ਨਾਲ ਜੋੜ ਲਿਆ ਜਾਂਦਾ ਹੈ। ਸੋ ਵੀਰ ਜੀ ਨੂੰ ਸਲਾਹ ਹੈ ਕਿ ਗੁਰਬਾਣੀ ਅਤੇ ਵਿਗਿਆਨ ਦੀ ਹੋਰ ਖੋਜ ਕਰੇ। ਦੂਜੇ ਬਾਰੇ ਇਹ ਟਾਂਚ ਨ ਕਰੇ ਕਿ ਉਹ ਤਾਂ ਗੁਰਬਾਣੀ 'ਤੇ ਸ਼ੰਕਾ ਕਰਦਾ ਹੈ ਕਿਉਂਕਿ ਅਰਥਾਂ ਵਿਚ ਭੀ ਅੱਜ ਤਕ ਬੇਅੰਤ ਮਤਭੇਦ ਚਲੇ ਆ ਰਹੇ ਹਨ। ਅਖ਼ੀਰ ਵਿਚ ਇਕ ਪ੍ਰਮਾਣ ਹੋਰ :

ਹਰਿ ਕੇ ਨਾਮ ਹੀਨ ਬੇਤਾਲ (ਭੂਤ)॥
ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ॥
(1222)

ਹੇ ਭਾਈ ਚੰਗੇ ਕੰਮਾਂ ਤੋਂ ਬਿਨਾਂ ਰੱਬੀ ਗਿਆਨ ਤੋਂ ਬਿਨਾਂ, ਮਨੁੱਖ ਹੀ ਭੂਤਨਾ ਹੈ। ਜੋ ਕੁੱਝ ਮਨੁੱਖ ਅਗਿਆਨਤਾ ਵਿਚ ਕਰਦਾ ਹੈ, ਉਹ ਗ਼ਲਤ ਕਰਦਾ ਹੈ। ਸਮਝੋ ਭੂਤਾਂ ਵਾਂਗ ਜੀਵਨ ਬਤੀਤ ਕਰਦਾ ਹੈ।

***

# ਗੁਰਬਾਣੀ ਦਾ ਸਤਿਕਾਰ

ਗੱਲ ਹੈ ਮਾਰਚ 1993 ਦੀ। ਮਹੀਨੇ ਦੇ ਅਖ਼ੀਰਲੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਦਾ ਰਸਮੀ ਜਿਹਾ ਬਜਟ ਇਜਲਾਸ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋ ਰਿਹਾ ਸੀ। ਉਸ ਸਮੇਂ ਹਾਲੀਂ ਪੰਜਾਬ ਵਿਚ ਕੰਪਿਊਟਰ ਆਮ ਨਹੀਂ ਸਨ ਆਏ। ਭਾਈ ਮਨਜੀਤ ਸਿੰਘ (ਕਾਰਜਕਾਰੀ ਜਥੇਦਾਰ, ਅਕਾਲ ਤਖ਼ਤ) ਨੂੰ ਮਿਲ ਕੇ ਆਸਟ੍ਰੇਲੀਆ ਤੋਂ ਆਏ ਸ੍ਰ. ਬਲਵੰਤ ਸਿੰਘ ਨਾਮੀ ਸਿੰਘ ਨੇ, ਇਸ ਇਕੱਠ ਵਿਚ ਕੰਪਿਊਟਰ ਦੇ ਗੁਣ ਅਤੇ ਕੰਮ ਦੱਸ ਕੇ ਧਰਮ ਪ੍ਰਚਾਰ ਲਈ ਇਸ ਦੀ ਮਹੱਤਤਾ ਬਾਰੇ ਦੱਸਣਾ ਚਾਹਿਆ। ਬਜਟ

ਸਮਾਗਮ ਦੀ ਸਮਾਪਤੀ ਦੇ ਅਖ਼ੀਰਲੇ ਸਮੇਂ ਇਨ੍ਹਾਂ ਨੂੰ ਕੰਪਿਊਟਰ ਬਾਰੇ ਦੱਸਣ ਲਈ ਕਿਹਾ ਗਿਆ। ਇਸ ਸਿੰਘ ਨੇ ਬਹੁਤ ਸਾਰੀਆਂ ਖ਼ੂਬੀਆਂ ਬਿਆਨ ਕੀਤੀਆਂ। "ਇਸ ਵਿਚ ਗੁਰਬਾਣੀ ਪਾਈ ਹੋਈ ਹੈ, ਭਾਈ ਕਾਹਨ ਸਿੰਘ ਰਚਿਤ 'ਮਹਾਨ ਕੋਸ਼' ਵਿਚੇ ਭਰ ਦਿੱਤੀ ਹੈ। ਜਦੋਂ ਚਾਹੋ ਕੋਈ ਚੀਜ਼ ਇਸ ਵਿਚੋਂ ਪੜ੍ਹ ਸਕਦੇ ਹੋ। ਗੁਰਬਾਣੀ ਦੇ ਪ੍ਰਮਾਣ, ਪੰਨੇ, ਸ਼ੁੱਧਤਾ ਬਟਨ ਨਪਦਿਆਂ ਹੀ ਪ੍ਰਤੱਖ ਦਿਸ ਆਉਂਦੇ ਹਨ। ਹੋਰ ਤਾਂ ਹੋਰ ਇਹ ਭਾਈ ਜੀ (ਕੰਪਿਊਟਰ) ਡੇਢ ਕੁ ਮਿੰਟ ਵਿਚ ਅਖੰਡ ਪਾਠ ਸੰਪੂਰਨ ਕਰ ਦਿੰਦਾ ਹੈ...।"

ਸ਼੍ਰੋਮਣੀ ਕਮੇਟੀ ਦੇ ਜੰਗਾਲੀ ਸੋਚ ਵਾਲੇ ਮੈਂਬਰ, ਆਖ਼ਰੀ ਗੱਲ ਸੁਣ ਕੇ ਆਪੇ ਤੋਂ ਬਾਹਰ ਹੋ ਗਏ। ਲੱਗੇ 'ਸ਼ਰਧਾਪੂਰਨ' ਦੀਆਂ ਮਰਿਆਦਾਵਾਂ ਗਿਣਾਉਣ। ਅਖੇ 'ਇਸ ਭਾਈ ਬਲਵੰਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕੀਤਾ ਹੈ। ਸਾਡਾ ਗੁਰੂ ਜਾਗਦਾ ਤੇ ਜੀਵਤ ਗੁਰੂ ਨਿਆਈ ਹੈ। ਇਸ ਨੂੰ 'ਮਸ਼ੀਨ' ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਇਸ ਦੇ ਉੱਪਰ ਚਾਨਣੀ ਨਾ ਲਾ ਕੇ ਮਰਿਆਦਾ ਦੀ ਉਲੰਘਣਾ ਕੀਤੀ ਹੈ। ਤਖ਼ਤਪੋਸ਼, ਚੌਕੀ, ਚੌਰ ਭੀ ਨਹੀਂ ਹੈ। ਸੁੱਖ ਆਸਣ ਤੇ ਪ੍ਰਕਾਸ਼ ਕਰਨ ਦੀ ਸੇਵਾ ਕਿਵੇਂ ਕਰਾਂਗੇ? ਅਰਦਾਸ ਕਰ ਕੇ ਪ੍ਰਕਾਸ਼ ਕਰਨਾ ਜਾਂ ਸੁੱਖ ਆਸਣ ਕਰਨਾ, ਸ਼ਬਦ ਪੜ੍ਹ ਕੇ ਸੰਗਤ ਦਾ ਨਾਲ ਨਾਲ ਚੱਲਣਾ ਹੋ ਹੀ ਨਹੀਂ ਸਕੇਗਾ। ਸਭ ਤੋਂ ਖ਼ਤਰਨਾਕ ਗੱਲ ਕਿ ਇਸ ਕੰਪਿਊਟਰ 'ਤੇ ਅਖੰਡ ਪਾਠ ਕਹਿੰਦੇ ਨੇ ਡੇਢ ਮਿੰਟ ਵਿਚ ਹੋ ਜਾਇਆ ਕਰੇਗਾ। ਫਿਰ ਪਾਠੀ ਵਿਚਾਰੇ ਕੀ ਕਰਨਗੇ? ਡੇਢ ਮਿੰਟ ਵਿਚ ਪਾਠ ਤਾਂ ਘੋਰ ਬੇਅਦਬੀ ਹੈ, ਰੋਕੋ ਇਸ ਭਾਈ ਨੂੰ, ਗੁਰਮਤਿ ਵਿਰੋਧੀ ਕੰਮ ਤੋਂ...।"

ਇਸ ਭਾਰੀ 'ਗੁਰਮਤਿ ਵਿਰੋਧੀ' ਕੰਮ ਲਈ ਸ੍ਰ. ਬਲਵੰਤ ਸਿੰਘ ਨੂੰ ਕਈ ਵਾਰ ਮੁਆਫ਼ੀ ਮੰਗਣੀ ਪਈ। ਨਾਲ ਹੀ ਜਥੇਦਾਰ ਮਨਜੀਤ ਸਿੰਘ ਨੂੰ ਭੀ ਮੈਂਬਰਾਂ ਨੇ ਕੌੜੀਆਂ ਕਸੈਲੀਆਂ ਦਾ ਪ੍ਰਸਾਦ ਵਰਤਾਇਆ।

ਹੁਣ ਫਿਰ ਗੁਰੂ ਗ੍ਰੰਥ ਸਾਹਿਬ ਦੀ 'ਮਰਿਆਦਾ' ਦਾ ਹੇਜ਼ ਜਾਗਿਆ ਹੈ। ਗੁਰੂ ਕਾਲ ਵਿਚ ਸ਼ਬਦ ਸੰਗ੍ਰਹਿ (ਪੋਥੀਆਂ) ਨੂੰ ਦੁਸ਼ਮਣਾਂ ਤੋਂ ਲੁਕਾ ਕੇ ਰੱਖਿਆ ਜਾਂਦਾ ਸੀ, ਮਤਾਂ ਕਿਤੇ ਸਾੜ ਫੂਕ ਨਾ ਕਰ ਦੇਣ। ਕੀ ਉਦੋਂ ਗੁਰੂ (ਸ਼ਬਦ ਰੂਪ) ਡਰਦਾ ਹੋਇਆ ਲੁੱਕ ਕੇ ਰਹਿੰਦਾ ਸੀ? ਬਿਪਰਾਂ ਵੱਲੋਂ ਮਿਲਾਵਟ ਕੀਤੀ ਜਾ ਸਕਦੀ ਸੀ। ਇਸ ਤੋਂ ਬਚਾਉਣ ਦੇ ਪ੍ਰਬੰਧ ਭੀ ਕੀਤੇ ਗਏ। ਗੁਰੂ ਦਾ ਸਰੀਰ ਭਾਵੇਂ ਸ਼ਹੀਦ ਹੋ ਗਿਆ, ਭਾਵੇਂ ਸਮਾਂ ਪੁੱਗ ਜਾਣ 'ਤੇ ਜੋਤੀ ਜੋਤ ਸਮਾ ਗਿਆ ਪਰ ਹੁਣ ਗੁਰੂ ਦਾ ਉਪਦੇਸ਼, ਸਿਧਾਂਤ, ਸ਼ਬਦ ਰਾਹੀਂ ਸੁਰੱਖਿਅਤ ਤਰੀਕੇ ਸੰਭਾਲਿਆ ਗਿਆ। ਜੰਗਾਂ-

ਜੁੱਧਾਂ ਦੇ ਸੰਕਟ ਸਮੇਂ ਸਿੰਘਾਂ ਦੇ ਨਾਲ ਹੀ ਪੋਥੀਆਂ ਘੋੜਿਆਂ ਦੀਆਂ ਕਠੀਆਂ ਦੇ ਨਾਲ ਲਟਕਦੀਆਂ ਸਨ। ਗੱਡਿਆਂ 'ਤੇ, ਖੱਚਰਾਂ 'ਤੇ, ਊਠਾਂ 'ਤੇ 'ਗੁਰੂ' ਸਦਾ ਸਿੰਘਾਂ ਦੇ ਨਾਲ ਹੁੰਦਾ ਸੀ। ਹੱਥ ਲਿਖਤ ਕਰਤਾਰਪੁਰੀ ਬੀੜ ਅਹਿਮਦਸ਼ਾਹ ਅਬਦਾਲੀ ਨੇ 1757 ਵਿਚ ਸਾੜ ਦਿੱਤੀ। ਦਸਮ ਪਾਤਸ਼ਾਹ ਵੱਲੋਂ ਗੁਰਿਆਈ ਵਾਲੀ ਬੀੜ 1762 ਨੂੰ ਵੱਡੇ ਘੱਲੂਘਾਰੇ ਸਮੇਂ ਫਿਰ ਅਬਦਾਲੀ ਨਾਲ ਜੰਗ ਸਮੇਂ ਨਸ਼ਟ ਹੋ ਗਈ। ਇਸ ਤੋਂ ਪਹਿਲਾਂ ਇਨ੍ਹਾਂ ਦੇ ਉਤਾਰੇ ਹੋ ਚੁੱਕੇ ਹੋਏ ਸਨ। ਭਾਵੇਂ ਕਿ ਇਤਿਹਾਸਕ ਮਹੱਤਤਾ ਵਾਲੀਆਂ ਬੀੜਾਂ ਦੀ ਬੜੀ ਵੱਡੀ ਲੋੜ ਹੈ ਪਰ ਸਿੱਖਾਂ ਨੂੰ ਗੁਰੂ ਨੇ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਸੀ ਕਿ ਸਰੀਰ ਨੇ ਬਿਨਸ ਜਾਣਾ ਹੈ, ਜੋ ਵਿਚਾਰ, ਗਿਆਨ ਜਾਂ ਉਪਦੇਸ਼ ਤੁਹਾਨੂੰ ਦਿੱਤਾ ਗਿਆ ਹੈ, ਇਸ ਨੂੰ ਹਿਰਦੇ ਵਿਚ ਵਸਾਉਣਾ। ਇਸੇ ਮੁਤਾਬਕ ਜ਼ਿੰਦਗੀ ਬਤੀਤ ਕਰਨਾ।

ਪਹਿਲਾਂ ਸਿੱਖ ਕੌਮ ਲਮੇ ਸੰਘਰਸ਼ ਵਿਚ ਔਕੜਾਂ ਝੱਲਦੀ ਰਹੀ। ਫਿਰ ਸ੍ਰ. ਰਣਜੀਤ ਸਿੰਘ ਦਾ ਰਾਜ ਆਇਆ ਤਾਂ ਭੀ ਰਾਜ ਨੂੰ ਪੱਕੇ ਪੈਰੀ ਕਰਨ ਤੇ ਹੱਦਾਂ ਮੋਕਲੀਆਂ ਕਰਦਿਆਂ ਹੀ 50 ਸਾਲ ਬੀਤ ਗਏ। ਧਰਮ ਪ੍ਰਚਾਰ, ਸਾਹਿਤ, ਇਤਿਹਾਸ, ਗੁਰਬਾਣੀ ਟੀਕੇ ਆਦਿ ਵਾਲੇ ਪਾਸੇ ਕੋਈ ਕੰਮ ਨਹੀਂ ਹੋਇਆ। ਸਿੱਖਾਂ ਵਿਚ ਜੰਗੀ ਸੁਭਾਅ ਸਿਖਰਲੀ ਅਵਸਥਾ ਵਿਚ ਪੁੱਜਿਆ ਹੋਣ ਕਰਕੇ ਇਹ ਲਿਖਾਈ ਪੜ੍ਹਾਈ ਦੀਆਂ ਗੱਲਾਂ ਇਕ ਫਜ਼ੂਲ ਜਿਹਾ ਕੰਮ ਪ੍ਰਤੀਤ ਹੁੰਦੀਆਂ ਸਨ। ਅਜਿਹੇ ਹਾਲਾਤ ਤੋਂ ਫ਼ਾਇਦਾ ਉਠਾਉਂਦਿਆਂ ਬ੍ਰਾਹਮਣਾਂ ਨੇ ਹਰ ਪੱਖੋਂ ਸਿੱਖ ਵਿਰੋਧੀ 'ਸਾਹਿਤ' ਲਿਖਿਆ। ਗੁਰਬਾਣੀ ਦੇ ਬ੍ਰਾਹਮਣੀ ਰੰਗ ਵਾਲੇ ਅਰਥ ਕੀਤੇ। ਗੁਰਦੁਆਰਿਆਂ ਵਿਚ ਸਾਰੀ 'ਮਰਿਆਦਾ' ਮੰਦਰਾਂ ਵਾਲੀ ਪ੍ਰਚਲਤ ਕਰ ਦਿੱਤੀ। ਬਾਣੀ ਪੜ੍ਹਨੀ, ਸਮਝਣੀ ਵਿਸਰ ਗਈ। ਰਸਮੀ ਪਾਠ, ਮੰਤਰ ਜਾਪ ਆਦਿ ਸ਼ੁਰੂ ਹੋ ਗਏ। ਗੁਰੂ ਗ੍ਰੰਥ ਸਾਹਿਬ ਨੂੰ ਭੀ ਇਕ ਪੂਜਾ ਦੀ ਵਸਤੂ ਬਣਾ ਕੇ ਟਿਕਾ ਦਿੱਤਾ ਗਿਆ। ਜਿਵੇਂ ਮੰਦਰਾਂ ਵਿਚ ਮੂਰਤੀ ਦੀ ਸਥਾਪਨਾ ਕੀਤੀ ਜਾਂਦੀ ਹੈ, ਫਿਰ ਇਸ ਬੇਜਾਨ ਪੱਥਰ ਦੀ ਮੂਰਤੀ ਵਿਚ ਸਬੰਧਤ ਦੇਵਤੇ ਦੀ "ਜੋਤ ਪ੍ਰਵੇਸ਼ ਕਰਵਾ ਦਿੱਤੀ ਜਾਂਦੀ ਹੈ।" ਇਸੇ ਤਰ੍ਹਾਂ ਦਸਾਂ ਪਾਤਸ਼ਾਹੀਆਂ ਦੀ ਜੋਤ (ਅਸਲ ਵਿਚ ਗਿਆਨ) ਗੁਰੂ ਗ੍ਰੰਥ ਵਿਚ ਪ੍ਰਚਾਰ ਦਿੱਤੀ ਗਈ। ਗੁਰੂ ਨਾਨਕ ਸਾਹਿਬ ਜੀ ਨੇ ਆਖ਼ਰੀ ਵਕਤ ਆਪਣੀ ਜੋਤ ਭਾਈ ਲਹਿਣਾ ਜੀ ਵਿਚ ਟਿਕਾ ਦਿੱਤੀ। ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਸਿੱਖਿਆ ਦੇ ਕੇ ਤਿਆਰ ਕੀਤਾ ਗਿਆ। ਇਸੇ ਤਰ੍ਹਾਂ ਅੱਗੇ ਜੋਤ ਟਿਕਦੀ ਨਿਕਲਦੀ ਤੇ ਬਦਲਦੀ ਰਹੀ, ਦਰਸਾ ਦਿੱਤੀ, ਪ੍ਰਚਾਰ ਦਿਤੀ।

ਹੁਣ 'ਵਿਚਾਰੀ ਜੋਤ' ਖ਼ੁਦ ਤਾਂ ਕੁਝ ਕਰ ਨਹੀਂ ਸਕਦੀ। ਪਾਠੀ ਪ੍ਰਬੰਧਕ ਤੇ ਜਥੇਦਾਰ ਜਿਵੇਂ ਚਾਹੁਣ, ਇਸ ਦੀ ਵਰਤੋਂ ਕਰਦੇ ਚਲੇ ਜਾਣ। ਇਸ ਵਿਚਲੀ ਸਿੱਖਿਆ ਨੂੰ ਤਾਂ ਪੂਰੀ ਤਰ੍ਹਾਂ ਦਫ਼ਨ ਕਰ ਦਿੱਤਾ ਗਿਆ ਹੈ। ਜਿਨ੍ਹਾਂ ਵਹਿਮਾਂ-ਭਰਮਾਂ ਤੇ ਕਰਮਕਾਂਡਾ ਤੋਂ ਇਹ ਬਾਣੀ ਮਨਾਹੀ ਕਰਦੀ ਹੈ, ਉਹੀ ਪਾਖੰਡ ਕਰਮ ਇਸ ਦੇ ਦੁਆਲੇ ਕੀਤੇ ਜਾਂਦੇ ਹਨ। ਇਕ ਪਾਸੇ ਹੈ ਗੁਰਬਾਣੀ ਦਾ ਫ਼ੁਰਮਾਨ ਤੇ ਦੂਜੇ ਬੰਨ੍ਹੇ ਹੈ ਮਰਿਆਦਾ ਦੀ ਚੀਕ ਰੌਲੀ। 90-95 ਫ਼ੀ ਸਦੀ ਅਵਾਮ, ਗੁਰਬਾਣੀ ਉਪਦੇਸ਼ਾਂ ਵੱਲੋਂ ਅਨਜਾਣ ਹੈ। ਜਿਹੜੇ ਲੋਕ ਇਸ ਦੇ ਸਤਿਕਾਰ ਦੀਆਂ ਫੜਾਂ ਮਾਰਦੇ ਹਨ, ਗੁਰਬਾਣੀ ਵੱਲੋਂ ਉਹ ਭੀ ਖੋਖਲੇ ਹਨ। ਅਸਲ ਵਿਚ ਕਾਗ਼ਜ਼, ਸਿਆਹੀ ਤੇ ਜਿਲਦ ਗੁਰੂ ਨਹੀਂ ਹਨ। ਇਨ੍ਹਾਂ ਦੀ ਸਹਾਇਤਾ ਨਾਲ ਲਿਖੇ ਉਤਮ ਵਿਚਾਰ ਗੁਰੂ (ਗਿਆਨ) ਹਨ।

ਇਹ ਬੀੜਾਂ ਛਾਪੇਖਾਨਿਆਂ ਵਿਚ ਛਪਦੀਆਂ ਹਨ। ਜਦੋਂ 1993 ਵਿਚ ਆਫ਼ਸੈਟ ਮਸ਼ੀਨਾਂ ਸ਼੍ਰੋਮਣੀ ਕਮੇਟੀ ਨੇ ਪਹਿਲੀ ਵਾਰ ਲਾਈਆਂ ਸਨ, ਉਸ ਸਮੇਂ ਉਨ੍ਹਾਂ ਮਸ਼ੀਨਾਂ ਨੂੰ ਚਲਾਉਣ ਵਾਲਾ ਕੋਈ ਸਿੱਖ ਮਾਹਿਰ ਨਾ ਮਿਲਿਆ। ਇਸ ਲਈ ਕੇਰਲਾ ਤੋਂ ਮਾਹਿਰ ਮੁੰਡੇ ਨੌਕਰੀ 'ਤੇ ਰੱਖੇ ਗਏ। ਉਨ੍ਹਾਂ ਮੁੰਡਿਆਂ ਦੀ ਸਿਗਰਟਾਂ ਪੀਣ ਦੀ ਸ਼ਰਤ ਭੀ ਮੰਨਣੀ ਪਈ। "ਭਾਈ ਕਾਕਾ ਬਾਹਰ ਜਾ ਕੇ ਬੀੜੀ ਪੀ ਲਿਆ ਕਰਨੀ। ਅੰਦਰ ਹੱਥ ਧੋ ਕੇ ਆਉਣਾ।' ਪ੍ਰਧਾਨ ਟੌਹੜਾ ਦੀ ਹਦਾਇਤ ਸੀ। ਫਿਰ ਇਸ ਗੁਰੂ ਦੇ ਪੰਨਿਆਂ 'ਤੇ ਜ਼ੋਰ-ਸ਼ੋਰ ਨਾਲ ਮਸ਼ੀਨਾਂ ਚਲਦੀਆਂ ਹਨ। ਕਟਿੰਗ ਹੁੰਦੀ ਹੈ, ਜਿਲਦਾਂ ਚੜ੍ਹਦੀਆਂ ਹਨ, ਢੋਆ-ਢੁਆਈ ਹੁੰਦੀ ਹੈ, ਅਲਮਾਰੀਆਂ ਕਮਰਿਆਂ ਵਿਚ ਟਿਕਾਏ ਜਾਂਦੇ ਹਨ। ਛੋਟੇ-ਵੱਡੇ ਆਕਾਰ ਵਿਚ ਬੀੜਾਂ ਛਪਦੀਆਂ ਹਨ। ਘੱਟ-ਵੱਧ ਰੇਟਾਂ ਵਿਚ ਵਿਕਦੀਆਂ ਹਨ। 'ਗੁਰੂ ਪਸੰਦ ਕਰਵਾਏ ਜਾਂਦੇ ਹਨ, ਸੌਦੇ ਤੈਅ ਹੁੰਦੇ ਹਨ...।' ਹਰੇਕ ਬੀੜ ਦੇ ਆਖ਼ਰੀ ਪੰਨੇ 'ਤੇ ਇਕ ਸੇਵਾਦਾਰ ਵਲੋਂ "ਚੈੱਕ ਕੀਤਾ" ਲਿਖ ਕੇ ਦਸਤਖ਼ਤ ਕੀਤੇ ਹੁੰਦੇ ਹਨ। ਕੀ ਗੁਰੂ ਨੂੰ ਚੈੱਕ ਕੀਤਾ ਜਾ ਸਕਦਾ ਹੈ?

ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਆਖਣ ਦਾ ਖੇਖਣ ਕਰਨ ਵਾਲੇ ਆਪਣੇ ਗੁਰੂ ਦੇ ਸਨਮੁੱਖ ਗੋਲਕਾਂ ਲੁੱਟਦੇ ਹਨ। ਗੁਰਦੁਆਰਿਆਂ 'ਤੇ ਕਬਜ਼ਿਆਂ ਲਈ ਪੱਗਾਂ ਲੱਥਦੀਆਂ ਹਨ, ਦਾਹੜੀਆਂ ਪੁੱਟੀਦੀਆਂ ਹਨ, ਕਤਲ ਹੁੰਦੇ ਹਨ, ਮੁਕੱਦਮੇ ਚੱਲਦੇ ਹਨ। ਗੁਰੂ ਦੀ ਆੜ ਵਿਚ ਮਕਾਨਾਂ, ਜ਼ਮੀਨਾਂ, ਪਲਾਟਾਂ 'ਤੇ ਕਬਜ਼ੇ ਜਮਾਏ ਜਾਂਦੇ ਹਨ। ਇਸੇ ਦੀ ਹਜ਼ੂਰੀ ਵਿਚ ਝੂਠੀਆਂ ਕਸਮਾਂ ਖਾਧੀਆਂ ਜਾਂਦੀਆਂ ਹਨ। ਵਾਅਦੇ ਕਰਕੇ ਮੁਕਰਿਆ ਜਾਂਦਾ ਹੈ। ਪੰਥ ਤੇ ਗੁਰੂ ਦਾ ਵਾਸਤਾ ਪਾ ਕੇ ਪੰਥ ਦੀ ਪਿੱਠ ਵਿਚ ਛੁਰਾ ਖੋਭਿਆ ਜਾਂਦਾ ਹੈ। ਅਖੌਤੀ ਜਥੇਦਾਰ ਅਤੇ ਸੰਤ-ਮਹਾਂਪੁਰਸ਼ ਰਲ ਕੇ ਗੁਰੂ ਗ੍ਰੰਥ

ਸਾਹਿਬ ਦੇ ਬਰਾਬਰ ਦਸਮ ਗ੍ਰੰਥ ਵਰਗੀ ਲੱਚਰ ਕਿਤਾਬ ਨੂੰ ਰੱਖ ਕੇ ਉਸ ਦਾ ਅਖੰਡ ਪਾਠ ਕਰਦੇ ਹਨ। ਪੁਰਾਤਨ ਗ੍ਰੰਥਾਂ ਦੀਆਂ ਕੁਫ਼ਰ ਕਹਾਣੀਆਂ ਗੁਰੂ ਗ੍ਰੰਥ ਦੀ ਹਜ਼ੂਰੀ ਵਿਚ ਸੁਣਾਈਆਂ ਜਾਂਦੀਆਂਹਨ। ਟਕਸਾਲ ਵਾਲੇ ਬ੍ਰਹਮ ਗਿਆਨੀ 21 ਸਾਲ ਤਕ 'ਭਾਈ ਜਰਨੈਲ ਸਿੰਘ ਜੀਵਤ' ਹੈ ਦਾ ਝੂਠ ਬੋਲਦੇ ਰਹੇ ਹਨ। ਦੁਨੀਆਂ ਭਰਦੇ ਅਪਮਾਨ ਜਨਕ ਕਾਰੇ 'ਗੁਰੂ ਦੀ ਹਜ਼ੂਰੀ ਵਿਚ ਜਾਂ ਹਾਜ਼ਰ ਨਾਜ਼ਰ' ਜਾਣ ਕੇ ਕਰਦੇ ਆ ਰਹੇ ਹਨ। ਅੱਜ ਦੇ ਚੌਧਰੀਆਂ (ਜਥੇਦਾਰਾਂ) ਨੂੰ ਉਹ ਸਾਰਾ ਵਰਤਾਰਾ ਕਦੇ ਨਜ਼ਰ ਨਹੀਂ ਆਇਆ। ਬਸ ਇਕੋ ਗੱਲ ਨਜ਼ਰ ਆਈ ਕਿ ਗੁਰੂ ਸਾਹਿਬ ਟਰੱਕਾਂ, ਬੱਸਾਂ, ਕਾਰਾਂ, ਰੇਲਾਂ, ਜਹਾਜ਼ਾਂ ਤੇ ਸਮੁੰਦਰੀ ਜਹਾਜ਼ਾਂ ਰਾਹੀਂ ਇਕ ਥਾਂ ਤੋਂ ਦੂਜੀ ਥਾਂ ਨਹੀਂ ਲਿਜਾਏ ਜਾ ਸਕਦੇ। 'ਇਕ ਸਰੂਪ ਨਾਲ ਪੰਜ ਸਿੰਘ ਜ਼ਰੂਰ ਹੋਣੇ ਚਾਹੀਦੇ ਹਨ' ਦੀ ਰਟ ਲਾਉਣ ਵਾਲੇ ਕਦੇ ਸੋਚ ਕੇ ਵੇਖਣਗੇ ਕਿ ਵਿਦੇਸ਼ ਵਿਚ ਇਕ ਵਿਅਕਤੀ ਲਈ ਹਵਾਈ ਜਹਾਜ਼ ਦਾ ਕਿੰਨਾ ਕਿਰਾਇਆ ਲੱਗਦਾ ਹੈ ? ਇਕ ਸਰੂਪ ਨਾਲ ਪੰਜ ਸਿੰਘਾਂ ਦਾ ਖ਼ਰਚਾ ਕੋਈ ਚੁੱਕ ਸਕੇਗਾ ?

ਮਿਸ਼ਨਰੀ ਪ੍ਰਚਾਰਕ ਪੂਰੀ ਵਾਹ ਲਾਉਂਦੇ ਰਹੇ ਕਿ ਕੁੰਭ ਜੋਤ, ਧੂਫ, ਨਾਰੀਅਲ, ਰੱਖਣੇ ਮਨਮਤਿ ਹੈ, ਕਿਸੇ ਨਾ ਸੁਣੀ। ਵਿਗਿਆਨ ਨੇ ਅਜਿਹਾ 'ਧੋਬੀ ਪਟਕਾ' ਮਾਰਿਆ ਕਿ ਸਮੁੱਚਾ ਗੁਰੂ ਗ੍ਰੰਥ ਸਾਹਿਬ ਦਾਖ਼ਲ ਹੋ ਗਿਆ ਕੰਪਿਊਟਰ ਵਿਚ। ਹੁਣ ਰੱਖੋ ਇਸ ਦੇ ਬਰਾਬਰ ਜੋਤ, ਕੁੰਭ ਨਾਰੀਅਲ, ਲਾਓ ਚਾਂਦਨੀ, ਲਿਆਓ ਪਾਲਕੀ, ਵਿਛਾਓ ਗਦੇਲੇ, ਕਰੋ ਚੌਰ...। ਇੰਟਰਨੈਟ 'ਤੇ ਕਈ ਤਰ੍ਹਾਂ ਦੇ ਕਈ ਭਾਸ਼ਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਮੌਜੂਦ ਹਨ। ਅਰਥਾਂ ਵਾਲੇ ਸਾਰੇ ਸਟੀਕ ਪੜ੍ਹੇ ਜਾ ਸਕਦੇ ਹਨ। ਸਾਰੇ ਇਤਿਹਾਸਕ ਅਤੇ ਹੋਰ ਵੱਡੇ ਗੁਰਦੁਆਰੇ ਵੇਖੇ ਜਾ ਸਕਦੇ ਹਨ। ਪ੍ਰਸਿੱਧ ਸਿੱਖਾਂ ਅਤੇ ਗੁਰੂ ਸਾਹਿਬਾਨ ਦੀਆਂ (ਭਾਵੇਂ ਫ਼ਰਜ਼ੀ ਹੀ ਹਨ) ਫ਼ੋਟੋਆਂ ਅੱਖ ਦੇ ਪਲਕਾਰੇ ਵਿਚ ਵੇਖੀਆਂ ਜਾਂ ਕਾਪੀ ਕੀਤੀਆਂ ਜਾ ਸਕਦੀਆਂ ਹਨ। ਕੋਈ ਸਿੱਖ ਜਾਂ ਗੈਰ ਸਿੱਖ, ਦੇਸ਼ ਦਾ ਹੋਵੇ ਜਾਂ ਵਿਦੇਸ਼ੀ, ਕੋਈ ਸਿਗਰਟ ਪੀਂਦਾ ਹੈ ਜਾਂ ਸ਼ਰਾਬ, ਹੱਥ ਜੂਠੇ ਹਨ ਕਿ ਸੁੱਚੇ, ਇਸ਼ਨਾਨ ਕੀਤਾ ਹੈ ਕਿ ਨਹੀਂ, ਮੀਟ ਖਾਂਦੇ ਹੋ ਕੇ ਸ਼ਾਕਾਹਾਰੀ ਹੋ, ਇਸਾਈ ਹੋ ਕੇ ਮੁਸਲਮਾਨ, ਜੁੱਤੀ ਉਤਾਰੀ ਹੈ ਕਿ ਨਹੀਂ, ਕੁਰਸੀ 'ਤੇ ਬੈਠੇ ਹੋ ਕੇ ਤੱਪੜ 'ਤੇ, ਕੋਈ ਪੁੱਛਣ ਵਾਲਾ ਨਹੀਂ ਹੈ, ਜਿਸ ਦਾ ਦਿਲ ਚਾਹੇ ਜਦੋਂ ਦਿਲ ਕਰੇ, ਦਿਨੇ ਜਾਂ ਰਾਤੀ ਬਾਣੀ ਪੜ੍ਹੇ-ਵਿਚਾਰੇ। ਬੜੀ ਕਿਰਪਾ ਕੀਤੀ ਹੈ ਇਸ ਭਾਈ ਕੰਪਿਊਟਰ ਸਾਹਬ ਜੀ ਨੇ।

ਇਕ ਬੰਨ੍ਹੇ 'ਮਰਿਆਦਾ' ਦੀ ਦੁਹਾਈ ਦੇਣ ਵਾਲੇ ਹਨ, ਦੂਜੇ ਬੰਨ੍ਹੇ ਕੰਪਿਊਟਰ

ਦਾ ਜੁਗ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਇਕੋ ਸੀ. ਡੀ. ਵਿਚ ਰਿਕਾਰਡ ਕਰ ਕੇ ਜੇਬ ਵਿਚ ਪਾਇਆ ਜਾ ਸਕਦਾ ਹੈ। ਹਜ਼ਾਰਾਂ ਨਹੀਂ, ਲੱਖਾਂ ਸੀ. ਡੀਜ਼ ਅੱਜ ਤੱਕ ਮਾਰਕੀਟ ਵਿਚ ਆ ਚੁੱਕੀਆਂ ਹਨ, ਜਿਨ੍ਹਾਂ 'ਤੇ ਪੂਰਾ ਗੁਰੂ ਗ੍ਰੰਥ ਸਾਹਿਬ ਰੀਕਾਰਡ ਹੈ। ਇਕ ਛੋਟੀ ਜਿਹੀ ਚਿਪ 'ਤੇ ਸੌ-ਸੌ ਘੰਟੇ ਦੀ ਰੀਕਾਰਡਿੰਗ ਹੋ ਜਾਂਦੀ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਮੋਬਾਈਲ ਫ਼ੋਨਾਂ ਵਿਚ ਪੜ੍ਹਿਆ, ਸੁਣਿਆ ਜਾ ਸਕਦਾ ਹੈ। ਅੱਜ ਦੇ ਪੁਜਾਰੀ ਇਨ੍ਹਾਂ ਗੱਲਾਂ ਵੱਲ ਭੀ ਤਵੱਜੋਂ ਦੇ ਸਕਣਗੇ ਕਿ 'ਪੁਰਾਤਨ ਮਰਿਆਦਾ ਦੀ ਉਲੰਘਣਾ ਹੋ ਗਈ' ਦੀ ਦੁਹਾਈ ਦਿੰਦੇ ਰਹਿਣਗੇ ? ਲੈਪਟਾਪ (ਸਫ਼ਰੀ ਕੰਪਿਊਟਰ) ਵਿਚ ਅਨੰਤ ਕਿਸਮ ਦਾ ਗਿਆਨ ਫੀਡ ਕਰਕੇ ਸਿਆਣੇ ਬੰਦੇ ਹਰ ਸਮੇਂ ਨਾਲ ਰੱਖਦੇ ਹਨ। ਜਿੰਨੇ ਟੀਕੇ, ਜਿੰਨੇ ਪਾਠ ਮਿਲ ਸਕਦੇ ਹਨ, ਸਾਰੇ ਉਨ੍ਹਾਂ ਵਿਚ ਮੌਜੂਦ ਹਨ। ਨਾ ਚਾਂਦਨੀ, ਨਾ ਚੌਰ, ਨਾ ਪਾਣੀ ਤਰੌਂਕਣਾ ਅਤੇ ਨਾ ਪੰਜ ਸਿੰਘ।

ਹਾਲਾਤ ਸਾਜ਼ਗਾਰ ਨਾ ਹੋਣ ਕਰਕੇ ਅੱਜ ਤੋਂ 14 ਸਾਲ ਪਹਿਲਾਂ ਭਾਈ ਬਲਵੰਤ ਸਿੰਘ ਨੂੰ ਸਿੱਖ 'ਮੁਖੀਆਂ' ਤੋਂ ਮੁਆਫ਼ੀ ਮੰਗਣੀ ਪਈ ਸੀ। ਉਸ ਦੀ 'ਗ਼ਲਤੀ' ਸੀ ਕਿ ਗੁਰਬਾਣੀ ਕੰਪਿਊਟਰ ਵਿਚ ਕਿਉਂ ਪਾਈ ਹੈ। ਹਾਲਾਤ ਬਦਲ ਗਏ ਹਨ, ਮੀਡੀਆ ਸਹੂਲਤਾਂ ਰਾਹੀਂ ਗੁਰਬਾਣੀ ਘਰ-ਘਰ ਪਹੁੰਚ ਰਹੀ ਹੈ। ਦਰਬਾਰ ਸਾਹਿਬ ਵਿਚਲਾ ਕੀਰਤਨ ਭੀ ਮੰਜਿਆਂ, ਕੁਰਸੀਆਂ 'ਤੇ ਬੈਠ ਕੇ ਸੁਣਦੇ ਹਾਂ ਪਰ ਸਾਡੇ ਜਥੇਦਾਰ ਅਜੇ ਭੀ ਜੰਗਾਲੀ ਸੋਚ ਨੂੰ ਸਿਰ 'ਤੇ ਚੁੱਕੀ ਫਿਰਦੇ ਹਨ। ਰੱਬ ਨੂੰ ਭਾਵੇਂ ਕੋਈ ਵਿਅਕਤੀ ਨਾ ਮੰਨੇ ਤਾਂ ਭੀ ਰੱਬ ਨਾਰਾਜ਼ ਨਹੀਂ ਹੁੰਦਾ ਪਰ ਪੁਜਾਰੀ (ਜਥੇਦਾਰ) ਦੀ ਆਖੀ ਮਰਿਆਦਾ ਤੁਹਾਨੂੰ ਨਿਭਾਉਣੀ ਹੀ ਪਵੇਗੀ। ਵਰਨਾ ਕਰੋਪੀ ਦਾ ਸ਼ਿਕਾਰ ਹੋਵੋਗੇ। ਜਿਥੇ ਕੋਈ ਮਰਿਆਦਾ ਰਾਹ ਦਾ ਰੋੜਾ ਬਣੇ, ਉਹ ਤਿਆਗਣੀ ਹੀ ਭਲੀ। ਜਿਥੇ ਗਿਆਨ ਹੈ, ਉਥੇ ਮਰਿਆਦਾ ਦੀ ਪਾਬੰਦੀ ਖ਼ਤਮ ਹੋ ਜਾਂਦੀ ਹੈ :

ਗਿਆਨੇ ਕਾਰਨ ਕਰਮ ਅਭਿਆਸ ॥
ਗਿਆਨੁ ਭਇਆ ਤਹਿ ਕਰਮਹ ਨਾਸੁ ॥ (1167)

***

# ਗੁਰਬਾਣੀ ਦੀ ਮਿਆਰੀ ਕਥਾ ਬਾਰੇ

ਗੁਰਬਾਣੀ ਦੀ ਮਿਆਰੀ ਕਥਾ ਜੇ ਕਿਸੇ ਵਿਦਵਾਨ ਵੱਲੋਂ ਅਤਿ ਉੱਤਮ ਢੰਗ

ਨਾਲ ਕੀਤੀ ਗਈ ਤਾਂ ਉਹ ਪਹਿਲੇ ਗੁਰਸਿੱਖ ਭਾਈ ਗੁਰਦਾਸ ਜੀ ਸਨ। ਇਸੇ ਤਰ੍ਹਾਂ ਕਥਾ ਨੂੰ ਜਨ ਸਮੂਹ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਵਾਸਤੇ ਉਨ੍ਹਾਂ ਆਪਣੇ ਵੱਲੋਂ 675 ਕਬਿੱਤ ਸਵੱਈਏ ਤੇ ਚਾਲੀ ਵਾਰਾਂ ਦੀ ਰਚਨਾ ਕੀਤੀ। ਲਗਾਤਾਰ ਦੀ ਮਿਹਨਤ ਤੋਂ ਬਾਅਦ ਗੁਰਬਾਣੀ ਦੇ ਗੁੱਝੇ ਅਰਥ ਭਾਵ ਭੀ ਪਾਠਕ ਦੇ ਸਮਝ ਆਉਣ ਲੱਗ ਪੈਂਦੇ ਹਨ। ਸਿੱਖ ਵਿਦਵਾਨਾਂ ਵੱਲੋਂ ਲਿਖੀਆਂ ਕਿਤਾਬਾਂ (ਗੁਰਬਾਣੀ ਅਰਥ ਤੇ ਇਤਿਹਾਸ) ਪੜ੍ਹਦਿਆਂ ਕਥਾਕਾਰ ਦਾ ਮਾਨਸਿਕ ਮੰਡਲ ਵਿਕਾਸ ਕਰਦਾ ਰਹਿੰਦਾ ਹੈ। ਸੰਸਾਰ ਦੇ ਵਿਦਵਾਨਾਂ ਵੱਲੋਂ ਲਿਖਿਆ ਗਿਆ ਗਿਆਨ ਵਧਾਊ ਸਾਹਿਤ ਪੜ੍ਹਨਾ, ਸੋਨੇ 'ਤੇ ਸੁਹਾਗੇ ਦਾ ਕੰਮ ਕਰਦਾ ਹੈ। ਵਿਦਵਾਨਾਂ ਨਾਲ ਕੀਤੀਆਂ ਵਿਚਾਰ ਗੋਸ਼ਟੀਆਂ, ਜ਼ਿੰਦਗੀ ਵਿਚ ਹੰਢਾਏ ਤਜਰਬੇ, ਉਮਰ ਦੀ ਪਕਿਆਈ ਹੋਰ ਵਧੇਰੇ ਰੰਗ ਭਰ ਦਿੰਦੇ ਹਨ। ਆਪਣਾ ਪਰਿਵਾਰਕ ਮਾਹੌਲ, ਸਮਾਜਿਕ ਆਲਾ-ਦੁਆਲਾ, ਧਾਰਮਿਕ ਅਤੇ ਰਾਜਸੀ ਹਾਲਾਤ ਭੀ ਵਿਅਕਤੀ ਤੇ (ਅਚੇਤ ਜਾਂ ਸੁਚੇਤ) ਅਸਰ ਅੰਦਾਜ਼ ਹੁੰਦੇ ਹਨ। ਵਿਅਕਤੀ ਦੀ ਆਰਥਿਕ ਦਸ਼ਾ ਭੀ ਅਸਰ ਪਾਉਂਦੀ ਹੈ। ਇਸ ਤੋਂ ਇਲਾਵਾ ਕਰਤਾ ਪੁਰਖ ਵੱਲੋਂ ਦਿੱਤਾ ਗਿਆ ਦਿਮਾਗ ਰੂਪੀ ਤੋਹਫ਼ਾ ਆਪਣੀ ਥਾਂ ਬਹੁਤ ਮਹੱਤਵਪੂਰਨ ਹੈ।

16 ਜੁਲਾਈ, 2007 ਦੇ ਸਪੋਕਸਮੈਨ ਵਿਚ ਪਿਆਰੇ ਵੀਰ ਡਾ. ਗੁਰਸ਼ਰਨਜੀਤ ਸਿੰਘ ਦਾ ਲੇਖ ਛਪਿਆ ਸੀ 'ਧਰਮ ਗ੍ਰੰਥਾਂ ਦੀ ਮਿਆਰੀ ਕਥਾ'। ਇਸ ਲੇਖ ਵਿਚ ਕਈ ਸਾਰੀਆਂ ਅਜਿਹੀਆਂ ਟਿੱਪਣੀਆਂ ਕੀਤੀਆਂ ਹੋਈਆਂ ਹਨ, ਜਿਨ੍ਹਾਂ ਦਾ ਆਪਸ ਵਿਚ ਕੋਈ ਤਾਲਮੇਲ ਨਹੀਂ ਬੈਠਦਾ। ਇਕ ਗੱਲ ਪੂਰੀ ਨਹੀਂ ਹੁੰਦੀ, ਦੂਜੀ ਉਸ ਤੋਂ ਪਹਿਲਾਂ ਆ ਟਪਕਦੀ ਹੈ ਗੁਰਬਾਣੀ ਦੇ ਪ੍ਰਮਾਣ ਦਿੱਤੇ ਹੀ ਨਹੀਂ ਗਏ। ਸਿਰਫ਼ ਇਕੋ ਪ੍ਰਮਾਣ ਵਰਤਿਆ ਹੈ ਅਤੇ ਉਹ ਭੀ ਗਲਤ। ਸ਼ਬਦ ਗੁਰੂ ਨਾਨਕ ਸਾਹਿਬ ਜੀ ਦਾ ਹੈ, ਵੀਰ ਨੇ ਪੰਜਵੇਂ ਗੁਰੂ ਦਾ ਲਿਖਿਆ ਹੈ। ਸ਼ਬਦ ਹੈ :

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੂੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ, ਤੁਮ ਕਹਾਂ ਤਾਰਣਹਾਰ॥ (ਮ :੧, 556)

ਡਾ. ਵੀਰ ਨੂੰ ਗੁੱਸਾ ਸ਼੍ਰੋਮਣੀ ਕਮੇਟੀ ਵੱਲੋਂ ਚੰਗੇ ਕਥਾਕਾਰ ਤਿਆਰ ਨਾ ਕਰਨ ਬਾਰੇ ਹੈ। ਗਿਆਨੀ ਪੂਰਨ ਸਿੰਘ ਦੀਆਂ ਯਬਲੀਆਂ 'ਤੇ ਹੈ, 'ਸੰਤਾਂ ਮਹੰਤਾਂ' ਅਤੇ ਡੇਰੇਦਾਰਾਂ 'ਤੇ ਹੈ ਪਰ ਬਿਨਾਂ ਕਿਸੇ ਵਜ਼ਨਦਾਰ ਦਲੀਲ ਤੋਂ ਮਿਸ਼ਨਰੀ ਕਾਲਜਾਂ ਵਿਰੁੱਧ ਭੜਾਸ ਕੱਢਣੀ ਨਹੀਂ ਭੁੱਲਦੇ। ਉਨ੍ਹਾਂ ਨੂੰ ਸ਼ਾਇਦ ਇਸ ਮੁਸ਼ਕਿਲ ਦਾ ਅਹਿਸਾਸ ਨਹੀਂ

ਕਿ ਮਿਸ਼ਨਰੀ ਕਾਲਜਾਂ ਕੋਲ ਆਮਦਨ ਦੇ ਕੋਈ ਪੱਕੇ ਸਰੋਤ ਨਹੀਂ ਹਨ, ਕੋਈ ਡੇਰੇ ਜਾਂ ਗੁਰਦੁਆਰੇ ਨਹੀਂ ਹਨ। ਅਪੀਲਾਂ ਕਰਕੇ ਪਹਿਲਾਂ ਆਪਣੇ ਵੱਲੋਂ ਕੀਤੇ ਗਏ ਕੰਮ ਵਿਖਾ ਕੇ ਫਿਰ ਕਿਤੇ ਸਹਾਇਤਾ ਵਾਸਤੇ ਆਖੀਦਾ ਹੈ। ਅੱਗੋਂ ਪੈਸਾ ਮਿਲੇ ਭਾਵੇਂ ਨਾ ਮਿਲੇ। ਸ਼੍ਰੋਮਣੀ ਕਮੇਟੀ ਦੇ ਸਾਧਨ ਅਸੀਮ ਹਨ ਅਤੇ ਬਜਟ ਅਰਬਾਂ ਰੁਪਏ ਵਿਚ ਹੈ। ਬਿਨਾ ਰੁਕਾਵਟ ਪੈਸਾ ਆ ਰਿਹਾ ਹੈ। ਉਹ ਫਿਰ ਭੀ ਆ ਰਹੀ ਮਾਇਆ ਦੀ ਸਹੀ ਵਰਤੋਂ ਨਹੀਂ ਕਰਦੇ। ਸਿੱਖ ਸਾਹਿਤ ਲਿਖਣਾ, ਸੋਧਣਾ, ਛਾਪਣਾ ਅਤੇ ਲੋਕਾਂ ਤੱਕ ਪੁੱਜਦਾ ਕਰਨਾ, ਇਹ ਕੰਮ ਕੋਈ ਮਾਮੂਲੀ ਨਹੀਂ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦਾ ਸਿਲੇਬਸ ਹਰ ਦੋ ਚਾਰ ਸਾਲ ਮਗਰੋਂ ਸੋਧ ਲੈਣ ਲਈ ਉਨ੍ਹਾਂ ਕੋਲ ਆਮਦਨ ਦੇ ਵੱਡੇ ਸਾਧਨ ਹੋਣ ਕਰਕੇ ਹੈ। ਹਰ ਕੋਈ ਚਾਹੁੰਦਾ ਹੈ ਕਿ ਇਹ ਸਾਰੇ ਕੰਮ ਹੋਣ, ਪਰ ਸਾਧਨ ਕਿਥੋਂ ਲੈ ਕੇ ਆਈਏ ?

ਅੱਗੇ ਵੀਰ ਜੀ ਨੇ ਮਿਆਰੀ ਕਥਾ ਵਿਚ ਸਵਾਲ ਖੜ੍ਹਾ ਕੀਤਾ ਹੈ ਕਿ ਭਾਈ ਅਮੀਰ ਸਿੰਘ ਵਾਲੀ (ਸੱਤੋਵਾਲੀ ਗਲੀ ਅੰਮ੍ਰਿਤਸਰ ਦੀ) ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਦੀ, ਪ੍ਰਿੰ. ਤੇਜਾ ਸਿੰਘ ਦੀ ਜਾਂ ਪ੍ਰੋ. ਸਾਹਿਬ ਸਿੰਘ ਵੱਲੋਂ ਕੀਤੀ ਕਥਾ ਮਿਆਰੀ ਹੈ ? ਕਿੰਨਾ ਚੰਗਾ ਹੁੰਦਾ ਜੇ ਡਾ. ਵੀਰ ਨਿਧੜਕ ਹੋ ਕੇ ਲਿਖਦਾ ਕਿ ਗਿਆਨੀ ਅਮੀਰ ਸਿੰਘ ਤੇ ਗਿਆਨੀ ਗੁਰਬਚਨ ਸਿੰਘ ਵੱਲੋਂ ਕੀਤੀ ਕਥਾ ਗੁਰਮਤਿ ਤੋਂ ਵਿਰੁੱਧ ਹੈ। ਨਿਰੋਲ ਬ੍ਰਾਹਮਣੀ ਰੰਗ ਵਿਚ ਰੰਗੀ ਹੋਈ ਹੈ। ਪ੍ਰਿੰ. ਤੇਜਾ ਸਿੰਘ ਦੀ ਇਨ੍ਹਾਂ ਤੋਂ ਵਧੀਆ ਹੈ। ਅੱਜ ਤੱਕ ਗੁਰਬਾਣੀ ਦੇ ਹੋ ਚੁੱਕੇ ਅਰਥਾਂ ਵਿਚ ਪ੍ਰੋ. ਸਾਹਿਬ ਸਿੰਘ ਵੱਲੋਂ ਕੀਤੀ ਕਥਾ ਸਭ ਤੋਂ ਵਧੀਆ ਹੈ। ਇਹ ਨਿਰਣਾ ਕਰਨਤੋਂ ਟਾਲਾ ਕਿਉਂ ਵੱਟਿਆ ਗਿਆ ? ਅੱਗੇ ਹੋਰ ਸੁਧਾਰ ਕਰਨ ਦੀ ਗੁੰਜਾਇਸ਼ ਸਦਾ ਮੌਜੂਦ ਹੁੰਦੀ ਹੈ। ਜੋ ਵਧੀਆ ਕੰਮ ਪ੍ਰੋ. ਸਾਹਿਬ ਸਿੰਘ ਜੀ ਨੇ ਕੀਤਾ ਹੈ, ਉਸ ਨੂੰ ਪ੍ਰਮੁੱਖ ਆਖਣ ਤੋਂ ਸ਼ਰਮ ਕਾਹਦੀ ? ਜਿਸ ਤਰ੍ਹਾਂ ਦੀ ਮਿਆਰੀ ਕਥਾ ਦੀ ਵੀਰ ਨੇ ਕਲਪਨਾ ਕੀਤੀ ਹੈ, ਉਸ ਲਈ ਹਾਲੇ ਬੜਾ ਲੰਬਾ ਸਫ਼ਰ ਤੈਅ ਕਰਨਾ ਪਵੇਗਾ। ਜੇ ਪੰਜ-ਦਸ ਗੁਰਬਾਣੀ ਦੇ ਮਾਹਿਰ ਵਿਦਵਾਨ ਪਿਆਰ ਨਾਲ 5-10 ਸਾਲ ਮਿਲ-ਬੈਠ ਕੇ ਕੋਈ ਨਵਾਂ ਮਿਆਰੀ ਟੀਕਾ ਤਿਆਰ ਕਰ ਦੇਣ ? ਵੀਰ ਜੀ ਖੁਦ ਵਿਚਾਰ ਚਰਚਾ ਵਿਚ ਬੈਠਣ ਲਈ ਤਿਆਰ ਨਹੀਂ ਹੁੰਦੇ, ਹੋਰ ਕਿਸੇ ਨੂੰ ਕੀ ਦੋਸ਼ ਦੇਈਏ ?

ਵੀਰ ਨੇ ਇਕ ਅਜਿਹੀ ਦਲੀਲ ਦੇ ਮਾਰੀ ਹੈ, ਜਿਸ ਨੂੰ ਬਰਦਾਸ਼ਤ ਕਰਨਾ ਬਹੁਤ ਔਖਾ ਹੈ। ਉਹ ਲਿਖਦੇ ਹਨ : ਜਿਵੇਂ ਟਕਸਾਲ ਵਾਲੇ ਗਿਆਨੀ ਗੁਰਬਚਨ ਸਿੰਘ ਹੁਰਾਂ ਦੇ ਅਨੁਯਾਈ ਹਨ, ਉਸੇ ਤਰ੍ਹਾਂ ਮਿਸ਼ਨਰੀ ਕਾਲਜਾਂ ਵਾਲੇ ਪ੍ਰੋ. ਸਾਹਿਬ ਸਿੰਘ ਤੋਂ ਅੱਗੇ

ਕੁੱਝ ਸੋਚਣ ਨੂੰ ਪਾਪ ਸਮਝਦੇ ਹਨ। ਬਲਿਹਾਰ ਜਾਈਏ ਡਾ. ਵੀਰ ਦੇ। 'ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ' ਦੀ ਕਹਾਵਤ ਅਨੁਸਾਰ ਇਨ੍ਹਾਂ ਨੂੰ ਗਿਆਨੀ ਗੁਰਬਚਨ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਇਕੋ ਜਿਹੇ ਨਜ਼ਰ ਆਏ ਹਨ ? ਗਿਆਨੀ ਜੀ ਨੇ ਉਮਰ ਭਰ ਆਪਣੇ ਡੇਰੇ ਰਾਹੀਂ ਬ੍ਰਾਹਮਣੀ ਰੀਤਾਂ ਪ੍ਰਚਾਰੀਆਂ ਅਤੇ ਲਿਖੀਆਂ ਹਨ, ਜਦੋਂ ਕਿ ਪ੍ਰੋ. ਸਾਹਿਬ ਸਿੰਘ ਨੇ ਵੱਧ ਤੋਂ ਵੱਧ ਬ੍ਰਾਹਮਣੀ ਰੀਤਾਂ ਤੋਂ ਮੁਕਤ ਕਰਨ ਵਿਚ ਯੋਗਦਾਨ ਪਾਇਆ ਹੈ। ਸਾਹਿਬ ਸਿੰਘ ਤੋਂ ਬਾਅਦ ਹਾਲੀ ਅਜਿਹਾ ਕੋਈ ਵਿਦਵਾਨ ਨਿੱਤਰ ਕੇ ਸਾਹਮਣੇ ਨਹੀਂ ਆਇਆ, ਜੋ ਉਨ੍ਹਾਂ ਦੇ ਛੱਡੇ ਕੰਮ ਨੂੰ ਅੱਗੇ ਤੋਰ ਸਕੇ। ਯੂਨੀਵਰਸਿਟੀਆਂ ਵਿਚ ਬੈਠੇ ਤਨਖ਼ਾਹ ਰੂਪ ਵਿਚ ਪੰਡਾਂ ਨੋਟਾਂ ਦੀਆਂ ਬਟੋਰਦੇ (ਜਾਂ ਰਿਟਾਇਰ ਹੋ ਕੇ) ਪ੍ਰੋਫ਼ੈਸਰਾਂ ਨੂੰ ਇਹ ਜ਼ਿੰਮੇਵਾਰੀ ਚੁੱਕਣੀ ਬਣਦੀ ਹੈ, ਜੋ ਉਨ੍ਹਾਂ ਨਹੀਂ ਨਿਭਾਈ।

ਲੇਖਕ ਪਿਛਲੇ 32 ਸਾਲ ਤੋਂ ਧਰਮ ਪ੍ਰਚਾਰ ਨਾਲ ਸਬੰਧਤ ਹੈ। ਪ੍ਰਚਾਰਕਾਂ ਦਾ ਮਾਨਸਿਕ ਪੱਧਰ ਕਿੰਨਾ ਕੁ ਹੈ, ਮੈਂ ਜਾਣਦਾ ਹਾਂ। ਜਿਸ ਤਰ੍ਹਾਂ ਦੇ ਪ੍ਰਬੰਧਕਾਂ ਦੀ 'ਸੂਈ ਦੇ ਨੱਕੇ ਵਿਚੋਂ' ਦੀ ਕਥਾਵਾਚਕਾਂ ਨੂੰ ਲੰਘਣਾ ਪੈਂਦਾ ਹੈ, ਮੈਂ ਉਹ ਭੀ ਪਿੰਡੇ 'ਤੇ ਹੰਢਾਇਆ ਹੈ। ਪ੍ਰਚਾਰਕਾਂ ਦੀ ਤਿਆਰੀ ਵਾਸਤੇ ਕੋਈ ਆਹਲਾ ਕਿਸਮ ਦੇ ਪ੍ਰਬੰਧ ਨਹੀਂ ਹਨ। ਯੂਨੀਵਰਸਿਟੀਆਂ ਦੇ ਪੜ੍ਹੇ-ਲਿਖੇ ਵਿਦਵਾਨ ਕਥਾ ਵਾਚਕ ਬਣਨ ਨੂੰ ਆਪਣੀ ਤੌਹੀਨ ਸਮਝਦੇ ਹਨ। ਫਿਰ ਕਿਥੋਂ ਉਤਰਨਗੇ ਮਿਆਰੀ ਪ੍ਰਚਾਰਕ ? ਸੀਮਤ ਸਾਧਨਾਂ ਰਾਹੀਂ ਜਿੰਨਾ ਕੁ ਕੰਮ ਮਿਸ਼ਨਰੀ ਕਾਲਜਾਂ ਨੇ ਕੀਤਾ ਹੈ, ਜੇ ਇਸ ਨੂੰ ਕੱਢ ਦੇਈਏ ਤਾਂ ਪਿਛਲੇ 40 ਸਾਲ ਤੋਂ ਹੋਰ ਕਿਹੜੀ ਸੰਸਥਾ ਹੈ, ਜੋ ਮਿਆਰੀ ਪ੍ਰਚਾਰਕ ਤਿਆਰ ਕਰ ਰਹੀ ਹੈ ?

ਡਾਕਟਰ ਵੀਰ ਨੇ ਡਾ. ਨੇਕੀ ਬਾਰੇ ਸਖ਼ਤ ਗਿਲਾ ਕੀਤਾ ਹੈ ਕਿ ਉਸ ਨੇ ਬੱਚੇ ਵੱਲੋਂ ਪੁੱਛੇ ਸਵਾਲ ਦਾ ਗੁਰਮਤਿ ਵਿਰੋਧੀ ਜਵਾਬ ਦਿੱਤਾ। ਵੀਰ ਜੀ ਭੁੱਲ ਗਏ ਸ਼ਾਇਦ ਡਾ. ਨੇਕੀ ਕਥਾਵਾਚਕ ਨਹੀਂ ਹਨ। ਇਕ ਪਰੋੜ੍ਹ ਬੁੱਧੀਜੀਵੀ ਹਨ, ਯੂਨੀਵਰਸਿਟੀਆਂ ਵਾਲੇ ਵਿਦਵਾਨਾਂ ਵਿਚੋਂ ਹਨ... ? ਮੁਸਲਿਮ ਦੇਸ਼ਾਂ ਵਿਚਲੀ 'ਮਿਆਰੀ ਕਥਾ' ਵਿਚ ਵੀਰ ਜੀ ਨੇ ਲਿਖਿਆ ਹੈ ਕਿ ਉਥੇ ਇਸਲਾਮ ਦੀ ਸਰ੍ਹਾਂ ਦੀ ਆਲੋਚਨਾ ਬਰਦਾਸ਼ਤ ਨਹੀਂ ਕੀਤੀ ਜਾਂਦੀ। ਸਰਕਾਰ ਵੱਲੋਂ ਗੁਰਦੁਆਰੇ ਬਣਾਉਣ 'ਤੇ ਵੀ ਸਖ਼ਤ ਪਾਬੰਦੀ ਹੈ। ਫਿਰ ਡਾਕਟਰ ਵੀਰ ਸਪੱਸ਼ਟ ਕਰਨ ਦੀ ਖੇਚਲ ਕਰੇਗਾ ਕਿ ਇਸ ਵਿਚ ਕਥਾਵਾਚਕ ਦਾ ਕੀ ਕਸੂਰ ਹੈ ? ਸਰਕਾਰੀ ਪਾਬੰਦੀਆਂ ਨੂੰ ਉਲੰਘ ਕੇ ਪ੍ਰਚਾਰਕ ਖ਼ੁਦ ਭੀ ਜੇਲ੍ਹ ਵਿਚ ਬੰਦ ਹੋਵੇਗਾ ਅਤੇ ਉਸ ਨੂੰ ਬੁਲਾਉਣ ਵਾਲੇ ਭੀ। ਆਰਜ਼ੀ ਤੌਰ 'ਤੇ ਬਣਿਆ

ਗੁਰਦੁਆਰਾ ਭੀ ਸਰਕਾਰ ਬੰਦ ਕਰਵਾ ਦੇਵੇਗੀ। ਇਸ ਦਾ ਤੁਹਾਡੇ ਕੋਲ ਕੋਈ ਬਦਲ ਹੈ ਤਾਂ ਦੱਸੋ ?

ਲੇਖ ਦੇ ਆਖਰੀ ਪੈਰੇ ਵਿਚ ਵੀਰ ਜੀ ਜੋ ਲਿਖ ਰਹੇ ਹਨ, ਪੜ੍ਹੋ –'ਅਜੋਕ ਜੁੱਗ ਦੇ ਪੜ੍ਹੇ-ਲਿਖੇ ਲੋਕ ਅੰਧ-ਵਿਸ਼ਵਾਸਾਂ ਤੋਂ ਮੁਕਤ ਹੁੰਦੇ ਜਾ ਰਹੇ ਹਨ। ਭੂਤਾਂ-ਪ੍ਰੇਤਾਂ ਅਤੇ ਕਰਾਮਾਤਾਂ ਬਾਰੇ ਨਜ਼ਰੀਆ ਬਦਲ ਰਿਹਾ ਹੈ...।" ਪਰ ਅੱਗੇ ਜਾ ਕੇ ਵੀਰ ਜੀ ਇਕ ਦਮ ਉਲਟ ਦਿਸ਼ਾ ਵਿਚ ਚੱਲ ਪਏ ਹਨ। ਪੜ੍ਹੋ-"ਪ੍ਰੋ. ਇੰਦਰ ਸਿੰਘ ਘੱਗਾ ਨੇ ਇਕ ਟਰੈਕਟ ਵਿਚ ਭਗਤ ਨਾਮਦੇਵ ਜੀ ਦੇ ਸ਼ਬਦ 'ਗਰੁੜ ਚੜ੍ਹੇ, ਗੋਬਿੰਦ ਆਇਲਾ' ਦੀ ਵਿਆਖਿਆ ਕੀਤੀ ਹੈ। ਉਹ ਨਿੱਜੀ ਤੌਰ 'ਤੇ ਕਰਾਮਾਤ ਨੂੰ ਨਹੀਂ ਮੰਨਦੇ ਅਤੇ ਪਰਮਾਤਮਾ ਨੂੰ ਹਿੰਦੂ ਰੰਗ ਵਿਚ ਪ੍ਰਵਾਨ ਨਹੀਂ ਕਰਦੇ। ਇਸ ਲਈ ਪ੍ਰੋ. ਘੱਗਾ ਗਊ ਨੂੰ ਹਿੰਦੁਸਤਾਨ ਦੀ ਮਜ਼ਲੂਮ ਜੰਤਾ ਦੇ ਰੂਪ ਵਿਚ ਬਿਆਨ ਕਰਦੇ ਹਨ। ਉਹ ਗਊ ਜ਼ਿੰਦਾ ਕਰਨ ਦੀ ਸਾਖੀ ਦਾ ਖੰਡਨ ਕਰਨ ਲਈ ਪ੍ਰਤੀਕਵਾਦ ਦਾ ਸਹਾਰਾ ਲੈਂਦੇ ਹਨ। ਇਸੇ ਤਰ੍ਹਾਂ ਉਹ ਭਗਤ ਨਾਮਦੇਵ ਵੱਲੋਂ ਦੇਹੁਰਾ ਫੇਰਨ ਤੇ ਬਾਬਾ ਨਾਨਕ ਵੱਲੋਂ ਮੱਕਾ ਫੇਰਨ ਦੀ ਵਿਆਖਿਆ ਕਰਦਿਆਂ ਅਸਲ ਵਿਚ ਕਰਾਮਾਤਾਂ ਦਾ ਖੰਡਨ ਹੀ ਕਰ ਰਹੇ ਹਨ। ਮੁਸ਼ਕਿਲ ਇਹ ਹੈ ਕਿ ਅਕਾਦਮਿਕ ਪੱਧਰ 'ਤੇ ਜੋ ਵਿਆਖਿਆ ਦੇ ਨਿਯਮ ਹਨ, ਇਹ ਉਨ੍ਹਾਂ ਦੇ ਵਿਰੁੱਧ ਹੈ।"

ਇਸ ਲੰਮੀ ਟੂਕ ਦਾ ਜਵਾਬ ਦੇਣ ਤੋਂ ਪਹਿਲਾਂ ਇਹ ਲਿਖ ਦੇਣਾ ਵਾਜ਼ਬ ਹੋਵੇਗਾ ਕਿ ਮੈਂ 'ਗਰੁੜ ਚੜ੍ਹੇ, ਗੋਬਿੰਦ ਆਇਲਾ' ਟਰੈਕਟ ਵਿਚ ਪਹਿਲਾਂ ਭੂਮਿਕਾ ਦੇ ਤੌਰ 'ਤੇ ਬਾਰਾਂ ਕਰਾਮਾਤੀ ਕਹਾਣੀਆਂ ਦੀ ਚੀਰਫ਼ਾੜ ਕੀਤੀ ਹੈ। ਉਹ ਸਾਰੀਆਂ ਕਹਾਣੀਆਂ ਗੁਰੂ ਸਾਹਿਬਾਨ ਅਤੇ ਬਹਾਦਰ ਸਿੱਖਾਂ ਨੂੰ ਅਪਮਾਨਤ ਕਰਦੀਆਂ ਹਨ। ਬ੍ਰਾਹਮਣ ਦੀ ਚੜ੍ਹਤ ਪੇਸ਼ ਕਰ ਰਹੀਆਂ ਹਨ। ਮੈਂ ਬਾਦਲੀਲ ਉਨ੍ਹਾਂ ਕੁਫ਼ਰ ਕਹਾਣੀਆਂ ਦੀ ਜੜ੍ਹ ਪੁੱਟੀ ਹੈ। ਸ਼ਾਇਦ ਡਾਕਟਰ ਵੀਰ ਨੇ ਉਹ ਵਿਸ਼ਲੇਸ਼ਣ ਪੜ੍ਹਨ ਦੀ ਖੇਚਲ ਹੀ ਨਹੀਂ ਕੀਤੀ। ਲੇਖਕ (ਇੰਦਰ ਸਿੰਘ ਘੱਗਾ) ਕਰਮਾਤਾਂ ਨੂੰ ਨਹੀਂ ਮੰਨਦਾ। ਮੇਰੇ ਮੰਨਣ ਨਾ ਮੰਨਣ ਦਾ ਮਸਲਾ ਨਹੀਂ ਹੈ। ਗੁਰਬਾਣੀ ਹੀ ਕਰਾਮਾਤਾਂ ਨੂੰ ਨਹੀਂ ਮੰਨਦੀ। ਮੱਕਾ ਘੁੰਮਣਾ ਜਾਂ ਮੰਦਰ ਘੁੰਮਣਾ, ਝੂਠੀ ਖੁਸ਼ਫਹਿਮੀ ਹੈ। ਇਮਾਰਤਾਂ ਕਦੀ ਨਹੀਂ ਘੁੰਮਦੀਆਂ। ਕੱਲ ਨੂੰ ਕੋਈ ਆ ਕੇ ਸਾਡੇ ਦਰਬਾਰ ਸਾਹਿਬ ਜਾਂ ਅਨੰਦਪੁਰ ਨੂੰ ਘੁਮਾਉਣ ਦਾ ਢਿੰਡੋਰਾ ਪਿੱਟ ਦੇਵੇ, ਕੀ ਅਸੀਂ ਸਵੀਕਾਰ ਕਰ ਲਵਾਂਗੇ ? ਜੇ ਕਰਾਮਾਤਾਂ ਨਾਲ ਇਮਾਰਤਾਂ ਘੁੰਮ ਜਾਂਦੀਆਂ ਹਨ ਤਾਂ ਕਰਾਮਾਤੀ ਸ਼ਕਤੀ ਨਾਲ ਜ਼ਾਲਮਾਂ, ਕਾਤਲਾਂ ਦੇ ਦਿਮਾਗ ਕਿਉਂ ਨਾ ਘੁੰਮਾ ਦਿੱਤੇ ਗਏ ? ਗੁਰੂ ਸਾਹਿਬ ਨੂੰ ਅਤੇ ਸਿੱਖਾਂ ਨੂੰ

ਤਸੀਹੇ ਕਿਉਂ ਝੱਲਣੇ ਪਏ? ਕੀ ਗਊ ਜੀਵਤ ਕਰਨੀ ਜ਼ਰੂਰੀ ਹੈ? ਅੱਜ ਤੱਕ ਗਊ ਗਰੀਬ ਦੀ ਰੱਖਿਆ ਵਾਲਾ ਸ਼ਬਦ ਪ੍ਰਚਲਿਤ ਨਹੀਂ ਹੈ? ਮਤਲਬ ਕਿ ਗਊ ਵਰਗੇ ਗਰੀਬ ਲੋਕ। ਹਿੰਦੂ ਲਾਬੀ ਤਾਂ ਅੱਗੇ ਹੀ ਸਿੱਖਾਂ ਨੂੰ ਗਊ ਪੂਜਕ ਬਣਾਉਣ 'ਤੇ ਤੁਲੀ ਹੋਈ ਹੇ। ਅਫ਼ਸੋਸ ਕਿ ਤੁਸੀਂ ਭੀ ਗਊ ਪੂਜਣ ਵਾਲਿਆਂ ਦਾ ਹੀ ਸਾਥ ਦੇ ਰਹੇ ਲੱਗਦੇ ਹੋ?

ਰਹੀ ਗੱਲ 'ਅਕਾਦਮਿਕ ਮਿਆਰਾਂ' ਦੀ। ਵਿਆਖਿਆ ਦੇ ਉਹ ਕਿਹੜੇ ਮਿਆਰ ਹਨ, ਜਿਨ੍ਹਾਂ ਦਾ ਤੁਸੀਂ ਜ਼ਿਕਰ ਕੀਤਾ ਹੈ? ਉਨ੍ਹਾਂ ਮਿਆਰਾਂ ਮੁਤਾਬਿਕ ਤੁਸੀਂ ਜਾਂ ਤੁਹਾਡੇ ਵਿਦਵਾਨ ਸਾਥੀਆਂ ਨੇ 'ਮਿਆਰੀ ਵਿਆਖਿਆ ਕਿਉਂ ਨਹੀਂ ਕੀਤੀ? ਪ੍ਰੋ. ਸਾਹਿਬ ਸਿੰਘ ਨੇ 'ਮਿਆਰੀ' ਕਥਾ ਦੇ ਪੂਰਨੇ ਪਾਏ ਸਨ, ਤੁਹਾਨੂੰ ਉਹ ਭੀ ਪਰਵਾਨ ਨਹੀਂ ਹੈ। ਸਾਰੀ ਗੁਰਬਾਣੀ ਦੀ ਨਾ ਸਹੀ, ਪਰ ਕੁਝ ਚੋਣਵੇਂ ਸ਼ਬਦਾਂ ਦੇ ਅਰਥ ਮਿਸ਼ਨਰੀ ਕਾਲਜਾਂ ਨੇ ਨਵੇਂ ਪਰਿਪੇਖ ਵਿਚ ਕੀਤੇ ਹਨ। ਤੁਹਾਨੂੰ ਉਹ ਭੀ ਮੁਆਫ਼ਕ ਨਹੀਂ ਹਨ। ਇਨ੍ਹਾਂ ਸਤਰਾਂ ਦੇ ਲੇਖਕ ਨੇ ਹੋਰ ਅੱਗੇ ਲੰਘ ਕੇ ਗੁਰਬਾਣੀ ਵਿਚੋਂ ਚੋਣਵੇਂ (ਵਿਵਾਦੀ ਵਿਸ਼ਿਆਂ ਵਾਲੇ) ਸ਼ਬਦ ਲੈ ਕੇ ਅਰਥ ਕੀਤੇ। ਜਿਵੇਂ ਮੱਕਾ ਘੁੰਮਣ ਬਾਰੇ, ਗਊ ਜੀਵਤ ਕਰਨ ਬਾਰੇ, ਨਾਮਦੇਵ ਦੇ ਦੇਹੁਰਾ ਫੇਰਨ ਬਾਰੇ, ਕਬੀਰ ਜੀ ਦੀ ਗੰਗਾ ਵਿਚੋਂ ਜੰਜੀਰ ਕਿਵੇਂ ਟੁੱਟੀ ਆਦਿ। ਮੇਰੇ ਵੱਲੋਂ ਕੀਤੇ ਅਰਥ ਤੁਹਾਨੂੰ ਅਕਾਦਮਿਕ ਮਿਆਰਾਂ ਮੁਤਾਬਕ ਠੀਕ ਨਹੀਂ ਲੱਗੇ। ਫਿਰ ਮੈਂ ਮੰਨ ਲਵਾਂ ਕਿ ਤੁਸੀਂ ਝੂਠੀਆਂ ਕਰਾਮਾਤਾਂ ਵਿਚ ਵਿਸ਼ਵਾਸ ਰੱਖਦੇ ਹੋ? ਉੱਚ ਵਿੱਦਿਆ ਪ੍ਰਾਪਤ ਕਰਕੇ ਭੀ ਹਾਲੀਂ ਵਿਗਿਆਨਕ ਨਜ਼ਰੀਆ ਨਹੀਂ ਅਪਣਾ ਸਕੇ? ਜਾਂ ਤੇ ਡਾਕਟਰ ਵੀਰ ਜੀ ਗੁਰੂ ਗ੍ਰੰਥ ਸਾਹਿਬ ਦੀ 'ਮਿਆਰੀ ਵਿਆਖਿਆ' ਲਿਖ ਦੇਣ, ਅਸੀਂ ਪੜ੍ਹ ਲਈਏ ਜਾਂ ਛੇ ਮਹੀਨੇ ਸਵੇਰੇ ਸ਼ਾਮ ਇਕ ਘੰਟਾ ਕਿਸੇ ਗੁਰਦੁਆਰੇ ਵਿਚ ਲਗਾਤਾਰ ਮਿਆਰੀ ਕਥਾ ਕਰਨ। ਅਸੀਂ ਸੁਣੀਏ, ਰਿਕਾਰਡ ਕਰ ਲਈਏ ਤੇ ਉਸ ਤੋਂ ਲਾਹਾ ਲਈਏ।

ਦੂਜਾ ਦੁਖਦਾਈ ਪਹਿਲੂ ਇਹ ਹੈ ਕਿ ਵੀਰ ਜੀ ਨੂੰ (ਉਨ੍ਹਾਂ ਵੱਲੋਂ ਮੰਗ ਕਰਨ 'ਤੇ') 'ਤੇ ਗੁਰਮਤਿ ਨਿਰਣੈ ਕੋਸ਼ ਵਿਚਲੇ ਲਗਭਗ 60 ਕੁ ਉਹ ਨੁਕਤੇ ਜੋ ਗੁਰਬਾਣੀ ਦੀ ਭਾਵਨਾ ਤੋਂ ਉਲਟ ਹਨ, ਮੈਂ ਲਿਖ ਕੇ ਭੇਜੇ ਸਨ। ਉਨ੍ਹਾਂ ਵਿਸ਼ਵਾਸ ਦਿਵਾਇਆ ਸੀ ਕਿ ਗੁਰਮਤਿ ਨਿਰਣੈ ਕੋਸ਼ ਦੀ ਦੂਜੀ ਐਡੀਸ਼ਨ ਵਿਚ ਸੋਧ ਲਵਾਂਗਾ। ਪਰ ਅਜਿਹਾ ਨਹੀਂ ਕੀਤਾ ਗਿਆ। ਮਿਸਾਲ ਲਈ ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਵੱਲੋਂ ਲਿਖੀ ਪੁਸਤਕ ਦੀ ਭੂਮਿਕਾ ਵਿਚ ਉਨ੍ਹਾਂ ਦੀ ਬੇਬਾਕੀ ਨਾਲ ਪ੍ਰਸ਼ੰਸਾ ਕਰਦੇ ਹਨ ਪਰ ਆਪਣੀ ਕਿਤਾਬ ਗੁਰਮਤਿ ਨਿਰਣੈ ਕੋਸ਼ ਦੇ ਪੰਨਾ 36 'ਤੇ ਅਫ਼ਗਾਨਾ ਜੀ ਨੂੰ

ਮਾਨਸਿਕ ਰੋਗੀ ਲਿਖ ਰਹੇ ਹਨ। ਇਕ ਥਾਂ 'ਤੇ ਦਸਮ ਗ੍ਰੰਥ (ਬਚਿੱਤਰ ਨਾਟਕ) ਨੂੰ ਦਸਮ ਪਾਤਿਸ਼ਾਹ ਦੀ ਰਚਨਾ ਮੰਨਦੇ ਹਨ, ਕਿਸੇ ਹੋਰ ਪੰਨੇ 'ਤੇ ਦਸਮ ਪਾਤਿਸ਼ਾਹ ਦੀ ਰਚਨਾ ਹੋਣ ਤੋਂ ਇਨਕਾਰੀ ਹੋ ਜਾਂਦੇ ਹਨ।

ਰਹੀ ਗੱਲ ਫਿਰ ਉਸੇ 'ਮਿਆਰੀ ਕਥਾ' ਦੀ। ਜੋ ਵਿਚਾਰ ਡਾਕਟਰ ਵੀਰ ਨੂੰ ਨਿੱਜੀ ਤੌਰ 'ਤੇ ਚੰਗੇ ਲੱਗਦੇ ਹਨ, ਕੀ ਉਹੀ ਮਿਆਰੀ ਕਥਾਂ ਹੈ ? ਕੀ ਇਸ ਤਰ੍ਹਾਂ ਦੇ 'ਸਰਬ ਪ੍ਰਵਾਨਤ' ਕੋਈ ਨਿਯਮ ਲਿਖਤੀ ਰੂਪ ਵਿਚ ਮੌਜੂਦ ਹਨ ? ਜੇ ਵਿਦਵਾਨਾਂ ਨੇ ਉਹ ਲਿਖਤੀ ਅਸੂਲ ਪੜ੍ਹ ਲਏ, ਚੰਗੀ ਤਰ੍ਹਾਂ ਜਾਣ ਲਏ, ਫਿਰ ਯੂਨੀਵਰਸਿਟੀਆਂ ਵਾਲੇ ਸਾਰੇ ਵਿਦਵਾਨਾਂ ਦੇ ਕੀਤੇ ਗਏ ਗੁਰਬਾਣੀ ਅਰਥ ਇਕੋ ਜਿਹੇ ਕਿਉਂ ਨਹੀਂ ਹੁੰਦੇ ? ਮੈਂ ਦਿਲ 'ਤੇ 'ਪੱਥਰ ਰੱਖ ਕੇ' ਕਹਿਣ ਲਈ ਮਜਬੂਰ ਹਾਂ ਕਿ ਯੂਨੀਵਰਸਿਟੀਆਂ ਵਿਚ ਸੁਸ਼ੋਭਤ ਪ੍ਰੋ.ਫ਼ੈਸਰਾਂ ਤੇ ਡਾਕਟਰਾਂ ਨੂੰ ਗੁਰਬਾਣੀ ਦਾ ਕੋਈ ਇਲਮ ਨਹੀਂ ਹੈ। ਹੋਰ ਬਹੁਤ ਕੁਝ ਸਿੱਖ ਲਿਆ ਪਰ ਗੁਰਬਾਣੀ ਨਹੀਂ ਸਿੱਖੀ। ਪੰਜ ਪੰਨੇ 'ਸ਼ੁੱਧ ਪਾਠ' ਨਹੀਂ ਕਰ ਸਕਦੇ। ਸ਼ਬਦਾਂ ਨੂੰ ਲੱਗੀਆਂ ਸਿਹਾਰੀਆਂ ਤੇ ਔਂਕੜ (ਿ – ੁ) ਵਾਧੂ ਜਿਹੇ ਲੱਗੇ ਵੇਖ ਕੇ, ਪਸੀਨੇ ਛੁੱਟ ਪੈਂਦੇ ਹਨ। ਰਾਹੁ ਨੂੰ ਰਾਹੋ ਤੇ ਘਾਹੁ ਨੂੰ ਘਾਹੋ, ਵੀਆਹੁ ਨੂੰ ਵੀਆਹੋ ਪੜ੍ਹਦੇ ਆਮ ਸੁਣਿਆ ਜਾ ਸਕਦਾ ਹੈ।

ਵੀਰ ਜੀ ਨੇ ਲਿਖਿਆ ਹੈ ਕਿ 'ਮੈਨੂੰ ਉਮੀਦ ਸੀ ਕਿ ਵਿਦਵਾਨ ਜ਼ਰੂਰ ਮੇਰੀ ਲਿਖਤ 'ਤੇ ਵਿਚਾਰ ਕਰਨਗੇ। ਮੈਂ ਖ਼ਤ ਪਾ ਕੇ ਫ਼ੋਨ ਰਾਹੀਂ ਅਤੇ ਮਿਲ ਕੇ ਕਈ ਵਾਰੀ ਕੋਸ਼ਿਸ਼ ਕੀਤੀ ਕਿ ਮਤਭੇਦ ਵਾਲੇ ਵਿਸ਼ਿਆਂ 'ਤੇ ਨਿੱਠ ਕੇ ਵਿਚਾਰ ਵਟਾਂਦਰਾ ਕੀਤਾ ਜਾਵੇ। ਡਾਕਟਰ ਵੱਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਡਾਕਟਰ ਨੇ ਨੌਜਵਾਨਾਂ ਨੂੰ ਗੁਰਬਾਣੀ ਬਾਰੇ ਮੁੱਢਲੀ ਜਾਣਕਾਰੀ ਦੇਣ ਦੀ ਵਚਨਬੱਧਤਾ ਦਰਸਾਈ ਹੈ। ਪਰ ਇਹ ਖ਼ੁਦ ਤਾਂ ਮਹਿਤੇ ਚੌਕ ਵਾਲਿਆਂ ਨੂੰ ਪ੍ਰਮੁੱਖਤਾ ਦਿੰਦੇ ਹਨ ਜੋ ਕਿ ਗੁਰਬਾਣੀ ਨੂੰ ਮੰਤਰ ਜਾਪਾਂ ਤੱਕ ਤੇ ਰੋਟੀ-ਰੋਜ਼ੀ ਦੇ ਵਸੀਲੇ ਤੱਕ ਸੀਮਤ ਸਮਝਦੇ ਹਨ। ਆਪਣੀ ਪੁਸਤਕ ਵਿਚ ਟਕਸਾਲ ਵੱਲੋਂ ਬੱਚਿਆਂ ਨੂੰ ਗੁਰਬਾਣੀ ਸੰਥਾ ਕਰਾਉਣ ਵਾਲੀ ਫ਼ੋਟੋ ਛਾਪ ਕੇ ਉਨ੍ਹਾਂ ਨੂੰ ਇਕ ਤਰ੍ਹਾਂ ਮਾਨਤਾ ਦਿੱਤੀ ਹੈ। ਇਸ ਦਾ ਸਪੱਸ਼ਟ ਭਾਵ ਇਹੀ ਬਣਦਾ ਹੈ ਕਿ ਜੇ ਵੀਰ ਜੀ ਗੁਰਬਾਣੀ ਬਾਰੇ ਨੌਜਵਾਨਾਂ ਨੂੰ ਮੁੱਢਲੀ ਜਾਣਕਾਰੀ ਦੇਣਗੇ ਤਾਂ ਉਹ ਮਹਿਤੇ ਟਕਸਾਲ ਤਰਜ ਵਾਲੀ ਹੋਵੇਗੀ। ਉਹੀ ਪੌਰਾਣਕ ਕਹਾਣੀਆਂ ਦਾ ਕੁਫ਼ਰ ਲੋਕ ਮਨਾਂ 'ਤੇ ਲੱਦਿਆ ਜਾਵੇਗਾ। ਜਿਵੇਂ ਹੋਰ ਸਾਰੇ ਕਥਾਕਾਰ ਕਥਾ ਕਰਦਿਆਂ ਆਪਣੀ ਮੱਤ ਭਾਰੂ ਕਰ ਲੈਂਦੇ ਹਨ। ਇਸੇ ਤਰ੍ਹਾਂ ਜਦੋਂ ਵੀਰ ਗੁਰਸ਼ਰਨਜੀਤ ਸਿੰਘ ਕਥਾ ਵਿਆਖਿਆ ਕਰੇਗਾ ਤਾਂ ਕੀ ਗਾਰੰਟੀ ਹੈ ਕਿ ਉਹ 'ਆਪਣੀ ਮੱਤ' ਭਾਰੂ ਨਹੀਂ ਹੋਣ

ਦੇਵੇਗਾ ?

ਆਸ ਕਰਦਾ ਹਾਂ ਮਿਲ ਬੈਠ ਕੇ ਵਿਚਾਰ ਕਰਕੇ, ਕਿਸੇ ਨਿਰਣੇ 'ਤੇ ਪੁੱਜਿਆ ਜਾਵੇ। ਸਤੰਬਰ 2004 ਤੋਂ ਜੁਆਬ ਦੀ ਉਡੀਕ ਵਿਚ।

***

# ਲੇਖਾਰੀਆਂ ਨੂੰ ਬੇਨਤੀ

ਸਿਧਾਂਤ ਦੇ ਘੜਨ ਵਾਲੇ, ਆਪਣੇ ਆਖੇ ਨੂੰ ਖ਼ੁਦ ਕਮਾਉਣ ਵਾਲੇ, ਸਤਿਗੁਰੂ ਜੀ ਦਾ ਸਿਦਕਵਾਨ ਗੁਰਸਿੱਖਾਂ ਦੇ ਮਨਾਂ ਅੰਦਰ ਅਥਾਹ ਸਤਿਕਾਰ ਹੈ। ਗੁਰੂ ਗ੍ਰੰਥ ਸਾਹਿਬ ਵਿਚ ਨਾਜਲ ਹੋਈ "ਧੁਰ ਕੀ ਬਾਨੀ" ਸਿੱਖ ਪੰਥ ਦੀ ਨੀਂਹ (ਅਧਾਰ ਸ਼ਿਲਾ) ਹੈ। ਇਸ ਦਾ ਇਕ ਇਕ ਵਾਕ ਅਮੋਲਕ ਹੈ। ਜੇ ਸਿੱਖ ਦੀ ਜ਼ਿੰਦਗੀ ਵਿਚ ਗੁਰਬਾਣੀ ਦਾ ਗਿਆਨ ਨਹੀਂ ਹੈ, ਗੁਰਸ਼ਬਦ ਅਨੁਸਾਰੀ ਜੀਵਨ ਨਹੀਂ ਹੈ। ਉਹ ਹੋਰ ਭਾਵੇਂ ਜੋ ਮਰਜ਼ੀ ਅਖਵਾਉਂਦਾ ਫਿਰੇ, ਸਿੱਖ ਅਖਵਾਉਣ ਦਾ ਕਦਾਚਿਤ ਅਧਿਕਾਰੀ ਨਹੀਂ ਹੈ। ਅੱਜ ਬਹੁਗਿਣਤੀ ਸਿੱਖ ਅਖਵਾਉਣ ਵਾਲੇ, ਜੇ ਕੁਰਾਹੇ ਪਏ ਨਜ਼ਰ ਆਉਂਦੇ ਹਨ, ਤਾਂ ਇਸ ਦਾ ਸਪੱਸ਼ਟ ਭਾਵ ਹੈ ਕਿ ਇਹ ਲੋਕ, ਗੁਰਬਾਣੀ ਤੋਂ ਕੋਰੇ ਹਨ। ਕੁੱਝ ਇਕ ਚੋਣਵੇਂ ਗੁਰਸਿੱਖਾਂ ਨੂੰ ਛੱਡ ਕੇ, ਅੱਜ ਗੁਰਮਤਿ ਬਾਰੇ ਕਲਮਾਂ ਘਸਾਉਣ ਵਾਲਾ ਬਹੁਤਾ ਤਬਕਾ (ਲੇਖਕ) ਗੁਰਬਾਣੀ ਨੂੰ ਪੜ੍ਹੇ ਵੀਚਾਰੇ ਤੋਂ ਬਿਨਾਂ ਹੀ "ਇਤਿਹਾਸ" ਲਿਖ ਰਿਹਾ ਹੈ। ਵਿਚਾਰੇ ਤੋਂ ਬਿਨਾਂ ਹੀ ਸਿਧਾਂਤਾਂ ਦਾ ਅਲੰਬਰਦਾਰ ਬਣਿਆ ਫਿਰਦਾ ਹੈ। ਲਿਖਤ ਰੂਪ ਵਿਚ ਠੋਸ ਕਾਰਜ ਜਿਨਾਂ ਗੁਰਸਿੱਖਾਂ ਨੇ ਕੀਤਾ ਹੈ, ਉਨ੍ਹਾਂ ਵਿਚੋਂ ਪਹਿਲੇ ਤਾਂ ਸਤਿਕਾਰਯੋਗ ਭਾਈ ਗੁਰਦਾਸ ਜੀ ਹਨ। ਇਸੇ ਤਰ੍ਹਾਂ ਆਧੁਨਿਕ ਜ਼ਮਾਨੇ ਵਿਚ ਸਿਧਾਂਤਾਂ ਦੀ ਸਪੱਸ਼ਟਤਾ ਲਈ, ਗੁਰਬਾਣੀ ਦੇ ਚਾਨਣ ਵਿਚ ਬਹੁਤ ਹੀ ਨਿਵੇਕਲਾ ਕਾਰਜ ਕੀਤਾ ਭਾਈ ਕਾਹਨ ਸਿੰਘ ਜੀ ਨਾਭਾ ਨੇ। ਗੁਰਬਾਣੀ ਵਿਆਕਰਣ ਮੁਤਾਬਕ, ਸਿੱਖ ਅਸੂਲਾਂ ਨੂੰ ਨਿਖਾਰ ਕੇ ਪੇਸ਼ ਕਰਨ ਵਿਚ, ਗੁਰਮਤਿ ਤੋਂ ਉਲਟ ਵਿਚਾਰਾਂ ਨੂੰ ਬਾਦਲੀਲ ਢੰਗ ਨਾਂਲ, ਗੁਰਬਾਣੀ ਰਾਹੀਂ ਪਰਖ ਕੇ ਰੱਦ ਕਰਨ ਵਿਚ ਫ਼ਖ਼ਰਯੋਗ ਕੰਮ ਕੀਤਾ ਪ੍ਰੋ. ਸਾਹਿਬ ਸਿੰਘ ਜੀ ਨੇ। ਇਨ੍ਹਾਂ ਤੋਂ ਅਗਲੀ ਕੜੀ ਦਾ ਕਾਰਜ ਬੜੀ ਦੇਰ ਤਕ ਰੁਕਿਆ ਰਿਹਾ। ਕੁੱਝ ਲੇਖਕਾਂ (ਖਾਸਕਰ ਮਿਸ਼ਨਰੀ ਕਾਲਜਾਂ ਨਾਲ ਸਬੰਧਤ) ਨੇ ਇਸ ਕਾਰਜ

ਨੂੰ ਅੱਗੇ ਟੋਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਲੋਕ ਮਨਾਂ ਵਿਚ ਕਿਸੇ ਵੱਡੇ ਵਿਸਫ਼ੋਟ ਦੀ ਲੋੜ ਸੀ। ਅਗਿਆਨਤਾ ਦੀ ਘੁੰਮਣ ਘੇਰੀ ਵਿਚੋਂ ਕੱਢਣ ਲਈ, ਸਦੀਆਂ ਤੋਂ ਮਨਾਂ ਅੰਦਰ ਜਮ ਚੁਕੇ ਪਖੰਡ ਨੂੰ ਚੂਰ ਚੂਰ ਕਰਨ ਲਈ, ਕਰਮਕਾਂਡ ਦੀ ਹਨੇਰੀ ਗੁਫਾ ਵਿਚੋਂ, ਗੁਰਬਾਣੀ ਦੇ ਸੂਰਜ ਸਨਮੁੱਖ ਕਰਨ ਲਈ, ਸ. ਗੁਰਬਖ਼ਸ਼ ਸਿੰਘ ਜੀ (ਕਾਲਾਅਫ਼ਗਾਨਾ) ਨੇ ਜੋ ਕਾਰਜ ਕੀਤਾ ਹੈ, ਉਹ ਜ਼ਿਕਰਯੋਗ ਵੀ ਹੈ, ਤੇ ਫ਼ਖ਼ਰਯੋਗ ਵੀ ਹੈ।

ਸਾਡੇ ਸਿੱਖ ਲੇਖਕਾਂ ਨੇ ਕਦੀ ਦੋ ਟੁਕ ਫ਼ੈਸਲਾ ਕਰਨ ਵਾਲੀ ਲਿਖਤ ਲਿਖਣ ਦੀ ਜੁਅੱਰਤ ਨਹੀਂ ਕੀਤੀ। ਪਹਿਲਾਂ ਤੋਂ ਚਲੇ ਆ ਰਹੇ ਪ੍ਰੰਪਰਾਵਾਂ ਦੀ ਵਿਚਾਰਧਾਰਾ ਨੂੰ, ਮੁੜ ਦੁਹਰਾਇਆ ਜਾਂਦਾ ਰਿਹਾ ਹੈ। ਬਹੁਤ ਸਾਰੀਆਂ ਲਿਖਤਾਂ ਵਿਚ ਸਪੱਸ਼ਟ ਤੌਰ ’ਤੇ ਗੁਰਬਾਣੀ ਦੀ ਵਿਰੋਧਤਾ ਹੈ। ਸਤਿਗੁਰੂ ਸਾਹਿਬਾਨ (ਸਮੇਤ ਭਗਤਾਂ ਦੇ) ਦੀ ਨਿਰਮਲ, ਪਰਉਪਕਾਰੀ, ਸ਼ਖ਼ਸੀਅਤ ਦੀ ਅਨੇਕ ਥਾਈਂ ਤੌਹੀਨ ਕੀਤੀ ਗਈ ਹੈ। ਆਪੋ ਆਪਣੀ ਮੱਤ ਨੂੰ ਗੁਰਬਾਣੀ ਦੀ ਆੜ ਲੈ ਕੇ, ਗੁਰਮਤਿ ਗਰਦਾਨਿਆ ਜਾ ਰਿਹਾ ਹੈ। ਵੱਡੀਆਂ ਪੁਸਤਕਾਂ, ਵੱਡੇ ਲੇਖਕ, ਅੱਜ ਵੀ ਇਹੀ ਕੁੱਝ ਪ੍ਰਚਾਰਦੇ ਲਿਖਦੇ, ਸਪੱਸ਼ਟ ਵੇਖੇ ਜਾ ਸਕਦੇ ਹਨ। ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਥਾਪ ਦਿੱਤਾ ਗਿਆ ਹੈ। ਡੇਰਿਆਂ ਟਕਸਾਲਾਂ ਵਿਚ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ, ਦਸਮ ਗ੍ਰੰਥ ਨੂੰ ਟਿਕਾ ਲਿਆ ਗਿਆ ਹੈ। ਦੋ ਤਖ਼ਤਾਂ (ਪਟਨਾ ਤੇ ਨਾਂਦੇੜ) ’ਤੇ ਵੀ ਇਹੀ ਦੁਸ਼ਟ ਕਰਮ ਬੜੀ ਨਿਰਲੱਜਤਾ ਨਾਲ ਕੀਤਾ ਜਾ ਰਿਹਾ ਹੈ। “ਧੁਰ ਕੀ ਬਾਣੀ” ਦੇ ਅਖੰਡ ਪਾਠ ਦਾ ਰੇਟ ਘੱਟ, ਅਸ਼ਲੀਲ ਕਹਾਣੀਆਂ ਤੇ ਲੱਚਰਤਾ ਨਾਲ ਲਬਰੇਜ, ਦਸਮ ਗ੍ਰੰਥ ਦਾ ਅਖੰਡ ਪਾਠ ਮਹਿੰਗੇ ਰੇਟਾਂ ’ਤੇ ਕੀਤਾ ਜਾ ਰਿਹਾ ਹੈ। ਕੋਈ ਵਰਜਣ ਵਾਲਾ ਨਹੀਂ, ਇਨ੍ਹਾ ਵਪਾਰੀਆਂ ਅਤੇ ਪੁਜਾਰੀਆਂ ਨੂੰ।

ਸ੍ਰ. ਗੁਰਬਖ਼ਸ਼ ਸਿੰਘ ਜੀ ਨੇ ਜਿਥੇ “ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ” ਪੁਸਤਕ ਲੜੀ ਲਿਖ ਕੇ, ਸਿੱਖ ਕੌਮ ਦੀ ਪ੍ਰਸ਼ੰਸਾਯੋਗ ਸੇਵਾ ਕੀਤੀ ਹੈ। ਉਥੇ ਹੀ ਇਨ੍ਹਾਂ ਦਸਮ ਗ੍ਰੰਥ ਅੰਦਰਲੇ ਪੋਲ ਖੋਲ੍ਹ ਕੇ ਸੰਸਾਰ ਸਨਮੁੱਖ ਰੱਖਣ ਦੀ ਖ਼ੂਬ ਦਲੇਰੀ ਕੀਤੀ ਹੈ। ਗੁਰਬਾਣੀ ਦੀ ਪਰਖ ਕਸਵੱਟੀ ਤੇ ਪਰਖ ਕੇ, ਮਾਨੋ ਬਾਰੀਕ ਛਾਨਣੇ ਵਿਚੋਂ ਛਾਣ ਕੇ, ਆਪਣੇ ਵਿਚਾਰਾਂ ਨੂੰ ਪੁਸਤਕ ਰੂਪ ਦਿੱਤਾ ਹੈ। ਇਸ ਤੋਂ ਪਹਿਲਾਂ ਕਿਸੇ ਇਕ ਵੀ ਸਿੱਖ ਲੇਖਕ ਨੇ, ਗੁਰਬਾਣੀ ਦੇ ਇੰਨੇ ਪਰਮਾਣ ਨਹੀਂ ਦਿੱਤੇ। ਸਰਦਾਰ ਜੀ ਜਿਵੇਂ ਗੁਰਬਾਣੀ ਰੂਪੀ ਅਥਾਹ ਸਮੁੰਦਰ ਵਿਚ ਚੁਭੀਆਂ ਲਾਉਂਦੇ ਹਨ।

ਬਣਾ ਸੰਵਾਰ ਕੇ ਹੀਰੇ ਮੋਤੀ ਪਾਠਕਾਂ ਅੱਗੇ ਪਰੋਸਦੇ ਹਨ, ਉਸ ਦਾ ਕੋਈ ਜਵਾਬ ਨਹੀਂ। ਗੁਰੂ ਫੁਰਮਾਨ ਹੈ :

ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ॥ (322)

ਬਲਿਹਾਰ ਜਾਵਾਂ ਉਨ੍ਹਾਂ ਬਜ਼ੁਰਗ ਹਸਤ ਕਮਲਾਂ ਤੋਂ, ਜਿਨ੍ਹਾਂ ਇਹ ਗੋਹਜ ਖ਼ਜਾਨੇ ਉਜਾਗਰ ਕੀਤੇ ਹਨ।

ਬਹੁਤ ਲੰਮੇ ਸਮੇਂ ਤੋਂ "ਚੰਡੀ ਕੀ ਵਾਰ" ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਗਰਦਾਨ ਕੇ ਸਿੱਖਾਂ ਦੇ ਗਲੇ ਦੀ ਹੱਡੀ ਬਣੀ ਹੋਈ ਹੈ। ਭੁੱਲੜ ਲੋਕ, ਇਸ ਦਾ "ਪਵਿੱਤਰ ਪਾਠ ਜਾਪ" ਵੀ ਕਰਦੇ ਵੇਖੇ ਗਏ ਹਨ। ਨਿਹੰਗ ਜਕੇਬੰਦੀਆਂ ਨੇ, ਇਸ ਨੂੰ ਬਹੁਤ ਹੀ ਸਿਰ 'ਤੇ ਚੁਕਿਆ ਹੋਇਆ ਹੈ। ਸਿੱਖ ਸਟੇਜਾਂ 'ਤੇ, ਇਸ ਵਿਚੋਂ ਪੰਗਤੀਆਂ ਲੈ ਕੇ, ਬੋਲੀਆਂ ਗਾਈਆਂ ਜਾਣੀਆਂ ਆਮ ਗੱਲ ਹੈ। ਇਸੇ ਚੰਡੀ ਦੀ ਵਾਰ ਦੀ ਪਹਿਲੀ ਪਉੜੀ "ਪ੍ਰਿਥਮ ਭਗਉਤੀ ਸਿਮਰ ਕੈ", ਸਾਰੇ ਗੁਰਦਵਾਰਿਆਂ ਵਿਚ, ਅਰਦਾਸ ਦਾ ਮੁੱਢ ਬਣਾ ਕੇ ਪੜ੍ਹੀ, ਗਾਈ ਜਾ  ਰਹੀ ਹੈ। ਕਿਸੇ ਖਿੱਚ ਧੂਹ ਨਾਲ ਵੀ ਭਗਉਤੀ ਅਕਾਲ ਪੁਰਖਵਾਚੀ ਨਹੀਂ ਬਣਦੀ। ਭਗਉਤੀ ਭਗਵਤੀ ਦੇਵੀ ਤੋਂ ਮੁਰਾਦ ਹੈ। ਕਿਸੇ ਪੁਰਾਤਨ ਕੋਸ਼ ਵਿਚ, ਇਸ ਦੇ ਅਰਥ ਅਕਾਲ ਪੁਰਖ ਨਹੀਂ ਹਨ। ਗੁਰਬਾਣੀ ਦੀ ਇੱਕ ਅੱਧ ਪੰਕਤੀ ਯਾਦ ਕਰ ਲੈਣ ਵਾਲੇ "ਵਿਦਵਾਨ ਤੇ ਪ੍ਰਚਾਰਕ" ਇਕ ਇਹ ਪ੍ਰਮਾਣ ਭੀ ਦਿਆ ਕਰਦੇ ਹਨ : ਭਗਉਤੀ ਭਗਵੰਤ ਭਗਤਿ ਕਾ ਰੰਗੁ॥ (274) ਜੋ ਵਿਅਕਤੀ ਭਾਗਵਤ (ਗੀਤਾ ਦਾ ਪਰਮਾਰਥ) ਤੇ ਵਿਸ਼ਵਾਸ ਰਖਦਾ ਹੈ, ਕ੍ਰਿਸ਼ਨ ਵਿਸ਼ਨੂੰ ਆਦਿ ਨੂੰ ਖ਼ੁਸ਼ ਕਰਨ ਲਈ ਨੱਚਣ ਟੱਪਣ ਨੂੰ "ਧਰਮ" ਮੰਨੀ ਬੈਠਾ ਹੈ, ਉਸ ਨੂੰ ਭਗਉਤੀ ਕਿਹਾ ਗਿਆ ਹੈ। ਸਿੱਖ ਅਜਿਹੇ ਕਿਸੇ ਵਿਅਕਤੀ (ਭਗਉਤੀ) ਦੇ ਪੁਜਾਰੀ ਭੀ ਨਹੀਂ ਹਨ। ਸੁਖਮਨੀ ਦੀ ਇਸ ਨੌਵੀਂ ਅਸਟਪਦੀ ਵਿਚ, ਅਸਲੀ ਭਗਉਤੀ ਦੇ ਲੱਛਣ ਦਸੇ ਗਏ ਹਨ। ਇਥੇ ਹੀ ਇਹ ਵੀ ਲਿਖਿਆ ਹੋਇਆ ਹੈ- ਸਾਧ ਸੰਗਿ ਪਾਪਾ ਮਲੁ ਖੋਵੈ॥ ਤਿਸੁ ਭਗਉਤੀ ਕੀ ਮਤਿ ਉਤਮ ਹੋਵੈ॥ (274), ਹੋਰ- ਐਸਾ ਭਗਉਤੀ ਉਤਮੁ ਹੋਇ॥ ਨਾਨਕ ਸਚਿ ਸਮਾਣੈ ਸੋਇ॥ (88) ਕੁੱਝ ਲੋਕਾਂ ਹੋਰ ਕੱਦੂ ਵਿਚ ਤੀਰ ਕੱਢ ਮਾਰਿਆ ਹੈ, ਅਖੇ! "ਭਗਉਤੀ ਕਿਰਪਾਨ ਨੂੰ ਆਖਿਆ ਗਿਆ ਹੈ।" ਸਿੱਖ ਕੌਮ ਕਿਰਪਾਨ ਦਾ ਸਿਮਰਣ ਨਹੀਂ ਕਰਦੀ, ਨਾ ਹੀ ਕਰਨਾ ਵਾਜਬ ਹੈ। (ਕਿਰਪਾਨ) ਸ਼ਸ਼ਤਰ ਗ਼ਰੀਬ ਦੀ ਸੁਰੱਖਿਆ, ਜਰਵਾਣੇ ਦੀ ਭੱਖਿਆ, ਕਰਨ ਵਾਲਾ, ਇਕ ਉਤਮ ਦਰਜੇ ਦਾ ਹਥਿਆਰ ਹੈ। ਪੂਜਣ ਵਾਲੀ ਕੋਈ ਵਸਤੂ ਹਰਗਿਜ਼ ਨਹੀਂ ਹੈ। ਹਥਿਆਰਾਂ ਦੀ ਪੂਜਾ

ਕਰਨ ਵਾਲੀਆਂ ਕੌਮਾਂ ਗ਼ੁਲਾਮ ਹੋਇਆ ਕਰਦੀਆਂ ਹਨ। ਸ਼ਸ਼ਤਰਾਂ ਦੀ ਉਚਿਤ ਵਰਤੋਂ ਕਰਨ ਵਾਲੀਆਂ ਕੌਮਾਂ ਸੰਸਾਰ ਵਿਚ ਜਸ ਪਾਉਂਦੀਆਂ ਹਨ।

ਅਸਲ ਵਿਚ ਪਾਪ ਭਰੀ ਸੋਚ ਨਾਲ, "ਪ੍ਰਿਥਮ ਭਗਉਤੀ" ਵਾਲੀ ਪਉੜੀ ਨੂੰ ਦਸਮ ਪਾਤਸ਼ਾਹ ਨਾਲ ਜੋੜ ਕੇ, ਸਤਿਗੁਰੂ ਸਾਹਿਬਾਨ, ਅਤੇ ਪੂਰੇ ਖ਼ਾਸਲਾ ਪੰਥ ਨੂੰ ਦੇਵੀ (ਭਗਉਤੀ) ਦਾ ਪੁਜਾਰੀ ਬਣਾ ਦਿੱਤਾ ਹੈ। ਪੜਦਾ ਪਾਉਣ ਵਾਸਤੇ ਪਹਿਲਾਂ ਲਿੱਖ ਦਿੱਤਾ- "੧ੴ ਵਾਹਿਗੁਰੂ ਜੀ ਕੀ ਫ਼ਤਹਿ, ਸ੍ਰੀ ਭਗਉਤੀ ਜੀ ਸਹਾਇ॥ ਵਾਰ ਸ੍ਰੀ ਭਗਉਤੀ ਜੀ ਕੀ, ਪਾਤਸ਼ਾਹੀ ੧੦॥" .... ਪਾਠਕ ਜਨੋਂ ਧਿਆਨ ਦਿਉ ! ਹੇ ਭਗਵਤੀ ਦੇਵੀ ਹਰ ਥਾਂ ਸਾਡੀ ਸਹਾਇਤਾ ਕਰਨੀ। ਇਹ ਵਾਰ ਭਗਵਤੀ ਜੀ ਦੀ ਹੈ। ਜੋ (ਕਥਿਤ) ਦਸਮ ਪਾਤਸ਼ਾਹ ਨੇ ਲਿਖੀ ਹੈ। ਇਸੇ ਭਗਵਤੀ ਮਾਈ ਨੂੰ ਗੁਰੂ ਨਾਨਕ ਨੇ ਧਿਆਇਆ ਸੀ। ...." ਲਈ ਧਿਆਇ।" ਇਸਤਰੀ ਲਿੰਗ ਹੈ।... "ਰਾਮਦਾਸੈ ਹੋਈ ਸਹਾਇ" ... । "ਤੇਗ ਬਹਾਦਰ ਸਿਮਰੀਐ ਘਰ ਨਉਨਿਧ ਆਵੈ ਧਾਇ॥ ਸਭ ਥਾਈ ਹੋਇ ਸਹਾਇ॥" ਗੁਰੂ ਅੰਗਦ ਸਾਬਿਹ ਤੋਂ ਲੈ ਕੇ ਨੋਵੇਂ ਪਾਤਿਸ਼ਾਹ 'ਤੇ ਭੀ, ਇਸੇ ਦੇਵੀ ਭਗਵਤੀ ਨੇ ਕਿਰਪਾ ਕੀਤੀ ਸੀ। ਦਸਮ ਪਾਤਿਸ਼ਾਹ ਨੇ ਇਸੇ ਲਈ ਭਗਵਤੀ ਦੇ ਗੁਣ ਗਾਇਨ ਕੀਤੇ ਹਨ। ਪਤਾ ਨਹੀਂ ਕਿਸ ਅਧਿਕਾਰ ਦੁਆਰਾ, ਸਿੱਖ ਰਹਿਤ ਮਰਿਆਦਾ ਵਿਚ, ਅਰਦਾਸ ਲਿਖਣ ਵਾਲੇ ਸੱਜਣ ਅਪਣੇ ਕੋਲੋਂ, ਦਸਮ ਪਾਤਿਸ਼ਾਹ ਜੀ ਦਾ ਨਾਮ ਵਰਤ ਕੇ, ਇਕ ਲਾਈਨ ਹੋਰ ਪਾਉਣੀ ਦੀ ਬੱਜਰ ਗੁਸਤਾਖੀ ਕਰ ਗਏ। ਗੁਰਬਾਣੀ ਦੀ ਪਰਖ ਕਸਵੱਟੀ 'ਤੇ ਪਰਖ ਕੇ ਸਰਦਾਰ ਜੀ ਨੇ ਗੁਰਮਤਿ ਵੀਚਾਰ ਪੇਸ਼ ਕੀਤੇ ਹਨ। ਕੀ ਸਿੱਖਾਂ ਨੂੰ ਅੱਜ ਗੁਰਬਾਣੀ ਦੀ ਥਾਵੇਂ ਚੰਡੀ ਦੀ ਵਾਰ ਵਰਗੀਆਂ ਕੂੜ ਕਹਾਣੀਆਂ ਨਾਲ ਜ਼ਿਆਦਾ ਮੋਹ ਹੋ ਗਿਆ ਹੈ ? ਜੀ ਹਾਂ ਸੱਚ ਇਹੀ ਹੈ। ਲੇਖਕ ਤੇ ਪ੍ਰਚਾਰਕ ਖ਼ੁਦ ਹੀ ਆਪਣੇ ਦੂਲੇ ਪੰਥ ਨੂੰ ਖਾਰੇ ਸਾਗਰ ਵਿਚ ਡੋਬ ਰਹੇ ਹਨ। ਦੁਸ਼ਮਣਾਂ ਨੂੰ ਖੇਚਲ ਕਰਨ ਦੀ ਜ਼ਰੂਰਤ ਹੀ ਨਹੀਂ ਰਹੀ। ਵਿਦਵਾਨ ਲੇਖਕ ਨੇ ਗੁਰਬਾਣੀ ਦਾ ਜੋ ਗਹਿਣ ਅਧਿਐਨ ਕੀਤਾ ਹੈ, ਉਸ ਅੱਗੇ ਬਦੋ ਬਦੀ ਸਿਰ ਝੁਕਦਾ ਹੈ। ਆਉਣ ਵਾਲੇ ਸਮੇਂ ਵਿਚ ਇਨ੍ਹਾਂ ਦੀਆਂ ਲਿਖੀਆਂ ਇਹ ਸਿਧਾਂਤਕ ਪੁਸਤਕਾਂ "ਹਵਾਲਾ ਪੁਸਤਕਾਂ" ਦਾ ਮਾਣ ਹਾਸਲ ਕਰਨਗੀਆਂ, ਇਹ ਮੇਰਾ ਵਿਸ਼ਵਾਸ ਹੈ। ਆਪਣੇ ਘਰ ਵਿਚ ਇਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਦਾ ਰੱਖਣਾ ਮਾਣ ਵਾਲੀ ਗੱਲ ਹੋਇਆ ਕਰੇਗੀ। ਪੰਥ ਵਿਚੋਂ "ਛੇਕਣ" ਵਰਗੀਆਂ ਮੰਦ ਕਰਤੂਤਾਂ 'ਤੇ "ਮੋਹਰ ਲਾਉਣ ਵਾਲੇ, ਹਾਂ ਵਿਚ ਹਾਂ", ਮਿਲਾਉਣ ਵਾਲੇ, ਆਪਣੇ ਕੀਤੇ ਤੇ ਸ਼ਰਮਸਾਰ ਹੋਣਗੇ।

ਉਨ੍ਹਾਂ ਨੂੰ ਇਤਿਹਾਸ ਕਦੀ ਮੁਆਫ਼ ਨਹੀਂ ਕਰੇਗਾ। ਸਤਿਗੁਰੂ ਜੀ ਦੀ ਬਖ਼ਸ਼ਿਸ਼ ਕੀਤੀ ਗੁਰਬਾਣੀ ਰੂਪੀ ਮਤ ਨੂੰ ਸੁਆਸ ਸੁਆਸ ਧਾਰਨ ਕਰਨ ਵਾਲਾ, ਦਿਨ ਰਾਤ ਗੁਰਬਾਣੀ, ਇਤਿਹਾਸ ਆਦਿ ਤੇ ਬੇਅੰਤ ਮਿਹਨਤ ਕਰਨ ਵਾਲਾ, ਸੁੱਤੇ ਪੰਥ ਨੂੰ ਕੂਕ ਕੂਕ ਕੇ ਜਗਾਉਣ ਵਾਲਾ, ਗੁਰੂ ਦਰਬਾਰ ਵਿਚ, ਪੂਰੀ ਤਰ੍ਹਾਂ ਸੁਰਖਰੂ ਹੈ। ਕਿਸ ਦੇ ਮੂੰਹ 'ਤੇ ਕਾਲਖ ਪੋਚੀ ਜਾਵੇਗੀ, ਇਹ ਫ਼ੈਸਲਾ ਆਉਣ ਵਾਲਾ ਸਮਾਂ ਕਰੇਗਾ।

ਸਰਦਾਰ ਗੁਰਬਖ਼ਸ਼ ਸਿੰਘ ਜੀ ਹੁਣ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ ਹਨ। ਉਨ੍ਹਾਂ ਵਲੋਂ ਮੈਨੂੰ ਭੂਮਿਕਾ ਵਾਲੇ ਦੋ ਸ਼ਬਦ ਲਿਖਣ ਦਾ ਮਾਣ ਦਿੱਤਾ ਗਿਆ ਹੈ। ਇਕ "ਸਿੱਖ ਬਾਗੀ ਕਵੀ ਸ. ਗਜਿੰਦਰ ਸਿੰਘ ਨੇ", ਬਹੁਤ ਪਹਿਲਾਂ ਕਵਿਤਾਵਾ ਦੀ ਕਿਤਾਬ ਲਿਖੀ। ਭੂਮਿਕਾ ਲਿਖਵਾਉਣ ਲਈ ਸੰਤ ਸਿੰਘ ਸੇਖੋਂ ਕੋਲ ਤਰਲੇ ਕੀਤੇ, ਅੰਮ੍ਰਿਤਾ ਪ੍ਰੀਤਮ ਦੀ ਮਿੰਨਤ ਕੀਤੀ। ਕਵਿਤਾਵਾਂ ਪੜ੍ਹ ਸੁਣ ਕੇ, ਸਾਰੇ ਸਿਰ ਫੇਰ ਗਏ। ਜਿਸ ਸੇਖੋਂ ਨੂੰ "ਮਿੱਤਰ ਪਿਆਰਾ" ਨਾਵਲ ਲਿਖਣ ਲਗਿਆਂ ਲੈਨਿਨ (ਰੂਸੀ) ਦੇ ਬੱਚਿਆਂ ਦਾ ਦੁਖ ਤੜਪਾਉਂਦਾ ਹੈ। ਦੁੱਧ ਤੇ ਡਬਲ ਰੋਟੀ ਨਾ ਮਿਲੀ, ਜ਼ਮੀਨ 'ਤੇ ਸੁੱਤੇ....। ਲੈਨਿਨ ਪ੍ਰਵਾਰਕ ਸੁਖ ਤੋਂ ਵਾਂਝਾ ਰਿਹਾ, ਮੁਸੀਬਤਾਂ ਝੱਲੀਆਂ ਸੱਭ ਪਤਾ ਹੈ। ਪਰ ਦਸਮੇਸ਼ ਪਿਤਾ ਕਿਵੇਂ ਜੰਗਲਾਂ ਵਿਚ ਨੰਗੇ ਪੈਰੀਂ ਕੰਡਿਆਂ 'ਤੇ ਤੁਰਦੇ ਰਹੇ, ਚਾਰੇ ਸਾਹਿਬਜ਼ਾਦੇ ਕਿਵੇਂ ਜ਼ੁਲਮ ਅੱਗੇ ਹਿੱਕ ਤਾਣ ਅੜ ਖਲੋਤੇ, ਸ਼ਹੀਦੀਆਂ ਪਾ ਗਏ...। ਸੇਖੋਂ ਹੁਰਾਂ ਨੂੰ ਪਤਾ ਹੀ ਨਹੀਂ। ਮੈਂ ਅਜਿਹੇ ਸ਼ਖ਼ਸ ਤੋਂ ਆਪਣੀ ਕਿਤਾਬ ਦੀ ਭੂਮਿਕਾ ਕਿਉਂ ਲਿਖਾਵਾਂ? ਅੰਮ੍ਰਿਤਾ ਪ੍ਰੀਤਮ ਨੂੰ ਇਸ਼ਕ ਮੁਸ਼ਕ ਚੰਗੇ ਲੱਗੇ, ਸਿਗਰਟ ਸ਼ਰਾਬ ਪਿਆਰੀ ਲੱਗੀ। ਸੰਤਾਲੀ ਦੀ ਵੰਡ ਵਕਤ ਵਾਰਿਸ ਸ਼ਾਹ ਨੂੰ ਵਾਜਾਂ ਮਾਰ ਮਾਰ ਵੈਣ ਪਾਏ, ਪਰ ਸਿੱਖਾਂ 'ਤੇ ਢਾਹਿਆ ਜ਼ੁਲਮ, ਬੀਬੀਆਂ ਨਾਲ ਕੀਤਾ ਗਿਆ ਵਹਿਸ਼ੀ ਅਪਮਾਨ, ਲਾਸ਼ਾਂ ਦੇ ਸੱਥਰ, ਇਸ ਕਵਿਤਰੀ ਬੀਬੀ ਨੂੰ ਨਜ਼ਰ ਹੀ ਨਾ ਆਏ। ਵਰਨਾ ਕਦੀ ਕਦਾਈਂ ਦੋ ਹੰਝੂ ਬੇਦੋਸ਼ਿਆਂ ਦੇ ਬਲ ਰਹੇ ਸਿਵਿਆਂ ਕੋਲ ਖਲੋ ਕੇ ਵੀ ਕੇਰ ਦਿੰਦੀ। ਮੈਂ ਅਜਿਹੀ ਕਵਿਤਰੀ ਤੋਂ ਭੂਮਿਕਾ ਨਹੀਂ ਲਿਖਾਵਾਂਗਾ। ਜੇ ਮੈਂ ਕਿਤਾਬ ਖ਼ੁਦ ਲਿਖ ਸਕਦਾ ਹਾਂ, ਤਾਂ ਭੂਮਿਕਾ ਕਿਉਂ ਨਹੀਂ ਲਿਖ ਸਕਦਾ ਤੇ ਸ੍ਰ. ਗਜਿੰਦਰ ਸਿੰਘ ਨੇ ਖ਼ੁਦ ਹੀ ਭੂਮਿਕਾ ਲਿਖ ਦਿੱਤੀ।

ਸਰਦਾਰ ਜੀ ਹਜ਼ਾਰਾਂ ਪੰਨੇ ਖੋਜ ਭਰਪੂਰ ਲਿਖ ਚੁਕੇ ਹਨ, ਉਹ ਭੂਮਿਕਾ ਵੀ ਖ਼ੁਦ ਹੀ ਲਿਖ ਸਕਦੇ ਹਨ। ਫਿਰ ਵੀ ਮੈ ਇਸ ਨਵੀਂ ਖੋਜ ਭਰਪੂਰ, ਗੁਰਬਾਣੀ ਦੇ ਚਾਨਣ ਵਿਚ ਪਰਖੀ ਹੋਈ ਪੁਸਤਕ ਨੂੰ "ਜੀ ਆਇਆਂ ਨੂੰ", ਆਖਦਾ ਹਾਂ। ਖੋਜੀ

ਪਾਠਕਾਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਕਿਤਾਬ ਪੜ੍ਹ ਕੇ ਵਿਚਾਰ ਬਣਾਉਣੇ, ਬਿਨਾਂ ਪੜ੍ਹੇ ਟਿੱਪਣੀ ਨਾ ਕਰਿਓ। ਸਤਿਗੁਰੂ ਜੀ ਅੱਗੇ ਅਰਦਾਸ ਹੈ, ਹਾਲੀ ਹੋਰ ਲੰਮਾ ਸਮਾਂ ਇਹ ਕਲਮ ਨਿਰੰਤਰ ਚਲਦੀ ਰਹੇ। ਹਨੇਰੇ ਕੋਨਿਆਂ ਵਿਚੋਂ ਕੂੜ ਕੁਸੱਤ ਕੱਢ ਕੇ, ਚਾਨਣ ਨਾਲ ਭਰ ਦੇਵੇ। ਗੁਰਵਾਕ ਹਨ-

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥
ਲਿਖੁ ਨਾਮੁ ਸਾਲਾਹ ਲਿਖੁ, ਲਿਖੁ ਅੰਤ ਨਾ ਪਾਰਾਵਾਰ ॥ (16)

(ਨੋਟ - ਇਹ ਭੂਮਿਕਾ ਲਿਖ ਕੇ ਡਾਕ ਰਾਹੀਂ ਭੇਜੀ ਗਈ ਸੀ। ਵਕਤ ਸਿਰ ਨਾਂ ਪਹੁੰਚਣ ਕਰ ਕੇ ਪੁਸਤਕ ਦਾ ਹਿੱਸਾ ਨਹੀਂ ਬਣ ਸਕੀ।)

***

# ਗੁਰਮਤਿ ਸਿਧਾਂਤਾਂ ਦਾ ਝੰਡਾ ਬਰਦਾਰ

ਇਨ੍ਹਾਂ ਦਿਨਾਂ ਵਿਚ ਜੋ ਚਰਚਾ ਜਨ ਸਧਾਰਣ ਦੀ ਜ਼ੁਬਾਨ 'ਤੇ ਹੈ, ਉਹ ਹੈ ਸਹਿਜਧਾਰੀ ਵੋਟਾਂ ਬਾਰੇ। ਦੇਹਧਾਰੀ ਗੁਰੂਆਂ ਬਾਬਿਆਂ ਬਾਰੇ, ਜਾਂ ਫਿਰ ਚਰਚਾ ਹੋ ਰਹੀ ਹੈ ਸ੍ਰ. ਗੁਰਬਖਸ਼ ਸਿੰਘ ਜੀ ਕਾਲਾ ਅਫ਼ਗਾਨਾ ਬਾਰੇ। ਪੰਜ ਕੁ ਸਾਲ ਪਹਿਲਾਂ ਛਪੀ ਇਨ੍ਹਾਂ ਦੀ ਪੁਸਤਕ "ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ ਭਾਗ ਪਹਿਲਾ" ਪੜ੍ਹਨ ਦਾ ਮੌਕਾ ਮਿਲਿਆ। ਜਿਉਂ ਜਿਉਂ ਕਿਤਾਬ ਪੜ੍ਹੀ ਮਨ ਖੁਭਦਾ ਚਲਾ ਗਿਆ। ਲਗਪਗ 600 ਸਫ਼ੇ ਦੀ ਕਿਤਾਬ ਲਿਖਣ ਲਈ ਕਿੰਨੀ ਮਿਹਨਤ ਕਰਨੀ ਪਈ, ਕਿੰਨੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰਬਾਣੀ ਪਰਮਾਣ ਦੇਣ ਵਾਸਤੇ ਅਧਿਐਨ ਕੀਤਾ ਗਿਆ, ਜਾਂ ਫਿਰ ਹਿੰਦੂ ਪੌਰਾਣਕ ਗ੍ਰੰਥਾਂ ਦੀ ਕਿੰਨੀ ਸ਼ਿੱਦਤ ਨਾਲ ਡੂੰਘੀ ਖੋਜ ਪਰਖ ਕੀਤੀ ਗਈ, ਸੋਚ ਕੇ ਹੀ ਲੇਖਕ ਨੂੰ ਤੁਰੰਤ ਖ਼ਤ ਲਿਖ ਕੇ ਮੁਬਾਰਕਬਾਦ ਦਿਤੀ। ਉਸ ਤੋਂ ਬਾਅਦ ਜੋ ਕਿਤਾਬ ਵੀ ਛਪ ਕੇ ਆਉਂਦੀ ਪੜ੍ਹੇ ਬਿਨਾਂ ਸਕੂਨ ਨਹੀਂ ਮਿਲਦਾ ਸੀ। ਉਪਰੋਂ ਸੋਨੇ 'ਤੇ ਸੁਹਾਗਾ ਇਹ ਹੋਇਆ ਕਿ "ਸਪੋਕਸਮੈਨ" ਵਿਚ ਅਫ਼ਗਾਨਾ ਜੀ ਦੇ ਲੇਖ ਅਤੇ ਉਹਨਾਂ ਦੀ ਅਲੋਚਨਾ ਛਪਣ ਲਗ ਪਈ। ਪਿਛਲੇ ਸਮੇਂ 2000 ਵਿਚ ਮਾਰਚ ਮਹੀਨੇ ਤੋਂ ਲੇਖਕ ਨੂੰ ਕੈਨੇਡਾ ਵਿਚ ਧਰਮ ਪ੍ਰਚਾਰ ਵਾਸਤੇ ਜਾਣ (ਛੇ ਮਹੀਨੇ ਲਈ) ਦਾ ਸਾਧਨ ਬਣ ਗਿਆ। ਦਾਸ ਦੀ

ਕਥਾ ਰੇਡੀਓ ਤੋਂ ਵੀ ਪ੍ਰਸਾਰਤ ਹੁੰਦੀ ਸੀ, ਜਿਸ ਨੂੰ ਅਫ਼ਗਾਨਾ ਜੀ ਨੇ ਭੀ ਸੁਣਿਆ। ਕੋਸ਼ਿਸ਼ ਕਰਨ ਤੋਂ ਬਾਅਦ ਇਨ੍ਹਾਂ ਦੇ ਘਰ ਦਾ ਪਤਾ ਅਤੇ ਫ਼ੋਨ ਨੰਬਰ ਪ੍ਰਾਪਤ ਕੀਤਾ। ਬੇਨਤੀ ਕਰ ਕੇ ਮਿਲਣ ਦੀ ਇਜਾਜ਼ਤ ਲੈ ਲਈ। ਅਸੀਂ ਛੇ ਕੁ ਸਿੰਘਾਂ ਦਾ ਜਥਾ ਵਕਤ ਸਿਰ ਇਨ੍ਹਾਂ ਦੇ ਘਰ ਪੁੱਜ ਗਏ। ਇਹ ਉਡੀਕ ਵਿਚ ਸਨ। ਗੁਰ ਫ਼ਤਿਹ ਬੁਲਾਈ ਤੇ ਸਾਰੇ ਬੈਠ ਗਏ। ਅਸੀਂ ਸਾਰਿਆਂ ਨੇ ਸਰੀਰਕ ਸੁਖ ਸਾਂਦ ਪੁੱਛਣ ਤੋਂ ਬਾਅਦ ਕਰੀਬ ਪੰਜ ਘੰਟੇ ਇਨ੍ਹਾਂ ਕੋਲ ਬਿਤਾਏ। ਗੁਰਬਾਣੀ ਅਤੇ ਇਤਿਹਾਸ ਵਿਚੋਂ ਉਨ੍ਹਾਂ ਮੋਤੀ ਲੱਭ ਲੱਭ ਕੇ ਸਾਡੇ ਹਿਰਦੇ ਰੂਪੀ ਝੋਲੀ ਵਿਚ ਪਾਏ, ਜਿਨ੍ਹਾਂ ਦੀ ਤਵੱਕੋ ਹੀ ਨਹੀਂ ਸੀ। ਇਨ੍ਹਾਂ ਦੀ ਸੁਪਤਨੀ, ਸਤਿਕਾਰ ਯੋਗ ਮਾਤਾ ਜੀ, ਥੋੜ੍ਹੇ ਥੋੜ੍ਹੇ ਸਮੇਂ ਬਾਅਦ ਸੁਆਦਲੇ ਪਦਾਰਥ ਛਕਣ ਲਈ ਬਣਾ ਕੇ ਲਿਅਉਂਦੇ ਰਹੇ। ਲੰਮਾ ਸਮਾਂ ਅਪਣਤ ਅਤੇ ਪਿਆਰ ਵਾਲੇ ਮਾਹੌਲ ਵਿਚ ਗੁਰਮਤਿ ਵਿਚਾਰਾਂ ਹੋਈਆਂ। ਗਿਆਨ ਠਾਠਾਂ ਮਾਰਦਾ ਦਰਿਆ, ਅਥਾਹ ਸਮੁੰਦਰ, ਗਹਿਰ ਗੰਭੀਰ ਵਿਚਾਰਵਾਨ ਬਜ਼ੁਰਗ ਦੇ ਪਰਤੱਖ ਦਰਸ਼ਨ ਕਰਨ ਦਾ ਆਪਣਾ ਇਕ ਅਲੌਕਿਕ ਅਨੰਦ ਸੀ।

80 ਸਾਲ ਤੋਂ ਵਡੇਰੀ ਉਮਰ, ਹਲਕਾ ਫੁਲਕਾ ਛੇ ਫੁਟਾ ਸਰੀਰ। ਦਰਸ਼ਨੀ ਚਿਹਰਾ, ਤੋਲਵੇਂ ਸੰਕੋਚਵੇਂ ਪਰ ਵਜ਼ਨਦਾਰ ਵਿਚਾਰ। ਗੁਰਬਾਣੀ ਦੇ ਪਰਮਾਣਾਂ ਦਾ ਅੰਤ ਪਾਰਾਵਾਰ ਹੀ ਨਹੀਂ। ਇਸ ਤੋਂ ਬਾਅਦ ਦਾਸ ਰਾਗੀਆਂ ਢਾਡੀਆਂ ਅਤੇ ਕਥਾ ਵਾਚਕਾਂ ਨੂੰ ਬੇਨਤੀ ਕਰ ਕੇ ਸ੍ਰ. ਜੀ ਨੂੰ ਮਿਲਾਉਣ ਲਈ ਪ੍ਰਬੰਧ ਕਰਦਾ। ਮਿੱਤਰਾਂ ਦੋਸਤਾਂ ਨੂੰ ਇਕੱਠੇ ਕਰ ਕੇ ਦੋ ਤਿੰਨ ਵੈਨਾਂ ਭਰ ਕੇ ਦਸ ਪੰਦਰਾਂ ਦਿਨਾਂ ਬਾਅਦ ਉਨ੍ਹਾਂ ਦੇ ਪ੍ਰਵਚਨ ਸੁਣਨ ਜਾਣ ਲੱਗ ਪਏ। ਬਹੁਤ ਸਾਰੇ ਲੋਕਾਂ ਵਲੋਂ ਗੁਰਦਵਾਰਾ ਕਮੇਟੀਆਂ ਵਲੋਂ, ਜਾਂ ਫਿਰ ਪਖੰਡੀ ਬਾਬਿਆਂ ਵਲੋਂ ਉਨ੍ਹਾਂ ਦਾ ਥਾਂ ਥਾਂ ਵਿਰੋਧ ਹੋਣ ਕਰ ਕੇ ਉਹ ਗੁਰਦਵਾਰੇ ਘੱਟ ਹੀ ਕਦੇ ਜਾਂਦੇ ਹਨ। ਹੋ ਸਕਦਾ ਹੈ ਕੋਈ ਮਨਮੁਖ ਮੰਦੀ ਹਰਕਤ ਕਰ ਦੇਵੇ ਪਰ ਅਸੀਂ ਉਨ੍ਹਾਂ ਦੇ ਘਰ ਵਿਚ ਹੀ ਗੁਰਮਤਿ ਦੇ ਸਮਾਗਮ ਕਰਨੇ ਸ਼ੁਰੂ ਕਰ ਦਿੱਤੇ। ਇਕ ਘੰਟਾ ਕੀਰਤਨ, ਇਕ ਘੰਟਾ ਢਾਡੀ ਵਾਰਾਂ ਤੇ ਅੱਧਾ ਘੰਟਾ ਗੁਰਬਾਣੀ ਕਥਾ। ਪਤਾ ਲੱਗਣ ’ਤੇ ਆਂਢ ਗੁਆਂਢ ਦੇ ਸਿੱਖ ਮਾਈ ਭਾਈ ਵੀ ਆ ਬਿਰਾਜਦੇ। ਬੜੀ ਅੰਮ੍ਰਿਤ ਵਰਖਾ ਹੁੰਦੀ। ਇਸੇ ਤਰ੍ਹਾਂ ਨਾਲ ਦੇ ਘਰਾਂ ਵਾਲੇ ਵੀ ਆਪਣੇ ਘਰਾਂ ਵਿਚ ਸਮਾਗਮ ਕਰਵਾਉਣ ਲੱਗ ਪਏ ਤੇ ਸ੍ਰ. ਜੀ ਉਥੇ ਪੁੱਜ ਜਾਂਦੇ। ਜਿਨ੍ਹਾਂ ਲੋਕਾਂ ਦੇ ਮਨਾਂ ਵਿਚ ਸੁਣੀ ਸੁਣਾਈ ਈਰਖਾ ਭਰੀ ਹੋਈ ਸੀ ਇਨ੍ਹਾਂ ਪ੍ਰਤੀ, ਉਹ ਕਾਫ਼ੀ ਹਦ ਤਕ ਖ਼ਤਮ ਹੋ ਗਈ। ਅਗਲੀ ਖ਼ਾਸ ਗੱਲ ਜੋ ਸਰਦਾਰ ਜੀ ਨੇ ਮੈਨੂੰ ਦੱਸੀ, ਉਹ ਇਹ ਸੀ ਕਿ ਮੈਂ ਬਹੁਤ ਲੰਮੇ ਅਰਸੇ ਤੋਂ ਗੁਰਸਿੱਖਾਂ ਤੋਂ ਦੂਰੀ ਹੰਢਾ ਰਿਹਾ

ਹਾਂ। ਮੇਰੀ ਸਮਾਜਕ ਜ਼ਿੰਦਗੀ ਲਗਪਗ ਖਤਮ ਹੋ ਗਈ ਹੈ। ਇਕਾਂਤ ਵਾਲਾ ਜੀਵਨ ਬਿਤਾ ਰਿਹਾ ਹਾਂ। ਇਹ ਠੀਕ ਹੈ ਕਿ ਮੈਂ ਲਿਖ ਕੇ ਪੜ੍ਹਕੇ ਬਹੁਤ ਸਮਾਂ ਲੇਖੇ ਲਾ ਲੈਂਦਾ ਹਾਂ, ਪਰ ਫਿਰ ਭੀ ਸਮਾਜਕ ਜੀਵ ਨੂੰ ਸਾਥ ਭੀ ਲੋੜੀਂਦਾ ਹੈ। ਮੇਰੇ ਬੱਚਿਓ, ਤੁਸੀਂ ਆ ਕੇ ਮੇਰੀ ਮੁੜ ਤੋਂ ਸਮਾਜ ਵਿਚ ਵਾਪਸੀ ਦਾ ਰਾਹ ਪੱਧਰਾ ਕਰ ਦਿੱਤਾ ਹੈ। ਇਸ ਤਰ੍ਹਾਂ ਦਾਸ ਉਨ੍ਹਾਂ ਨਾਲ ਕੁਝ ਸੌ ਵਿਅਕਤੀਆਂ ਨੂੰ ਮਿਲਾਣ ਵਿਚ ਕਾਮਯਾਬ ਹੋਇਆ ਤੇ ਉਹ ਸਾਰੇ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕੇ।

ਇਕ ਘਟਨਾ ਜੋ ਪਾਠਕਾਂ ਲਈ ਦਿਲਚਸਪ ਹੋਵੇਗੀ। ਇਸ ਤਰ੍ਹਾਂ ਵਾਪਰੀ, ਵੈਨਕੂਵਰ (ਕੈਨੇਡਾ) ਵਿਚ ਇਕ ਸਿੱਖਾਂ ਦਾ ਪ੍ਰਾਈਵੇਟ ਰੇਡੀਓ "ਪੰਜਾਬ" ਨਾਮੀ ਚਲਦਾ ਹੈ। ਇਕ ਸੁਲਝੇ ਹੋਏ ਪ੍ਰੋ. ਸ੍ਰ. ਗੁਰਦੇਵ ਸਿੰਘ ਨੇ ਇਸ ਰੇਡੀਓ ਦੇ ਮਾਲਕ ਤੋਂ ਹਰ ਰੋਜ਼ ਰਾਤੀ 9 ਵਜੇ ਤੋਂ 11 ਵਜੇ ਤਕ ਦੋ ਘੰਟੇ ਦਾ ਸਮਾਂ ਰਾਖਵਾਂ ਕਰਵਾ ਲਿਆ। ਯੋਗ ਖ਼ਰਚਾ ਅਦਾ ਕਰ ਦਿੱਤਾ ਮਹੀਨੇ ਬਾਈ। ਫਿਰ ਇਸ ਨੇ ਗੁਰਮਤਿ ਦੇ ਜਾਣਕਾਰ ਵਿਦਵਾਨਾਂ ਨੂੰ ਸੱਦ ਕੇ ਲਗਪਗ ਇਕ ਘੰਟਾ ਰੇਡੀਓ 'ਤੇ ਬੋਲਣ ਵਾਸਤੇ ਵਕਤ ਦੇਣਾ। ਬੋਲੇ ਗਏ ਗੁਰਮਤਿ ਦੇ ਸਬੰਧਤ ਵਿਸ਼ੇ 'ਤੇ ਫਿਰ ਸਰੋਤਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਨੇ। ਉਨ੍ਹਾਂ ਦੇਸ਼ਾਂ ਵਿਚ ਇਹ ਸਹੂਲਤ ਬਹੁਤ ਦੇਰ ਤੋਂ ਪ੍ਰਾਪਤ ਹੈ ਕਿ ਸ੍ਰੋਤਾ ਫੋਨ ਰਾਹੀਂ ਰੇਡੀਓ ਨੂੰ ਕਾਲ ਕਰੇਗਾ। ਆਪਣੇ ਵਿਚਾਰ ਰਖੇਗਾ ਤੇ ਉਹ ਫੋਨ ਰਾਹੀਂ ਬੋਲੇ ਗਏ ਬਚਨ ਰੇਡੀਓ ਤੇ ਨਾਲੋਂ ਨਾਲ ਬ੍ਰਾਡਕਾਸਟ ਹੁੰਦੇ ਜਾਣਗੇ। ਪਬਲਿਕ ਬੂਥ ਤੋਂ ਕੀਤੀ ਗਈ ਕਾਲ ਪ੍ਰਵਾਨ ਨਹੀਂ ਕੀਤੀ ਜਾਂਦੀ। ਕਾਰਨ ਇਹ ਕਿ ਫੋਨ ਕਰਨ ਵਾਲੇ ਦਾ (ਆਈ.ਡੀ.) ਨੰਬਰ ਰੇਡੀਓ 'ਤੇ ਰਿਕਾਰਡ ਹੁੰਦਾ ਰਹਿੰਦਾ ਹੈ। ਗ਼ਲਤ ਬਿਆਨੀ ਕਰਨ ਵਾਲੇ ਦੀ ਯੋਗ ਤਰੀਕੇ ਪੁਛਗਿਛ ਕੀਤੀ ਜਾ ਸਕਦੀ ਹੈ।

ਸਰਦਾਰ ਗੁਰਦੇਵ ਸਿੰਘ ਦਾ ਇਕ ਸਹਿਯੋਗੀ ਹੈ ਸ੍ਰ. ਅਵਨਿੰਦਰ ਸਿੰਘ। ਇਹ ਗੁਰਮਤਿ ਦਾ ਚੰਗਾ ਜਾਣਕਾਰ ਹੈ। ਜਿਥੇ ਇਨ੍ਹਾਂ ਗੁਰਮਤਿ ਦੇ ਅਨੇਕ ਵਿਸ਼ੇ ਰੇਡੀਓ ਤੋਂ ਪ੍ਰਸਾਰਤ ਕੀਤੇ ਵਿਚਾਰਾਂ ਹੋਈਆਂ, ਸ੍ਰੋਤਿਆਂ ਵਲੋਂ ਭਰਵਾਂ ਹੁੰਘਾਰਾ ਮਿਲਿਆ। ਇਕ ਦਿਨ "ਗੁਰਮਤਿ ਤੇ ਬਿਪ੍ਰਨ ਕੀ ਰੀਤ" ਵਿਸ਼ੇ 'ਤੇ ਦੋ ਘੰਟੇ ਪ੍ਰੋਗਰਾਮ ਪੇਸ਼ ਕੀਤਾ ਗਿਆ। ਸ੍ਰ. ਅਵਨਿੰਦਰ ਸਿੰਘ ਨੇ ਆਪਣੇ ਲੰਮੇ ਲੈਕਚਰ ਵਿਚ ਨਿਸ਼ਾਨਾ ਸ੍ਰ. ਗੁਰਬਖਸ਼ ਸਿੰਘ ਜੀ ਨੂੰ ਬਣਾਇਆ। ਉਨ੍ਹਾਂ ਵਲੋਂ ਬੋਲੇ ਗਏ ਬਚਨਾਂ ਦਾ ਸੰਖੇਪ ਸਾਰ ਕੁੱਝ ਇਉਂ ਸੀ : "ਇਕ ਅਖੌਤੀ ਵਿਦਵਾਨ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਅੱਜ ਕਲ ਹਰ ਇਕ ਰਸਮ ਰੀਤ ਤੇ ਮਨੌਤ ਨੂੰ ਬਿਪ੍ਰਨ ਕੀ ਰੀਤ ਹੀ ਕਹੀ, ਲਿਖੀ ਜਾ ਰਿਹਾ ਹੈ। ਉਸ ਨੇ ਲਗਪਗ ਪੰਦਰਾਂ ਸੌ ਨੁਕਤੇ ਅਜਿਹੇ ਲਿਖ ਮਾਰੇ ਹਨ ਜਿਨਾਂ ਵਿਚ ਉਸ

ਨੇ ਸਾਡੀਆਂ ਰਹੁਰੀਤਾਂ ਦੇ ਜੜ੍ਹੀਂ ਕੁਹਾੜਾ ਵਾਹ ਦਿੱਤਾ ਹੈ। ਜੇ ਸਿੱਖ ਸਮਾਜ ਪੰਦਰਾਂ ਸੌ ਕਿਸਮ ਦੀਆਂ ਮਨਮਤਾਂ ਕਰ ਰਿਹਾ ਹੈ, ਫਿਰ ਗੁਰਮਤਿ ਕਿਥੇ ਰਹਿ ਗਈ ? ਪਰ ਨਹੀਂ ਇਹ ਕੁਫ਼ਰ ਹੈ, ਸਿੱਖਾਂ ਨੂੰ ਦੁਨੀਆਂ ਵਿਚ ਬਦਨਾਮ ਕਰਨ ਲਈ ਹੈ। ਇਹ ਬੰਦਾ ਕਿਸੇ ਏਜੰਸੀ ਦਾ ਛੱਡਿਆ ਹੋਇਆ ਪ੍ਰਤੀਤ ਹੁੰਦਾ ਹੈ..।

ਮੈਂ ਇਸ ਚਰਚਾ ਨੂੰ ਹਰ ਰੋਜ਼ ਹੀ ਸੁਣਿਆ ਕਰਦਾ ਸਾਂ, ਪਸੰਦ ਭੀ ਆਉਂਦੀ ਸੀ, ਪਰ ਅੱਜ ਤਾਂ ਬਹੁਤ ਵੱਡਾ ਵਾਰ ਕੀਤਾ ਗਿਆ ਸੀ ਸ੍ਰ. ਸਾਹਿਬ ਉਤੇ। ਅਵਨਿੰਦਰ ਸਿੰਘ ਦੇ ਗੱਲ ਖ਼ਤਮ ਕਰਦਿਆਂ ਹੀ ਕਿਸੇ ਦੇ ਹੋਰ ਫੋਨ ਮਿਲਾਉਣ ਤੋਂ ਪਹਿਲਾਂ ਮੈਂ ਨੰਬਰ ਡਾਇਲ ਕਰ ਚੁੱਕਿਆ ਸਾਂ, ਤੇ ਮੈਨੂੰ ਵੇਟ ਕਰਨ ਦਾ ਸਿਗਨਲ ਮਿਲ ਚੁਕਿਆ ਸੀ। ਲਾਈਨ ਮਿਲਦਿਆਂ ਹੀ ਮੈਂ ਆਪਣੀ ਗੱਲ ਸ਼ੁਰੂ ਕੀਤੀ : "ਹੁਣੇ ਹੁਣੇ ਸ੍ਰ. ਅਵਨਿੰਦਰ ਸਿੰਘ ਗੁਰਮਤਿ ਅਤੇ ਮਨਮਤਿ ਬਾਰੇ ਸੋਹਣਾ ਬੋਲੇ ਹਨ ਪਰ ਮੈਂ ਉਨ੍ਹਾਂ ਵਲੋਂ ਬੋਲੇ ਗਏ ਸ੍ਰ. ਗੁਰਬਖਸ਼ ਸਿੰਘ ਜੀ ਬਾਰੇ ਟਿੱਪਣੀ ਨਾਲ ਸਹਿਮਤ ਨਹੀਂ ਹਾਂ। ਕਾਲਾ ਅਫ਼ਗਾਨਾ ਜੀ ਨੇ ਬਿਪ੍ਰਨ ਦੀ ਰੀਤ ਦੀ ਨਿਸ਼ਾਨ ਦੇਹੀ ਜੋ ਕੀਤੀ ਹੈ ਉਹ ਪੰਦਰਾਂ ਸੌ ਵਿਸ਼ਿਆਂ ਤਕ ਸੀਮਤ ਨਾ ਹੋ ਕੇ ਕਈ ਹਜ਼ਾਰ ਵਿਸ਼ਿਆਂ ਵਿਚ ਫੈਲੀ ਹੋਈ ਹੈ। ਆਉਣ ਵਾਲੇ ਪੰਜਾਹ ਸਾਲ ਤਕ ਅਫ਼ਗਾਨਾ ਜੀ ਲੇਖਕਾਂ ਪ੍ਰਚਾਰਕਾਂ ਦੀ ਚਰਚਾ ਦਾ ਵਿਸ਼ਾ ਰਹਿਣਗੇ। ਭਾਈ ਕਾਨ੍ਹ ਸਿੰਘ ਨਾਭਾ ਤੋਂ ਬਾਅਦ ਜੇ ਕੋਈ ਗੁਰਮਤਿ ਦਾ ਨਿਧੜਕ ਜਾਣਕਾਰ ਲੇਖਕ ਸਿਰ 'ਤੇ ਖ਼ਫਣ ਬੰਨ੍ਹ ਕੇ ਮੈਦਾਨ ਵਿਚ ਨਿਤਰਿਆ ਹੈ ਤਾਂ ਉਹ ਸ੍ਰ. ਗੁਰਬਖਸ਼ ਸਿੰਘ ਜੀ ਹੀ ਹਨ। ਲੇਖਕ ਹੋਰ ਭੀ ਬਹੁਤ ਹਨ ਕਿਤਾਬਾਂ ਬਹੁਤ ਗਿਣਤੀ ਵਿਚ ਉਨ੍ਹਾਂ ਵਲੋਂ ਲਿਖੀਆਂ ਗਈਆਂ ਹਨ ਪਰ ਉਨ੍ਹਾਂ ਦੀਆਂ ਸਾਰੀਆਂ ਲਿਖਤਾਂ ਗੁਰਬਾਣੀ ਦੇ ਚਾਨਣ ਵਿਚ ਨਹੀਂ ਲਿਖੀਆਂ ਗਈਆਂ। ਅਜਿਹੇ ਜਿਗਰੇ ਵਾਲਾ ਸਿਧਾਂਤਕਾਰ ਲੇਖਕ ਕੋਈ ਦੀਵਾ ਲੈ ਕੇ ਭੀ ਢੂੰਡਿਆ ਨਹੀਂ ਲਭੇਗਾ। ਜੇ ਇਕ ਡਾਕਟਰ ਮਰੀਜ ਨੂੰ ਸ਼ਰੀਰ ਦੇ ਰੋਗਾਂ ਦੀ ਸਹੀ ਜਾਣਕਾਰੀ ਦੇ ਦੇਵੇ, ਤਾਂ ਇਲਾਜ ਦਾ ਬਾਨਣੂੰ ਭੀ ਬੰਨ੍ਹਿਆ ਜਾ ਸਕਦਾ ਹੈ ਪਰ ਰੋਗ ਦੱਸਣ ਵਾਲੇ ਡਾਕਟਰ ਨੂੰ ਗਾਲਾਂ ਕੋਈ ਨਹੀਂ ਕਢਦਾ ਲਾਠੀ ਲੈ ਕੇ ਮਾਰਨ ਕੋਈ ਨਹੀਂ ਪੈਂਦਾ। ਬਸ ਇਉਂ ਸਮਝ ਲਉ ਕਿ ਅਫ਼ਗਾਨਾ ਜੀ ਗੁਰਮਤਿ ਦੇ ਸਿਆਣੇ ਵੈਦ ਹਨ, ਪੰਥ ਨੂੰ ਲੱਗ ਚੁੱਕੇ ਰੋਗਾਂ ਬਿਮਾਰੀਆਂ ਬਾਰੇ ਕੂਕ ਕੂਕ ਕੇ ਜਾਣਕਾਰੀ ਦੇ ਰਹੇ ਹਨ ਪਰ ਪੰਥ ਦਾ ਹਾਲ ਵੇਖੋ ! ਧੰਨਵਾਦ ਕਰਨ ਦੀ ਥਾਂਵੇ ਸਨਮਾਨ ਕਰਨ ਦੀ ਥਾਂਵੇ ਡਾਂਗਾਂ ਮੋਢੇ 'ਤੇ ਰੱਖ ਕੇ ਅਫ਼ਗਾਨਾ ਜੀ ਨੂੰ ਕੁੱਟਣ ਲਈ ਲੱਭਦੇ ਫਿਰ ਰਹੇ ਨੇ। ਹੈ ਨਾ ਕਮਾਲ ਦੀ ਸਥਿਤੀ ?

ਰਹੀ ਗੱਲ ਮਨਮਤਾਂ ਜਾਂ ਬਿਪ੍ਰਨ ਦੀਆਂ ਰੀਤਾਂ ਬਾਰੇ ਉਨ੍ਹਾਂ ਦੇ ਲਿਖਣ ਦੀ। ਤੁਸੀਂ ਉਨ੍ਹਾਂ ਦੀਆਂ ਲਿਖਤਾਂ ਨੂੰ ਗੁਰਬਾਣੀ ਦੇ ਪਰਮਾਣ ਦੇ ਕੇ ਰੱਦ ਕਰੋ ਮੂੰਹ ਜ਼ੁਬਾਨੀ ਨਹੀਂ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੋਇਆ ਕਰਦੀ। ਅੱਖਾਂ ਖੋਲ੍ਹ ਕੇ ਆਲੇ ਦੁਆਲੇ ਹੋ ਰਹੇ ਕਰਮਕਾਂਡ ਵੇਖੋ, ਧਰਮ ਦੇ ਨਾਮ 'ਤੇ ਥੋਕ ਵਿਚ ਬਿਪ੍ਰਨ ਦੀਆਂ ਰੀਤਾਂ ਦਿੱਸ ਪੈਣਗੀਆਂ। ਹਰ ਗੁਰਦਵਾਰਾ ਦੋ ਗੱਲਾਂ ਕਰ ਕੇ ਗੁਰਦਵਾਰਾ ਪ੍ਰਤੀਤ ਹੁੰਦਾ ਹੈ, ਵਰਨਾਂ ਅੰਦਰ ਦੀ ਸਾਰੀ ਕਿਰਿਆ ਬ੍ਰਾਹਮਣੀ ਕਿਸਮ ਦੀ ਹੈ। ਗੁਰਮਤਿ ਵਾਲੀਆਂ ਦੋ ਚੀਜ਼ਾਂ, ਇਕ ਬਾਹਰ ਨਿਸ਼ਾਨ ਸਾਹਿਬ ਤੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਕੀ..? ਉਹੀ ਕੁੰਭ ਜੋਤਾਂ ਨਾਰੀਅਲ, ਧੂਫ਼ ਗੁਰੂ ਗ੍ਰੰਥ ਸਾਹਿਬ ਨੂੰ ਪੱਖੇ, ਏ.ਸੀ., ਰਜਾਈਆਂ, ਤੁਲਾਈਆਂ, ਭੋਗ ਲਗਵਾਉਣੇ, ਪਾਠਾਂ ਦੀਆਂ ਲੜੀਆਂ, ਕੀਤੇ ਕਰਾਏ ਪਾਠ, ਮੂਰਤੀ ਪੂਜਾ, ਵਰਤ ਤੀਰਥ ਇਸ਼ਨਾਨ, ਜਾਤ-ਪਾਤ, ਦਾਜ ਲੈਣਾ ਦੇਣਾ, ਲੜਕੀ ਮਾਰ ਦੇਣੀ (ਭਰੂਣ ਹੱਤਿਆ), ਨੂੰਹਾਂ ਨੂੰ ਸਾੜ ਦੇਣਾ। ਜਥੇਦਾਰ ਪੁਜਾਰੀ ਬਣ ਚੁੱਕੇ ਹੋਏ ਹਨ। ਜਾਤਾਂ ਬ੍ਰਾਦਰੀਆਂ ਦੇ ਨਾਮ 'ਤੇ ਨਿਤ ਨਵੇਂ ਗੁਰਦਵਾਰੇ ਉਸਰ ਰਹੇ ਹਨ। ਸਾਡੇ ਤਖ਼ਤਾਂ ਉਪਰ (ਹਜ਼ੂਰ ਸਾਹਿਬ ਤੇ ਪਟਨਾ ਸਾਹਿਬ) ਸਰਕਾਰੀ ਕਬਜ਼ਾ ਹੈ ਤੇ ਬ੍ਰਾਹਮਣੀ ਰੀਤਾਂ ਹਨ। ਕੀ ਆਮ ਸਿੱਖ ਗੁਰਬਾਣੀ ਨੂੰ ਜ਼ਿੰਦਗੀ ਸੰਵਾਰਨ ਵਾਸਤੇ ਪੜ੍ਹਦਾ ਹੈ ? ਨਹੀਂ ਕੇਵਲ ਮੰਤਰ ਪਾਠ ਜਾਪ ਤੇ ਸੰਪਟ ਪਾਠ ਆਦਿ ਕਰਵਾ ਕੇ "ਫਲ" ਦੀ ਲਾਲਸਾ ਕੀਤੀ ਜਾ ਰਹੀ ਹੈ। ਬਹੁ ਗਿਣਤੀ ਗੁਰਦਵਾਰੇ ਪੈਸਾ ਕਮਾਉਣ ਤੇ ਚੌਧਰ ਚਮਕਾਉਣ ਦੇ ਸਾਧਨ ਮਾਤਰ ਬਣ ਕੇ ਰਹਿ ਗਏ ਹਨ। ਗੋਲਕਾਂ 'ਤੇ ਕਬਜ਼ੇ ਲਈ ਹੁੰਦੀਆਂ ਲੜਾਈਆਂ ਪਾਟਦੇ ਸਿਰ ਲਥਦੀਆਂ ਪੱਗਾਂ, ਚਲਦੇ ਮੁਕੱਦਮੇ ਕਿਸੇ ਤੋਂ ਗੁੱਝੇ ਛਿਪੇ ਨਹੀਂ ਹਨ। ਪੁਰਾਤਨ ਤੇ ਨਵੀਨ ਇਤਿਹਾਸ ਨੂੰ ਬ੍ਰਾਹਮਣੀ ਰੰਗਣ ਵਿਚ ਲਿਖਿਆ ਤੇ ਪ੍ਰਚਾਰਿਆ ਜਾ ਰਿਹਾ ਹੈ। ਪਰਾ ਭੌਤਕ ਸਾਖੀਆਂ ਪੌਰਾਣਕ ਕਹਾਣੀਆਂ, ਕੱਚੀਆਂ ਪਿੱਲੀਆਂ ਕਵਿਤਾਵਾਂ (ਧਾਰਨਾਵਾਂ) ਗੁਰਮਤਿ ਦਾ ਲੇਬਲ ਲਾ ਕੇ ਸੰਗਤ ਅੱਗੇ ਪ੍ਰੋਸੀਆਂ ਜਾ ਰਹੀਆਂ ਹਨ। ਸਾਧ ਬਾਬੇ ਵੱਖਰੀ ਮਰਿਆਦਾ ਵਾਲੇ ਪਾਠ ਤੇ ਹੋਰ ਸਾਰੇ ਮਨਮਤੀ ਕਾਰਜ ਕਰਨ ਵਿਚ ਮਸਤ ਹਨ। ਦੋ ਮੀਟਰ ਦਾ ਪਟਕਾ ਸਿਰ 'ਤੇ, ਲੰਮਾ ਝੱਗਾ, ਲੱਤਾਂ ਨੰਗੀਆਂ, ਹੱਥ ਵਿਚ ਮਾਲਾ, ਨੰਗੇ ਪੈਰੀਂ ਚਲਣ ਵਾਲਾ ਨਾਲ ਗੜਵਈ। ਲੰਮੀਆਂ ਕਾਰਾਂ, ਆਲੀਸ਼ਾਨ ਏ.ਸੀ. ਵਾਲੇ ਨਾਮ ਸਿਮਰਨ ਅਸਥਾਨ। ਜਾਦੂ ਮੰਤਰ ਧਾਗੇ ਤਵੀਤ ਪੁੱਛਣਾ ਦੱਸਣਾ, ਪਾਣੀ ਕਰ ਕੇ ਦੇਣਾ, ਹਥੌਲ ਕਰਨਾ, ਬਿਭੂਤੀ ਦੇਣੀ (ਸੁਆਹ ਦੀ ਚੁਟਕੀ) ਸ਼ਰਤੀਆ ਮੁੰਡਾ, ਕੁੜੀ ਦੇਣਾ, ਕਾਰਜ ਸਫ਼ਲਤਾ ਦੀ ਗਰੰਟੀ ਦੇਣੀ..! ਕੀ

ਇਹ ਸਾਰੇ ਕਾਰਜ ਬਿਪ੍ਰਨ ਦੀਆਂ ਰੀਤਾਂ ਨਹੀਂ ਹਨ ? ਮੇਰੇ ਵੀਰ ਨੇ ਅਫ਼ਗਾਨਾ ਜੀ ਦੀ ਕੋਈ ਕਿਤਾਬ ਨਹੀਂ ਪੜ੍ਹੀ ਲਗਦੀ। ਜੇ ਪੜ੍ਹੀ ਹੁੰਦੀ ਤਾਂ ਉਤੇਜਨਾ ਵਿਚ ਆ ਕੇ ਗੱਲ ਨਾ ਕਰਦਾ। ਮੈਂ ਨਿਮਰਤਾ ਸਹਿਤ ਸੰਗਤ ਨੂੰ ਖੁੱਲ੍ਹਾ ਸੱਦਾ ਦਿੰਦਾ ਹਾਂ ਕਿ ਸਰਦਾਰ ਅਫ਼ਗਾਨਾ ਜੀ ਤੋਂ ਕੁੱਝ ਪੁੱਛਣ ਦੀ ਬਜਾਏ, ਉਨ੍ਹਾਂ ਦੀਆਂ ਲਿਖਤਾਂ ਬਾਰੇ ਜੇ ਕੋਈ ਸ਼ੰਕਾ ਹੈ, ਤਾਂ ਦਾਸ ਜੁਆਬ ਲਈ ਆਪਣੀਆਂ ਸੇਵਾਵਾਂ ਅਰਪਣ ਕਰਦਾ ਹੈ..। ਅਠਾਰਾਂ ਕੁ ਮਿੰਟ ਦਾ ਸਮਾਂ ਰੇਡੀਓ 'ਤੇ ਬੋਲ ਕੇ ਮੈਂ ਗੱਲ ਖ਼ਤਮ ਕਰ ਦਿੱਤੀ। ਬੋਲਣ ਵਾਲਿਆਂ ਦੀ ਤੁਰੰਤ ਸੁਰ ਬਦਲ ਗਈ। ਅਫ਼ਗਾਨਾ ਜੀ ਵਿਰੁਧ ਗੁੱਸਾ ਘਟ ਗਿਆ। ਨਾਲੇ ਰੇਡੀਓ ਹੋਸਟ ਭਾਈ ਗੁਰਦੇਵ ਸਿੰਘ ਦਾ ਮੈਨੂੰ ਮਿਲਣ ਵਾਸਤੇ ਫੋਨ ਆ ਗਿਆ। ਅਗਲੇ ਦਿਨ ਸ੍ਰ. ਅਵਨਿੰਦਰ ਸਿੰਘ ਤੇ ਪ੍ਰੋ. ਗੁਰਦੇਵ ਸਿੰਘ ਵਕਤ ਸਿਰ ਆ ਪੁੱਜੇ। ਡਾ. ਗੁਰਬਖਸ਼ ਸਿਘ ਯੂ.ਐਸ.ਏ. ਵਾਲੇ ਭੀ ਉਨ੍ਹੀਂ ਦਿਨੀ ਵੈਨਕੂਵਰ ਵਿਚ ਹੀ ਸਨ, ਉਨ੍ਹਾਂ ਨੂੰ ਭੀ ਸੱਦ ਲਿਆ। ਬੜੇ ਖ਼ੁਸ਼ ਗਵਾਰ ਮਾਹੌਲ ਵਿਚ ਭਾਈ ਬਲਦੇਵ ਸਿੰਘ ਦੇ ਘਰ, ਦਸ ਕੁ ਸਿੰਘ ਗੁਰਮਤਿ ਵਿਚਾਰਾਂ ਕਰਦੇ ਰਹੇ। ਦਾਸ ਨੇ ਕਾਲਾ ਅਫ਼ਗਾਨਾ ਜੀ ਬਾਰੇ ਉਨ੍ਹਾਂ ਦੀ ਹਰ ਗੱਲ ਦਾ ਬਣਦਾ ਸਰਦਾ ਜੁਆਬ ਦਿੱਤਾ। ਦੋਵਾਂ ਵੀਰਾਂ, ਪ੍ਰੋ. ਗੁਰਦੇਵ ਸਿੰਘ ਤੇ ਸ੍ਰ. ਅਵਨਿੰਦਰ ਸਿੰਘ ਨੇ ਵਚਨ ਦਿੱਤਾ, ਵਾਅਦਾ ਕੀਤਾ, ਕਿ ਅਗੋਂ ਕਦੀ ਵੀ ਸ੍ਰ. ਗੁਰਬਖਸ਼ ਸਿੰਘ ਵਿਰੁੱਧ ਅਸੀਂ ਨਹੀਂ ਬੋਲਾਂਗੇ।

ਇਕ ਦੋ ਗੱਲਾਂ ਹੋਰ ਜੋ ਬੜੀਆਂ ਦਿਲਚਸਪ ਹਨ। ਅਜਿਹੀਆਂ ਟਿੱਪਣੀਆਂ ਕਾਰਨ ਹੀ ਅਫ਼ਗਾਨਾ ਜੀ ਗਿਆਨ ਵਿਹੂਣੇ ਲੋਕਾਂ ਦੀ ਕਰੋਪੀ ਸਹੇੜਦੇ ਹਨ। ਨੰਬਰ ਇਕ, ਇਕ ਦਿਨ ਦੋਸਤ ਨਾਲ ਸਰਦਾਰ ਸਾਹਿਬ ਜੀ (ਕਾਲਾ ਅਫ਼ਗਾਨਾ) ਗੁਰਦਵਾਰੇ ਚਲੇ ਗਏ। ਵਾਪਸ ਤੁਰਨ ਲੱਗੇ, ਮਿੱਤਰ ਕਹਿਣ ਲੱਗਾ, ਜਰਾ ਕੁ ਰੁਕ ਜਾਓ, ਭੋਗ ਪੈਣ ਵਾਲਾ ਹੈ ਗੁਰੂ ਕਾ ਲੰਗਰ ਛਕ ਕੇ ਵਾਪਸ ਚਲਾਂਗੇ। ਅਰਦਾਸ ਹੋਈ ਤੇ ਸਰਦਾਰ ਜੀ ਮਿੱਤਰ ਨੂੰ ਬਾਂਹ ਫੜ ਕੇ ਬਾਹਰ ਲਿਜਾਣ ਲੱਗੇ। ਠਹਿਰੋ ਜੀ ਲੰਗਰ ਨਹੀਂ ਛਕਣਾ ? ਨਹੀਂ ! ਭਾਈ ਤੋਂ ਹੁਣੇ ਅਰਦਾਸ ਵਿਚ ਨਹੀਂ ਸੁਣਿਆ, ਇਹ ਗੁਰੂ ਕਾ ਲੰਗਰ ਨਹੀਂ ਹੈ ਇਕ ਹੰਕਾਰੀ ਬਿਰਤੀ ਵਾਲੇ ਭਗਤ ਸਿੰਘ ਨਾਮੀ ਵਿਅਕਤੀ ਦਾ ਲੰਗਰ ਹੈ। ਮੈਂ ਭਿਖਾਰੀ ਨਹੀਂ ਹਾਂ। ਜੋ ਕਿਸੇ ਦੇ ਟੁਕੜੇ ਖਾਵਾਂ। ਬਿਨਾਂ ਛਕੇ ਪਰਤ ਗਏ।

ਦੂਜੀ, ਇਕ ਅਖਬਾਰ ਵਿਚ ਗ੍ਰੰਥੀ ਸਿੰਘ ਰੱਖਣ ਵਾਸਤੇ ਗੁਰਦਵਾਰਾ ਕਮੇਟੀ ਵਲੋਂ ਇਸ਼ਤਿਹਾਰ ਛਪਿਆ। ਸਰਦਾਰ ਜੀ ਨੇ ਦਿੱਤੇ ਫੋਨ 'ਤੇ ਨੰਬਰ ਮਿਲਾਇਆ।

ਅਗੋਂ ਪ੍ਰਧਾਨ ਜੀ ਬੋਲੇ, ਹਾਂ ਜੀ ਦੱਸੋ ? ਮੈਂ ਗ੍ਰੰਥੀ ਸਿੰਘ ਲੱਗਣ ਵਾਸਤੇ ਗੱਲ ਕਰਨੀ ਚਾਹੁੰਦਾ ਹਾਂ। ਹਾਂ ਜੀ ਕਰੋ। ਤੁਸੀਂ ਲਿਖਿਆ ਹੈ ਗ੍ਰੰਥੀ ਵਾਸਤੇ ਚੰਗਾ ਪਾਠ ਕਰਨਾ ਆਉਂਦਾ ਹੋਵੇ, ਕੀਰਤਨ ਕਰਨ ਤੇ ਬੱਚਿਆਂ ਨੂੰ ਸਿਖਾਉਣਾ ਜਾਣਦਾ ਹੋਵੇ। ਗੁਰਦਵਾਰੇ ਦੀ ਸਾਂਭ ਸੰਭਾਲ ਤੇ ਰਾਖੀ ਕਰ ਸਕਦਾ ਹੋਵੇ। ਹਾਂ, ਹਾਂ। ਦੱਸੋ ਕੀ ਕਹਿਣਾ ਚਾਹੁੰਦੇ ਹੋ ? ਭਾਵੇਂ ਉਹ ਬੇ ਅੰਮ੍ਰਿਤੀਆ ਹੋਵੇ ? ਮੋਨਾ ਹੋਵੇ ? ਸ਼ਰਾਬੀ ਹੋਵੇ, ਵਿਭਚਾਰੀ ਹੋਵੇ ? ਗੋਲਕ ਚੋਰ ਹੋਵੇ ? ਭਾਈ ਸਾਹਿਬ ਜੀ, ਇਹ ਤੁਸੀਂ ਕੀ ਕਹਿ ਰਹੇ ਹੋ ? ਇਸ ਤਰ੍ਹਾਂ ਅਸੀਂ ਕਦੋਂ ਲਿਖਿਆ ਹੈ ? ਹਾਂ ਜੀ ਮੈਂ ਇਹੀ ਤਾਂ ਕਹਿ ਰਿਹਾ ਹਾਂ, ਤੁਸੀਂ ਕਿਸੇ ਗੁਣ ਦਾ ਕੋਈ ਜ਼ਿਕਰ ਤਕ ਨਹੀਂ ਕੀਤਾ। ਤਨਖਾਹ ਯੋਗਤਾ ਮੁਤਾਬਕ ਦਿੱਤੀ ਜਾਵੇਗੀ ਲਿਖਿਆ ਹੈ। ਤੁਸੀਂ ਰੱਖ ਰਹੇ ਹੋ ਬਾਬਾ ਜੀ ਦਾ ਵਜੀਰ ਕਿ ਚਪੜਾਸੀ ? ਤੁਸੀਂ ਦੁਨੀਆਦਾਰ ਲੋਕਾਂ ਜਿੰਨੀ ਤਨਖ਼ਾਹ ਲੈਂਦੇ ਹੋ ਮੈਨੂੰ ਜੇ ਵੱਧ ਨਹੀਂ ਤਾਂ ਤੁਹਾਡੇ ਜਿੰਨੀ ਤਾਂ ਜ਼ਰੂਰ ਦਿਓ। ਹਾਂ ਹੋਰ ਸੁਣੋ ਤੁਸੀਂ ਸ਼ਰਾਬੀ ਤਾਂ ਨਹੀਂ ਹੋ ? ਦਾੜ੍ਹੀ ਕੇਸ ਮੁਨਾਏ ਹੋਏ ਤਾਂ ਨਹੀਂ ? ਕਿੰਨੀਆਂ ਬਾਣੀਆਂ ਕੰਠ ਹਨ ? ਕਿੰਨੀਆਂ ਦੇ ਅਰਥ ਆਉਂਦੇ ਹਨ ? ਇਤਿਹਾਸ ਤੇ ਸਿੱਖ ਰਹਿਤ ਮਰਿਆਦਾ ਬਾਰੇ ਕੁੱਝ ਗਿਆਨ ਹੈ ? ਕਦੀ ਹੱਥੀਂ ਸੇਵਾ ਕੀਤੀ ਹੈ ? ਗੋਲਕ ਦੀ ਦੁਰਵਰਤੋਂ ਤਾਂ ਨਹੀਂ ਕਰਦੇ.. ? ਭਾਈ ਸਾਹਿਬ ਜ਼ੁਬਾਨ ਸੰਭਾਲ ਕੇ ਬੋਲੋ, ਤੇ ਪ੍ਰਧਾਨ ਜੀ ਨੇ ਫ਼ੋਨ ਕੱਟ ਦਿੱਤਾ।

ਤੀਜੀ, ਇਕ ਪੰਜਾਬ ਤੋਂ ਗਿਆ ਬਹੁਤ ਮਸ਼ਹੂਰ ਢਾਡੀ ਜਥਾ ਵੈਨਕੂਵਰ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਬਿਰਤਾਂਤ ਸੁਣਾ ਰਿਹਾ ਸੀ। ਜਥੇ ਦੇ ਮੁਖੀ ਨੇ (ਮੁਖੀ ਗਿਆਨੀ ਦਇਆ ਸਿੰਘ ਦਿਲਬਰ) ਜ਼ੋਰਦਾਰ ਤਕਰੀਰ ਰਾਹੀਂ ਬਿਆਨ ਕੀਤਾ : "ਸਾਧ ਸੰਗਤ ਜੀ ਜਦੋਂ ਮਹਾਰਾਜਾ ਰਣਜੀਤ ਸਿੰਘ ਮੁਲਤਾਨ ਦੀ ਜੰਗ ਨੂੰ ਚੜ੍ਹੇ, ਤਾਂ ਰਾਹ ਵਿਚ ਵਿਸ਼ਾਲ ਅਟਕ ਦਰਿਆ ਠਾਠਾਂ ਮਾਰ ਰਿਹਾ ਸੀ। ਰਣਜੀਤ ਸਿੰਘ ਨੇ ਅਰਦਾਸ ਕੀਤੀ, ਤੇ ਅਖ਼ੀਰ ਵਿਚ ਕਿਹਾ, 'ਓਏ ਅਟਕ, ਤੂੰ ਅਟਕ ਜਾਹ', ਰਣਜੀਤ ਸਿੰਘ ਨਹੀਂ ਅਟਕੇਗਾ, ਰਾਹ ਦੇਦੇ ਤੇ ਦਰਿਆ ਦਾ ਪਾਣੀ ਅਟਕ ਗਿਆ, ਵੇਂਹਦੇ ਵੇਂਹਦੇ ਗੋਡੇ ਗੋਡੇ ਰਹਿ ਗਿਆ, ਤੇ ਰਣਜੀਤ ਸਿੰਘ ਸਾਰੀ ਫੌਜ ਸਮੇਤ ਸਹੀ ਸਲਾਮਤ ਦਰਿਆ ਪਾਰ ਕਰ ਗਿਆ।" ਸਰਦਾਰ ਸਾਹਿਬ ਨੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਜਥੇ ਦੇ ਮੁਖੀ ਨੂੰ ਮਿਲ ਕੇ ਕਿਹਾ, ਭਾਈ ਸਾਹਿਬ ਜੀ, ਤੁਸੀਂ ਬਹੁਤ ਨਾਮੀ ਢਾਡੀ ਬੁਲਾਰੇ ਹੋ। ਕਈ ਕਿਤਾਬਾਂ ਦੇ ਲੇਖਕ ਹੋ। ਸੱਤਰਾਂ ਨੂੰ ਢੁੱਕੇ ਹੋ। ਗੁਰੂ ਕਾ ਦਿੱਤਾ ਖਾਂਦੇ ਪਹਿਨਦੇ ਹੋ। ਕੋਠੀਆਂ, ਕਾਰਾਂ, ਜ਼ਮੀਨਾਂ, ਮਿਲਖਾਂ ਦੇ ਮਾਲਕ ਹੋ ਪਰ ਦੁਖ ਨਾਲ ਕਹਿਣਾ ਪੈ ਰਿਹਾ ਹੈ, ਕਿ ਤੁਸੀਂ ਅੱਜ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ

ਅਪਮਾਨ ਕੀਤਾ ਹੈ। ਮੇਰੇ ਸਤਿਗੁਰੂ ਜੀ ਨੂੰ ਕੱਖੋਂ ਹੌਲਾ ਕਰ ਦਿੱਤਾ। ਸਿੱਧਾ ਆਖਾਂ ਕਿ ਅੱਜ ਤੁਸੀਂ ਸਤਿਗੁਰੂ ਜੀ ਨੂੰ ਰਣਜੀਤ ਸਿੰਘ ਦੇ ਪੈਰਾਂ ਵਿਚ ਬਿਠਾ ਦਿੱਤਾ..। "ਭਾਈ ਸਾਹਿਬ ਜੀ! ਅਜਿਹਾ ਨਾ ਆਖੋ, ਮੈਂ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਇਕ ਅੱਖਰ ਨਹੀਂ ਬੋਲਿਆ, ਅਪਮਾਨ ਤਾਂ ਦੂਰ ਦੀ ਗੱਲ ਹੈ" ਦਿਲਬਰ ਜੀ ਬੋਲੇ। ਜ਼ਰਾ ਸੋਚੋ, ਰਣਜੀਤ ਸਿੰਘ ਦੇ ਆਖੇ ਲੱਗ ਕੇ ਬਹੁਤ ਵੱਡਾ ਦਰਿਆ ਅਟਕ ਗਿਆ, ਪਰ ਸਮਰਥ ਗੁਰੂ ਦਸਮੇਸ਼ ਦੇ ਆਖੇ ਲੱਗ ਕੇ ਇਕ ਨਿੱਕਾ ਜਿਹਾ ਮੌਸਮੀ ਬਰਸਾਤੀ ਨਾਲਾ (ਸਰਸਾ ਨਦੀ) ਭੀ ਰੁਕਿਆ ਨਹੀਂ। ਪਰਿਵਾਰ ਖੇਰੂੰ ਖੇਰੂੰ ਹੋ ਗਿਆ। ਸਿੰਘ ਸ਼ਹੀਦ ਹੋ ਗਏ, ਵਿਛੜ ਗਏ..? ਫਿਰ ਦੱਸੋ ਅਟਕ ਦਰਿਆ ਨੂੰ ਠੱਲ੍ਹ ਲੈਣ ਵਾਲਾ ਰਣਜੀਤ ਸਿੰਘ, ਇਕ ਸਿੱਖ ਮਹਾਨ ਹੋਇਆ ਕਿ ਗੁਰੂ ਗੋਬਿੰਦ ਸਿੰਘ ਜੀ ? ਦਿਲਬਰ ਜੀ ਜਿਵੇਂ ਧਰਤੀ ਵਿਚ ਗੱਡੇ ਗਏ। ਕੋਈ ਜੁਆਬ ਨਾ ਅਹੁੜਿਆ ਮੁਆਫ਼ੀ ਮੰਗ ਕੇ ਤੁਰ ਗਏ।

ਅਜਿਹੀਆਂ ਇਕ ਨਹੀਂ ਅਣਗਿਣਤ ਘਟਨਾਵਾਂ ਦਾ ਉਹ ਅਮੁਕ ਖਜ਼ਾਨਾ ਹਨ। ਉਨ੍ਹਾਂ ਦਾ ਜੀਵਨ ਬੜਾ ਸਾਦਾ ਹੈ, ਖਾਣਾ ਬਹੁਤ ਘੱਟ ਛਕਦੇ ਹਨ, ਆਮ ਕਰ ਕੇ ਫਲਾਂ, ਸਬਜ਼ੀਆਂ ਦਾ ਜੂਸ ਹੀ ਲੈਂਦੇ ਹਨ। ਘਰ ਵਿਚ ਲਿਖਣ ਲਈ ਨਿਕਾ ਜਿਹਾ ਕਮਰਾ ਹੈ। ਕੰਪਿਊਟਰ ਵਿਚ ਗੁਰਬਾਣੀ ਫੀਡ ਕੀਤੀ ਗਈ ਹੈ। ਅਰਥ ਵਿਆਖਿਆ ਪ੍ਰੋ. ਸਾਹਿਬ ਸਿੰਘ ਜੀ ਵਾਲੀ ਨੂੰ ਹੀ ਪ੍ਰਵਾਨ ਕਰਦੇ ਹਨ। ਰਾਮਾਇਣ ਤੇ ਮਹਾਭਾਰਤ ਟੀ.ਵੀ. ਸੀਰੀਅਲਾਂ ਦੀਆਂ ਵੀਡੀਓ ਫ਼ਿਲਮਾਂ ਵਿਚੋਂ ਹਿੰਦੂ ਮਤ ਬਾਰੇ ਬਹੁਤਾ ਮੈਟਰ ਪ੍ਰਾਪਤ ਕੀਤਾ ਹੈ। ਹਿੰਦੂ ਮਿਥਿਹਾਸ ਕੋਸ਼ ਲੇਖਕ-ਜੋਹਨ ਡੋਸਨ, ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਲੋਂ ਛਪੀ ਕਿਤਾਬ ਤੇ ਹੋਰ ਕਈ ਜ਼ਰੂਰੀ ਕਿਤਾਬਾਂ ਦਾਸ ਉਨ੍ਹਾਂ ਨੂੰ ਦੇ ਆਇਆ ਸੀ। ਇਕ ਛੋਟਾ ਜਿਹਾ ਕੰਪਿਊਟਰ ਉਹ ਸਫ਼ਰ ਵਿਚ ਭੀ ਆਪਣੇ ਕੋਲ ਰੱਖਦੇ ਹਨ। ਰੇਲ, ਕਾਰ ਜਾਂ ਜਹਾਜ਼ ਵਿਚ ਵੀ ਲਿਖਦੇ ਰਹਿੰਦੇ ਹਨ, ਲਗਾਤਾਰ।

ਇਸ ਨਿਮਾਣੇ ਸੇਵਕ ਨੂੰ ਉਨ੍ਹਾਂ ਆਪਣੀਆਂ ਕਿਤਾਬਾਂ ਦਾ ਪੂਰਾ ਸੈਟ ਦੇ ਕੇ ਇਹ ਮਾਣ ਦਿੱਤਾ ਕਿ ਤੂੰ ਮੇਰਾ ਅਜ਼ੀਜ਼ ਹੈ, ਮੇਰੀਆਂ ਲਿਖਤਾਂ ਵਿਚੋਂ ਕਮੀਆਂ ਲੱਭ ਕੇ ਮੈਨੂੰ ਪੈਰ੍ਹਾ, ਪੰਨਾ ਬਾਈ ਲਿਖਤੀ ਰੂਪ ਵਿਚ ਜਾਣਕਾਰੀ ਦੇਹ। ਦਾਸ ਨੇ ਮੁੜ ਤੋਂ ਪੂਰੀ ਲਗਨ ਨਾਲ ਉਨ੍ਹਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹੀਆਂ, ਵਿਚਾਰੀਆਂ। ਲੋੜੀਂਦੇ ਸੁਝਾ ਤੇ ਟਿੱਪਣੀਆਂ ਸਹਿਤ ਉਨ੍ਹਾਂ ਨੂੰ ਵਾਪਸ ਕਰ ਦਿੱਤੀਆਂ। ਦਿੱਤੇ ਗਏ ਸੁਝਾਵਾਂ ਤੋਂ ਉਹ ਬਹੁਤ ਖ਼ੁਸ਼ ਨਜ਼ਰ ਆਏ। ਆਖਣ ਲੱਗੇ, ਮੇਰੇ ਪ੍ਰਸ਼ੰਸਕ ਭੀ ਬੜੇ ਹਨ ਅਤੇ ਫਿਟਕਾਰਾ ਪਾਉਣ ਵਾਲੇ ਭੀ ਅਣਗਿਣਤ ਹਨ। ਮੇਰੇ ਲੱਖ ਵਾਰੀ ਮੰਗ

ਕਰਨ 'ਤੇ ਭੀ ਮੈਨੂੰ ਮੇਰੀਆਂ ਗ਼ਲਤੀਆਂ ਦਾ ਅਹਿਸਾਸ ਅੱਜ ਤਕ ਕਦੇ ਕਿਸੇ ਨੇ ਨਹੀਂ ਕਰਵਾਇਆ। ਮੈਂ ਆਪਣੇ ਅਜ਼ੀਜ਼ ਵਲੋਂ ਕੀਤੀਆਂ ਗਈਆਂ ਟਿੱਪਣੀਆਂ ਨੂੰ ਸਤਿਕਾਰ ਸਹਿਤ ਵਿਚਾਰਾਂਗਾ। ਕਮੀਆਂ ਦੂਰ ਕਰਾਂਗਾ। ਆਉਣ ਵਾਲੇ ਅਡੀਸ਼ਨਾਂ ਵਿਚ ਤੇਰਾ ਨਾਮ ਧੰਨਵਾਦ ਸਹਿਤ ਅਵਸ਼ ਲਿਖਾਂਗਾ। ਮੈਨੂੰ ਖ਼ੁਸ਼ੀ ਹੋਈ ਕਿ ਲੋਕੀ ਕਹਿੰਦੇ ਸਨ, ਕਿ ਸਰਦਾਰ ਜੀ ਬਹੁਤ ਸਖ਼ਤ ਸੁਭਾ ਦੇ ਹਨ। ਪਰ ਅੰਦਰੋਂ ਬਦਾਮਾਂ ਦੀਆਂ ਗਿਰੀਆਂ ਵਾਂਗ ਨਰਮ ਮਿੱਠੇ ਤੇ ਪੌਸ਼ਟਿਕ ਹਨ।

ਇਕ ਗਲ ਕਹਿ ਕੇ ਖਿਮਾ ਚਾਹਾਂਗਾ ਕਿ ਦਾਸ ਨੇ ਸਿੱਖ ਧਰਮ ਨਾਲ ਸਬੰਧਤ ਵਸ ਲਗਦੇ ਹਰ ਪੁਸਤਕ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਤੀਹ ਸਾਲਾਂ ਦੇ ਅਧਿਐਨ ਤੋਂ ਬਾਅਦ ਮੈਂ ਮਾਨਸਿਕ ਖੜੋਤ ਦਾ ਸ਼ਿਕਾਰ ਹੋ ਗਿਆ ਸਾਂ। ਜੋ ਨਵੀਂ ਕਿਤਾਬ ਖ਼ਰੀਦ ਕੇ ਪੜ੍ਹਨੀ ਸ਼ੁਰੂ ਕਰਨੀ, ਉਸ ਵਿਚੋਂ ਨਵੀਨਤਾ ਪ੍ਰਤੀਤ ਨਹੀਂ ਹੁੰਦੀ ਸੀ। ਪੁਰਾਣੇ ਵਿਚਾਰਾਂ ਦੀ ਦੁਹਰਾਈ ਮਾਤਰ ਹੀ ਲਗਦੀ ਸੀ। ਸਰਦਾਰ ਗੁਰਬਖਸ਼ ਸਿੰਘ ਜੀ ਦੀਆਂ ਪੁਸਤਕਾਂ ਪੜ੍ਹ ਕੇ ਅਤੇ ਮਿਲ ਕੇ ਕੀਤੀਆਂ ਵਿਚਾਰਾਂ ਤੋਂ ਬਾਅਦ ਉਹ ਮਾਨਸਿਕ ਬੰਨ੍ਹ ਟੁੱਟ ਗਿਆ ਪ੍ਰਤੀਤ ਹੁੰਦਾ ਹੈ। ਸੋਚਣ ਦਾ ਢੰਗ ਬਦਲ ਗਿਆ, ਵੇਖਣ ਪਰਖਣ ਦਾ ਨਜ਼ਰੀਆ ਬਦਲ ਗਿਆ। ਨਿਮਰਤਾ ਸਹਿਤ ਉਨ੍ਹਾਂ ਸਭਨਾਂ ਨੂੰ ਬੇਨਤੀ ਹੈ ਜਿਨ੍ਹਾਂ ਹਾਲੀ ਤਕ ਕਾਲਾ ਅਫ਼ਗਾਨਾ ਜੀ ਦੀਆਂ ਕਿਤਾਬਾਂ ਬਾਰੇ ਸੁਣਿਆ ਹੈ ਪਰ ਪੜ੍ਹੀਆਂ ਨਹੀਂ। ਉਹ ਖ਼ੁਦ ਪੜ੍ਹਨ ਫਿਰ ਲਿਖਤੀ ਰੂਪ ਵਿਚ ਦੱਸਣ, ਗੁਰਮਤਿ ਤੋਂ ਉਲਟ ਵਿਚਾਰ ਕਿਥੇ ਹੈ ? ਉਨ੍ਹਾਂ ਸਭਨਾਂ ਵਿਚਾਰਾਂ ਨੂੰ ਜੀ ਆਇਆਂ ਆਖਿਆ ਜਾਵੇਗਾ।

***

# ਸਾਧਾਂ ਦੇ ਪਿਛਲਗ 'ਵਿਦਵਾਨ'

ਜਿਸ ਰਾਹ 'ਤੇ ਮਨੁੱਖ ਟੁਰ ਰਿਹਾ ਹੋਵੇ ਉਸ ਨੂੰ ਉਤਨੀ ਦੇਰ ਕੋਈ ਪਛਤਾਵਾ ਨਹੀਂ ਹੁੰਦਾ ਜਦੋਂ ਤਕ ਇਹ ਪਤਾ ਨਾ ਲੱਗ ਜਵੇ ਕਿ ਮੈਂ ਕੁਰਾਹੇ ਪੈ ਚੁਕਿਆਂ ਹਾਂ। ਜਦੋਂ ਕੋਈ ਅਗਿਆਨਤਾ ਦੀ ਪੱਟੀ ਬੰਨ ਕੇ ਲੰਮੇ ਸਮੇਂ ਤਕ ਇਕੋ ਰਾਹੇ ਕੋਹਲੂ ਦੇ ਬਲਦ ਵਾਂਗ ਟੁਰਦਾ ਰਹੇ ਤਾਂ ਉਸ ਨੂੰ ਉਹੀ ਰਾਹ ਸਹੀ ਪ੍ਰਤੀਤ ਹੋਣ ਲੱਗ ਪੈਂਦਾ

ਹੈ। ਪਰ ਜਦੋਂ ਅਜਿਹੇ ਅਕਲ ਦੇ ਅੰਨੇ ਆਗੂ ਦੇ ਪਿਛੇ ਇਕ ਵੱਡਾ ਕਾਫਲਾ ਨਾਅਰੇ ਮਾਰਦਾ, ਪੁਲਾਂਘਾ ਭਰਦਾ ਆ ਰਿਹਾ ਹੋਵੇ ਤਾਂ ਉਲੂ ਵਰਗੇ ਆਗੂ ਨੂੰ ਅਪਣਾ ਫੈਸਲਾ ਤੇ ਅਪਣਾ ਰਾਹ ਸ਼ਤ ਪ੍ਰਤੀ ਸ਼ਤ ਸਹੀ ਪ੍ਰਤੀਤ ਹੁੰਦਾ ਹੈ। ਜਿਹੜੇ ਲੋਕ ਅਗਿਆਨਤਾ ਵਿਚ ਗਰਕ ਹੋਏ ਆਦਮੀ ਨੂੰ ਅਗੇ ਲਾ ਕੇ ਖੁਦ ਪਿਛੇ ਟੁਰਦੇ ਹਨ ਉਨ੍ਹਾਂ ਨੂੰ ਸੁਜਾਖੇ ਕਹਿਣਾ ਵਾਜਬ ਨਹੀਂ ਹੈ। ਇਨ੍ਹਾਂ ਅਗਿਆਨਤਾ ਵਿਚ ਡੁਬੀਆਂ ਭੀੜਾਂ ਨੂੰ ਜੇ ਵੇਖਣਾ ਹੋਵੇ ਤਾਂ ਭੀੜ ਵਿਚੋਂ ਅਲੱਗ ਹੋ ਕੇ ਹੀ ਵੇਖਿਆ ਜਾ ਸਕੇਗਾ, ਭੀੜ ਦੇ ਅੰਦਰੋਂ ਨਹੀਂ।

ਸ੍ਰ. ਗੁਰਬਖਸ਼ ਸਿੰਘ ਕਾਲਾ ਅਫਗਾਨਾ ਨੇ ਭੀੜ ਵਿਚੋਂ ਅਲੱਗ ਹੋ ਕੇ ਇਸ ਭੀੜ ਦੇ ਕੰਮਾਂ ਤੇ ਵਰਤਾਰਿਆਂ ਨੂੰ ਵੇਖਿਆ ਪਰਖਿਆ। ਜਦੋਂ ਇਹ ਚੰਗੀ ਤਰ੍ਹਾਂ ਜਾਣ ਲਿਆ ਕੇ ਅੱਗੇ ਰਾਹ ਕੋਈ ਨਹੀਂ, ਖਤਰੇ ਬੜੇ ਨੇ, ਤਬਾਹੀ ਸਾਹਮਣੇ ਪ੍ਰਤੱਖ ਨਜ਼ਰ ਆਉਂਦੀ ਹੈ, ਤਾਂ ਉਸ ਨੇ ਵਫਾਦਾਰ ਪਹਿਰੇਦਾਰ ਵਾਂਗ, ਹਾਲ ਦੁਹਾਈ ਮਚਾਈ। ਜਿਥੇ ਕਿਤੇ ਕੋਈ ‘ਸਿਆਣਾ’ ਨਜ਼ਰ ਆਇਆ, ਉਨ੍ਹਾਂ ਨੂੰ ਝੰਜੋੜਿਆ, ਖਤ ਲਿਖੇ। ਕਿਤਾਬਾਂ ਲਿਖ ਲਿਖ ਕੇ ਅਪਣੀ ਵੇਦਨਾ ਪ੍ਰਗਟ ਕੀਤੀ। .... ਪਹਿਲਾਂ ਤਾਂ ਕਿਸੇ ਉਸ ਦੀ ਚੀਕ ਪੁਕਾਰ ਸੁਣਨ ਦੀ ਵਿਹਲ ਹੀ ਨਾ ਕੱਢੀ। ਜਦੋਂ ਉਸ ਨੇ ਕੌਮੀ ਦਰਦ ਵਿਚ ਅਸਮਾਨ ਸਿਰ ’ਤੇ ਚੁਕਲਿਆ, ਬੱਦਲਾਂ ਦੀ ਗਰਜ ਨਾਲੋਂ ਉਸ ਦੀ ਸਿੰਘ ਗਰਜ ਬਹੁਤ ਉਚੀ ਪੁੱਜ ਗਈ ਤੇ ਸਾਰਿਆਂ ਦੀ ‘ਚੈਨ’ ਹਰਾਮ ਕਰ ਦਿਤੀ ਤਾਂ ਸਾਰਿਆਂ, ਮਤਾ ਪਕਾ ਕੇ ਉਸ ਦੀ ਸੰਘੀ ਨੱਪਣ ਦੀ ਨਾਪਾਕ ਬੇਰਹਿਮ ਕੋਸ਼ਿਸ਼ ਕੀਤੀ। ਅਕਾਲ ਦੇ ਤਖ਼ਤ ਤੇ ਜਾਂ ਤੇ ਅਕਾਲ ਪੁਰਖ ਹੋਇਆ ਕਰਦਾ ਹੈ ਜਾਂ ਅਕਾਲ ਦਾ ਰੂਪ ਸਤਿਗੁਰੂ ਬਿਰਾਜਮਾਨ ਹੁੰਦਾ ਹੈ ਪਰ ਅੱਜ ਕਲ ਬੇਈਮਾਨ ਰਾਜਸੀ ਲੀਡਰਾਂ ਦੇ ਪਾਲਤੂ ਚਾਕਰ, ਧਰਮ ਵਿਦਿਆ ਤੋਂ ਹੀਣੇ, ਤਨਖ਼ਾਹਦਾਰ ਮੁਲਾਜ਼ਮ, ਤਖ਼ਤਾਂ ’ਤੇ ਬਿਠਾ ਦਿਤੇ ਗਏ ਹਨ। ਉਨ੍ਹਾਂ ਨੇ ਉਹੀ ਕਰਨਾ ਹੈ ਜੋ ਉਨ੍ਹਾਂ ਦੇ ਮਾਲਕ, ਰਾਜਸੀ ਲੋਕ ਆਖਣਗੇ। ਪਿਛਲੇ 18 ਸਾਲਾਂ ਤੋਂ ਸ੍ਰ. ਜੀ ਦੀਆਂ ਪੁਸਤਕਾਂ ਛਪਦੀਆਂ ਆ ਰਹੀਆਂ ਹਨ। ਬ੍ਰਾਹਮਣੀ ਰੀਤਾਂ ਨੂੰ ਧਰਮ ਦਾ ਅੰਗ ਮੰਨਣ ਵਾਲੇ ਕਿਸੇ ਹਿੰਦੂ ਜਥੇਬੰਦੀ ਜਾਂ ਬ੍ਰਾਹਮਣ ਨੇ ਉਨ੍ਹਾਂ ਲਿਖਤਾਂ ਦਾ ਕੋਈ ਵਿਰੋਧ ਨਹੀਂ ਕੀਤਾ। ਅਪਣੇ ਵਰੋਸਾਏ ਜਥੇਦਾਰ ਜੋ ਅੱਗੇ ਕਰ ਦਿਤੇ ਹਨ। ਡੇਰਿਆਂ ਟਕਸਾਲਾਂ ਵਾਲੇ ਭੀ ਤਾਂ ਉਨ੍ਹਾਂ ਦੇ ਅਪਣੇ ਹੀ ਹਨ। ਇਸ ਲਈ ਸ੍ਰ. ਗੁਰਬਖ਼ਸ਼ ਸਿੰਘ ਦੀਆਂ ਪੁਸਤਕਾਂ ਦਾ, ਇਹੀ ਲੋਕ ਵਿਰੋਧ ਕਰ ਰਹੇ ਹਨ। ਪਰ ਇਸ ਗਿਆਨ ਦੀ ਹਨੇਰੀ ਅੱਗੇ, ਇਹ ਲੋਕ ਟਿਕ ਨਹੀਂ ਸਕਣਗੇ। ਸੱਚ ਦਾ ਸੂਰਜ

ਡਲ੍ਹਕਾਂ ਮਾਰਦਾ ਚੜ੍ਹ ਚੁਕਿਆ ਹੈ। ਉਨ੍ਹਾਂ ਦੀਆਂ ਲਿਖਤਾਂ ਘਰ ਘਰ ਪੁੱਜ ਰਹੀਆਂ ਹਨ।

ਜਦੋਂ 'ਸ਼ੈਤਾਨ ਇਨਸਾਫ਼' ਕਰਨ ਬੈਠਦਾ ਹੈ ਤਾਂ ਅਦਾਲਤੀ ਕਾਰਵਾਈ ਤਾਂ ਉਸ ਨੇ ਪੂਰੀ (ਖਾਨਾ ਪੂਰਤੀ) ਕਰਨੀ ਹੀ ਹੁੰਦੀ ਹੈ। ਫਿਰ ਉਸ ਸ਼ੈਤਾਨੀ ਕਾਰਵਾਈ ਨੂੰ ਠੀਕ ਸਿੱਧ ਕਰਨ ਵਾਲੇ ਝੂਠੇ ਗਵਾਹ ਵੀ ਭੁਗਤਾਉਣੇ ਪੈਂਦੇ ਹਨ। ਉਸ 'ਪਾਪ ਕਰਮ' ਨੂੰ 'ਸੱਚਾ ਇਨਸਾਫ਼' ਸਿੱਧ ਕਰਨ ਵਾਲੇ ਟੁੱਕੜਬੋਚਾਂ ਦੀ ਭੀ ਡਾਹਢੀ ਲੋੜ ਪੈਂਦੀ ਹੈ। ਅਗਸਤ (03) ਮਹੀਨੇ ਦੇ ਰਸਾਲੇ 'ਖੰਡੇਧਾਰ' ਵਿਚ ਸਰਦਾਰ ਜੀ ਵਿਰੁਧ ਰੱਜ ਕੇ ਕੁਫ਼ਰ ਤੋਲਿਆ ਗਿਆ ਹੈ। ਇਸ ਕੂੜ ਨੂੰ ਚਾਸਨੀ ਚਾੜ੍ਹਨ ਵਾਲੇ ਦੋ 'ਪੰਥਕ ਲਿਖਾਰੀ' ਇੰਦਰਜੀਤ ਸਿੰਘ ਗੋਗੋਆਣੀ ਤੇ ਸੁਖਪ੍ਰੀਤ ਸਿੰਘ ਉਦੋਕੇ ਹਨ। ਦਾਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਹ ਦੋਵੇਂ 'ਕੂੜਿਆਰ ਕੂੜਿਆਰੀ ਜਾਇ ਰਲੇ' ਵਾਲੀ ਪੰਕਤੀ 'ਤੇ ਖਰੇ ਉਤਰੇ। ਜੋ ਟਕਸਾਲ ਵਾਲੇ ਪਿਛਲੇ 20 ਸਾਲ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹਜ਼ਾਰਾਂ ਸਿੱਖਾਂ ਦੇ ਇਕੱਠਾਂ ਸਨਮੁੱਖ, ਦੇਸ਼ਾਂ ਵਿਦੇਸ਼ਾਂ ਵਿਚ ਬੜੀ ਬੇਸ਼ਰਮੀ ਨਾਲ ਆਖ ਰਹੇ ਹੁੰਦੇ ਹਨ 'ਸੰਤ ਬਾਬਾ ਜਰਨੈਲ ਸਿੰਘ ਸਹੀ ਸਲਾਮਤ ਹਨ, ਚੜ੍ਹਦੀ ਕਲਾ ਵਿਚ ਹਨ, ਠੀਕ ਵਕਤ ਸਿਰ ਪ੍ਰਗਟ ਹੋ ਜਾਣਗੇ।' 6 ਜੂਨ 03 ਨੂੰ ਉਨ੍ਹਾਂ ਦੇ ਪੁੱਤਰਾਂ ਨੇ ਦਸਤਾਰ ਪ੍ਰਾਪਤ ਕਰ ਲਈ ਹੈ। ਅਕਾਲ ਤਖ਼ਤ ਸਾਹਿਬ 'ਤੇ ਹਜ਼ਾਰਾਂ ਦੇ ਇਕੱਠ ਵਿਚ ਬਾਬਾ ਜਰਨੈਲ ਸਿੰਘ ਨੂੰ ਸ਼ਹੀਦ ਮੰਨ ਕੇ ਅਰਦਾਸ ਕਰ ਦਿਤੀ ਹੈ। ਉਨ੍ਹਾਂ ਦੇ ਜੀਵਤ ਹੋਣ ਦਾ ਇਕ ਵੀ ਸਬੂਤ ਨਹੀਂ ਹੈ ਤੇ ਸ਼ਹੀਦੀ ਦੇ ਅਣਗਿਣਤ ਸਬੂਤ ਹਨ। ਫਿਰ ਭੀ 'ਮੈਂ ਨਾ ਮਾਨੂੰ' ਆਖ ਰਹੇ ਹਨ ਟਕਸਾਲੀਏ ਤੇ ਉਨ੍ਹਾਂ ਦੇ ਬੁਲਾਰੇ ਬਣ ਰਹੇ ਹਨ ਇਹ ਦੋਵੇਂ ਵੀਰ। ਫਿਰ ਝੂਠਿਆਂ ਦੇ ਨਾਲ ਰਲ ਕੇ ਇਹ ਕਿਉਂ ਨਾ ਕੁਫ਼ਰ ਦੀ ਗੱਡੀ ਵਿਚ ਸਵਾਰ ਹੋਣ ?

ਝੂਠੇ ਕਉ ਨਾਹੀ ਪਤ ਨਾਉ ॥ ਕਬਹੂ ਨ ਸੂਚਾ ਕਾਲਾ ਕਾਉ ॥
(839)

'ਗੋਗੋਆਣੀ' ਜੀ ਦੀ ਲਿਖਤ ਤਾਂ ਕੇਵਲ ਬਚਗਾਨੀਆਂ ਨਾਲ ਹੀ ਭਰਪੂਰ ਹੈ। ਇਸ ਲਈ ਉਸ ਦੀਆਂ ਬੇਥਵੀਆਂ ਦਾ ਜਵਾਬ ਦੇਣਾ ਮੁਨਾਸਬ ਨਹੀਂ ਸਮਝਿਆ। ਪਰ ਸੁਖਪ੍ਰੀਤ ਸਿੰਘ ਨੇ ਜੋ ਨੀਚਤਾ ਦੀਆਂ ਹੱਦਾਂ ਉਲੰਘ ਕੇ ਸਰਦਾਰ ਜੀ (ਅੱਗੇ ਜਿਥੇ 'ਸ੍ਰ.' ਜੀ ਲਫ਼ਜ਼ ਆਵੇ ਤਾਂ ਸਮਝ ਲੈਣਾ ਕਿ ਇਹ ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫਗਾਨਾ ਜੀ ਵਾਸਤੇ ਹੈ) 'ਤੇ ਚਿੱਕੜ ਸੁਟਿਆ ਹੈ, ਉਸ ਦਾ

ਜਵਾਬ ਨਾ ਦੇਣਾ ਕਾਇਰਤਾ ਹੀ ਹੋਵੇਗੀ। ਪਹਿਲੀ ਗੱਲ ਤਾਂ ਇਹ ਕਿ ਇਨ੍ਹਾਂ ਦੋਵਾਂ ਲੇਖਕਾਂ ਨੇ (ਗੋਗੋਆਣੀ ਤੇ ਉਦੋਕੇ) ਸ੍ਰ ਜੀ ਦੀਆਂ ਲਿਖਤਾਂ ਪੜ੍ਹੀਆਂ ਵੀਚਾਰੀਆਂ ਹੀ ਨਹੀਂ। ਲੋਕਾਂ ਵਲੋਂ ਦਿਤੇ ਕਮੈਂਟਸ ਅਖ਼ਬਾਰਾਂ ਰਸਾਲਿਆਂ ਵਿਚੋਂ ਪੜ੍ਹ ਕੇ ਪੇਤਲੀ ਜਿਹੀ ਜਾਣਕਾਰੀ ਦੇ ਅਧਾਰ 'ਤੇ ਪੱਤਰੇ ਕਾਲੇ ਕਰ ਛੱਡੇ। ਹੁਣ ਆਉ ਉਦੋਕੇ ਵਲੋਂ ਆਪਣੀ ਲਿਖਤ ਰਾਹੀਂ ਜੋ ਘੋਰ ਅਪਮਾਨ ਤੇ ਅਨਰਥ ਜੋ ਇਸ ਲਿਖਤ ਵਿਚ ਕੀਤਾ ਹੈ ਉਹ ਜੋ ਨਾ ਕਾਬਲੇ ਬਰਦਾਸ਼ਤ ਹੈ, ਉਸ ਨੂੰ ਵੀਚਾਰੀਏ-

1. "ਸਿੱਖ ਲੀਡਰਾਂ ਨੇ ਰੋਲਾ ਪਾਉਣਾ ਸ਼ੁਰੂ ਕੀਤਾ ਕਿ ਕਾਂਗਰਸੀ ਲੀਡਰਾਂ ਨੇ ਸਿੱਖਾਂ ਨਾਲ ਵਿਸ਼ਵਾਸ ਘਾਤ ਕੀਤਾ ਹੈ, ਲਿਖਤੀ ਬਚਨ ਕਰ ਕੇ ਮੁਕਰ ਗਹੇ ਹਨ ..." (ਖੰਡੇਧਾਰ ਅਗੱਸਤ 03 ਪੰਨਾ 26) ਜੋ ਵਿਚਾਰ ਸ੍ਰ. ਜੀ ਨੇ ਆਪਣੀ ਪੁਸਤਕ ਬਿਪ੍ਰਨ ਕੀ ਰੀਤ ਭਾਗ 1, ਉਸ ਵਿਚ ਇਬਾਰਤ ਬਿਲਕੁਲ ਹੋਰ ਹੈ, ਜੋ ਇਸ ਤਰ੍ਹਾਂ ਚਲਦੀ ਹੈ - "ਪਰ ਹੈਰਾਨੀ ਇਸ ਗੱਲ ਦੀ ਹੈ ਕਿ ਪੰਥਕ ਲੀਡਰਾਂ ਨੇ ਇਸ ਸਰਕਾਰ ਨੂੰ ਦਿਲੋਂ ਮਨੋ ਦੁਸ਼ਮਦ ਮੰਨ ਲੈਣ ਦੀ ਥਾਂ, ਇਸ ਨੂੰ - ਕਿਸੇ ਭੁਲੇਖੇ ਕਾਰਨ ਕੁਰਾਹੇ ਪਈ ਹੋਈ ਅਥਵਾ ਰੁਸੀ ਹੋਈ "ਮਾਂ" ਹੀ ਸਮਝਿਆ ਹੈ। ਇਸੇ ਲਈ ਮੁੜ ਮੁੜ ਉਸੇ ਮਾਂ ਤੋਂ ਦਾਤਾਂ ਮੰਗਣ ਚਲ ਜਾਂਦੇ ਹਨ ਸਾਡੇ ਪੰਥਕ ਲੀਡਰ? (ਬਿਪ੍ਰਨ ਕੀ ਰੀਤ ਭਾਗ 1, ਪੰਨਾ 234)
2. ਪੰਨਾ ਨੰ. 217 'ਤੇ ਇਹ ਅਖੌਤੀ ਵਿਦਵਾਨ ਕੌਮ ਦੇ ਹੀਰੇ ਸ੍ਰ. ਕਪੂਰ ਸਿੰਘ ਬਾਰੇ ਲਿਖਦਾ ਹੈ- ਆਪ ਜੀ ਦੇ ਸਿਆਸੀ ਭਾਸ਼ਣਾਂ (ਜਿਹੜੇ ਤੁਸੀਂ ਗੁਰਬਾਣੀ ਸ਼ਬਦਾਂ ਦੇ ਆਘਾਰ 'ਤੇ ਹੀ ਦਿਆ ਕਰਦੇ ਸੀ) ਏਹੀ ਸਿੱਧ ਹੁੰਦਾ ਹੈ ਕਿ ਜਿਵੇਂ ਤੁਹਾਨੂੰ ਭੀ ਪੂਰੀ ਤਸੱਲੀ ਹੈ ਕਿ ਹਿੰਦ ਸਰਕਾਰ ਨੂੰ ਇਨ੍ਹਾਂ ਤੱਥਾਂ ਦਾ ਬਿਲਕੁਲ ਪਤਾ ਨਹੀਂ...।" (ਖੰਡੇਧਾਰ ਪੰਨਾ 27)

ਅਕਲ ਕੋਟ ਸੁਖਪ੍ਰੀਤ ਸਿੰਘ ਜੀ! ਤੁਹਾਡੀ ਅਕਲ ਦਾ ਜਨਾਜਾ ਨਿਕਲ ਗਿਆ ਹੈ ਜਾਂ ਟਕਸਾਲ ਵਾਲਿਆਂ ਮਾਇਆ ਦਾ ਗਲੇਫ ਚਾਹੜ ਦਿੱਤਾ ਹੈ? ਜਾਂ ਪਾਪ ਭਰੇ ਦਵੈਤ ਵਾਲੇ ਚਸ਼ਮੇਲਗਾ ਲਏ ਹਨ? ਕਿਉਂਕਿ ਪਿਛੇ ਜਿਥੋਂ ਅਫ਼ਗਾਨਾ ਜੀ ਦਾ ਲੇਖ ਸ਼ੁਰੂ ਹੁੰਦਾ ਹੈ, ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਾਫ਼ ਲਿਖਿਆ ਹੋਇਆ ਹੈ। ਇਹ ਖ਼ਤ ਉਨ੍ਹਾਂ ਨੂੰ ਸੰਬੋਧਨ ਕੀਤਾ ਗਿਆ ਹੈ, ਨਾ ਕਿ ਸ੍ਰ. ਕਪੂਰ ਸਿੰਘ ਨੂੰ। ਵਿਚ ਕਈਆਂ ਥਾਵਾਂ 'ਤੇ ਰਾਗੀ ਤੇ ਪ੍ਰਚਾਰਕ ਸ਼ਬਦ ਵੀ ਵਰਤਿਆ ਹੋਇਆ ਹੈ।

ਫਿਰ ਤੁਸੀਂ ਕਿਸ ਬਦਨੀਤੀ ਨਾਲ ਪ੍ਰੋ. ਦਰਸ਼ਨ ਸਿੰਘ ਨੂੰ ਸੰਬੋਧਨ ਖਤ ਸ੍ਰ. ਕਪੂਰ ਸਿੰਘ ਵਲ ਮੋੜ ਲਿਆ ? ਤੁਸੀਂ ਕਿਸ ਵਿਸ਼ੇ ਦੇ ਡਾਕਟਰ ਹੋ ? ਮੈਂ ਪੱਕੀ ਤਰ੍ਹਾਂ ਜਾਦਦਾ ਹਾਂ ਕਿ ਵਿਦਿਆ ਦੇ ਪੀ.ਐਚ.ਡੀ. ਨਹੀਂ ਹੋ। ਹਾਂ ਆਰ.ਐਮ.ਪੀ. ਸ਼ਾਇਦ ਹੋਵੋ, ਕਿਉਂਕਿ ਜਿਸ ਇਨਸਾਨ ਨੂੰ ਇਹ ਭੀ ਨਹੀਂ ਪਤਾ ਕਿ ਚਿੱਠੀ ਕਿਸ ਵੱਲ ਹੈ ?, ਕਿਸ ਵਾਸਤੇ ਹੈ ? ਉਹ ਵਿਦਵਾਨ ਹੋ ਸਕਦਾ ਹੈ ? ਇਸ ਖਤ ਵਿਚ ਸ੍ਰ. ਜੀ ਨੇ ਪੰਥ ਦੀ ਦਰਦਨਾਕ ਦਸ਼ਾ ਦਾ ਜੋ ਚਿੱਤਰ ਪੇਸ਼ ਕੀਤਾ ਹੈ, ਉਹ ਪੜ੍ਹ ਕੇ ਭੁੱਬਾਂ ਨਿਕਲਦੀਆਂ ਨੇ। ਸੂਝਵਾਨ ਪਾਠਕ ਖ਼ੁਦ ਸ੍ਰ. ਜੀ ਦੀਆਂ ਪੁਸਤਕਾਂ ਪੜ੍ਹ ਕੇ ਵੇਖਣ, ਫਿਰ ਅਸਲੀਅਤ ਉਘੜ ਕੇ ਪ੍ਰਤੱਖ ਹੋਵੇਗੀ। ਸਗੋਂ ਸ. ਜੀ ਤਾਂ ਉਨ੍ਹਾਂ ਬੇਈਮਾਨ ਤੇ ਕਮੀਣੇ ਸਿੱਖ ਲੀਡਰਾਂ ਨੂੰ ਲਾਹਣਤਾਂ ਪਾ ਰਹੇ ਹਨ, ਜਿਨ੍ਹਾਂ ਸਿੱਖ ਜੁਆਨੀ ਦਾ ਘਾਣ ਕਰਵਾ ਦਿੱਤਾ, ਪ੍ਰਾਪਤੀ ਫਿਰ ਭੀ ਕੋਈ ਨਾ ਹੋਈ। ਉਦੋਕੇ ਜੀਓ ! ਤੁਸੀ ਤਾਂ ਟਕਸਾਲੀ ਐਨਕਾਂ ਲਾ ਕੇ ਗੁਰਸਿੱਖਾਂ ਵਾਲਾ ਚਲਣ, ਤੇ ਸਤਿਕਾਰ ਵਾਲੀ ਬੋਲੀ ਹੀ ਭੁੱਲ ਬੈਠੇ ਹੋ। ਇਕ ਵਿਦਵਾਨ ਗੁਰਸਿੱਖ ਬਜ਼ੁਰਗ ਨੂੰ "ਪਿੰਡ ਨੂੰ ਅੱਗ ਲੱਗੀ ਕੁੱਤਾ ਰੂੜੀ 'ਤੇ... ਪੰਜਾਬੀ ਦੀ ਜਵਾਨੀ ਲਹੂ ਹੁਹਾਣ ਤੇ ਕਾਲਾ ਅਫ਼ਗਾਨਾ ਹੋਟਲਾਂ ਵਿਚ ਪੀਜੇ ਖਾ ਰਿਹਾ ਹੈ...।" ਅਫ਼ਸੋਸ ਤੁਹਾਡੀ ਅਕਲ 'ਤੇ ਸਦ ਅਫ਼ਸੋਸ ! ਤੁਸੀਂ ਦਸ ਸਕਦੇ ਹੋ ਕਿ ਤੁਸੀਂ ਖਾੜਕੂਵਾਦ ਦੌਰਾਨ ਕਿਸ ਕੱਦੂ ਵਿਚ ਤੀਰ ਮਾਰਿਆ ਸੀ ? ਕੀ ਮਰਨਾ ਤੇ ਮਾਰਨਾ ਹੀ ਗੁਰਮਤਿ ਹੈ ? ਬਿਨਾਂ ਸਮਝੇ ਵਿਚਾਰੇ, ਬਿਨਾਂ ਨਫ਼ਾ ਨੁਕਸਾਨ ਸੋਚੇ ? ਸ੍ਰ. ਜੀ ਦੇ ਸੱਚ ਨਾਲ ਖਲੋਤੇ ਹਮਦਰਦ ਗੁਰਸਿੱਖ ਇਹ ਚੈਲੰਜ ਸਵੀਕਾਰ ਕਰਦੇ ਹਨ, ਕਿਸੇ ਥਾਂ ਕਿਸੇ ਭੀ ਦਿਨ ਪੂਰੀ ਪਾਰਦਰਸ਼ਤਾ ਦੁਆਰਾ ਅਸੀ ਅਫ਼ਗਾਨਾ ਜੀ ਦੇ ਵਿਰੋਧੀਆਂ ਨਾਲ ਵਿਚਾਰ ਚਰਚਾ ਲਈ ਤਿਆਰ ਹਾਂ। ਪੁਸਤਕਾਂ ਵਿਚੋਂ ਲੋੜੀਂਦੇ ਪ੍ਰਸੰਗ ਸਾਹਮਣੇ ਲਿਆਓ, ਗੁਰਬਾਣੀ ਦੇ ਪੰਜ ਪ੍ਰਮਾਣ ਲਿਖਤ ਦੇਵਿਰੋਧ ਵਿਚ ਦਿਓ ਪਰ ਤੁਸੀਂ ਤਾਂ ਸਾਹਮਣਾ ਕਰਨ ਦੀ ਹਿੰਮਤ ਹੀ ਗੁਆ ਬੈਠੇ ਹੋ। ਸ੍ਰ. ਜੀ ਦੀਆਂ ਦਸ ਕਿਤਾਬਾਂ ਦੇ, ਲਗਪਗ ਪੰਜ ਹਜ਼ਾਰ ਪੰਨਿਆਂ ਵਿਚੋਂ ਲੱਖਾਂ ਕੋਸ਼ਿਸ਼ਾਂ ਤੋਂ ਬਾਅਦ ਚਿਰਾਗ ਲੈ ਕੇ ਢੂੰਡਿਆਂ ਕੇਵਲ "ਛੇ ਪੰਕਤੀਆਂ ਇਤਰਾਜਯੋਗ" ਲੱਭੀਆਂ ਸਨ ਜਥੇਦਾਰਾਂ ਨੂੰ। ਤੇ ਜਿਨ੍ਹਾਂ ਪੰਨਿਆਂ ਦੇ ਹਵਾਲੇ ਸੁਖਪ੍ਰੀਤ ਸਿੰਘ ਜੀ ਤੁਸੀਂ ਲੱਭ ਕੇ ਲਿਆਏ ਹੋ, ਇਹ ਤਾਂ ਵੇਦਾਂਤੀ ਜੀ ਨੂੰ ਵੀ ਨਹੀਂ ਲੱਭੇ, ਧੰਨ ਹੋ ਤੁਸੀਂ। ਲਗਦੈ ਤੁਹਾਨੂੰ ਆਪਣੀ ਅਕਲ 'ਤੇ ਏਨਾ ਗਰਬ ਹੋ ਗਿਆ ਹੈ ਕਿ ਸਾਰੇ ਜਥੇਦਾਰਾਂ ਨੂੰ ਤੁਹਾਡੀ

ਤਾਬੇਦਾਰੀ ਸਵੀਕਾਰ ਕਰ ਲੈਣੀ ਚਾਹੀਦੀ ਹੈ ? ਧੰਨ ਸਿੱਖੀ !

3. (ਦੁਸ਼ਮਣ ਬਾਤ ਕਰੇ ਅਣਹੋਣੀ) ਇਹ ਸਿਰਲੇਖ ਭੀ ਸੱਜਣ ਜੀ ਦੀ ਪੁਸਤਕ ਵਿਚ ਹੈ। ਇਸ ਅਖੌਤੀ ਕਲਮਜਾਰ ਸੱਜਣ ਦੀਆਂ ਲਿਖਤਾਂ ਦੇ ਕੁੱਝ ਹਿੱਸੇ ਹੇਠਾਂ ਲਿਖਣ ਲੱਗਿਆਂ ਅੱਖਾਂ ਵਿਚੋਂ ਆਪ ਮੁਹਾਰੇ ਨੀਰ ਵਹਿ ਤੁਰਦਾ ਹੈ, (ਮਗਰ ਮੱਛ ਦੇ ਹੰਝੂ) ਇੰਜ ਲਗਦਾ ਹੈ, ਜਿਵੇਂ ਇਸ ਵਿਚ ਗ਼ੁਲਾਮ ਹੁਸੈਨ ਦੀ ਰੂਹ ਜਾਂ ਖਾਫ਼ੀਖ਼ਾਨ ਦੀ ਰੂਹ ਪ੍ਰਵੇਸ਼ ਕਰ ਗਈ ਹੋਵੇ...। (ਪੰਨਾ 27 ਖੰਡੇਧਾਰ)

ਸੰਸਾਰ ਪ੍ਰਸਿੱਧ ਵਿਦਵਾਨ ਖਲੀਲ ਜਿਬਹਾਨ ਨੇ ਇੱਕ ਥਾਂ ਬੜਾ ਲਾਜਵਾਬ ਲਿਖਿਆ ਹੈ-ਜਿਸ ਦੇਸ਼ ਦਾ ਰਾਜਸੀ ਨੇਤਾ ਬੇਈਮਾਨ ਹੋਵੇ, ਉਹ ਦੇਸ਼ ਉਜੜਿਆ ਹੀ ਸਮਝੋ। ਜਿਸ ਦੇਸ਼ ਦੀ ਜੰਤਾ ਅਗਿਆਨੀ ਹੋਵੇ, ਉਹ ਦੇਸ਼ ਉਜੜਿਆ ਹੀ ਸਮਝੋ। ਜਿਸ ਦੇਸ਼ ਦਾ ਲੇਖਕ ਵਿਕਾਊ ਹੋਵੇ, ਫ਼ਰੇਬੀ ਹੋਵੇ, ਕਾਇਰ ਹੋਵੇ ਉਹ ਦੇਸ਼ ਬਰਬਾਦ ਹੋਇਆ ਹੀ ਸਮਝੋ। ਦੇਸ਼ ਦੀ ਗੱਲ ਨਾ ਕਰ ਕੇ ਪੰਥ ਦੀ ਹੀ ਕਰ ਲਈਏ। ਪੰਥ ਵਿੱਚ ਉੱਪਰ ਵਰਣਿਤ ਸਾਰੀਆਂ ਬੀਮਾਰੀਆਂ ਥੋਕ ਵਿੱਚ ਮੌਜੂਦ ਹਨ। ਉੱਪਰ ਸਿਤਮ ਇਹ ਪਈ ਅਜਿਹੇ ਕਲਮ ਦੇ ਧਨੀ (ਡਾਕਟਰ ?) ਸੁਖਪ੍ਰੀਤ ਸਿੰਘ ਵਰਗੇ ਕੂੜ ਕੁਫ਼ਰ ਦੀ ਪੰਡ ਚੁੱਕ ਕੇ ਗੁਆਂਢੀਆਂ ਦੇ ਘਰ ਸੁੱਟਣ ਚੱਲ ਪੈਣ, ਫਿਰ ਘਰ ਬਚਾਉਣ ਵਾਸਤੇ ਹੱਕ ਸੱਚ ਦੀ ਲੜਾਈ ਲੜਨੀ ਹੀ ਪੈਂਦੀ ਹੈ। ਅੱਖਾਂ ਤੋਂ ਰੰਗੀਨ ਚਸ਼ਮਾ ਉਤਾਰ ਕੇ ਪੜ੍ਹੋ- ਸ੍. ਜੀ ਦੀ ਲਿਖਤ - "ਜੰਗ ਵਿੱਚ ਫ਼ੌਜਾਂ ਅਤਿਅੰਤ ਤਬਾਹੀ ਕਰਦੀਆਂ ਹਨ। ਜੇ ਭਲਾ ਇਹ ਬੇਦੀਨਾ ਮੁਗ਼ਲਾਂ ਨਾਲੋ ਜ਼ਾਲਮ (ਹਿੰਦ ਸਰਕਾਰ) ਦੁਸ਼ਮਣ, ਤੋਪਾਂ ਟੈਂਕਾਂ ਅਤੇ ਹਵਾਈ ਜਹਾਜ਼ਾਂ ਨਾਲ ਚੜ੍ਹ ਆਇਆ ਅਤੇ ਉਸ ਨੇ ਸਿੱਖੀ ਦੀ ਆਨਸ਼ਾਨ ਸ੍ਰੀ ਦਰਬਾਰ ਸਾਹਿਬ 'ਤੇ ਗੋਲਿਆਂ ਦੀ ਵਰਖਾ ਸ਼ੁਰੂ ਕਰ ਦਿੱਤੀ ਤਾਂ ਅਸੀਂ ਕੀ ਕਰ ਸਕਾਂਗੇ ? ਬਾਬਾ ਬੰਦਾ ਸਿੰਘ ਬਹਾਦਰ ਨੇ ਭੀ ਸਢੌਰੇ ਦੀ ਜੰਗ ਸਮੇਂ ਉਸ ਮੰਦਰ ਅਤੇ ਮਸੀਤ ਨੂੰ ਅੱਗ ਲਾ ਦਿੱਤੀ ਸੀ, ਜਿਸ ਵਿਚ ਦੁਸ਼ਮਣ ਜਾ ਲੁਕਿਆ ਸੀ। ਜੰਗਾਂ ਵਿੱਚ ਅਜਿਹੇ ਅਨਰਥ ਹੋ ਜਾਣੇ ਅਚੰਭੇ ਵਾਲੀ ਗੱਲ ਨਹੀਂ। ਤੇ ਪਿੱਛੋਂ ਸਿਵਾਏ ਰੌਲਾ ਪਾਉਣ ਦੇ ਅਸਾਂ ਕਰ ਕੁੱਝ ਨਹੀਂ ਸਕਣਾ ਅਤੇ ਪੰਥਕ ਵਕਾਰ ਖੇਹ ਵਿੱਚ ਰਲਾ ਲੈਣ ਦੇ ਜ਼ਿੰਮੇਵਾਰ ਬਣਾਂਗੇ। ਗੁਰੂ ਦਰਬਾਰ ਲੱਗਣ ਵਾਲੇ ਥਾਂ ਜਿਥੇ ਸਤਿਸੰਗਤ ਜੁੜਦੀ ਹੋਵੇ ਤੇ ਇਕੋ ਨਾਮ ਦੀ ਵਿਆਖਿਆ ਹੁੰਦੀ ਹੋਵੇ, ਉਸ ਥਾਂ 'ਤੇ ਸਿੱਖਾਂ ਨੇ ਅੱਜ ਤਕ ਮੋਰਚਾਬੰਦੀ ਨਹੀਂ ਸੀ ਕੀਤੀ। ਗੁਰੂ ਹਰਿ ਗੋਬਿੰਦ ਸਾਹਿਬ ਕੋਲ ਮੁਗ਼ਲ ਫ਼ੌਜ ਨੂੰ ਭਾਜੜਾਂ

ਪਾ ਦੇਣ ਦੀ ਸ਼ਕਤੀ ਸੀ ਪਰ ਫਿਰ ਭੀ ਗਲ ਆ ਪਈ ਜੰਗ ਉਨ੍ਹਾਂ ਦਰਬਾਰ ਸਾਹਿਬ ਵਿੱਚ ਨਹੀਂ ਸੀ ਲੜੀ। ਕਲਗੀਧਰ ਜੀ ਨੇ ਕੇਸਗੜ੍ਹ ਸਾਹਿਬ ਵਿਖੇ (ਜਿਥੇ ਰੋਜ਼ ਦੀਵਾਨ ਸਜਦੇ ਸਨ, ਪੰਜ ਪਿਆਰੇ ਤੇ ਖ਼ਾਲਸਾ ਪੰਥ ਸਾਜਿਆ ਸੀ) ਜੰਗ ਨਹੀਂ ਸੀ ਲੜੀ, ਲੋਹਗੜ੍ਹ, ਹੋਲਗੜ੍ਹ, ਤਾਰਾਗੜ੍ਹ, ਅਗੰਮਗੜ੍ਹ, ਕਿਲ੍ਹਿਆਂ ਵਿੱਚੋਂ ਜੰਗ ਲੜੀ ਸੀ।"... (ਬਿਪਰਨ ਕੀ ਰੀਤ, ਭਾਗ 1, ਪੰਨਾ 239)

ਡਾ. ਸਾਹਿਬ ਉਦੋਕੇ ਜੀਓ! ਸ੍ਰ. ਜੀ ਨੇ ਇੱਕੋ ਤਰਲਾ ਕੀਤਾ ਸੀ ਆਪਣੇ ਖਤ ਵਿੱਚ ਪਈ ਕਦੀ ਭੁੱਲ ਕੇ ਭੀ ਦਰਬਾਰ ਸਾਹਿਬ ਨੂੰ ਜੰਗ ਦਾ ਅਖਾੜਾ ਨਾਂ ਬਣਨ ਦੇਣਾ। ਜਿਸ ਨੇ ਲੜਾਈ ਕਰਨੀ ਹੈ ਜੀ ਸਦਕੇ ਕਰੇ, ਪਰ ਦਰਬਾਰ ਸਾਹਿਬ ਦੀ ਅਜ਼ਮਤ ਨੂੰ ਦਾਅ 'ਤੇ ਲਾ ਕੇ ਨਹੀਂ। ਜੋ ਦੁਖਦਾਈ ਘਟਨਾਵਾਂ ਦਰਾਬਾਰ ਸਾਹਿਬ ਵਿੱਚ ਵਾਪਰਦੀਆਂ ਰਹੀਆਂ, ਉਨ੍ਹਾਂ ਦਾ ਲਿਖਤੀ ਵੇਰਵਾ ਹੁਣ ਅਨੇਕਾਂ ਪੁਸਤਕਾਂ ਵਿੱਚ ਆ ਚੁੱਕਿਆ ਹੈ। ਗੁਰੂ ਗ੍ਰੰਥ ਸਾਹਿਬ ਨੂੰ ਜਾਂ ਕਿਸੇ ਪਵਿੱਤਰ ਅਸਥਾਨ ਨੂੰ ਨਿੱਜੀ ਗਰਜ਼ਾਂ ਲਈ ਵਰਤਣਾ, ਰਾਜਸੀ ਭਾਸ਼ਣ ਦੇਣੇ, ਸਾਨੂੰ ਇਕੱਲੇ ਇਕੱਲੇ ਸਿੱਖ ਨੂੰ 35-35 ਹਿੰਦੂ ਆਉਂਦੇ ਹਨ, ਮੋਟਰ ਸਾਈਕਲ 'ਤੇ ਏ.ਕੇ. 47 ਖ਼ਰੀਦ ਕੇ ਪੰਥ ਦੋਖੀਆਂ ਨੂੰ ਪਾਰ ਬੁਲਾ ਦਿਉ...। ਕੀ ਅਜਿਹੇ ਮਨੁੱਖਤਾ ਦੇ ਦੋਖੀ ਭਾਸ਼ਣ, ਤੇ ਮਾਰ-ਕਾਟ ਦੇ ਬਿਆਨ ਦਾਗ਼ਣ ਲਈ ਹੀ ਦਰਬਾਰ ਸਾਹਿਬ ਬਣਾਇਆ ਗਿਆ ਸੀ? ਸ੍ਰ. ਜੀ ਨੇ ਇਹੀ ਤਾਂ ਚਿਤਾਵਨੀ ਦਿੱਤੀ ਸੀ ਕਿ ਖਾੜਕੂ ਕਾਰਵਾਈਆਂ ਦਾ ਬਹਾਨਾ ਬਣਾ ਕੇ ਸਰਕਾਰ ਕੋਈ ਭੀ ਮੰਦ ਕਾਰਾ ਕਰ ਸਕਦੀ ਹੈ। ਅਜਿਹਾ ਮੌਕਾ ਨਾ ਦਿਉ। ਫਿਰ ਕੀ ਸ੍ਰ. ਜੀ ਦੀ ਲਿਖਤ ਸੱਚ ਸਾਬਤ ਨਹੀਂ ਹੋ ਰਹੀ?

ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਕੇ ਉਦੋਕੇ (ਅਤੇ ਖੰਡੇਧਾਰ) ਨੇ ਪੀਲੀ ਪੱਤਰਕਾਰੀ ਦਾ ਸਬੂਤ ਦਿੰਦਿਆਂ, ਨੀਂਵੀਆਂ ਨਿਵਾਣਾਂ ਸੱਭ ਪਾਰ ਕਰ ਲਈਆਂ ਹਨ। ਖੰਡੇਧਾਰ ਦੇ ਪਹਿਲੇ ਪੰਨੇ 'ਤੇ ਲਿਖਿਆ ਹੈ- "ਕਾਲੀਆਂ ਲਿਖਤਾਂ ਵਾਲਾ ਕਾਲਾ ਅਫ਼ਗਾਨਾ ਪੰਥ 'ਚੋਂ ਖਾਰਜ" (ਮੁੱਖ ਪੰਨਾ ਅਗਸਤ 03) ਸ੍ਰ. ਜੀ ਬਾਰੇ ਅਤੇ ਉਸ ਦੇ ਹਮਾਇਤੀਆਂ ਬਾਰੇ ਲੇਖਕ ਦੇ ਪਰਵਚਨ ਸੁਣੋ -"ਮੇਰੀ ਫੱਤੋ ਦੇ ਯਾਰ, ਗਿੱਦੜ ਤੇ ਬਘਿਆੜ।" ਯਾਨੀ ਪੰਥ ਦਾ ਮਹਾਨ ਸਿਧਾਂਤ ਘਾੜਾ, ਕੁਰੀਤੀਆਂ ਨੂੰ ਜੜ੍ਹੋਂ ਉਖਾੜ ਦੇਣ ਲਈ ਤੱਤਪਰ, ਪਾਖੰਡੀ ਡੇਰੇਦਾਰਾਂ ਦੀ ਨੀਂਦਰ ਹਰਾਮ ਕਰ ਦੇਣ ਵਾਲਾ ਯੋਧਾ, ਗਿੱਦੜ ਨਜ਼ਰ

ਆਇਆ ਹੈ ਅਤੇ ਉਸ ਦੇ ਸਾਥੀ ਬਘਿਆੜ ਆਦਿਕ...। ਮੇਰੀ ਕਲਮ ਹੁਣ ਤੱਕ ਰੁਕਦੀ ਰਹੀ ਸੀ ਪਰ ਉਦੋਕੇ ਨੇ ਕਲੇਜੇ ਵਿੱਚ ਤੀਰ ਮਾਰ ਕੇ ਮੈਨੂੰ ਬੇ-ਕਾਬੂ ਕਰ ਦਿੱਤਾ ਹੈ ਤੇ ਲੈ ਆਪਣੀਆਂ ਕਰਤੂਤਾਂ ਸੁਣ ਲੈ ਧਿਆਨ ਨਾਲ- "ਡਾ. ( ?) ਉਦੋਕੇ ਤੂੰ ਉਨ੍ਹਾਂ ਦਾ ਟੁਕੜੇ ਚੱਟ ਬਣ ਗਿਆ ਹੈਂ, ਜਿਨ੍ਹਾਂ ਪੰਥ ਨੂੰ ਖੇਰੂੰ ਖੇਰੂੰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪਣੀ ਵਖਰੀ ਰਹਿਤ ਮਰਿਆਦਾ ਬਣਾਈ। ਆਪਣੀਆਂ ਕਿਤਾਬਾਂ ਵਿੱਚ ਬੇ ਸਿਰ ਪੈਰ ਦੇ ਵਜਨੀ ਫੱਕੜ ਤੋਲੇ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਝੂਠ ਵੰਡਿਆ ਜਾ ਰਿਹਾ ਹੈ ਕਿ ਟਕਸਾਲ ਬਾਬਾ ਦੀਪ ਸਿੰਘ ਤੋਂ ਚੱਲੀ ਹੈ। ਗਿਆਨੀ ਗੁਰਬਚਨ ਸਿੰਘ (ਟਕਸਾਲੀ) ਦੀ ਲਿਖਤ "ਗੁਰਬਾਣੀ ਪਾਠ ਦਰਸ਼ਨ", ਵਿੱਚ ਬੰਸਾਵਲੀ ਦੱਸ ਰਹੀ ਹੈ ਕਿ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਹੈ। ਜਦੋਂ ਕਿ ਇਹ ਸਰਾਸਰ ਗਪੋੜਾ ਹੈ, ਕਿਉਂਕਿ ਕਿਸੇ ਪੁਰਾਤਨ ਸਿੱਖ ਗ੍ਰੰਥ ਵਿਚ ਟਕਸਾਲ ਦਾ ਜ਼ਿਕਰ ਤੱਕ ਨਹੀਂ ਹੈ।

ਗੁਰਬਾਣੀ ਪਾਠ ਦਰਸ਼ਨ ਕਿਤਾਬ ਦੇ ਪੰਨਾ 253 'ਤੇ "ਕਰਤਾਰਪੁਰੀ ਬੀੜ ਵਿੱਚ ਪੰਦਰਾਂ ਸੌ ਤੋਂ ਵੱਧ ਗ਼ਲਤੀਆਂ ਹਨ", ਲਿਖਿਆ ਹੋਇਆ ਹੈ। ਕਿੱਡਾ ਵੱਡਾ ਪਾਪ ਕੀਤਾ ਹੈ ਟਕਸਾਲੀਆਂ ਨੇ। ਤੇਰੀ ਪਿਆਰੀ ਟਕਸਾਲ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਲੱਚਰ ਕਹਾਣੀਆਂ ਵਾਲਾ, ਕੁਫਰ ਦੀ ਪੰਡ ਬਚਿੱਤਰ ਨਾਟਕ ਪ੍ਰਕਾਸ਼ ਕਰ ਕੇ ਸ਼ਬਦ ਗੁਰੂ ਦਾ ਅਪਮਾਨ ਕਰ ਰਹੀ ਹੈ। ਬੀਬੀਆਂ ਨੂੰ ਕਦੀ ਬਰਾਬਰ ਦਰਜਾ ਨਹੀਂ ਦਿੰਦੀ। ਗੁਰੂ ਹੁਕਮਾਂ ਦਾ ਸਿੱਧਾ ਨਿਰਾਦਰ ਕਰ ਰਹੀ ਹੈ। ਇਹੀ ਟਕਸਾਲ ਪੰਦਰਾਂ ਸਾਲ ਤੱਕ, ਅਕਾਲ ਤਖ਼ਤ ਢੁਹਾ ਕੇ ਬਣਾਉਣ ਦੀ "ਕਾਰ ਸੇਵਾ ਦੇ ਨਾਮ ਹੇਠ" ਕਰੋੜਾਂ ਰੁਪਏ ਸੰਗਤ ਤੋਂ ਇਕੱਠੇ ਕਰ ਕੇ, ਡਕਾਰ ਗਈ, ਜਿਸ ਦਾ ਕੋਈ ਹਿਸਾਬ ਨਹੀਂ ਦਿੱਤਾ ਗਿਆ, ਸ਼੍ਰੋਮਣੀ ਕਮੇਟੀ ਨੂੰ। ਇਸੇ ਟਕਸਾਲ ਦੇ ਪੜ੍ਹਾਏ ਤੋਤੇ ਖ਼ਾਲਸਾ ਪੰਥ ਨੂੰ ਲਵ-ਕੁਸ਼ ਦੀ ਔਲਾਦ ਕਹਿਣ ਦਾ ਬੱਜਰ ਪਾਪ ਕਰਦੇ ਰਤੀ ਸ਼ਰਮਸਾਰ ਨਹੀਂ ਹੁੰਦੇ। ਇਸੇ ਟਕਸਾਲ ਦੇ ਗ੍ਰੰਥਾਂ ਵਿੱਚ, ਹਿੰਦੂ ਦੇਵੀ ਦੇਵਤਿਆਂ ਦੀਆਂ ਕਹਾਣੀਆਂ ਬੇਸ਼ੁਮਾਰ ਲਿਖੀਆਂ ਹੋਈਆਂ ਹਨ। ਜਿਨ੍ਹਾਂ ਨਾਲ ਸੰਗਤ ਨੂੰ ਗੁਮਰਾਹ ਕੀਤਾ ਜਾਂਦਾ ਹੈ। ਇਸੇ ਟਕਸਾਲ ਦਾ ਚੌਧਵਾਂ ਮੁਖੀ (ਮੈਂ ਨਿੱਜੀ ਤੌਰ 'ਤੇ ਭਾਈ ਜਰਨੈਲ ਦਾ ਸਤਿਕਾਰ ਕਰਦਾ ਹਾਂ ਪਰ ਤੁਸੀਂ ਉਸ ਦਾ ਅਪਮਾਨ ਕਰ ਰਹੇ ਹੋ) ਭਾਈ ਜਰਨੈਲ ਸਿੰਘ ਅਣਗਿਣਤ ਮਾਵਾਂ ਦੇ ਪੁੱਤਰ ਮਰਵਾ ਕੇ ਅਕਾਲ ਤਖ਼ਤ

ਢੁਹਾ ਕੇ ਖ਼ਾਲਸਾ ਪੰਥ ਨੂੰ ਕੱਖੋਂ ਹੌਲਾ ਕਰਵਾ ਕੇ, ਜਾਨ ਬਚਾ ਕੇ, ਕਾਇਰਾਂ ਵਾਂਗ ਕਿਧਰੇ ਨੱਸ ਗਿਆ? ਵੀਹ ਸਾਲ ਬੀਤ ਜਾਣ 'ਤੇ ਭੀ ਅਜੇ ਸਾਹਮਣੇ ਆਉਣ ਦੀ ਹਿੰਮਤ ਨਹੀਂ ਕਰ ਸਕਿਆ।

ਇਸੇ ਟਕਸਾਲ ਦੇ ਚੌਧਰੀਆਂ ਨੇ ਕੇ.ਪੀ.ਐਸ. ਗਿੱਲ ਸਿੱਖਾਂ ਦੇ ਵੱਡੇ ਕਾਤਲ ਨੂੰ, (1994) ਮਹਿਤੇ ਚੌਂਕ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਸੱਦ ਕੇ ਪ੍ਰਸੰਸਾ ਕੀਤੀ। ਸਿਰੋਪੇ ਦਿੱਤੇ, ਦੁੱਧ ਵੀ ਛਕਾਇਆ, ਇਹੀ ਕਿਰਦਾਰ ਹੈ ਨਾ ਟਕਸਾਲ ਦਾ? ਤੇ ਉਨ੍ਹਾਂ ਦੇ ਟੁਕੜਿਆਂ 'ਤੇ ਪਲਣ ਵਾਲੇ, ਵੱਡੇ ਖਾੜਕੂ ਤੇ ਪੱਕੇ ਸਿੱਖ ਸਕਾਲਰ ਜੀਓ। ਤੇਰੇ ਆਪਣੇ ਵਿਆਹ ਵਿੱਚ ਸ਼ਰਾਬ ਦੀਆਂ ਪੇਟੀਆਂ ਦੀ ਖਪਤ ਨਹੀਂ ਹੋਈ? ਅੰਮ੍ਰਿਤਸਰ ਦੇ ਪੈਲੇਸ ਵਿੱਚ ਦਾਜ ਲੈਣਾ ਨਹੀਂ ਕੀਤਾ ਗਿਆ? ਗੁਰਮਤਿ ਦੀਆਂ ਧੱਜੀਆਂ ਨਹੀਂ ਉਡਾਈਆਂ ਗਈਆਂ? ਕਿਰਪਾ ਕਰ ਕੇ ਜੇ ਬਹਿਸ ਕਰਨਾ ਚਾਹੁੰਦਾ ਹੀ ਹੋਵੇਂ, ਤਾਂ ਲਿਖਤਾਂ ਦੇ ਦਾਇਰੇ ਵਿੱਚ ਰਹਿਆ ਜਾਵੇ। ਸ਼ਬਦਾਵਲੀ ਸਭਿਅਕ ਵਰਤੀ ਜਾਵੇ। ਤੱਥਾਂ ਨੂੰ ਤੋੜ ਮਰੋੜ ਕੇ ਗ਼ਲਤ ਰੰਗਣ ਨਾ ਦਿਤੀ ਜਾਵੇ। ਲਿਖਣ ਤੋਂ ਪਹਿਲਾਂ ਸ੍ਰ. ਜੀ ਦੀਆਂ ਲਿਖਤਾਂ ਨੂੰ ਇੱਕ ਵਾਰੀ ਚੰਗੀ ਤਰ੍ਹਾਂ ਪੜ੍ਹ ਲੈਣਾ, ਬਿਹਤਰ ਰਹੇਗਾ। ਬਿਨਾਂ ਪੜ੍ਹੇ ਝੂਠੇ ਇਲਜ਼ਾਮ ਲਾਉਣੇ ਇਨਸਾਨੀਅਤ ਨਹੀਂ ਹੈ, ਨਾ ਹੀ ਸਿੱਖੀ ਹੈ। ਇਹ ਸਾਹਿਤਕ ਬੇਈਮਾਨੀ ਹੈ, ਭ੍ਰਿਸ਼ਟਾਚਾਰ ਹੈ। ਆਸ ਕਰਦਾ ਹਾਂ ਗੰਭੀਰਤਾ ਨਾਲ ਵਿਚਾਰ ਕਰ ਕੇ ਹੀ ਅੱਗੋਂ ਲਿਖੋਗੇ। ਹਾਂ ਟਕਸਾਲ ਵੱਲੋਂ ਲਿਖਿਆ ਤੇ ਬੋਲਿਆ ਕੂੜ ਪ੍ਰਚਾਰ ਤੈਨੂੰ ਕਿਸ ਕਾਰਨ ਨਜ਼ਰ ਨਹੀਂ ਆਇਆ? ਉਨ੍ਹਾਂ ਦੀਆਂ ਪੁਸਤਕਾਂ ਦੀ ਵੰਨਗੀ ਪੇਜ ਨੰਬਰ ਮਾਰਕ ਕਰ ਕੇ ਭੇਜ ਰਿਹਾ ਹਾਂ। ਗੁਰਬਾਣੀ ਪਾਠ ਦਰਸ਼ਨ ਪੁਸਤਕ ਵੀ ਪੜ੍ਹ ਲੈਣੀ ਜ਼ਰੂਰ। ਸ਼ੈਤਾਨੀ ਕੁਫ਼ਰ ਦੀ ਤੱਕੜੀ ਲੈ ਕੇ ਇੱਕ ਹੋਰ ਸ਼ੈਤਾਨੀ ਰੂਹ ਸ੍ਰ. ਜੀ ਵਿਰੁੱਧ ਸ਼ੈਤਾਨੀ ਫ਼ਤਵੇ ਜਾਰੀ ਕਰਨ ਦੇ ਰਾਹ ਪੈ ਗਈ ਹੈ। ਉਹ ਹੈ ਸੁਖਪ੍ਰੀਤ ਸਿੰਘ ਉਦੋਕੇ... ਧੰਨ ਸਿੱਖੀ ਧੰਨ ਵਿਦਵਤਾ...?

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰ॥
ਪੁਤ ਜਿਨੂਰਾ ਧੀ ਜਿਨੂੰਰੀ ਜੋਰੂ ਜਿੰਨਾ ਦਾ ਸਿਕਦਾਰੁ॥ (556)

***

# ਸਿੱਖ ਪੰਥ ਨੂੰ ਚੁਣੌਤੀਆਂ ਤੇ ਸਿੱਖ ਮੁਖੀ

ਜਿਸ ਸਮੇਂ ਤੋਂ ਗੁਰੂ ਨਾਨਕ ਵਿਚਾਰਧਾਰਾ ਪ੍ਰਗਟ ਹੋਈ ਹੈ, ਉਸੇ ਸਮੇਂ ਤੋਂ ਇਸ ਦੇ ਵਿਰੋਧੀ ਵੀ ਸੱਚ ਦੇ ਸੂਰਜ ਨੂੰ ਝੂਠ ਦੇ ਬੱਦਲਾਂ ਨਾਲ ਢੱਕਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਜਦੋਂ ਸਿੱਖ ਸਮਾਜ ਗੁਰਬਾਣੀ ਦੇ ਚਾਨਣ ਨਾਲ ਰੌਸ਼ਨ ਹੋਇਆ ਹੋਵੇ ਫਿਰ ਕੋਈ ਤਾਕਤ ਇਸ ਨੂੰ ਰਾਹ ਤੋਂ ਭਟਕਾ ਨਹੀਂ ਸਕਦੀ। ਜਦੋਂ ਸਿੱਖ ਪੰਥ ਬੁਝੇ ਹੋਏ ਦੀਵੇ ਨੂੰ ਚੁਕੀ ਫਿਰੇ, ਉਸ ਹਾਲਤ ਵਿਚ ਠੋਹਕਰਾਂ ਖੁਆਰੀ ਤੇ ਭਟਕਣਾ ਤੋਂ ਸਿਵਾਏ ਹੋਰ ਪੱਲੇ ਕੀ ਪੈ ਸਕਦਾ ਹੈ ? ਅੱਜ ਭਾਵੇਂ ਇਕੀਵੀਂ ਸਦੀ ਹੈ। ਕੰਪਿਊਟਰੀ ਯੁੱਗ ਹੈ ਪਰ ਸਿੱਖਾਂ ਨੂੰ ਸਮੇਂ ਦੇ ਹਾਣੀ ਬਣਾਉਣ ਵਾਸਤੇ ਸਿੱਖਾਂ ਦੇ ਮੁਖੀਆਂ (ਰਾਜਨੀਤਿਕ, ਧਾਰਮਿਕ ਤੇ ਯੂਨੀਵਰਸਿਟੀਆਂ ਵਿਚਲੇ ਵਿਦਵਾਨਾਂ) ਨੇ ਆਪਣੇ ਫ਼ਰਜ਼ ਦੀ ਪਛਾਣ ਨਹੀਂ ਕੀਤੀ। ਵੈਸੇ ਤਾਂ ਜੋ ਮਨੁੱਖ ਪਹਿਲਾਂ ਤੋਂ ਹੀ ਸੁਚੇਤ ਹੋਵੇ ਤਾਂ ਮੁਸੀਬਤਾਂ ਤੋਂ ਬਚਿਆ ਰਹਿ ਸਕਦਾ ਹੈ। ਜੇ ਕੋਈ ਔਕੜ ਆ ਹੀ ਪਵੇ ਤਾਂ ਉਸ ਤੇ ਸਫ਼ਲਤਾ ਸਹਿਤ ਕਾਬੂ ਪਾ ਲੈਂਦਾ ਹੈ। ਉਪਰ ਵਰਣਿਤ ਤਿੰਨੇ ਕਿਸਮ ਦੇ ਮੁਖੀਆਂ ਨੇ (ਸੁਹਿਰਦ ਸਿੱਖਾਂ ਤੋਂ ਖਿਮਾ ਯਾਚਨਾ) ਸਿੱਖ ਕੌਮ ਲਈ ਕੋਈ ਸੇਧ ਨਹੀਂ ਦਿੱਤੀ। ਆਪੋ ਆਪਣੀਆਂ ਖੁੱਡਾਂ ਵਿਚ ਦੜੇ ਬੈਠੇ ਹਨ ਜਾਂ ਕਦੀ ਕਦਾਈਂ ਬੇ ਸੁਰਾ ਜਿਹਾ ਨਾਅਰਾ, ਜੈਕਾਰਾ ਲਾ ਕੇ, ਆਪਣੀ ਅਕਲ ਦਾ ਦਵਾਲਾ ਜਿਹਾ ਕਢਵਾ ਲੈਂਦੇ ਹਨ ਜਾਂ ਇਉਂ ਕਹਿ ਲਈਏ ਕਿ ਪਹਿਲਾਂ ਹੀ ਅਣਗਿਣਤ ਮੁਸ਼ਕਲਾਂ ਵਿਚ ਘਿਰੇ ਨਿਰਮਲ ਬੁੱਧ ਸਿੱਖਾਂ ਨੂੰ, ਹੋਰ ਮੁਸੀਬਤਾਂ ਵਿਚ ਜਕੜ ਦਿੰਦੇ ਹਨ। ਲੰਮੀ ਨੀਤੀ ਘੜ ਕੇ ਇਨ੍ਹਾਂ ਕਦੀ ਕੋਈ ਕਾਰਜ ਨਹੀਂ ਅਰੰਭਿਆ।

ਮੁਸੀਬਤਾਂ ਵਿਚ ਇਕ ਹੋਰ ਵਾਧਾ ਕਰਨ ਵਾਲਾ ਮਸਲਾ ਆ ਪਿਆ, "ਡੇਰਾ ਸੌਦਾ" ਵਲੋਂ ਦਿੱਤੀ ਗਈ ਚੁਣੌਤੀ। ਇਸ ਮਸਲੇ ਬਾਰੇ ਅਖਬਾਰਾਂ ਵਿਚ ਬਹੁਤ ਕੁੱਝ ਪਿਛਲੇ ਦਿਨੀਂ ਛਪਦਾ ਰਿਹਾ ਹੈ। ਇਸ "ਗੰਭੀਰ ਸੰਕਟ" ਦਾ ਹੱਲ ਲੱਭਣ ਵਾਸਤੇ, ਕਈ ਤਰ੍ਹਾਂ ਦੇ ਯਤਨ ਹੋਏ। "ਜਥੇਦਾਰਾਂ" ਨੇ "ਗਹਿਰ ਗੰਭੀਰ" ਸੋਚਾਂ ਸੋਚੀਆਂ। ਮੀਟਿੰਗਾਂ ਕਰਦਿਆਂ "ਪਸੀਨੋ ਪਸੀਨਾ" ਹੁੰਦੇ ਰਹੇ। ਆਪਣੇ "ਉਪਰ" ਵਾਲਿਆਂ ਨੂੰ ਪੁੱਛ ਪੁੱਛ ਕੇ ਪੈਰ ਟਿਕਾਉਂਦੇ ਰਹੇ। ਫਿਰ ਭੀ ਇਨ੍ਹਾਂ ਜੋ ਬਿਆਨ ਦਾਗੇ, ਉਨ੍ਹਾਂ ਵਿਚੋਂ ਇਨ੍ਹਾਂ ਦੀ "ਉਚੀ ਸੋਚ" ਦੇ ਪਰਤੱਖ ਦਰਸ਼ਨ ਹੋ ਜਾਂਦੇ ਹਨ। ਮੁੱਖ ਮਸਲਾ ਜੋ ਕਦੇ ਵਿਚਾਰਿਆ ਹੀ ਨਹੀਂ ਗਿਆ, ਕਿ ਬਾਰ ਬਾਰ ਇਹ ਹਮਲੇ ਸਿੱਖਾਂ 'ਤੇ ਹੀ ਕਿਉਂ ਹੋ ਰਹੇ ਹਨ ? ਸਿੱਖਾਂ ਦੀ ਬਹੁ ਗਿਣਤੀ ਇਨ੍ਹਾਂ ਰੰਗ ਬਰੰਗੇ ਸਾਧਾਂ ਦੇ ਡੇਰਿਆਂ 'ਤੇ ਜਾਂਦੀ ਹੀ ਕਿਉਂ ਹੈ ? ਮੁਫ਼ਤਖੋਰੇ ਸਾਧਾਂ ਦੇ ਪੈਰਾਂ 'ਤੇ ਨੱਕ ਕਿਉਂ ਰਗੜਦੀ ਹੈ ? ਆਪਣਾ ਸਮਾਂ ਧਨ ਅਤੇ ਸਵੈਮਾਣ, ਇਨ੍ਹਾਂ ਅੱਗੇ ਕਿਉਂ ਲੁਟਾਂਦੀ ਹੈ ? ਕਿਉਂਕਿ 'ਸਾਡੇ ਆਪਣੇ ਅਤੇ ਬੇਗਾਨੇ" ਸਾਰੇ ਹੀ "ਭੇਡਾਂ" ਦੀ ਉਨ ਲਾਹੁਣ ਲਈ, ਤਿਖੇ ਦਾਤਰ ਫੜੀ ਉਨ ਦੇ ਨਾਲ ਨਾਲ, ਛਿੱਲ ਵੀ ਲਾਹ ਰਹੇ ਹਨ। ਜੋ ਕੁੱਝ ਸੌਦਾ ਡੇਰਾ ਕਰ ਰਿਹਾ ਹੈ, ਉਹੀ ਸਾਰਾ ਕੁੱਝ ਜਰਾ ਕੁ ਬਦਲਵੇਂ (ਜਾਂ ਲੁਕਵੇਂ) ਤਰੀਕੇ, ਸਿੱਖਾਂ ਦੇ ਅੰਦਰਲੇ "ਸਾਧ ਸੰਤ" ਤੇ "ਜਥੇਦਾਰ" ਭੀ ਕਰ ਰਹੇ ਹਨ। ਜਦੋਂ ਕੋਈ ਇਨ੍ਹਾਂ ਦੇ ਵਾੜੇ ਦੀਆਂ ਬਹੁਤੀਆਂ "ਭੇਡਾਂ" ਨੂੰ ਹਿੱਕ ਕੇ, ਆਪਣੇ ਡੇਰੇ ਵਿਚ ਘੇਰ ਕੇ ਬਿਠਾ ਲੈਂਦਾ ਹੈ, ਉਸ ਵਕਤ ਸਿੱਖਾਂ ਦੇ "ਆਜੜੀ" ਤਿਲਮਿਲਾ ਉਠਦੇ ਹਨ। ਜਥੇਦਾਰਾਂ ਦੀ "ਸਿੰਘ ਸਾਹਿਬੀ" ਖ਼ਤਰੇ ਵਿਚ। ਰਾਜਨੀਤੀਵਾਨਾਂ ਦੀ ਕੁਰਸੀ ਖ਼ਤਰੇ ਵਿਚ। "ਸੰਤਾਂ ਮਹਾਂਪੁਰਖਾਂ" ਦੀ ਪੂਜਾ ਮਾਨਤਾ ਖ਼ਤਰੇ ਵਿਚ ਪੈ ਜਾਂਦੀ ਹੈ। ਉਸ ਅਵਸਥਾ ਵਿਚ ਫਿਰ ਇਹ ਲੋਕ, ਗਿੱਦੜ ਭਬਕੀਆਂ ਮਾਰਦੇ ਹਨ। ਤਦੋਂ "ਪੰਥ ਖ਼ਤਰੇ ਵਿਚ", ਦਿਸ ਆਉਂਦਾ ਹੈ।

ਮਿਤੀ 26 ਮਈ 2007 ਨੂੰ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਵਲੋਂ ਇਕ "ਪੰਥਕ ਕਨਵੈਨਸ਼ਨ" ਨਾਮ ਦਾ ਇਕੱਠ ਕੀਤਾ ਗਿਆ। ਸ੍ਰ. ਪਰਮਜੀਤ ਸਿੰਘ ਸਰਨਾ ਅਤੇ ਉਨ੍ਹਾਂ ਦੇ ਸਹਿਯੋਗੀ ਗੁਰਸਿੱਖਾਂ ਵਲੋਂ ਅਤੀ ਸੁਹਿਰਦ ਯਤਨ ਕੀਤਾ ਗਿਆ। ਪੰਜਾਬ, ਦਿੱਲੀ ਅਤੇ ਹੋਰ ਹਰ ਸੂਬੇ ਅਤੇ ਕਈ ਬਾਹਰਲੇ ਦੇਸ਼ਾਂ ਵਿਚੋਂ ਵੀ, ਗੁਰੂ ਪਿਆਰ ਵਾਲੇ ਵਿਦਵਾਨ ਸਿੱਖ ਇਕੱਠ ਵਿਚ ਪਹੁੰਚੇ। ਆਡੀਟੋਰੀਅਮ ਖਚਾ ਖਚ ਭਰਿਆ ਹੋਇਆ ਸੀ। ਅਜੇ ਭੀ ਬਹੁਤ ਸਾਰੇ ਵੀਰ ਭੈਣਾਂ ਬਿਨਾਂ ਕੁਰਸੀਆਂ ਤੋਂ, ਜਿਥੇ ਕਿਤੇ ਥਾਂ ਮਿਲੀ, ਬੈਠੇ ਹੋਏ ਸਨ। ਇਸ

ਸਮਾਗਮ ਦੀ ਹੋਰ ਖ਼ੂਬੀ ਇਹ ਕਿ ਜਿਥੇ ਸੁਲਝੇ ਹੋਏ ਵਿਦਵਾਨ (ਯੂਨੀਵਰਸਿਟੀਆਂ ਵਾਲੇ ਨਹੀਂ) ਵੱਡੀ ਗਿਣਤੀ ਵਿਚ ਪਹੁੰਚੇ, ਉਥੇ ਚਾਰ "ਜਥੇਦਾਰ" ਭੀ ਮੌਜੂਦ ਸਨ। ਸਿਰਫ਼ ਨਾਂਦੇੜ ਵਾਲਾ ਨਹੀਂ ਆਇਆ। ਦੋ ਡੇਰਿਆਂ ਦੇ ਮੁਖੀ ਵੀ ਹਾਜ਼ਰੀ ਲਗਵਾ ਗਏ ਸਨ। ਹੁਣ ਕੁੱਝ ਪ੍ਰਮੁੱਖ ਨੁਕਤੇ ਸਾਂਝੇ ਕਰ ਲਈਏ, ਜਿਨ੍ਹਾਂ ਨੂੰ ਉਸ "ਕਨਵੈਨਸ਼ਨ" ਵਿਚ ਵਿਦਵਾਨਾਂ ਨੇ ਸਰੋਤਿਆਂ ਸਨਮੁੱਖ ਰੱਖਿਆ। ਅਗੋਂ ਦਿੱਲੀ ਕਮੇਟੀ ਨੇ ਅਮਲ ਕਰਨ ਦਾ ਵਿਸ਼ਵਾਸ ਦੁਆਇਆ :

ੳ. ਭਾਵੇਂ ਇਸ ਸਮਾਗਮ ਵਿਚ ਸੁਲਝੇ ਹੋਏ ਬੁਲਾਰੇ, ਲੇਖਕ, ਜਥੇਬੰਦੀਆਂ ਦੇ ਮੁਖੀ, ਮਿਲੇ ਵਕਤ ਮੁਤਾਬਕ ਬੋਲ ਕੇ ਗਏ। ਮਨ ਨੂੰ ਉਸ ਸਮੇਂ ਬਹੁਤ ਅਫ਼ਸੋਸ ਹੋਇਆ ਜਦੋਂ ਵਰਤਮਾਨ ਹਾਲਾਤ ਨਾਲ ਨਜਿੱਠਣ ਵਾਸਤੇ ਕਈ "ਨਾਮੀ" ਵਿਅਕਤੀਆਂ ਨੇ ਕੋਈ ਸੁਝਾਉ ਨਾ ਦਿੱਤਾ। ਭਵਿੱਖ ਵਿਚ ਕੀਤੇ ਜਾਣ ਵਾਲੇ ਸੁਧਾਰਾਂ ਬਾਰੇ ਕੋਈ ਸਲਾਹ ਨਾ ਦੇ ਸਕੇ। ਸਿਰਫ਼ "ਪੁਰਾਤਨ ਗੋਰਵ ਮਈ" ਇਤਿਹਾਸ ਵਿਚਲੀਆਂ ਕਹਾਣੀਆਂ ਸੁਣਾਉਂਦੇ ਰਹੇ। ਸ੍ਰ. ਸਰਨਾ ਉਨ੍ਹਾਂ ਨੂੰ ਬਾਰੀ ਬਾਰੀ ਆ ਕੇ ਚੇਤਾ ਕਰਾਉਂਦੇ : "ਵੀਰ ਜੀਓ! ਮੌਜੂਦਾ ਸੰਕਟ ਵਿਚੋਂ ਉਭਰਨ ਲਈ ਸੁਝਾ ਦਿਓ। ਇਤਿਹਾਸ ਤੋਂ ਆਪਾਂ ਸਾਰੇ ਹੀ ਚੰਗੀ ਤਰ੍ਹਾਂ ਵਾਕਿਫ਼ ਹਾਂ"। ਕੁਝ ਵੱਡੇ "ਨਾਮ" ਵਾਲੇ ਬੁਲਾਰੇ ਭਾਵੇਂ ਕੋਈ ਨਵਾਂ ਸਾਰਥਕ ਵਿਚਾਰ ਨਾ ਦੇ ਸਕੇ ਪਰ ਸਟੇਜ ਸੈਕਟਰੀ ਦੀ ਮਜਬੂਰੀ ਸੀ ਕਿ ਚਾਹੁੰਦਾ ਹੋਇਆ ਭੀ, ਉਨ੍ਹਾਂ ਨੂੰ ਰੋਕ ਨਹੀਂ ਸਕਦਾ ਸੀ।

ਅ. "ਜਥੇਦਾਰ" ਵਲੋਂ ਸੌਦਾ ਡੇਰੇ ਬੰਦ ਕਰਵਾਉਣ ਦੇ ਐਲਾਨ 'ਤੇ ਪ੍ਰਤੀਕਰਮ ਕਰਦਿਆਂ ਇਕ ਬੁਲਾਰੇ ਨੇ ਬੜਾ ਸੁੰਦਰ ਕਿਹਾ, "ਆਮ ਸਿੱਖ, ਲੀਡਰਾਂ, 'ਜਥੇਦਾਰਾਂ' ਦੇ ਆਖੇ ਕੁਰਬਾਨੀ ਕਰਨੋਂ ਕਦੇ ਪਿੱਛੇ ਨਹੀਂ ਹਟੇ। ਸਿੱਖ ਕੌਮ ਦੇ ਆਗੂ ਗੱਦਾਰੀ ਕਰਨੋਂ ਨਹੀਂ ਹਟੇ"। ਲਗਦਾ ਇਉਂ ਹੈ ਕਿ ਭੜਕਾਟ ਵਿਚ ਲਿਆ ਕੇ, ਸਿੱਖ ਨੌਜਵਾਨਾਂ ਦਾ ਘਾਣ ਕਰਵਾਇਆ ਜਾਵੇਗਾ ਤਾਕਿ ਫਿਰ ਇਨ੍ਹਾਂ ਵਿਕਾਊ ਟੋਲਿਆਂ ਨੂੰ, ਮਨਮਾਨੀਆਂ ਕਰਨ ਤੋਂ ਰੋਕਣ ਵਾਲਾ ਕੋਈ ਨਾ ਰਹੇ। ਡੇਰੇਦਾਰੀ ਸਿਸਟਮ ਗਿਆਨ ਦੁਆਰਾ ਆਪਣੇ ਆਪ ਬੰਦ ਹੋ ਜਾਣਾ ਸੀ ਪਰ ਸਿੱਖਾਂ ਦੀ ਇਹ ਬਦਕਿਸਮਤੀ ਹੈ, ਕਿ ਸਾਡੇ ਚੌਧਰੀ ਗਿਆਨ ਵੰਡਣ ਦੀ ਥਾਵੇਂ, ਇੱਟਾਂ-ਵੱਟੇ, ਬਰਛੇ-ਭਾਲੇ, ਖੰਡੇ-ਕਿਰਪਾਨਾਂ, ਵੰਡ ਦੇ ਪ੍ਰਤੀਤ ਹੋ ਰਹੇ ਹਨ। ਜਿਉਣ ਦੀ ਜਾਂਚ ਨਹੀਂ ਸਿਖਾ ਰਹੇ, ਮਰ ਜਾਣ ਲਈ ਹੱਲਾ ਸ਼ੇਰੀ ਦੇ ਰਹੇ ਹਨ। "ਸਿਰ ਵਰਤਣ" ਦੀ ਸਿਖਿਆ ਨਹੀਂ ਦੇ ਰਹੇ "ਸਿਰ

ਵਾਰਨ" ਦੀ ਪ੍ਰੇਰਨਾ ਕਰ ਰਹੇ ਹਨ। ਆਹ ਕੱਲ ਦੀਆਂ ਗੱਲਾਂ ਹਨ। 1980 ਤੋਂ 94 ਤਕ ਦੋ ਲੱਖ ਸਿੱਖ ਨੌਜਵਾਨ ਸਿਰ ਵਾਰ ਚੁੱਕੇ ਹਨ ਪਰ ਪ੍ਰਾਪਤੀ ਕੀ ਹੋਈ ? ਉਨ੍ਹਾਂ ਦੀਆਂ ਸ਼ਹੀਦੀਆਂ ਦਾ ਕੀ ਮੁੱਲ ਪਿਆ ?

ੲ. ਇਕ ਸੁੰਦਰ ਵਿਚਾਰ ਆਇਆ ਕਿ ਖ਼ਾਲਸਾ ਸਕੂਲਾਂ ਤੇ ਖ਼ਾਲਸਾ ਕਾਲਜਾਂ ਵਿਚ, ਆਰਥਕ ਪੱਖੋਂ ਕਮਜ਼ੋਰ ਸਿੱਖ ਬੱਚਿਆਂ ਨੂੰ, ਪਹਿਲ ਦੇ ਆਧਾਰ 'ਤੇ ਦਾਖ਼ਲ ਕੀਤਾ ਜਾਵੇ। ਫੀਸਾਂ ਤੇ ਹੋਰ ਖਰਚਿਆਂ ਵਿਚ ਉਨ੍ਹਾਂ ਨੂੰ ਵੱਧ ਤੋਂ ਵੱਧ ਰਿਆਇਤਾਂ ਦਿੱਤੀਆਂ ਜਾਣ। ਇਸ ਤਰ੍ਹਾਂ ਉਹ ਪੈਰਾਂ 'ਤੇ ਖੜੇ ਹੋ ਸਕਣਗੇ, ਸਿੱਖੀ ਦੀ ਸ਼ੋਭਾ ਵਧਾਉਣ ਵਿਚ ਬਣਦਾ ਯੋਗਦਾਨ ਪਾਉਣਗੇ ਪਰ ਦੁਖਦਾਈ ਪਹਿਲੂ ਇਹ ਹੈ ਕਿ ਇਹ ਸਾਰੇ ਵਿਦਿਅਕ ਅਦਾਰੇ ਅੱਜ "ਮਲਕ ਭਾਗੋਆਂ" ਦੇ ਕਬਜੇ ਵਿਚ ਹਨ। ਭਾਈ ਲਾਲੋ ਦੇ ਬੱਚੇ, ਇਨ੍ਹਾਂ ਸੰਸਥਾਵਾਂ ਦੇ ਗੇਟ ਅੰਦਰ ਪੈਰ ਨਹੀਂ ਰੱਖ ਸਕਦੇ। ਜੇ ਭਾਈ ਲਾਲੋ ਦੇ ਬੱਚੇ ਪੜ੍ਹ, ਗਏ ਫਿਰ ਮਲਕ ਭਾਗੋ ਦੀ ਚਾਕਰੀ ਕੌਣ ਕਰੇਗਾ ? ਉਸ ਦੀਆਂ ਵਗਾਰਾਂ ਕਿਉਂ ਕਰੇਗਾ ? ਸੁਭਾ ਸ਼ਾਮ ਉਸ ਦੇ ਪੈਰੀ ਹੱਥ ਕਿਉਂ ਲਾਏਗਾ ? ਤੁਹਾਨੂੰ ਕੋਈ ਸਿਰ ਕੱਢਵਾਂ ਵਿਦਿਅਕ ਅਦਾਰਾ ਅਜਿਹਾ ਨਹੀਂ ਮਿਲੇਗਾ, ਜਿਥੇ "ਭਾਈ ਲਾਲੋ" ਦੇ ਬੱਚੇ ਪੜ੍ਹਦੇ ਹੋਣ। ਹਰ ਥਾਂ ਸੱਜਣ ਠੱਗ, ਕੌਡਾ ਰਾਖਸ਼, ਭੂਮੀਆਂ ਚੋਰ, ਨੂਰਸ਼ਾਹ ਜਾਦੂਗਰਨੀ, ਬਾਬਰ, ਜਹਾਂਗੀਰ, ਔਰੰਗਜੇਬ ਤੇ ਜਕਰੀਆਂ ਖ਼ਾਨਾਂ ਦੇ ਬੱਚੇ ਪੜ੍ਹਦੇ ਹਨ ਤਾਕਿ ਕਿਰਤੀ ਸਿੱਖਾਂ ਦਾ ਹੋਰ ਘਾਣ ਕਰ ਸਕਣ, ਡੀਕਾਂ ਲਾ ਕੇ ਖ਼ੂਨ ਪੀ ਸਕਣ।

ਸ. ਇਕ ਵਿਚਾਰ ਆਇਆ ਕਿ ਧਾਰਮਿਕ ਸਕੂਲਾਂ ਕਾਲਜਾਂ ਵਿਚ, ਵਿਦਵਾਨ ਧਾਰਮਿਕ ਟੀਚਰ, ਜਰੂਰ ਰਖੇ ਜਾਣ ਤਾਕਿ ਸਾਡੇ ਬੱਚਿਆਂ ਨੂੰ ਚੰਗੀ ਧਰਮ ਵਿਦਿਆ ਦਿੱਤੀ ਜਾ ਸਕੇ। ਆਪਣੀ ਸੰਸਾਰੀ ਵਿਦਿਆ ਪੂਰੀ ਕਰ ਕੇ, ਉਹ ਜਿਥੇ ਮਰਜੀ ਕੰਮ ਕਰਨ ਪਰ ਸਿੱਖੀ ਉਨ੍ਹਾਂ ਦੇ ਕਿਰਦਾਰ ਵਿਚੋਂ ਡੁੱਲ ਡੁੱਲ ਪਵੇ। ਅਫ਼ਸੋਸ ਸਿੱਖ ਕੌਮ ਦੇ ਮੁਖੀਆਂ ਨੇ ਅਜਿਹੇ ਕਾਲਜ ਹੀ ਨਹੀਂ ਖੋਲ੍ਹੇ, ਜਿਥੋਂ ਧਾਰਮਕ ਟੀਚਰ ਤਿਆਰ ਹੋ ਕੇ ਨਿਕਲਣ। ਸਿੱਖਾਂ ਵਲੋਂ ਚਲਾਏ ਜਾ ਰਹੇ ਸਕੂਲਾਂ ਵਿਚ (ਕਾਲਜਾਂ ਵਿਚ ਨਹੀਂ) ਜੇ ਕੋਈ ਧਾਰਮਿਕ ਟੀਚਰ ਰਖਿਆ ਭੀ ਹੈ, ਤਾਂ ਬਿਨਾਂ ਧਾਰਮਕ ਸਿਖਿਆ ਤੋਂ। ਤਨਖਾਹ ਉਸ ਦੀ ਸਾਰੇ ਟੀਚਰਾਂ ਤੋਂ ਘੱਟ। ਮਾਣ ਸਨਮਾਨ ਉਸ ਦਾ ਕੋਈ ਨਹੀਂ। ਵਿਦਿਆਰਥੀ ਉਸ ਦਾ ਸਤਿਕਾਰ ਕਿਉਂ ਕਰਨਗੇ ? ਉਹ ਆਪਣੀ ਜ਼ਿੰਮੇਵਾਰੀ ਨਿਭਾ ਹੀ ਨਹੀਂ

ਸਕੇਗਾ।

ਹ. ਜਦੋਂ ਪੰਥ 'ਤੇ ਕੋਈ "ਸੰਕਟ" ਆਉਂਦਾ ਜਾਂ ਪੈਦਾ ਕਰ ਦਿੱਤਾ ਜਾਂਦਾ ਹੈ। ਉਸ ਵਕਤ ਬੜੇ ਸੈਮੀਨਾਰ ਕੀਤੇ ਜਾਂਦੇ ਹਨ। ਮਤੇ ਪਾਸ ਕਰ ਕੇ ਭੇਜੇ ਜਾਂਦੇ ਹਨ। ਰੋਸ ਮਾਰਚ ਕੱਢੇ ਜਾਂਦੇ ਹਨ। ਹੜਤਾਲਾਂ ਦੇ ਸੱਦੇ ਦਿੱਤੇ ਜਾਂਦੇ ਹਨ। ਨਗਰ ਕੀਰਤਨ, ਚੇਤਨਾ, ਮਾਰਚ ਕੱਢੇ ਜਾਂਦੇ ਹਨ। ਵਿਸ਼ਵ ਸਿੱਖ ਸੰਮੇਲਨ ਕੀਤੇ ਜਾਂਦੇ ਹਨ। ਪੂਰੀ ਕੌਮ ਦੀਆਂ ਭਾਜੜਾਂ ਪੁਆਈਆਂ ਜਾਂਦੀਆਂ ਹਨ। ਪਸੀਨੇ ਕਢਵਾ ਦਿੱਤੇ ਜਾਂਦੇ ਹਨ। ਕਰੋੜਾਂ ਰੁਪਏ ਘੱਟੇ ਵਿਚ ਰੋਲ ਦਿੱਤੇ ਜਾਂਦੇ ਹਨ। ਸੰਕਟ ਦੂਰ ਕਰਨ ਲਈ ਨਹੀਂ। ਸਗੋਂ ਐਸ.ਜੀ.ਪੀ.ਸੀ. ਦੀਆਂ ਚੋਣਾਂ ਜਿੱਤਣ ਲਈ। ਪੰਜਾਬ ਸਰਕਾਰ ਵਾਲੀ ਕੁਰਸੀ 'ਤੇ ਕਬਜਾ ਜਮਾਉਣ ਲਈ। ਮੈਂਬਰ ਪਾਰਲਮੈਂਟ ਬਣ ਕੇ, ਦਿੱਲੀ ਦਰਬਾਰ ਦਾ ਸੁੱਖ ਭੋਗਣ ਲਈ। ਜਦੋਂ ਮਨ ਇੱਛਤ ਜਿੱਤ ਪ੍ਰਾਪਤ ਕਰ ਲਈ, ਕੁਰਸੀ 'ਤੇ ਸਜ ਗਏ, ਤਦੋਂ ਪੰਥ 'ਤੇ ਕੋਈ ਸੰਕਟ ਨਹੀਂ ਹੁੰਦਾ। ਸਾਰੇ ਦੁੱਖ ਕਲੇਸ ਉਡ ਪੁਡ ਜਾਂਦੇ ਹਨ। "ਪੁਰਾਣੇ ਜ਼ਖ਼ਮ ਨਾ ਉਖੇੜੋ, ਕਬਰਾਂ ਵਿਚੋਂ ਮੁਰਦੇ ਨਾ ਕੱਢੋ," ਦੀਆਂ ਅਨਮੋਲ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ ।

ਕ. ਇਕ ਸੁਝਾਅ ਇਹ ਸੀ ਕਿ ਪਿਛਲੇ ਪੰਜਾਹ ਸਾਲ ਤੋਂ, ਸਿੱਖ ਲੀਡਰਸ਼ਿਪ ਵਿਚ ਕੋਈ ਤਬਦੀਲੀ ਨਹੀਂ ਆਈ। ਉਹੀ ਬੁਢੜੇ ਹਰ ਥਾਂ ਕਾਬਜ ਹਨ। ਹਰ ਹਰਬਾ ਵਰਤ ਕੇ, ਨੌਜਵਾਨਾਂ ਨੂੰ ਅੱਗੇ ਆਉਣ ਤੋਂ ਰੋਕਿਆ ਗਿਆ ਹੈ। ਭਾਵੇਂ ਦੁਸ਼ਮਣਾਂ ਦੀਆਂ ਫੌਜਾਂ ਚੜ੍ਹਾ ਕੇ ਲਿਆਂਦੀਆਂ, ਭਾਵੇਂ ਖੁਦ ਘਾਣ ਕੀਤਾ ਪਰ ਜੁਆਨੀ ਨੂੰ ਲਗਪਗ ਖ਼ਤਮ ਕਰ ਦਿੱਤਾ ਗਿਆ। ਧਾਰਮਿਕ ਲੀਡਰਸ਼ਿਪ ਅਨਪੜ੍ਹ ਹੈ ਗੰਵਾਰ ਹੈ। ਸਮੇਂ ਦੀ ਹਾਣੀ ਹੋ ਕੇ ਵਿਚਰ ਹੀ ਨਹੀਂ ਸਕਦੀ। ਨਵੇਂ ਉਤਸ਼ਾਹ ਵਾਲੇ ਸੂਝਵਾਨ ਗੁਰਸਿੱਖ ਨਾਂ ਤਿਆਰ ਕੀਤੇ ਗਏ। ਜੇ ਥੋੜ੍ਹੇ ਬਹੁਤ ਹੈਗੇ ਨੇ ਤਾਂ ਉਨ੍ਹਾਂ ਲਈ ਅੱਗੇ ਆਉਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਗਏ। ਪੰਜਾਬ ਦੀਆਂ ਸਾਰੀਆਂ ਸਿੱਖ ਸਟੂਡੈਂਟ ਫ਼ੈਡਰੇਸ਼ਨਾਂ "ਮਰ" ਚੁਕੀਆਂ ਹਨ। ਸਫੈਦ ਦਾੜ੍ਹੀਆਂ ਵਾਲੇ ਬਾਬੇ ਦਾੜ੍ਹੀਆਂ ਰੰਗ ਕੇ, ਝੁਰੜੀਆਂ ਵਾਲੇ ਚੇਹਰਿਆਂ ਵਿਚੋਂ, ਜੁਆਨੀ ਦਾ ਜੋਸ਼ ਵਿਖਾ ਰਹੇ ਹਨ। ਸ਼ਾਇਦ ਦੁਨੀਆਂ ਦੀ ਇਕੋ ਕੌਮ ਸਿੱਖ ਕੌਮ ਹੀ ਹੈ, ਜੋ ਆਪਣੇ ਬੱਚਿਆਂ ਨੂੰ ਖਾ ਗਈ ਹੈ। ਇਹ ਤਾਂ ਸੱਪਣੀ ਦੀ ਕਰਤੂਤ ਹੈ, ਗੁਰਸਿੱਖਾਂ ਦੀ ਨਹੀਂ।

ਖ. ਭਾਰਤ ਵਿਚ ਰਾਜਨੀਤਿਕ ਪਾਰਟੀਆਂ ਨੇ ਆਪਣੇ ਸਲਾਹਕਾਰ, ਵਿਦਵਾਨ

ਲੋਕਾਂ ਨੂੰ ਰੱਖਿਆ ਹੋਇਆ ਹੈ। ਸਮੇਂ ਸਮੇਂ ਆਪਣੀਆਂ ਨੀਤੀਆਂ ਵਿਚ, ਹਾਲਾਤ ਮੁਤਾਬਕ ਤਬਦੀਲੀ ਕਰਦੇ ਹਨ। ਵੱਡੀਆਂ ਨੌਕਰੀਆਂ ਤੋਂ ਰਿਟਾਇਰ ਹੋਏ, ਤਜਰਬੇਕਾਰ ਗੁਰਸਿੱਖ, ਥੋੜ੍ਹੇ ਜਿਹੇ ਮਾਣ ਸਨਮਾਨ ਨਾਲ ਹੀ ਜਥੇਬੰਦੀ ਨਾਲ ਜੁੜੇ ਰਹਿ ਸਕਦੇ ਹਨ। ਚੰਗੇ ਸੁਝਾਉ ਤੇ ਸਕੀਮਾਂ ਤਿਆਰ ਕਰ ਕੇ ਦੇ ਸਕਦੇ ਹਨ ਪਰ ਸਿੱਖਾਂ ਦੇ ਮੁਖੀਆਂ (ਧਾਰਮਿਕ ਤੇ ਰਾਜਨੀਤਿਕ) ਨੇ ਇਸ ਪਾਸੇ ਇਕ ਕਦਮ ਵੀ ਨਹੀਂ ਪੁੱਟਿਆ। ਕੋਈ "ਥਿੰਕ ਟੈਂਕ" ਨਹੀਂ ਬਣਾਇਆ। ਹਾਂ ਆਪਣੇ ਪੁੱਤਰਾਂ ਭਤੀਜਿਆਂ ਨੂੰ ਪਤਨੀਆਂ ਧੀਆਂ ਨੂੰ, ਅੱਗੇ ਲਿਆਉਣ ਵਾਸਤੇ ਪੂਰੀ ਵਾਹ ਲਾ ਦਿੱਤੀ ਜਾਂਦੀ ਹੈ। ਧਰਮ ਖੇਤਰ ਵਿਚ ਭੀ ਮੂੰਹ ਮੁਹਲਾਜੇ ਹਨ। ਡੇਰੇਦਾਰੀ ਹੈ, ਗੁਰੂ ਡੰਮ ਹੈ, ਸ਼ਬਦ ਤੋਂ ਖਾਲੀਪਣ ਹੈ। ਸੁਧਾਰ ਕਿਵੇਂ ਹੋਵੇ ? ਵੱਡੇ ਇਨਕਲਾਬ ਦੀ ਲੋੜ ਹੈ।

ਗ. ਸਿੱਖਾਂ ਵਿਚ ਧਰਮ ਅਤੇ ਰਾਜਨੀਤੀ ਤੇ ਜੱਟਵਾਦ ਕਾਬਜ ਹੈ। ਜਾਤ ਦੇ ਹੰਕਾਰ ਵਿਚ ਧਰਮ ਤੋਂ ਬਾਗੀ ਹੈ। ਗੁਰਬਾਣੀ ਵਿਚ ਦਰਸਾਏ ਇਨਸਾਨੀ ਗੁਣਾਂ ਤੋਂ ਸੱਖਣਾ ਹੈ। ਆਪਸ ਵਿਚ ਲੜਦਾ ਹੈ, ਦੂਜਿਆਂ ਨੂੰ ਭੀ ਦੁਬੇਲ ਬਣਾ ਕੇ ਰੱਖਣ ਲਈ ਪੂਰੀ ਤਾਕਤ ਲਾ ਦਿੰਦਾ ਹੈ। ਦਲਿਤਾਂ ਦਾ ਅਪਮਾਨ ਕਰਦਾ ਹੈ। ਅਜਿਹੇ ਹਾਲਾਤ ਵਿਚ ਬਹੁਗਿਣਤੀ ਦਲਿਤ ਲੋਕ, ਰਾਧਾ ਸਵਾਮੀ ਜਾਂ ਸੌਦਾ ਡੇਰੇ ਵਲ ਚਲੇ ਗਏ। ਇਸ ਮੂਲ ਰੋਗ ਨੂੰ ਕਿਸੇ ਪਛਾਣਿਆ ਹੀ ਨਹੀਂ। ਪੰਜਾਹ ਸੱਠ ਸਾਲ ਤੋਂ ਇਹ ਡੇਰਾ ਵੱਧ ਫੁਲ ਰਿਹਾ ਹੈ। ਵੋਟਾਂ ਲੈਣ ਵਾਸਤੇ ਆਕਾਲੀ ਮੁਖੀ, ਖੁਦ ਇਸ ਨੂੰ ਨਮਸਕਾਰਾਂ ਕਰ ਰਹੇ ਹਨ। ਵਜੀਰ ਆਦਿ ਇਸ ਦੇ ਚਰਨ ਪਰਸਦੇ ਹਨ। ਜੇ ਆਪਣੇ ਅਕਾਲੀ ਲੀਡਰਾਂ ਨੂੰ ਸਮਝ ਸਕੋ, ਜੇ ਦਲਿਤ ਪਰਿਵਾਰਾਂ ਨਾਲ ਪਿਆਰ ਭਰਿਆ ਸਲੂਕ ਕਰ ਸਕੋ, ਤਾਂ ਇਨ੍ਹਾਂ ਡੇਰਿਆਂ ਦੀਆਂ, ਰੌਣਕਾਂ ਆਪਣੇ ਆਪ ਹੀ ਘੱਟ ਜਾਣਗੀਆਂ। ਸਾਰੇ ਡੇਰਿਆ ਵਿਚ (ਜੋ ਸਿੱਖਾਂ ਅੰਦਰ ਵਿਚਰ ਰਹੇ ਹਨ) ਜਾਤ ਪਾਤ ਉਚ ਨੀਚ ਬਰਕਰਾਰ ਹੈ। ਡੇਰੇ ਦਾ ਮੁਖੀ ਉਚੀ ਥਾਂਵੇਂ ਬੈਠਾ, ਸੇਵਕਾਂ ਤੋਂ ਪੈਰੀਂ ਹੱਥ ਲਗਵਾ ਰਿਹਾ ਹੈ। ਕੀ ਇਹ ਸਭ ਗੁਰਮਤਿ ਹੈ ? ਸਾਡੇ ਜਥੇਦਾਰਾਂ ਨੂੰ ਇਹ ਗੁਰਮਤਿ ਵਿਰੋਧੀ ਕਾਰੇ ਪਹਿਲਾਂ ਕਿਉਂ ਨਹੀਂ ਦਿਸਦੇ ?

ਘ. ਗੁਰਸਿੱਖ ਵਿਦਵਾਨਾਂ ਦਾ ਅਜਿਹਾ ਇਕ ਪੜਤਾਲੀਆ ਕਮੀਸ਼ਨ ਬਣੇ, ਜੋ ਗਹਿਰਾਈ ਨਾਲ ਖੋਜ ਕਰ ਕੇ ਦੱਸੇ ਕਿ ਇਹ ਡੇਰੇ ਏਨੀ ਤੇਜੀ ਨਾਲ ਕਿਵੇਂ

ਪ੍ਰਫੁੱਲਤ ਹੋ ਜਾਂਦੇ ਹਨ ? ਇਹਨਾਂ ਦੇ ਆਮਦਨ ਦੇ ਸਰੋਤ ਕੀ ਹਨ ? ਕਿਤੇ ਇਨ੍ਹਾਂ ਵਿਚ ਸਮਗਲਿੰਗ ਤਾਂ ਨਹੀਂ ਹੁੰਦੀ ? ਕਿਤੇ ਅਨੈਤਕ ਕੰਮ ਤਾਂ ਨਹੀਂ ਹੁੰਦੇ ? ਕਿਤੇ ਬੱਚੇ ਬੱਚੀਆਂ ਦਾ ਸਰੀਰਕ ਸ਼ੋਸ਼ਣ ਤਾਂ ਨਹੀ ਹੁੰਦਾ ? ਕਿਤੇ ਇਹ ਸਰਕਾਰੀ ਟਾਊਟ ਤਾਂ ਨਹੀਂ ਹਨ ? ਕਿਤੇ ਇਹ ਲੋਕਾਂ ਦਾ ਕ੍ਰਾਂਤੀਕਾਰੀ ਸੁਭਾ ਖ਼ਤਮ ਕਰਨ ਵਾਸਤੇ ਸਰਕਾਰ ਖੁਦ ਹੀ ਤਾਂ ਨਹੀਂ ਚਲਾ ਰਹੀ ? ਇਨ੍ਹਾਂ ਵਿਚੋਂ ਸਿੱਖੀ ਦੇ ਹਮਾਇਤੀ ਕਿੰਨੇ ਡੇਰੇ ਹਨ ? ਸਿੱਖੀ ਦੇ ਦੁਸ਼ਮਣ, ਕਿੰਨੇ ਡੇਰੇ ਹਨ ? ਉਹ ਕਿੰਨੇ ਹਨ, ਜਿਨ੍ਹਾਂ ਨੇ ਸਿੱਖੀ ਵਾਲਾ ਵੇਸ ਧਾਰਨ ਕੀਤਾ ਹੋਇਆ ਹੈ, ਪਰ ਅੰਦਰੋਂ ਨਿਰੇ ਗੰਗੂ ਤੇ ਸੁੱਚਾ ਨੰਦ ਵਰਗੇ ਹਨ। ਜੋ ਬੇਖੌਫ਼ ਹੋ ਕੇ ਸਿੱਖੀ ਨਾਲ ਦੁਸ਼ਮਣੀ ਕਮਾ ਰਹੇ ਹਨ? "ਜਥੇਦਾਰਾਂ" ਨੇ ਕਦੀ ਅਜਿਹੀ ਪੜਤਾਲੀਆ ਟੀਮ ਬਣਾਉਣ ਬਾਰੇ ਸੋਚਿਆ ? ਅਫ਼ਸੋਸ ਕਿ "ਜਥੇਦਾਰ" ਤਾਂ ਖ਼ੁਦ ਹੀ, ਅਣਗਿਣਤ ਡੇਰਿਆਂ 'ਤੇ ਹਾਜ਼ਰੀ ਲਗਵਾਉਣ ਜਾਂਦੇ ਹਨ। ਡੇਰੇਦਾਰਾਂ ਤੋਂ ਸਿਰੋਪੇ ਤੇ ਮਾਇਆ ਦੇ ਲਿਫਾਫੇ ਬੋਝੇ ਵਿਚ ਪੁਆ ਲਿਆਉਂਦੇ ਹਨ ।

ਞ. ਗੁਰੂ ਨਾਨਕ ਸਾਹਿਬ ਜੀ ਨੇ ਇਕ ਨਿਰੰਕਾਰ ਦੇ ਲੜ ਲਾਇਆ ਸੀ। ਬਾਰ ਬਾਰ ੧ੴ ਦਾ ਚੇਤਾ ਕਰਾਇਆ ਸੀ। ਰਾਜਨੀਤਿਕ ਮੁਖੀਆਂ ਦੀਆਂ ਬੇਈਮਾਨੀਆਂ ਅਤੇ ਧਾਰਮਿਕ ਮੁਖੀਆਂ ਦੀਆਂ ਨਾਸਮਝੀਆਂ ਕਾਰਨ, ਸਭ ਕੁੱਝ ਬਿਖਰ ਚੁਕਿਆ ਹੈ। ਸਿੱਖਾਂ ਦੀ ਰਹਿਤ ਮਰਿਆਦਾ ਬਿਖਰ ਚੁਕੀ ਹੈ। ਹਰ ਡੇਰੇ ਦੀ ਆਪੋ ਆਪਣੀ ਰਹਿਤ ਮਰਿਆਦਾ ਹੈ। ਸਿੱਖਾਂ ਦੇ ਗੁਰਦਵਾਰੇ ਬਿਖਰ ਚੁੱਕੇ ਹਨ। ਹਰ ਜਾਤ ਬਰਾਦਰੀ ਦਾ ਅਲੱਗ ਗੁਰਦਵਾਰਾ ਹੈ। ਮੂਲ ਮੰਤਰ ਵੰਡਿਆ ਜਾ ਚੁਕਿਆ ਹੈ। ਨਿਤਨੇਮ ਵੰਡਿਆ ਜਾ ਚੁਕਿਆ ਹੈ। ਖੰਡੇ ਦੀ ਪਾਹੁਲ ਵੰਡੀ ਜਾ ਚੁੱਕੀ ਹੈ। ਕਕਾਰ ਵੰਡੇ ਜਾ ਚੁੱਕੇ ਹਨ। ਲੰਗਰ ਦੀ ਪ੍ਰਥਾ ਤਬਾਹ ਹੋ ਚੁੱਕੀ ਹੈ। ਸੰਗਤ ਦਾ ਕੋਈ ਵਿਧੀ ਵਿਧਾਨ ਨਹੀਂ ਰਿਹਾ। ਗੁਰੂ ਵੰਡੇ ਜਾ ਚੁੱਕੇ ਹਨ। ਸਿੱਖ ਫ਼ੈਡਰੇਸ਼ਨਾਂ ਵੰਡੀਆਂ ਜਾ ਚੁਕੀਆਂ ਹਨ। ਤਖ਼ਤ ਵੰਡੇ ਜਾ ਚੁੱਕੇ ਹਨ। ਜਥੇਦਾਰ ਵੰਡੇ ਜਾ ਚੁਕੇ ਹਨ। ਤੁਸੀਂ ਕੇਵਲ ਡੇਰਿਆਂ ਦੀ ਗੱਲ ਕਰਦੇ ਹੋ, ਇਥੇ ਸਭ ਕੁੱਝ ਵੰਡਿਆ ਜਾ ਚੁਕਿਆ ਹੈ। "ਜਥੇਦਾਰਾਂ" ਵਲੋਂ ਕਦੀ ਕੋਈ ਯਤਨ ਹੋਇਆ ਕਿ ਵੰਡੀਆਂ ਪੈਣੋ ਰੁਕ ਜਾਣ ? ਏਕਤਾਂ ਦੇ ਸੂਤਰ ਵਿਚ ਬੱਝ ਜਾਈਏ ?

ਟ. ਗੁਰਦਵਾਰਿਆਂ ਦੀ ਕਾਰਜ ਵਿਧੀ ਬਦਲਣ ਦੀ ਅਤੀ ਲੋੜ ਹੈ। ਅੱਜ

ਗੁਰਦਵਾਰੇ ਕੇਵਲ ਪੂਜਾ ਅਸਥਾਨ ਬਣ ਚੁੱਕੇ ਹਨ। ਸ਼ਬਦ ਵਿਚਾਰ ਨਹੀਂ ਹੋ ਰਿਹਾ। ਜਿੰਨਾ ਕੁ ਹੋ ਰਿਹਾ ਹੈ, ਉਹ ਗੁਰਬਾਣੀ ਦੇ ਅਸੂਲਾਂ ਤੋਂ ਉਲਟ ਹੈ। ਬ੍ਰਾਹਮਣੀ ਰੰਗ ਵਿਚ ਰੰਗਿਆ ਹੋਇਆ ਹੈ। ਡੇਰੇਦਾਰੀ ਪ੍ਰਬੰਧ ਵਿਚ ਪੜ੍ਹੇ ਕਥਾਕਾਰਾਂ ਵਲੋਂ ਪ੍ਰਚਾਰਿਆ ਜਾ ਰਿਹਾ ਹੈ। ਦਰਬਾਰ ਸਾਹਿਬ ਵਿਚ ਕਥਾ ਨਹੀਂ ਹੁੰਦੀ। ਕੇਵਲ ਕੀਰਤਨ ਨੇ ਸਿੱਖਾਂ ਨੂੰ ਪਾਗਲ ਕਰ ਕੇ ਰੱਖ ਦਿਤਾ ਹੈ। ਨਾਮ ਸਿਮਰਨ ਦੇ ਭੁਲੇਖੇ ਵਿਚ ਸਿੱਖ ਤੋਤਾ ਰਟਣ ਵਿਚ ਰੁੜ ਗਏ ਹਨ। ਸ਼ਬਦ ਵਿਚਾਰ ਕੇ ਉਸ ਮੁਤਾਬਕ ਜੀਵਨ ਢਾਲਣ ਤੋਂ ਖੁੰਜ ਗਏ ਹਨ। ਗੁਰਬਾਣੀ ਵਿਚਾਰ ਵਲ ਮੁੜਨਾ ਪਵੇਗਾ, ਵਿਦਵਾਨ ਪ੍ਰਚਾਰਕ ਤਿਆਰ ਕਰਨੇ ਪੈਣਗੇ। ਗੁਰਦਵਾਰਿਆਂ ਨਾਲ ਲਾਇਬਰੇਰੀਆਂ ਸਥਾਪਤ ਕਰਨੀਆਂ ਹੋਣਗੀਆਂ। ਗੁਰਬਾਣੀ ਤੇ ਇਤਿਹਾਸ ਫ਼ਿਲਾਸਫ਼ੀ, ਵਿਦਵਾਨਾਂ ਤੋਂ ਲਿਖਵਾ ਕੇ ਨੌਜਵਾਨਾਂ ਤਕ ਪੁਚਾਣੀ ਪਵੇਗੀ। ਦਿੱਲੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਨੂੰ ਚੰਗੇ ਅਖ਼ਬਾਰ ਰਸਾਲੇ ਚਾਲੂ ਕਰਨੇ ਪੈਣਗੇ। ਟੀ.ਵੀ. ਚੈਨਲ ਸ਼ੁਰੂ ਕਰਨੇ ਪੈਣਗੇ। ਆਡੀਓ-ਵੀਡੀਓ ਕੈਸਟਾਂ ਵੱਧ ਤੋਂ ਵੱਧ ਬਾਜ਼ਾਰ 'ਚ ਪਹੁੰਚਾਣੀਆਂ ਪੈਣਗੀਆਂ। ਇਸ ਤਰ੍ਹਾਂ ਦਾ ਮਿਆਰੀ ਤੇ ਸਸਤਾ ਗੁਰਮਤਿ ਸਾਹਿਤ, ਜੇ ਘਰ ਘਰ ਨਹੀਂ ਪੁਜੇਗਾ ਤਾਂ ਸਿੱਖੀ ਦੀ ਸਮਝ ਕਿਵੇਂ ਆਵੇਗੀ? ਸਾਡਾ ਤਾਂ ਬਹੁਤਾ ਪੈਸਾ ਲੰਗਰਾਂ 'ਤੇ, ਬਿਲਡਿੰਗ 'ਤੇ, ਰਾਜਨੀਤੀ 'ਤੇ ਹੀ ਰੁੜਦਾ ਜਾ ਰਿਹਾ ਹੈ। ਧਰਮ ਪ੍ਰਚਾਰ ਵਲ ਤਾਂ ਕਦੀ ਧਿਆਨ ਹੀ ਨਹੀਂ ਦਿਤਾ ਗਿਆ। ਜਿਨ੍ਹਾਂ ਪਰਿਵਾਰਾਂ 'ਤੇ ਔਕੜਾਂ ਆ ਪੈਂਦੀਆਂ ਹਨ, ਉਨ੍ਹਾਂ ਸਿੱਖ ਪਰਿਵਾਰਾਂ ਦੀ ਸੰਭਾਲ ਵਾਸਤੇ ਕੋਈ ਫ਼ੰਡ ਕਾਇਮ ਨਹੀਂ ਕੀਤੇ ਜਾ ਰਹੇ। ਸਿੱਖ ਨੌਜਵਾਨਾਂ ਨੂੰ ਆਰਥਕ ਪਖੋਂ ਪੈਰਾਂ 'ਤੇ ਖੜੇ ਕਰਨ ਲਈ, ਵਿਸ਼ੇਸ਼ ਯਤਨ ਕਰਨ ਦੀ ਜ਼ਰੂਰਤ ਹੈ। ਸੰਸਾਰ ਭਰ ਦੇ ਸਿੱਖਾਂ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਅੰਮ੍ਰਿਤਸਰ ਵਿਖੇ ਹੋਣੀ ਚਾਹੀਦੀ ਹੈ। ਹਰ ਸਿੱਖ ਦੀ ਅਕਾਲ ਤਖ਼ਤ ਤਕ ਸਿੱਧੀ ਪਹੁੰਚ ਹੋਵੇ। ਉਥੇ ਵਿਦਵਾਨਾਂ ਦਾ ਇਕ ਸੈਕਟਰੀਏਟ ਹੋਵੇ, ਜੋ ਦੁਨੀਆਂ ਭਰ ਦੇ ਸਿੱਖਾਂ ਦੇ ਮਸਲੇ ਹੱਲ ਕਰਨ ਵਿਚ ਸਹਾਇਤਾ ਕਰੇ। ਧਰਮ ਦੇ ਪੈਸੇ ਨੂੰ ਗੰਦੀ ਰਾਜਨੀਤੀ ਵਿਚ ਨਾ ਰੋਹੜਿਆ ਜਾਵੇ। ਜਥੇਦਾਰ ਸੁਤੰਤਰ ਹੋਵੇ ਤੇ ਵਿਦਵਾਨ ਹੋਵੇ। ਰਾਜਨੀਤਕਾਂ ਦਾ ਦੁਬੇਲ ਤੇ ਕਠਪੁਤਲੀ ਨਾ ਹੋਵੇ। ਪਾਰਟੀਬਾਜ਼ੀ ਤੋਂ ਨਿਰਲੇਪ ਸਮੁੱਚੇ ਸਿੱਖ ਜਗਤ ਦਾ ਸਾਂਝਾ ਆਗੂ। ਕੀ ਜਥੇਦਾਰਾਂ ਨੇ ਇਸ ਪਾਸੇ ਕਦੀ ਸੋਚਣ ਦੀ ਖੇਚਲ ਕੀਤੀ ਹੈ? ਆਉਣ ਵਾਲੇ

ਸਮੇਂ ਵਿਚ ਇਸ ਰਾਹ ’ਤੇ ਕੋਈ ਕਦਮ ਪੁੱਟਿਆ ਜਾਵੇਗਾ ? ਡੇਰਿਆਂ ਵਲੋਂ ਮੋੜਨ ਲਈ ਇਹ ਸਭ ਕਰਨਾ ਹੀ ਪਵੇਗਾ ?

ਬਹੁਤ ਸਾਰੇ ਬੁਲਾਰਿਆਂ ਵਲੋਂ ਆਪਣੇ ਮਨੋਭਾਵ ਪ੍ਰਗਟ ਕਰਨ ਤੋਂ ਬਾਅਦ ਸਾਰਿਆਂ ਦੀਆਂ ਨਜ਼ਰਾਂ “ਜਥੇਦਾਰਾਂ” ਵੱਲ ਲੱਗੀਆਂ ਹੋਈਆਂ ਸਨ। ਸਭ ਨੂੰ ਆਸ ਸੀ ਕਿ ਕੋਈ ਵਿਸ਼ਵਾਸਯੋਗ ਸਾਰਥਕ ਰਾਹ ਲੱਭਣ ਵਿਚ ਸਹਾਇਤਾ ਕਰਨਗੇ। ਅਫ਼ਸੋਸ ਬਹੁਤ ਬਹੁਤ, ਜੋ ਚਾਰ “ਜਥੇਦਾਰਾਂ” ਨੇ ਬੋਲਿਆ, ਉਸ ਦਾ ਸੰਖੇਪ ਸਾਰ ਕੁੱਝ ਇਉਂ ਬਣਦਾ ਹੈ :

1. ਗਿ. ਇਕਬਾਲ ਸਿੰਘ ਪਟਨੇ ਵਾਲਾ–“ਅੱਜ ਸਿੱਖ ਨਾਮ ਨਹੀਂ ਸਿਮਰਦੇ, ਨਾਮ ਤੋਂ ਬਿਨਾਂ ਜੀਵਨ ਪਵਿੱਤਰ ਨਹੀਂ ਬਣਦਾ। ਪਵਿੱਤਰ ਜੀਵਨ ਤੋਂ ਬਿਨਾਂ ਮੁਸੀਬਤਾਂ ਆਉਣੀਆਂ ਹੀ ਹੋਈਆਂ। ਆਹ ਜੋ ਮਹਾਂਪੁਰਖ ਡੇਰੇ ਟਕਸਾਲਾਂ ਬਣਾਏ ਨੇ ਇਹ ਸਭ ਦਸਮ ਪਾਤਸ਼ਾਹ ਜੀ ਨੇ ਬਣਾਏ ਸਨ। ਇਨ੍ਹਾਂ ਵਿਚ ਬੜੇ ਕਰਨੀ ਵਾਲੇ ਭਜਨੀਕ ਮਹਾਂਪੁਰਖ ਹੋਏ ਹਨ। ਉਂਞ ਸਾਰੇ ਡੇਰੇ ਗੁਰੂ ਨੇ ਨਹੀਂ ਬਣਾਏ। ਪੰਥ ਵਿਚ ਵਿਰੋਧੀ ਡੇਰੇ ਵੀ ਹਨ। ਜੇ ਲੋੜ ਪਈ ਤਾਂ ਮੈਂ ਪੰਥ ਵਾਸਤੇ ਜਾਨ ਵਾਰ ਦਿਆਂਗਾ।” ਇਸ ਵਿਅਕਤੀ ਨੇ ਵਕਤ ਬਰਬਾਦ ਕੀਤਾ ਹੈ। ਕੋਈ ਸਿਆਣਪ ਦੀ ਗੱਲ ਨਹੀਂ ਕਰ ਸਕਿਆ। ਪੰਥ ਨੂੰ ਸੰਕਟ ਵਿਚੋਂ ਉਭਾਰਨ ਵਾਸਤੇ ਕੋਈ ਸੁਝਾਉ ਨਹੀਂ ਦੇ ਸਕਿਆ। ਬਸ “ਸਿਰ ਵਾਰ ਦਿਆਂਗਾ।” ਉਹ ਸਿਰ ਜਿਹੜਾ ਪਹਿਲਾਂ ਹੀ “ਖਾਲੀ” ਹੈ, ਉਸ ਨੂੰ ਵਾਰਨ ਨਾਲ ਕੌਮ ਦਾ ਕੁੱਝ ਨਹੀਂ ਸੰਵਰਨਾ।
2. ਗਿ. ਬਲਵੰਤ ਸਿੰਘ ਨੰਦਗੜ੍ਹ, ਤਲਵੰਡੀ ਸਾਬੋ– “ਦੁਨੀਆਂ ਵਿਚ ਚਾਰ ਧਰਮ ਪੁਨਰ ਜਨਮ ਨੂੰ ਮੰਨਦੇ ਹਨ। ਚਾਰ ਧਰਮ ਪੁਨਰ ਜਨਮ ਨੂੰ ਨਹੀਂ ਮੰਨਦੇ। ਉਨ੍ਹਾਂ ਵਿਚੋਂ ਸਿੱਖ ਧਰਮ ਭੀ ਇਕ ਹੈ, ਜੋ ਪੁਨਰ ਜਨਮ ਨੂੰ ਮੰਨਦਾ ਹੈ”। ਹਾਏ ਰੱਬ ਜੀ : ਕਨਵੈਨਸ਼ਨ ਸੀ ਮੌਜੂਦਾ ਹਾਲਾਤ ਨਾਲ ਨਜਿੱਠਣ ਬਾਰੇ। “ਜਥੇਦਾਰ” ਜੀ ਭਾਸ਼ਣ ਕਰ ਰਹੇ ਸਨ ਪੁਨਰ ਜਨਮ ਬਾਰੇ। ਜੋ ਪੀ ਪੁਨਰ ਜਨਮ ਬਾਰੇ ਬੋਲਿਆ ਗੁਰਬਾਣੀ ਦੇ ਉਲਟ ਬੋਲਿਆ। ਨਾਂ ਹੀ ਕੋਈ ਗੁਰਬਾਣੀ ਦਾ ਪਰਮਾਣ ਦਿੱਤਾ। ਬਸ ਸਿੱਖਾਂ ਨੂੰ ਉਲੂ ਬਣਾਉਂਦਾ ਰਿਹਾ ਜਾਂ ਫਿਰ ਮਰਨ ਮਾਰਨ ਦੇ ਦਮਗਜ਼ੇ ਮਾਰਦਾ ਰਿਹਾ। ਵੱਡੇ ਵੱਡੇ ਨਾਮੀ ਵਿਦਵਾਨ, “ਮਿੱਟੀ ਦੇ ਬਾਵੇ” ਨੂੰ ਤਮਾਸ਼ਾ ਕਰਦਾ ਵੇਖ ਕੇ, ਖ਼ੂਨ ਦੇ ਅਥਰੂ ਬਹਾ ਰਹੇ ਸਨ।

3. ਗਿ. ਤਰਲੋਚਨ ਸਿੰਘ, ਆਨੰਦਪੁਰ ਵਾਲਾ– "ਗੁਰੂ ਘਰ ਵਿਚ ਬਾਣੇ ਅਤੇ ਬਾਣੀ ਦੀ ਬਹੁਤ ਮਾਨਤਾ ਹੈ। ਮਾਤਾ ਪਿਤਾ ਬੱਚਿਆਂ ਨੂੰ ਬਾਣੀ ਨਹੀਂ ਸਿਖਾਉਂਦੇ। ਇਸੇ ਲਈ ਫਿਰ ਬੱਚੇ ਬਾਣਾ ਨਹੀਂ ਪਾਉਂਦੇ। ਸੰਗਤ ਕਰਿਆ ਕਰੋ, ਬਾਣੀ ਪੜ੍ਹਿਆ ਕਰੋ, ਬਾਣੀ ਦੇ ਧਾਰਨੀ ਬਣੋ। ਫਿਰ ਕੋਈ ਸੌਦੇ ਵਾਲਾ ਤੁਹਾਡੇ ਅੱਗੇ ਖਲੋ ਨਹੀਂ ਸਕੇਗਾ"।

ਬਲਿਹਾਰ ਜਾਈਏ "ਜਥੇਦਾਰ" ਜੀ ਦੇ! ਮੌਜੂਦਾ ਸੰਕਟ ਬਾਰੇ ਕੋਈ ਸੇਧ ਤਾਂ ਕੀ ਦੇਣੀ ਸੀ, ਦੋ ਸ਼ਬਦ ਵੀ ਨਹੀਂ ਕਹਿ ਸਕਿਆ। ਜੇ ਮਾਤਾ ਪਿਤਾ ਬਾਣੀ ਬਾਰੇ ਜਾਣਦੇ ਹੁੰਦੇ ਤਾਂ ਬੱਚਿਆਂ ਨੂੰ ਸਿਖਾ ਦਿੰਦੇ। ਜਦੋਂ ਮਾਤਾ ਪਿਤਾ ਹੀ ਨਹੀਂ ਜਾਣਦੇ, ਬੱਚਿਆਂ ਨੂੰ ਕਿਵੇਂ ਸਿਖਾਉਣ? ਅਗਲੀ ਗੱਲ ਇਹ ਕਿ ਵੱਡੇ ਸਤਿਕਾਰਤ ਅਹੁਦਿਆਂ 'ਤੇ ਬਿਰਾਜੋ ਤੁਸੀਂ। ਤਖ਼ਤਾਂ ਦੇ "ਸੇਵਾਦਾਰ" (ਸਿੰਘ ਸਾਹਿਬ) ਬਣ ਕੇ ਪੂਜਾ ਕਰਵਾਉ ਤੁਸੀਂ। ਲਾਲ ਬੱਤੀ ਵਾਲੀਆਂ ਗੱਡੀਆਂ ਤੇ ਸਾਇਰਨ ਬਜਾਉਂਦੇ ਧੂੜਾਂ ਪੁੱਟਦੇ ਲੰਘੋ ਤੁਸੀਂ। ਗੁਰੂ ਕੀ ਗੋਲਕ ਨੂੰ ਬੇਰਹਿਮੀ ਨਾਲ ਵਰਤੋ ਤੁਸੀਂ। ਦੇਸ਼ਾ ਵਿਦੇਸ਼ਾਂ ਵਿਚ ਘੁੰਮੋ ਤੁਸੀਂ। ਪੰਥ ਦੇ ਮੋਹਰੀ ਬਣ ਬੈਠੋ ਤੁਸੀਂ ਤੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਮਾਤਾ ਪਿਤਾ? ਫਿਰ ਤੁਹਾਡੀ ਕੀ ਲੋੜ ਹੈ? ਕਿਉਂ ਕੌਮ ਦਾ ਪੈਸਾ ਬਰਬਾਦ ਕਰਨ ਲੱਗੇ ਹੋ? ਜਿੰਨਾ ਕੁ ਮਾਤਾ ਪਿਤਾ ਨੂੰ ਪਤਾ ਹੈ, ਉਹ ਆਪੇ ਸਿਖਾ ਲੈਣਗੇ। ਤੁਹਾਡੇ ਵਾਲਾ ਕਰੋੜਾਂ ਰੁਪਿਆ ਤਾਂ ਬਚ ਜਾਵੇਗਾ। ਜਿਵੇਂ ਅੱਜ ਤਕ ਤੁਸੀਂ ਕੌਮ ਦਾ ਘਾਣ ਕੀਤਾ ਹੈ, ਉਸ 'ਤੇ ਹਰ ਪੰਥ ਦਰਦੀ ਹੰਝੂ ਬਹਾ ਰਿਹਾ ਹੈ ਪਰ ਤੁਸੀਂ ਅੰਨ੍ਹੇ ਆਗੂ ਪੂਰੀ ਕੌਮ ਨੂੰ ਹਨੇਰੀ ਖੱਡ ਵਲ ਲਈ ਜਾ ਰਹੇ ਹੋ। ਕੀ ਤਹਾਨੂੰ ਆਪਣੀ ਮੂਰਖਤਾ ਦਾ ਅੱਜ ਤਕ ਕਦੇ ਅਹਿਸਾਸ ਨਹੀਂ ਹੋਇਆ? ਕੌਮ ਦੇ ਗਰਕ ਹੋਣ ਵਿਚ ਕੀ ਮੁਖੀਆਂ ਦਾ ਹੀ ਮੁੱਖ ਰੋਲ ਨਹੀਂ ਹੋਇਆ ਕਰਦਾ?

4. ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਅਕਾਲ ਤਖ਼ਤ ਅੰਮ੍ਰਿਤਸਰ– ਅੱਜ ਤਕ ਗੁਰਬਾਣੀ ਦੇ ਅਰਥ ਵਧੀਆ ਤਰੀਕੇ ਨਾਲ ਨਹੀਂ ਹੋਏ। ਬੜੇ ਮਤਭੇਦ ਹਨ, ਵਿਦਵਾਨਾਂ ਦੀ ਕਮੇਟੀ ਬਣਾ ਕੇ ਇਕਸਾਰਤਾ ਵਾਲੇ ਅਰਥ ਹੋਣੇ ਚਾਹੀਦੇ ਹਨ। ਇਤਿਹਾਸ ਦੀਆਂ ਕਿਤਾਬਾਂ ਵਿਚ ਬਹੁਤ ਮਿਲਾਵਟ ਹੈ, ਸਿਧਾਤਾਂ ਤੋਂ ਉਲਟ ਬਹੁਤ ਕੁੱਝ ਹੈ। ਇਤਿਹਾਸ ਸੋਧ ਦੇ ਲਿਖੇ ਜਾਣ ਦੀ ਲੋੜ ਹੈ। ਆਮ ਸਿੱਖ ਗੁਰਬਾਣੀ ਤੋਂ ਅਣਜਾਣ ਹੈ। ਜਪੁ ਦੀਆਂ ਪੰਜ ਪਉੜੀਆਂ ਦਾ ਪਾਠ ਕਰਦਿਆਂ ਦਸ ਪੰਦਰਾਂ ਗ਼ਲਤੀਆਂ ਕਰ ਜਾਂਦਾ ਹੈ। ਕੀਰਤਨੀ ਜਥੇ

ਗ਼ਲਤ ਕੀਰਤਨ ਕਰੀ ਜਾਂਦੇ ਹਨ। ਵਿਦਵਾਨਾਂ ਨੂੰ ਚਾਹੀਦਾ ਹੈ ਉਹ ਕੌਮ ਨੂੰ ਸਹੀ ਸੇਧ ਦੇਣ..।"

ਟਿੱਪਣੀ : ਵੇਦਾਂਤੀ ਜੀ! ਜਾਹਰਾ ਤੌਰ 'ਤੇ ਕੌਮ ਨੂੰ ਗੁਮਰਾਹ ਕਰ ਰਹੇ ਹਨ। ਜੋ ਕੰਮ ਸ਼੍ਰੋਮਣੀ ਕਮੇਟੀ ਨੂੰ ਕਰਨਾ ਚਾਹੀਦਾ ਸੀ। ਇਤਿਹਾਸ, ਗੁਰਬਾਣੀ ਵਿਆਖਿਆ ਅਤੇ ਫ਼ਿਲਾਸਫ਼ੀ ਦੀਆਂ ਕਿਤਾਬਾਂ ਸੋਧ ਕੇ ਲਿਖਣ ਦੀ ਜ਼ਿੰਮੇਵਾਰੀ ਅਕਾਲ ਤਖ਼ਤ ਦੇ ਅਧੀਨ ਵਿਦਵਾਨਾਂ ਦਾ ਪੈਨਲ ਬਣਾ ਕੇ, ਕਰਨਾ ਚਾਹੀਦਾ ਸੀ ਉਹ ਨਾ ਕੀਤਾ ਗਿਆ। ਸਟੇਜਾਂ ਤੋਂ ਟਾਹਰਾਂ ਮਾਰੀਆਂ ਜਾ ਰਹੀਆਂ ਹਨ "ਵਿਦਵਾਨਾਂ ਦੀਆਂ ਕਮੇਟੀਆਂ ਬਣਨੀਆਂ ਚਾਹੀਦੀਆਂ ਹਨ।" ਖ਼ੁਦ ਦੀ ਜ਼ਿੰਮੇਵਾਰੀ ਦੂਜਿਆਂ 'ਤੇ ਸੁਟੀ ਜਾ ਰਹੀ ਹੈ। ਆਮ ਸਿੱਖ ਦੀ ਏਨੀ ਸਮਰਥਾ ਨਹੀਂ ਕਿ ਉਹ ਖੋਜ ਭਰਪੂਰ ਕਿਤਾਬਾਂ ਲਿਖੇ। ਬੇਅੰਤ ਪੈਸਾ ਖ਼ਰਚ ਕੇ ਛਪਾਵੇ, ਫਿਰ ਲੋਕਾਂ ਤਕ ਪੁਚਾਵੇ। ਅਰਬਾਂ ਰੁਪਏ ਦੇ ਬੱਜਟ ਵਾਲੀ ਐਸ.ਜੀ.ਪੀ.ਸੀ. ਨੂੰ ਇਹ ਸੇਵਾ ਕਰਨੀ ਚਾਹੀਦੀ ਸੀ, ਜੋ ਨਹੀਂ ਕੀਤੀ ਗਈ। "ਜਥੇਦਾਰ" ਨਾ ਅਜਿਹੀ ਸੇਵਾ ਖ਼ੁਦ ਕਰ ਸਕੇ, ਨਾ ਕਰਵਾ ਸਕੇ।

ਵੇਦਾਂਤੀ ਜੀ ਨੇ ਪ੍ਰਵਚਨ ਜਾਰੀ ਰਖਦਿਆਂ ਅੱਗੇ ਕਿਹਾ : "ਕੁਝ ਅਖੌਤੀ ਵਿਦਵਾਨ ਸ਼ੰਕੇ ਖੜੇ ਕਰ ਰਹੇ ਹਨ, ਪ੍ਰੰਪਰਾਵਾਂ ਨੂੰ ਤੋੜ ਰਹੇ ਹਨ ਮਹਾਨ ਸ਼ਖ਼ਸੀਅਤਾਂ ਦਾ ਤਖ਼ਤਾਂ ਦਾ ਸਤਿਕਾਰ ਘਟਾ ਰਹੇ ਹਨ। ਅਜਿਹੇ ਅਖੌਤੀ ਵਿਦਵਾਨਾਂ ਨੂੰ ਜੁੱਤੀ ਨਾਲ ਰਾਹ ਸਿਰ ਲਿਆਂਦਾ ਜਾ ਸਕਦਾ ਹੈ। ਜਿਵੇਂ ਕੰਡਾ ਪੈਰ ਵਿਚ ਖੁੱਭਣ 'ਤੇ, ਦੁੱਖ ਦਿੰਦਾ ਹੈ। ਉਸ ਨੂੰ ਖੁੱਭਣ ਤੋਂ ਪਹਿਲਾਂ ਹੀ ਜੁੱਤੀ ਨਾਲ ਫੇਰ ਦੇਣਾ ਚਾਹੀਦਾ ਹੈ। "ਸੰਗਤ ਵਿਚੋਂ ਆਵਾਜ਼ਾਂ-ਵੇਦਾਂਤੀ ਜੀ! ਮੌਜੂਦਾ ਸੰਕਟ ਬਾਰੇ ਗੱਲ ਕਰੋ ਜਾਂ ਅਸਲੀ ਅਤੇ ਅਖੌਤੀ ਵਿਦਵਾਨਾਂ ਦੇ ਨਾਮ ਪ੍ਰਗਟ ਕਰੋ।"

ਵੇਦਾਂਤੀ ਜੀ ਦਾ ਅਗਲਾ ਪ੍ਰਵਚਨ : "ਜਿਵੇਂ ਸੱਪ ਦੇ ਸਿਰ ਵਿਚ ਮਣੀ ਹੁੰਦੀ ਹੈ। ਚਾਨਣੀ ਰਾਤ ਵਿਚ ਸੱਪ ਮਣੀ ਨੂੰ ਬਾਹਰ ਕੱਢ ਕੇ ਰੱਖ ਲੈਂਦਾ ਹੈ। ਫਿਰ ਉਸ ਮਣੀ ਵਿਚੋਂ ਅੰਮ੍ਰਿਤ ਸਿੰਮਦਾ ਹੈ। ਉਸ ਅੰਮ੍ਰਿਤ ਨੂੰ ਪੀ ਕੇ ਸੱਪ ਆਪਣੇ ਜ਼ਹਿਰ ਨੂੰ ਸ਼ਾਂਤ ਕਰਦਾ ਹੈ। ਦੂਜਾ ਇਕ ਹੋਰ ਸੱਪ ਹੁੰਦਾ ਹੈ, ਜੋ ਹਨੇਰੀ ਰਾਤ ਵਿਚ ਮਣੀ ਬਾਹਰ ਕੱਢਦਾ ਹੈ। ਇਸ ਮਣੀ ਵਿਚੋਂ ਬਹੁਤ ਰੌਸ਼ਨੀ ਨਿਕਲਦੀ ਹੈ। ਰੌਸ਼ਨੀ ਕਾਰਨ ਕੀੜੇ ਮਕੌੜੇ ਆਉਣ ਲੱਗ ਪੈਂਦੇ ਹਨ। ਕੀੜਿਆਂ ਨੂੰ ਖਾ ਕੇ ਸੱਪ ਪੇਟ ਭਰ ਲੈਂਦਾ ਹੈ। ਇਹੀ ਹਾਲ ਹੈ ਅੱਜ ਦੇ ਅਖੌਤੀ ਵਿਦਵਾਨਾਂ ਦਾ।"

ਸੰਗਤ ਵਿਚੋਂ ਤਿਖੀਆਂ ਆਵਾਜ਼ਾਂ : ਵੇਦਾਂਤੀ! ਗੁਰਬਾਣੀ ਵਿਚੋਂ ਪ੍ਰਮਾਣ ਦੇ

ਕੇ ਮੌਜੂਦਾ ਸੰਕਟ ਬਾਰੇ ਗੱਲ ਕਰ ਮੂਰਖਤਾ ਭਰੇ ਯੱਕੜ ਨਾ ਮਾਰ। ਅਸੀਂ ਪੌਰਾਣਕ ਗੱਪਾਂ ਸੁਣਨ ਨਹੀਂ ਆਏ ਗੁਰਮਤਿ ਬਾਰੇ ਸੇਧ ਲੈਣ ਆਏ ਹਾਂ।" ਇਕ ਹੋਰ ਉਚੀ ਆਵਾਜ਼ ਗੂੰਜੀ, "ਇਹ ਜਥੇਦਾਰ ਗੁਰੂ ਦੋਖੀ ਹੈ। ਇਸ ਨੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਚਿੱਤਰ ਨਾਟਕ ਵਰਗੀ ਗਲੀਜ਼ ਕਿਤਾਬ ਨੂੰਰੱਖ ਕੇ, ਖ਼ੁਦ ਮੱਥਾ ਟੇਕਿਆ ਹੈ। ਲੋਕਾਂ ਤੋਂ ਮੱਥਾ ਟਿਕਵਾਇਆ ਹੈ। ਆਹ ਧੁੰਮਾ (ਹਰਨਾਮ ਸਿੰਘ) ਸਾਰੇ ਸਾਧ ਸੰਤ ਤੇ ਇਹ ਸਾਰੇ ਜਥੇਦਾਰ, ਜੋ ਬਚਿੱਤਰ ਨਾਟਕ ਨੂੰ ਵੱਡਾ ਬਣਾ ਰਹੇ ਹਨ, ਪਾਪੀ ਹਨ ਗੁਰੂ ਦੋਖੀ ਹਨ, ਇਨ੍ਹਾਂ ਨੂੰ ਬੋਲਣ ਨਾ ਦਿੱਤਾ ਜਾਵੇ".. ਆਵਾਜ਼ਾਂ ਹੋਰ ਉਚੀਆਂ ਹੋ ਗਈਆਂ। ਇਕ ਹੋਰ ਆਵਾਜ਼ ਹਵਾ ਵਿਚ ਗੂੰਜੀ – "ਇਹ ਲੋਕ ਬਾਦਲ ਦੀਆਂ ਕਠਪੁਤਲੀਆਂ ਹਨ। ਆਰ.ਐਸ.ਐਸ. ਦੇ ਹੱਥ ਠੋਕੇ ਹਨ। ਸਿੱਖ ਕੌਮ ਦੇ ਗੱਦਾਰ ਹਨ। ਡੇਰਿਆਂ ਨੂੰ ਉਭਾਰਨ ਵਾਲੇ, ਅਸਲ ਵਿਚ ਇਹੀ ਲੋਕ ਹਨ। ਇਹੀ ਲੋਕ ਹਨ। ਇਹੀ ਲੋਕ ਹਨ, ਜਿਨ੍ਹਾਂ 'ਤੇ ਅਣਗਿਣਤ ਇਲਜ਼ਾਮ ਲਗ ਚੁੱਕੇ ਹਨ। ਖੋਜੀ ਵਿਦਵਾਨਾਂ ਨੂੰ ਪੰਥ ਵਿਚੋਂ ਛੇਕ ਚੁੱਕੇ ਹਨ। ਸੱਚ ਦੀ ਆਵਾਜ਼ "ਸਪੋਕਸਮੈਨ" ਅਖ਼ਬਾਰ ਨੂੰ ਬੰਦ ਕਰਨ 'ਤੇ ਤੁਲੇ ਹੋਏ ਹਨ। ਕੌਮ ਨੂੰ ਬਚਾ ਲਉ ਇਨ੍ਹਾਂ "ਆਟੇ ਦੇ ਸ਼ੇਰਾਂ" ਤੋਂ। ਗ਼ੁਲਾਮਾਂ ਦੇ ਗ਼ੁਲਾਮ ਕਦੀ ਸਹੀ ਫ਼ੈਸਲੇ ਨਹੀਂ ਲੈ ਸਕਦੇ। ਗੁਰਸਿੱਖੋ ਜਾਗੋ ਜਾਗੋ..।"

ਸਾਰੇ ਪਾਸੇ ਘੜਮੱਸ ਜਿਹਾ ਮਚ ਗਿਆ। ਵਦਾਂਤੀ ਨੂੰ ਬੈਠਣ ਲਈ ਮਜਬੂਰ ਕਰ ਦਿੱਤਾ ਗਿਆ। ਭਾਵੇਂ ਸ੍ਰ. ਸਰਨਾ ਨੇ, ਸਥਿਤੀ ਨੂੰ ਸੰਭਾਲ ਲਿਆ ਪਰ ਲਗਦਾ ਸੀ ਕਿ "ਜਥੇਦਾਰਾਂ" ਦੇ ਲੱਠਮਾਰਾਂ ਨੇ (ਬਾਡੀ ਗਾਰਡਾਂ) ਪਾਪ ਕਰਨੋਂ ਰੁਕਣਾ ਨਹੀਂ ਸੀ। ਜਿਵੇਂ ਉਹ ਆਪਣੀਆਂ ਲਾਠੀਆਂ, ਕਿਰਪਾਨਾਂ ਤੇ ਰਾਈਫਲਾਂ ਲੈ ਕੇ, ਵਿਰੋਧ ਕਰਨ ਵਾਲਿਆਂ ਵੱਲ ਵਧੇ ਸਨ, ਉਨ੍ਹਾਂ ਮੰਦ ਕਰਤੂਤ ਕਰਨੋਂ ਬਾਜ਼ ਨਹੀਂ ਸੀ ਆਉਣਾ। ਵੇਦਾਂਤੀ ਨੇ ਬੋਲਣ ਦੀ ਜਿੱਦ ਨਹੀਂ ਕੀਤੀ। "ਅਪਨਾ ਸਾ ਮੂੰਹ ਲੈ ਕੇ", ਨੀਵੀਂ ਪਾ ਕੇ ਬੈਠ ਗਿਆ। ਕੁੱਝ ਹੀ ਮਿੰਟਾਂ ਵਿਚ ਮਾਹੌਲ ਸ਼ਾਂਤ ਹੋ ਗਿਆ।

ਇਸ ਤੋਂ ਮਗਰੋਂ ਕੇਵਲ ਮਤੇ ਪੜ੍ਹੇ ਗਏ, ਸਾਰੀ ਕਾਰਵਾਈ ਸਮਾਪਤ ਕਰ ਦਿੱਤੀ ਗਈ। ਦਿੱਲੀ ਕਮੇਟੀ ਦਾ ਯਤਨ ਸ਼ਲਾਘਾਯੋਗ ਸੀ ਪਰ ਏਨੇ ਬੁਲਾਰੇ ਇਕੋ ਦਿਨ ਵਿਚ ਭੁਗਤਣੇ ਸੰਭਵ ਨਹੀਂ ਹਨ। ਬੁਲਾਰੇ ਘੱਟ ਹੁੰਦੇ, ਸਮਾਂ ਵੱਧ ਦਿੱਤਾ ਜਾਂਦਾ। ਚੰਗਾ ਹੁੰਦਾ ਜੇ ਪਹਿਲਾਂ ਪੇਪਰ ਲਿਖ ਕੇ ਭੇਜਣ ਲਈ ਕਿਹਾ ਜਾਂਦਾ, ਤਾਂ ਕਿ ਕੋਈ ਬੁਲਾਰਾ ਵਿਸ਼ੇ ਤੋਂ ਬਾਹਰ ਨਾ ਜਾਂਦਾ। ਜਥੇਦਾਰਾਂ ਦੀ ਬੇਲੋੜੀ ਤਾਰੀਫ਼ ਕੀਤੀ ਗਈ, ਅਖੌਤੀ ਸੰਤਾਂ ਨੂੰ ਬਹੁਤਾ ਹੀ ਪੰਪ ਦਿੱਤਾ ਗਿਆ, ਜੋ ਵਾਜਬ ਨਹੀਂ

ਸੀ। ਇਨ੍ਹਾਂ ਚਲ ਚੁਕੇ ਕਾਰਤੂਸਾਂ ਨੇ ਹੁਣ ਕੌਮ ਦਾ ਕੁੱਝ ਨਹੀਂ ਸੰਵਾਰ ਸਕਣਾ।

ਜਦੋਂ ਵੇਦਾਂਤੀ ਆਪਣੀ ਕੁਰਸੀ ਤੋਂ ਉਠ ਕੇ ਬੋਲਣ ਲਈ ਮਾਈਕ ਵਲ ਜਾਣ ਲੱਗਾ, ਤਾਂ ਸਰਨਾ ਜੀ ਨੇ ਬਹੁਤ ਭਾਰੀ ਗ਼ਲਤੀ ਕੀਤੀ। ਮਾਈਕ 'ਤੇ ਖ਼ੁਦ ਪਰਮਜੀਤ ਸਿੰਘ ਸਰਨਾ ਜੀ ਨੇ ਬੋਲਿਆ : "ਸਾਰੀ ਸੰਗਤ ਖੜੀ ਹੋ ਜਾਵੇ, ਸੁਆਗਤ ਕਰੇ, ਕਿਉਂਕਿ ਵੇਦਾਂਤੀ ਜੀ ਮਾਈਕ ਵਲ ਆ ਰਹੇ ਹਨ।" ਅਸੀਂ ਪੰਦਰਾਂ ਕੁ ਸਿੰਘ ਬੈਠੇ ਰਹੇ, ਬਾਕੀ ਬਹੁਤੇ ਖੜੇ ਹੋ ਗਏ। ਇਸੇ ਤਰ੍ਹਾਂ ਸਮਾਗਮ ਦੀ ਸ਼ੁਰੂਆਤ ਵੇਲੇ ਨੌਜਵਾਨਾਂ ਨੇ ਕੀਰਤਨ ਕੀਤਾ ਜੋ ਬਚਿੱਤਰ ਨਾਟਕ ਵਿਚੋਂ ਲਿਆ ਗਿਆ ਸੀ। "ਇਨ ਹੀ ਕੀ ਕਿਰਪਾ ਕੇ ਸਜੇ ਹਮ ਹੈ".. ਜੋ ਕਿ ਵਾਜਬ ਨਹੀਂ ਸੀ। ਗੁਰਬਾਣੀ ਵਿਚੋਂ ਕੀਰਤਨ ਕਰਨਾ ਚਾਹੀਦਾ ਸੀ। ਅਗਲੀ ਗੱਲ, ਇਸ ਕੀਰਤਨ ਵਕਤ ਸਾਰਿਆਂ ਨੂੰ ਖੜੇ ਹੋਣ ਲਈ ਕਿਹਾ ਗਿਆ। ਕੀ ਖੜੇ ਹੋ ਕੇ ਕੀਰਤਨ ਸੁਣਨਾ ਜਰੂਰੀ ਸੀ ? ਇਹ ਕਿਹੜੀ ਮਰਿਆਦਾ ਨਿਭਾਈ ਗਈ ? ਫਿਰ ਭੀ ਦਿੱਲੀ ਕਮੇਟੀ ਦਾ ਇਹ ਉਦਮ ਪ੍ਰਸ਼ੰਸਾਯੋਗ ਸੀ। ਕੀਤੇ ਵਾਅਦੇ ਮੁਤਾਬਕ ਦਿੱਲੀ ਕਮੇਟੀ ਅਗੋਂ ਅਮਲੀ ਕਾਰਜ ਆਰੰਭ ਕਰ ਦੇਵੇ ਤਾਕਿ ਡੇਰੇਦਾਰੀ ਨੂੰ ਠੱਲ੍ਹ ਪਵੇ, ਸਿੱਖ ਕੌਮ ਜਾਗਰੂਕ ਹੋਵੇ। ਸਮੁੱਚਾ ਪੰਥ ਚੜ੍ਹਦੀ ਕਲਾ ਵਿਚ ਹੋਵੇ।

***

# ਜਾਤ ਪਾਤ, ਸਮਾਜਕ ਸਰੋਕਾਰ ਤੇ ਗੁਰਬਾਣੀ

(1) "ਕੁਦਰਤ" ਨੇ ਆਪਣੇ ਵਿਧਾਨ ਮੁਤਾਬਕ ਸਾਰੇ ਜੀਵ ਪੈਦਾ ਕਰ ਦਿੱਤੇ। ਉਨ੍ਹਾਂ ਦੇ ਜੀਵਤ ਰਹਿਣ ਲਈ ਮੁਢਲੀਆਂ ਲੋੜਾਂ ਦਾ ਪ੍ਰਬੰਧ ਉਸਾਰ ਦਿੱਤਾ। ਬਾਕੀ ਹਾਲਾਤ ਦੀਆਂ ਜ਼ਰੂਰਤਾਂ ਮੁਤਾਬਕ ਜੀਵਾਂ ਨੇ ਰਹਿਣਾ ਸਿੱਖ ਲਿਆ। ਜਿਨ੍ਹਾਂ ਜੀਵਾਂ (ਜਾਂ ਰੁੱਖਾਂ, ਪੌਦਿਆਂ) ਨੇ, ਆਪਣੇ ਆਪ ਨੂੰ ਜੀਵਤ ਰੱਖਣ

ਲਈ ਲੋੜੀਂਦਾ "ਗਿਆਨ" ਹਾਸਲ ਨਾ ਕੀਤਾ, ਉਹ ਹਾਰ ਗਏ, ਜਾਂ ਸਦਾ ਵਾਸਤੇ ਸੰਸਾਰ ਮੰਚ ਤੋਂ ਅਲੋਪ ਹੋ ਗਏ। ਕਾਦਰ ਦਾ ਬਣਾਇਆ ਅਤਿਅੰਤ "ਕਠੋਰ ਕਾਨੂੰਨ" ਹੈ ਕਿ ਇਸ ਧਰਤੀ 'ਤੇ ਕਮਜ਼ੋਰ ਜੀਵ ਜਿਉਂਦਾ ਨਹੀਂ ਰਹਿ ਸਕੇਗਾ। ਆਪਣੇ ਆਪ ਨੂੰ ਬਦਲਦੇ ਵਾਤਾਵਰਣ ਮੁਤਾਬਕ (ਕੁਦਰਤੀ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ) ਜਿਸ ਨੇ "ਸਮਝਦਾਰ" ਨਾ ਬਣਾਇਆ, ਉਹ ਕੁਦਰਤ ਦੀ ਕਰੋਪੀ ਦਾ ਖਾਜਾ ਬਣ ਗਿਆ। ਇਸ ਨਿਯਮ ਵਿਚ ਧਰਤੀ ਤੋਂ ਬਹੁਤ ਸਾਰੇ ਵੇਲ ਬੂਟੇ, ਰੁੱਖ ਬਿਰਖ, ਜੀਵ ਜੰਤੂ ਖ਼ਤਮ ਹੋ ਗਏ। ਵੱਡੇ ਵੱਡੇ ਰਾਜ ਖ਼ਤਮ ਹੋ ਗਏ। ਵਿਸ਼ਾਲ ਸਭਿਅਤਾਵਾਂ ਮਿੱਟੀ ਵਿਚ ਮਿਲ ਗਈਆਂ। ਕਿੰਨੀਆਂ ਹੀ ਬੋਲੀਆਂ ਖ਼ਤਮ ਹੋ ਗਈਆਂ। ਕਿੰਨੇ ਸਾਰੇ "ਧਰਮ, ਰਾਮ ਨਾਮ ਸੱਤ" ਹੋ ਗਏ।

ਬਾਕੀ ਜੀਵਾਂ ਵਿਚੋਂ ਮਨੁੱਖ ਨੇ ਬਹੁਤ ਵਿਕਾਸ ਕੀਤਾ ਹੈ। ਸਾਰੀ ਧਰਤੀ 'ਤੇ ਮਨੁੱਖ ਆਪਣੀ ਸਰਦਾਰੀ ਜਮਾ ਚੁਕਿਆ ਹੈ। ਧਰਤੀ ਨੂੰ "ਬਸਣ ਯੋਗ" ਰਹਿਣ ਦੇਣਾ ਹੈ ਕਿ ਨਹੀਂ, ਇਹ ਨਿਰਣਾ ਭੀ ਦਾਨੇ ਪੁਰਖਾਂ 'ਤੇ ਹੀ ਨਿਰਭਰ ਹੈ। ਮੁਢਲੇ ਦੌਰ ਦੇ ਵਿਕਾਸ ਕਰਮ ਵਿਚ ਸ਼ਰੀਰਕ ਤਾਕਤ, ਦੂਜਿਆਂ ਨੂੰ ਅਧੀਨ ਕਰਨ ਵਿਚ ਵਰਤੀ ਜਾਂਦੀ ਸੀ। ਵਧ ਤਾਕਤਵਰ ਖਾਣ ਪੀਣ, ਅਤੇ ਰਹਿਣ ਲਈ ਵਧੀਆ ਸਹੂਲਤਾਂ ਖੋਹ ਲੈਣ ਵਿਚ ਸਮਰਥ ਹੋ ਗਿਆ। ਵੱਧ ਸ਼ਰੀਰਕ ਸ਼ਕਤੀ ਵਾਲਾ ਪ੍ਰਾਣੀ "ਰਾਜ" ਦਾ ਪਸਾਰ ਕਰਨ ਲੱਗ ਪਿਆ। ਕਮਜ਼ੋਰਾਂ ਨੂੰ ਜਿਥੇ "ਨੀਵੇਂ ਥਾਂ ਬੈਠਣ" ਲਈ ਮਜਬੂਰ ਕਰਨ ਲੱਗਾ, ਉਥੇ ਨਾਲ ਹੀ ਕਮਜ਼ੋਰਾਂ ਨੂੰ ਖਾ ਕੇ ਅਪਣਾ ਪੇਟ ਵੀ ਭਰਨ ਲੱਗਿਆ।

ਇਨਸਾਨਾਂ ਵਾਂਗ ਭਾਵੇਂ ਨਾ ਸਹੀ ਪਰ ਖ਼ਾਸ ਤਰ੍ਹਾਂ ਦੀ "ਜਾਤ ਪਾਤ" ਜਾਨਵਰਾਂ ਪੰਛੀਆਂ ਵਿਚ ਵੀ ਮੌਜੂਦ ਹੈ। ਝੁੰਡਾਂ ਵਿਚ ਰਹਿਣ ਵਾਲੇ ਹਰ ਮੈਂਬਰ ਨੂੰ ਆਪਣੀ ਹੈਸੀਅਤ ਦਾ ਚੰਗੀ ਤਰ੍ਹਾਂ ਗਿਆਨ ਹੁੰਦਾ ਹੈ। ਕਮਜ਼ੋਰਾਂ ਨੂੰ ਆਪਣੇ ਮਾਲਕ ਦੀ ਅਧੀਨਗੀ ਸਵੀਕਾਰ ਕਰਨੀ ਪੈਂਦੀ ਹੈ। ਜੇ ਨਹੀਂ ਕਰਨਗੇ ਤਾਂ ਕਠੋਰ ਡੰਡ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ। ਅੱਜ ਕਲ ਇਸ ਧੱਕੇਸ਼ਾਹੀ ਨੂੰ "ਜੰਗਲ ਦਾ ਰਾਜ" ਆਖ ਕੇ ਤ੍ਰਿਸਕਾਰਿਆ ਜਾਂਦਾ ਹੈ। ਭਾਵੇਂ ਕਿ ਬਹੁਤ ਸਾਰੇ ਦੇਸ਼ਾਂ ਵਿਚ ਅਜੇ ਵੀ ਏਹੀ "ਜੰਗਲ ਰਾਜ" ਚਲ ਰਿਹਾ ਹੈ। ਕੁਦਰਤੀ ਬਣਤਰ ਵਿਚ ਮਨੁੱਖ ਦਾ ਸੁਭਾਅ ਭੀ ਇਸੇ ਤਰ੍ਹਾਂ ਦਾ ਹੈ। ਦੂਜਿਆਂ 'ਤੇ ਹਾਵੀ ਹੋਣ ਲਈ ਜਾਨਵਰਾਂ ਨੇ ਏਨਾ ਖ਼ੂਨ ਕਦੀ

ਨਹੀਂ ਬਹਾਇਆ, ਜਿੰਨਾ "ਸਭਿਅਕ ਜੀਵ" ਮਨੁੱਖ ਨੇ। ਨਸਲ ਨੂੰ ਅੱਗੇ ਤੋਰਨ ਵਾਸਤੇ ਕੁਦਰਤ ਨੇ ਜੀਵਾਂ ਵਿਚ ਨਰ ਮਾਦਾ ਬਣਾ ਦਿੱਤੇ। ਸੈਕਸ ਸਾਂਝ ਅਤੇ ਬੱਚਿਆਂ ਦੀ ਪਾਲਣਾ ਦੀ ਲੋੜ ਕਾਰਨ, ਦੋਵੇਂ ਅਤੀ ਕਰੀਬੀ ਸਾਥੀ ਬਣ ਗਏ। ਇਥੇ ਵੀ (ਆਮ ਹਾਲਤਾਂ ਵਿਚ) ਨਰ ਸ਼ਰੀਰਕ ਤਾਕਤ ਵੱਧ ਹੋਣ ਕ ਰਕੇ, ਮਾਦਾ 'ਤੇ ਕਈ ਤਰ੍ਹਾਂ ਦੀਆਂ ਵਧੀਕੀਆਂ ਕਰਦਾ ਰਹਿੰਦਾ ਹੈ। ਬੱਚੇ ਹੋਰ ਭੀ ਕਮਜ਼ੋਰ ਹਨ, ਬਹੁਤੀਵਾਰੀ ਨਰ ਮਾਦਾ ਦੋਵੇਂ ਹੀ ਬੱਚਿਆਂ 'ਤੇ ਜ਼ੁਲਮ ਕਰ ਜਾਂਦੇ ਹਨ। ਕਈਆਂ ਹਾਲਤਾਂ ਵਿਚ ਬੱਚਿਆਂ ਨੂੰ ਖਾ ਜਾਂਦੇ ਹਨ।

ਵਿਅਕਤੀਗਤ ਸ਼ਕਤੀ ਤੋਂ ਬਾਅਦ ਦੌਰ ਚਲਦਾ ਹੈ ਕਬੀਲਾ ਸ਼ਕਤੀ ਦਾ। ਇਕੋ ਨਸਲ ਦੇ ਨੇੜੇ ਦੇ ਰਿਸ਼ਤੇਦਾਰ, ਆਪਸੀ ਸਹਿਮਤੀ ਜਾਂ ਮਜਬੂਰੀ ਬਸ ਇਕ ਤਕੜੇ ਨੂੰ, ਆਪਣਾ ਮੁਖੀ ਮੰਨ ਕੇ ਉਸ ਦੇ ਪਿੱਛੇ ਚਲਦੇ ਹਨ। ਗਿਣਤੀ ਜਿੰਨੀ ਵੱਧ ਹੋਵੇ ਤੇ ਡਿਸਪਲਿਨ ਜਿੰਨਾ ਵਧੀਆ ਹੋਵੇ, ਉਸੇ ਹਿਸਾਬ ਦੂਜੇ ਕਬੀਲਿਆਂ 'ਤੇ ਜਿੱਤ ਹਾਸਲ ਕੀਤੀ ਜਾ ਸਕਦੀ ਹੈ। ਇਸ ਤੋਂ ਮਗਰੋਂ ਦੇਵਤਿਆਂ ਦੇ ਨਾਮ 'ਤੇ ਸੰਗਠਨ ਬਣੇ। ਉਸ ਦੇਵਤੇ ਦਾ ਨਾਮ ਵਰਤ ਕੇ ਲੋਕਾਂ ਨੂੰ ਆਪਣੇ ਨਾਲ ਸ਼ਾਮਿਲ ਕੀਤਾ। ਦੂਜਿਆਂ ਨੂੰ ਗ਼ੁਲਾਮ ਬਣਾਉਣ ਨਿਕਲ ਪਏ । ਇਸ ਤੋਂ ਮਗਰੋਂ ਵਾਲਾ ਦੌਰ ਦੇਵਤਿਆਂ ਨੂੰ ਪਛਾੜਨ ਵਾਲਾ ਤੇ ਇਕ ਰੱਬ ਦਾ ਵਿਰਾਟ ਰੂਪ ਤੇ ਸ਼ਕਤੀ ਪ੍ਰਗਟ ਕਰ ਕੇ ਸੰਗਠਨ ਬਣਾਉਣ ਵਾਲਾ ਹੈ। ਹਾਰੀ ਹੋਈ ਧਿਰ ਦਾ ਦੇਵਤਾ ਭੀ ਕਮਜ਼ੋਰ ਤੇ ਰੱਬ ਭੀ ਕਮਜ਼ੋਰ ਹੀ ਹੋਇਆ ਕਰਦਾ ਹੈ। "ਕਮਜ਼ੋਰ" ਰੱਬ ਦੇ ਪੈਰੋਕਾਰ ਸਤਿਕਾਰ ਦੇ ਪਾਤਰ ਕਿਵੇਂ ਹੋ ਸਕਦੇ ਹਨ ? ਕਮਜ਼ੋਰ ਧਿਰਾਂ ਦੀ ਵਿਦਿਆ, ਰੋਜ਼ਗਾਰ, ਸਭਿਅਤਾ, ਬੋਲੀ, ਧਰਮ ਸਭ ਕੁੱਝ ਕੁਚਲ ਦਿੱਤਾ ਜਾਂਦਾ ਹੈ। ਫਿਰ ਇਨ੍ਹਾਂ ਲਿਤਾੜੇ ਗਏ ਲੋਕਾਂ ਤੋਂ (ਆਪਣੀ ਲੋੜ ਮੁਤਾਬਕ) ਜਾਨਵਰਾਂ ਵਾਂਗ ਚਾਬਕਾਂ ਮਾਰ ਕੇ, ਕੰਮ ਲਿਆ ਜਾਂਦਾ ਹੈ। ਘੱਟ ਤੋਂ ਘੱਟ ਮਜ਼ਦੂਰੀ ਦੇ ਕੇ। ਅਜਿਹੀ ਹਾਲਤ ਵਿਚ ਇਹ ਲੋਕ ਮੂਰਖ, ਕਮੀਣੇ, ਗ਼ੁਲਾਮ ਤੇ ਨੀਚ ਜਾਤ ਗਰਦਾਨ ਦਿੱਤੇ ਜਾਂਦੇ ਹਨ। ਗੁਰਬਾਣੀ ਦਾ ਹੁਕਮ ਹੈ :

ਜਾਤਿ ਕਾ ਗਰਬੁ ਨ ਕਰਿ, ਮੂਰਖ ਗਵਾਰਾ॥
ਇਸੁ ਗਰਬੁ ਤੇ ਚਲਹਿ, ਬਹੁਤ ਵਿਕਾਰਾ॥ (1127)

(2) ਪੜ੍ਹਾਈਆਂ ਅਤੇ ਚਤੁਰਾਈਆਂ ਦੁਆਰਾ ਧਨ ਇਕੱਠਾ ਕੀਤਾ ਜਾਂਦਾ ਹੈ।

ਛੋਟੇ ਵੱਡੇ ਅਹੁਦੇ ਪ੍ਰਾਪਤ ਕੀਤੇ ਜਾਂਦੇ ਹਨ। ਫਿਰ ਉਨ੍ਹਾਂ "ਊਚ ਵਰਗਾਂ" ਦੇ ਹੱਕ ਵਿਚ, ਉਨ੍ਹਾਂ ਦੇ ਆਪਣੇ ਪ੍ਰਸ਼ੰਸਾ (ਬਹੁਤੀਵਾਰ ਝੂਠੀਆਂ) ਮਈ ਕਹਾਣੀਆਂ ਨੂੰ ਵਧਾ ਚੜ੍ਹਾ ਕੇ ਪ੍ਰਚਾਰਦੇ ਹਨ। ਬਾਕੀ ਸਾਰੇ ਖੇਤਰਾਂ ਵਿਚੋਂ ਤਾਂ ਭਾਰਤ ਕਿੱਧਰੇ ਮੂੰਹ ਵਿਖਾਣ ਜੋਗਾ ਹੀ ਨਹੀਂ ਰਿਹਾ। ਹਾਂ ਫ਼ਿਲਮਾਂ ਅਤੇ ਕ੍ਰਿਕਟ ਨੂੰ ਭੁਕਾਨੇ ਵਾਂਗ ਫੁਲਾ ਕੇ, ਜਰੂਰ ਮਨ ਪਰਚਾ ਲਿਆ ਜਾਂਦਾ ਹੈ। ਅਮਤਾਬ ਬੱਚਨ, ਬ੍ਰਾਹਮਣ ਹੋਣ ਕਾਰਨ ਏਨਾ ਲੰਮਾ ਸਮਾਂ ਕੱਢ ਗਿਆ। ਵਰਨਾ ਹੋਰ ਬਹੁਤ ਚੰਗੇ ਕਲਾਕਾਰ ਹਨ, ਜਿਨ੍ਹਾਂ ਨੂੰ ਏਨੀ ਮਸ਼ਹੂਰੀ ਨਹੀਂ ਮਿਲੀ। ਇਸੇ ਤਰ੍ਹਾਂ ਕ੍ਰਿਕਟ ਖਿਡਾਰੀਆਂ ਬਾਰੇ ਸਮਝਿਆ ਜਾ ਸਕਦਾ ਹੈ। ਲਗਭਗ 90% ਮੀਡੀਆ 'ਤੇ "ਊਚ ਵਰਗ" ਦਾ ਹੀ ਕਬਜ਼ਾ ਹੈ। ਕਿਸੇ ਘਟਨਾ ਕਹਾਣੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਇਹ ਮਹਾਨ ਕਾਰਜ, ਬਸ ਅਮਕੀ ਜਾਤ ਵਾਲਾ ਵਿਅਕਤੀ ਹੀ ਕਰ ਸਕਦਾ ਸੀ ।

(3) ਇਸਾਈ ਮਤ ਵਿਚ ਭਾਰਤ ਵਾਂਗ ਜਾਤ ਪਾਤ ਨਹੀਂ ਹੈ। ਫਿਰ ਭੀ ਉਨ੍ਹਾਂ ਵਿਚ "ਸਰਦਾਰ ਘਰਾਣੇ" ਮੌਜੂਦ ਹਨ। ਕਾਲੇ ਗੋਰੇ ਦਾ ਵਿਕਤਰਾ ਹੈ ਪਰ ਭਾਰਤ ਵਾਂਗ ਨਫ਼ਰਤ ਕਰਨਯੋਗ, ਜਾਤ ਉਨ੍ਹਾਂ ਵਿਚ ਨਹੀਂ ਹੈ। ਇਸਲਾਮ ਵਿਚ ਊਚ ਦਰਜੇ ਵਾਲੇ ਖਾਨਦਾਨ ਮੌਜੂਦ ਹਨ। ਸੀਆ ਸੁੰਨੀ ਦੇ ਧਾਰਮਕ ਬਖੇੜੇ ਹਨ। ਫਿਰ ਭੀ ਇਸਲਾਮ ਨੇ ਭਾਰਤ ਵਾਂਗ ਘਿਰਣਾਯੋਗ ਹੱਦ ਤਕ ਜਾਤ ਨੂੰ ਨਹੀਂ ਮੰਨਿਆ। ਸਗੋਂ ਉਨ੍ਹਾਂ ਨੇ ਜਾਤੀ ਪ੍ਰਬੰਧ ਨੂੰ ਤੋੜਨ ਵਾਸਤੇ, ਪ੍ਰਸ਼ੰਸਾਯੋਗ ਕੰਮ ਕੀਤਾ ਹੈ। ਭਾਰਤ ਵਿਚ ਬ੍ਰਾਹਮਣ ਦੇ ਸਤਾਏ ਤੇ "ਨੀਚ ਬਣਾਏ" ਬਹੁਤੇ ਲੋਕ ਬਿਨਾਂ ਖੇਚਲ ਕੀਤਿਆਂ ਤੇਜੀ ਨਾਲ ਇਸਲਾਮ ਵਿਚ ਸ਼ਾਮਿਲ ਹੋ ਗਏ ਸਨ।

ਬ੍ਰਾਹਮਣ (ਊਚ ਵਰਗ) ਨੇ ਇਸਲਾਮ ਪ੍ਰਤੀ ਨਫ਼ਰਤ ਫੈਲਾਉਣ ਵਿਚ ਕੋਈ ਕਸਰ ਨਹੀਂ ਛੱਡੀ। ਸੰਨ 1947 ਤੋਂ ਬਾਅਦ ਇਸ ਨਫ਼ਰਤ ਵਾਲੇ ਪ੍ਰਚਾਰ ਨੂੰ, ਹੋਰ ਪ੍ਰਚੰਡ ਕੀਤਾ ਗਿਆ ਹੈ। ਪਛੜੀਆਂ ਜਾਤਾਂ ਨੂੰ ਕਾਨੂੰਨ ਬਣਾ ਕੇ ਭੀ ਧਰਮ ਪ੍ਰਵਰਤਨ ਕਰਨੋਂ ਰੋਕਿਆ ਗਿਆ ਹੈ ਪਰ ਖ਼ੁਦ ਹਿੰਦੂ ਊਚ ਵਰਗ ਨੇ ਅਛੂਤਾਂ ਜਾਂ ਪਛੜੇ ਲੋਕਾਂ ਲਈ ਕੋਈ ਜ਼ਿਕਰਯੋਗ ਭਲਾ ਕਾਰਜ ਨਹੀਂ ਕੀਤਾ।

ਮੁਢਲੇ ਦੌਰ ਵਿਚ ਮਹਾਤਮਾ ਬੁੱਧ ਨੇ, ਊਚ ਨੀਚ ਜਾਤ ਪਾਤ ਆਦਿ ਨੂੰ ਖ਼ਤਮ ਕਰਨ ਵਾਸਤੇ ਬਹੁਤ ਕੰਮ ਕੀਤਾ ਪਰ ਉਸ ਸਮੇਂ ਸਮਾਜ ਅਤੀ

ਪਛੜਿਆ ਹੋਇਆ ਸੀ। ਬ੍ਰਾਹਮਣ ਵਰਗ ਬੜੀ ਦੇਰ ਤੋਂ ਲੋਕਾਂ ਨੂੰ ਆਪਣੀ ਜਕੜ ਵਿਚ ਲਈ ਬੈਠਾ ਸੀ। ਵਕਤੀ ਤੌਰ 'ਤੇ ਭਾਵੇਂ ਇਕ ਵਾਰੀ ਕੁੱਝ ਸਦੀਆਂ ਵਾਸਤੇ ਬ੍ਰਾਹਮਣ ਹਾਰ ਗਿਆ ਸੀ ਪਰ ਆਪਣੀ "ਸਿਆਣਪ" ਸਦਕਾ ਫਿਰ ਬੁੱਧ ਧਰਮ ਨੂੰ ਮਾਤ ਦੇ ਗਿਆ। ਇਸ ਤੋਂ ਮਗਰੋਂ ਗੁਰੂ ਨਾਨਕ ਬਾਬਾ ਜੀ ਨੇ ਬੜਾ ਮਹੱਤਵਪੂਰਨ ਕੰਮ ਕੀਤਾ ਹੈ। ਉਨ੍ਹਾਂ ਨੇ ਸੰਗਤ, ਪੰਗਤ, ਸਰੋਵਰ ਤੇ ਆਪਸ ਵਿਚ ਵੰਡ (ਰਲ ਮਿਲ ਕੇ) ਛਕਣ ਦੇ ਅਸੂਲ ਬਾਰ ਬਾਰ ਲੋਕ ਮਨਾਂ ਵਿਚ ਬਿਠਾਏ। ਆਪਣੇ ਪ੍ਰਵਚਨਾ ਵਿਚ ਕਬੀਰ ਜੀ, ਰਵਿਦਾਸ ਜੀ, ਤੇ ਨਾਮਦੇਵ ਜੀ ਦੀ ਬਾਣੀ ਦੇ ਪਰਮਾਣ ਬਾਰ ਬਾਰ ਸੰਗਤ ਨੂੰ ਸੁਣਾਉਂਦੇ ਤਾਕਿ ਆਮ ਲੋਕਾਂ ਨੂੰ ਅਹਿਸਾਸ ਹੋ ਜਾਵੇ ਕਿ ਬ੍ਰਾਹਮਣ ਹੀ ਅਕਲ ਦੇ ਕੋਟ ਨਹੀਂ ਹਨ, ਸਗੋਂ ਅਤੀ ਪਿਛੜੀਆਂ ਜਾਤੀਆਂ ਦੇ ਇਨਸਾਨ ਭੀ, ਬਹੁਤ ਸਿਆਣੇ ਹਨ। ਬਾਬਾ ਜੀ ਨੇ ਪਹਿਲਾਂ ਵਾਪਰ ਚੁੱਕੇ ਦੁਖਦਾਈ ਘਟਨਾ ਕਰਮ ਨੂੰ, ਨਾ ਚਿਤਾਰਦੇ ਹੋਏ ਮਨੁਖਤਾ ਨੂੰ ਪਿਆਰ ਕਰਨ ਵਾਲੇ ਬ੍ਰਾਹਮਣਾਂ (ਰਾਮਾਨੰਦ ਜੀ, ਪਰਮਾਨੰਦ ਜੀ ਆਦਿ) ਨੂੰ ਪੂਰਾ ਸਨਮਾਨ ਦਿੱਤਾ। ਸਿੱਖ ਜਥੇਬੰਦੀ ਇਕ ਤਾਕਤਵਰ ਲਹਿਰ ਬਣ ਕੇ ਉਭਰੀ। ਬਾਕੀਆਂ ਨਾਲ ਰਲ ਕੇ ਦੁਰਕਾਰੇ ਫਿਟਕਾਰੇ ਲੋਕਾਂ ਨੇ ਵੱਡੇ ਮਾਹਰਕੇ ਵਾਲੇ ਕੰਮ ਕੀਤੇ। ਸਿੱਖਾਂ ਦੇ ਇਕੱਠਾਂ ਵਿਚ ਨਿਤ ਦਿਨ ਅਜਿਹੇ ਸ਼ਬਦ ਪੜ੍ਹੇ (ਗਾਏ) ਜਾਣ ਲੱਗੇ :

ਨਾਮਾ ਛੀਂਬਾ, ਕਬੀਰ ਜੋੁਲਾਹਾ, ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ, ਸਬਦੁ ਪਛਾਣਹਿ, ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਗਾਵਹਿ, ਕੋਇ ਨ ਮੇਟੈ ਭਾਈ॥

(67)

(4) ਪੰਜਾਬ ਵਿਚ ਵਸਣ ਵਾਲੇ ਸਿੱਖ ਹਿੰਦੂ ਤੇ ਕਾਮਰੇਡ, ਇਨ੍ਹਾਂ ਸਭਨਾਂ ਤੇ ਘੱਟ ਜਾਂ ਵੱਧ, ਬਾਬਾ ਨਾਨਕ ਦੇ ਉਪਦੇਸ਼ਾਂ ਦਾ ਕੁੱਝ ਨਾ ਕੁੱਝ ਅਸਰ ਜਰੂਰ ਹੈ। ਇਥੇ ਜਾਤ ਪ੍ਰਤੀ ਓਨੀ ਘਿਰਣਾ ਜਾਂ ਕਟੜਤਾ ਨਹੀਂ ਹੈ ਜਿੰਨੀ ਬਾਕੀ ਭਾਰਤ ਵਿਚ ਹੈ। ਇਹ ਭੀ ਸੱਚ ਹੈ ਕਿ ਸਮਾਜ ਨੂੰ ਜਿਵੇਂ ਗੁਰਬਾਣੀ ਨੇ ਉਸਾਰਨ ਦਾ ਮੁੱਢ ਬੰਨ੍ਹਿਆ ਸੀ, ਉਸ ਨੂੰ ਸਿੱਖਾਂ ਤੇ ਕਾਮਰੇਡਾਂ ਨੇ ਅੱਗੇ ਨਹੀਂ ਵਧਾਇਆ। ਦੋਵਾਂ ਕੰਮਿਉਨਿਸਟ ਪਾਰਟੀਆਂ ਵਿਚ ਲਗਪਗ ਸਾਰੇ ਰਾਜਸੀ ਵੱਡੇ ਅਹੁਦੇ ਕਾਮਰੇਡਾਂ ਵਿਚਲੇ ਊਚ ਵਰਗ ਨੇ ਕਾਬੂ ਕੀਤੇ ਹੋਏ ਹਨ।

"ਸਾਮਦਾਮ ਦੰਡ ਭੇਦ" ਵਾਲੇ ਢੰਗਾਂ ਵਿਚੋਂ, ਕੋਈ ਭੀ ਰਾਹ ਅਖਤਿਆਰ ਕਰਨਾ ਪਵੇ, ਉਚ ਵਰਗ ਨੂੰ ਇਹ ਸਭ ਚੰਗੀ ਤਰ੍ਹਾਂ ਆਉਂਦਾ ਹੈ ।

ਸਿੱਖਾਂ ਵਿਚ ਜੱਟ ਸਭ ਤੋਂ ਵੱਧ ਤਾਕਤਵਰ ਬਣ ਚੁਕਿਆ ਹੈ। ਪੇਂਡੂ, ਸ਼ਹਿਰੀ, ਜੱਟ ਭਾਪਾ, ਜੱਟ ਰਾਮਗੜ੍ਹੀਆ, ਜੱਟ ਦਲਿਤ ਆਦਿਕ ਮਸਲਿਆਂ ਨੂੰ (ਗੁਰਬਾਣੀ ਦੇ ਚਾਨਣ ਵਿਚ) ਸਿੱਖ ਮੁਖੀਆਂ ਨੇ ਸਹੀ ਸੇਧ ਪਰਦਾਨ ਕਰਨੀ ਸੀ। ਅਫ਼ਸੋਸ ਕਿ ਸਿੱਖਾਂ ਦੇ ਮੁਖੀਆਂ ਨੇ ਇਨਸਾਨੀ ਕਲਿਆਣ ਵਾਲੀ ਕੋਈ ਸਕੀਮ ਤਿਆਰ ਹੀ ਕਦੇ ਨਹੀਂ ਕੀਤੀ। ਇਸੇ ਕਾਰਨ ਸਿੱਖ ਸਮਾਜ ਬਿਖਰ ਗਿਆ ਹੈ। ਪਖੰਡੀ ਗੁਰੂਆਂ ਤੇ ਸਾਧਾਂ ਦਾ ਪਿਛਲੱਗ ਬਣ ਚੁਕਿਆ ਹੈ। ਗੁਰਦਵਾਰੇ ਜਾਤਾਂ ਬਰਾਦਰੀਆਂ ਵਾਲੇ ਆਪੋ ਆਪਣੇ ਉਸਰ ਚੁੱਕੇ ਹਨ। ਸਿੱਖ ਮੁਖੀ, ਅਜੇ ਵੀ "ਚੈਨ ਦੀ ਬੰਸਰੀ ਵਜਾ ਰਹੇ ਹਨ"।

(5) ਭਾਵੇਂ ਇਉਂ ਪ੍ਰਤੀਤ ਹੁੰਦਾ ਹੈ ਕਿ ਸਾਹਿਤ ਰਾਹੀਂ ਜਾਤ ਪਾਤ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਇਹ ਭੀ ਸੱਚ ਹੈ ਕਿ ਸਾਹਿਤਕਾਰ ਪੈਸੇ ਦੀ ਤਾਕਤ ਦੁਆਰਾ ਆਪਣੇ ਆਪ ਨੂੰ ਸਥਾਪਤ ਕਰਦੇ ਹਨ। ਪੈਸੇ ਦੇ ਜ਼ੋਰ ਸਨਮਾਨ ਪ੍ਰਾਪਤ ਕਰਦੇ ਹਨ। ਰਾਜਸੀ ਤਾਕਤ ਵਾਲਿਆਂ ਦੇ ਹੱਥ ਠੋਕੇ ਬਣਦੇ ਹਨ। ਫਿਰ ਸਮਾਜ ਲਈ ਘਿਰਣਤ ਰਾਜਨੀਤੀਵਾਨਾਂ ਦੀ ਝੂਠੀ ਪ੍ਰਸੰਸਾ ਦੇ ਸ਼ੋਹਿਲੇ ਗਾਉਂਦੇ ਹਨ। ਵੱਡਾ ਅਹੁਦਾ ਜਾਂ ਵੱਡਾ ਸਨਮਾਨ ਭੀ ਸਾਹਿਤਕਾਰ ਨੂੰ ਆਮ ਲੋਕਾਂ ਨਾਲੋਂ ਦੂਰ ਕਰ ਦਿੰਦਾ ਹੈ ਕਿਉਂਕਿ ਸਨਮਾਨਤ ਲਿਖਾਰੀ ਫਿਰ ਸਾਧਾਰਣ ਵਿਅਕਤੀ ਤੋਂ "ਖਾਸ" ਵਿਅਕਤੀ ਬਣ ਚੁਕਿਆ ਹੁੰਦਾ ਹੈ।

ਸਾਹਿਤ ਵਿਚ ਵੰਡੀਆਂ ਪੈ ਚੁਕੀਆਂ ਹਨ ਜਿਵੇਂ ਕਾਲਜਾਂ ਯੂਨੀਵਰਸਿਟੀਆਂ ਵਾਲਾ ਸਾਹਿਤ, ਇੰਜੀਨੀਅਰਿੰਗ ਤੇ ਮੈਡੀਕਲ ਨਾਲ ਸਬੰਧਤ ਸਾਹਿਤ, ਆਮ ਲੋਕਾਂ ਦੀ ਦਿਲਚਸਪੀ ਵਾਲਾ ਸਾਹਿਤ, ਬੱਚਿਆਂ ਤੇ ਬੀਬੀਆਂ ਲਈ ਸਾਹਿਤ, ਧਾਰਮਕ ਸਾਹਿਤ ਅਤੇ ਦਲਿਤ ਸਾਹਿਤ। ਇਥੇ ਇਹ ਨੁਕਤਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ ਕਿ ਇਨਾਮਾਂ ਲਈ ਚੋਣ ਕਰਨ ਵਾਲੀ ਕਮੇਟੀ ਵਿਚ, ਬਹੁ ਗਿਣਤੀ ਕਾਮਰੇਡ ਲੇਖਕਾਂ ਦੀ ਹੈ। ਇਹ ਲੋਕ ਧਾਰਮਿਕ ਵਿਸ਼ਿਆਂ 'ਤੇ ਕਿਤਾਬਾਂ ਲਿਖਣ ਵਾਲੇ ਨੂੰ ਲੇਖਕ ਮੰਨਣ ਲਈ ਹੀ ਤਿਆਰ ਨਹੀਂ। ਇਸ ਦੀ ਉਘੜਵੀ ਮਿਸਾਲ ਪ੍ਰੋ. ਸਾਹਿਬ ਸਿੰਘ ਬਾਰੇ ਵੇਖੀ ਜਾ ਸਕਦੀ ਹੈ। ਜਿਸਨੇ ਸਾਰੀ ਉਮਰ ਗੁਰਮਤਿ ਨੂੰ ਪੜ੍ਹਾਇਆ ਅਤੇ ਲਗਾਤਾਰ ਲਿਖਿਆ। ਪੰਜਾਬੀ ਯੂਨੀਵਰਸਿਟੀ ਨੇ 1971 ਵਿਚ ਭਾਵੇਂ

ਡੀ.ਲਿਟ. ਦੀ ਡਿਗਰੀ ਦੇ ਦਿੱਤੀ ਪਰ ਸਾਹਿਤਕਾਰ ਨਹੀਂ ਮੰਨਿਆ ਗਿਆ। ਮੌਜੂਦਾ ਦੌਰ ਦੇ ਉਚ ਕੋਟੀ ਦੇ ਵਿਦਵਾਨ ਸ੍ਰ. ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੂੰ ਸਨਮਾਨ ਤਾਂ ਕੀ ਦਿਵਾਣਾ ਸੀ ਕਿਸੇ ਲੇਖਕ ਨੇ ਉਸ ਦੇ ਹੱਕ ਵਿਚ ਆਵਾਜ਼ ਤਕ ਨਹੀਂ ਉਠਾਈ। ਇਸੇ ਤਰ੍ਹਾਂ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਨੇ ਦਲਿਤਾਂ ਦੇ ਦੁਖਾਂ ਬਾਰੇ ਬਹੁਤਾ ਨਹੀਂ ਲਿਖਿਆ। ਇਥੇ ਚਿੜੀਆਂ ਤੋਤਿਆਂ, ਕੁੱਤਿਆਂ ਤੇ ਕਾਵਾਂ 'ਤੇ ਕਹਾਣੀਆਂ ਲਿਖੀਆਂ ਬਥੇਰੀਆਂ ਮਿਲ ਜਾਣਗੀਆਂ, ਪਰ ਤੜਫਦੇ ਵਿਲਕਦੇ ਦਬੇ ਕੁਚਲੇ, ਗਰੀਬੀ ਬਿਮਾਰੀਆਂ ਅਨਪੜ੍ਹਤਾ ਵਿਚ ਜੂਨ ਨੂੰ ਧੱਕਾ ਦਿੰਦੇ, ਇਨਸਾਨ ਕਦੀ ਨਜ਼ਰ ਨਾ ਆਏ। ਉਨ੍ਹਾਂ ਦੀਆਂ ਨੂੰਹਾਂ ਧੀਆਂ ਦੀ ਵੱਟ ਬੰਨੇ, ਖੱਲ ਖੂੰਜੇ, ਪਤ ਰੁਲਦੀ ਕਿਸੇ ਸਾਹਿਤਕਾਰ ਨੂੰ ਨਾ ਦਿਸੀ। ਇਥੇ ਤਾਂ ਜਿਧਰ ਵੇਖੋ "ਯਾਰੀ ਜੱਟ ਦੀ, ਦੁਸ਼ਮਣੀ ਜੱਟ ਦੀ, ਮੁੱਛ ਜੱਟ ਦੀ, ਜੱਟ ਦਾ ਗੰਡਾਸਾ, ਪੁੱਤ ਜੱਟਾਂ ਦੇ ਹੀ ਨਜ਼ਰ ਆਉਂਦੇ ਹਨ।"

(6) ਦਲਿਤ ਸਾਹਿਤ ਉਹ ਮੰਨਿਆ ਜਾਣਾ ਚਾਹੀਦਾ ਹੈ, ਜੋ ਦਲਿਤਾਂ ਦੀ ਦਸ਼ਾ ਬਿਆਨ ਕਰਦਾ ਹੋਵੇ, ਜੋ ਦਲਿਤਾਂ ਦੇ ਉਥਾਨ ਵਾਸਤੇ ਮਾਰਗ ਦਰਸ਼ਨ ਕਰੇ, ਜੋ ਇਨ੍ਹਾਂ ਵਿਚ ਬਾਰ ਬਾਰ ਹੀਣ ਭਾਵਨਾ ਪੈਦਾ ਨਾ ਕਰੇ, ਸਗੋਂ ਹੌਂਸਲੇ ਬੁਲੰਦ ਕਰੇ। ਗਰੀਬੀ, ਭੁਖਮਰੀ ਆਦਿ ਅਲਾਮਤਾਂ ਕਿਵੇਂ ਆਈਆਂ। ਇਨ੍ਹਾਂ ਤੋਂ ਮੁਕਤ ਕਿਵੇਂ ਹੋਇਆ ਜਾ ਸਕਦਾ ਹੈ। ਵਿਦਿਆ ਪੜ੍ਹਨੀ ਕਿੰਨੀ ਜਰੂਰੀ ਹੈ। ਸਰਕਾਰ ਨੇ ਦਲਿਤਾਂ ਲਈ ਕੀ ਕੀ ਖਾਸ ਰਿਆਇਤਾਂ ਦਿਤੀਆਂ ਹੋਈਆਂ ਹਨ, ਆਦਿ। "ਉਚ ਜਾਤੀ" ਵਾਲੇ ਲੇਖਕਾਂ ਵਲੋਂ ਦਲਿਤਾਂ ਬਾਰੇ ਜਦੋਂ ਲਿਖਿਆ ਹੀ ਨਹੀਂ ਗਿਆ। ਉਸ ਹਾਲਤ ਵਿਚ ਇਹ ਕੰਮ ਖੁਦ ਦਲਿਤ ਲੇਖਕਾਂ ਨੇ ਕਰਨਾ ਸ਼ੁਰੂ ਕੀਤਾ ਹੈ। ਦਲਿਤਾਂ ਵਾਸਤੇ, ਦਲਿਤਾਂ ਵਲੋਂ ਲਿਖਿਆ ਸਾਹਿਤ, "ਦਲਿਤ ਸਾਹਿਤ" ਅਖਵਾਉਣ ਲਈ ਮਜਬੂਰ ਹੈ। ਦਲਿਤ ਸਾਹਿਤ ਵਜੋਂ ਮੋਢੀ ਸਾਹਿਤਕਾਰਾਂ ਦੇ ਤੌਰ ਤੇ ਭਗਤ ਰਵਿਦਾਸ ਜੀ, ਕਬੀਰ ਜੀ ਤੇ ਨਾਮਦੇਵ ਜੀ ਨੂੰ ਉਭਾਰਿਆ ਜਾਣਾ ਚਾਹੀਦਾ ਹੈ। ਨਾਲ ਹੀ ਬਾਬਾ ਨਾਨਕ ਜੀ ਨੂੰ ਨਮਸਕਾਰ ਕਰਨੀ ਬਣਦੀ ਹੈ, ਜਿਨ੍ਹਾਂ ਬੜੀ ਦੂਰ ਅੰਦੇਸੀ ਅਤੇ ਹਿੰਮਤ ਕਰ ਕੇ, ਦਲਿਤ ਵਰਗ ਦੇ ਧੜੱਲੇਦਾਰ ਬਾਣੀਕਾਰਾਂ ਨੂੰ ਅਤਿ ਉੱਚਾ ਸਨਮਾਨ ਦਿੱਤਾ।

(7) ਭਾਵੇਂ ਸਾਹਿਤ ਨੂੰ ਜਾਤਾਂ ਵਿਚ ਵੰਡਣਾ ਗ਼ਲਤ ਹੈ ਪਰ ਇਸ ਦੀ ਸ਼ੁਰੂਆਤ

ਦਲਿਤਾਂ ਨੇ ਨਹੀਂ ਕੀਤੀ ਬ੍ਰਾਹਮਣਾਂ ਨੇ ਕੀਤੀ ਹੈ। ਸੰਸਕ੍ਰਿਤ ਇਕ ਅਤੀ ਪਛੜੀ ਹੋਈ ਭਾਸ਼ਾ ਹੈ। ਮਿਥਿਹਾਸਕ ਕਿੱਸੇ ਕਹਾਣੀਆਂ ਤੋਂ ਇਲਾਵਾ, ਇਸ ਵਿਚ ਕੋਈ ਠੋਸ ਗਿਆਨ ਨਹੀਂ ਹੈ। ਕੇਵਲ ਪੂਜਾ ਪਾਠ ਤੇ ਮੰਤਰ ਜਾਪਾਂ ਤੋਂ ਸਿਵਾਏ ਇਸ ਵਿਚ ਸਮਾਜ ਨੂੰ ਦੇਣ ਲਈ ਕੁੱਝ ਨਹੀਂ ਹੈ। ਫਿਰ ਬ੍ਰਾਹਮਣਾਂ ਤੇ ਖੱਤਰੀਆਂ ਨੇ, ਦਲਿਤਾਂ ਲਈ ਸੰਸਕ੍ਰਿਤ ਪੜ੍ਹਨੀ, ਸਜਾਯੋਗ ਅਪਰਾਧ ਐਲਾਨ ਦਿੱਤੀ। ਸਦੀਆਂ ਤਕ ਇਸੇ “ਕਸੂਰ” ਬਦਲੇ, ਦਲਿਤਾਂ ਨੂੰ ਸਜਾ ਦਿੱਤੀ ਜਾਂਦੀ ਰਹੀ। ਹੁਣ ਦਲਿਤ ਸਾਹਿਤਕਾਰ ਇਕ ਦਮ ਬਿਨਾਂ ਸੋਚੇ ਸਮਝੇ ਪਿਛਲੇ ਜ਼ੁਲਮਾਂ ਨੂੰ ਕਿਵੇਂ ਭੁਲਾ ਦੇਣ? ਭਾਰਤੀ ਮੁਖਧਾਰਾ ਦੇ ਖਾਰੇ (ਬ੍ਰਾਹਮਣੀ) ਸਾਗਰ ਵਿਚ ਅੱਖਾਂ ਬੰਦ ਕਰ ਕੇ ਛਾਲ ਕਿਵੇਂ ਮਾਰ ਦੇਣ? ਹਾਲੀ ਤਕ ਭਾਰਤੀ ਲੋਕ ਜਾਤਾਂ, ਬੋਲੀਆਂ, ਧਰਮਾਂ, ਫਿਰਕਿਆ, ਇਲਾਕਿਆਂ ਆਦਿ ਵਿਚ ਪੂਰੀ ਤਰ੍ਹਾਂ ਵੰਡੇ ਹੋਏ ਹਨ। ਮਨਾਂ ਨੂੰ ਨੇੜੇ ਲਿਆਉਣ ਲਈ ਦੇਸ਼ ਦੇ ਧਰਮ ਅਤੇ ਰਾਜ ’ਤੇ ਕਾਬਜ (ਊਚ ਜਾਤੀ) ਧਿਰਾਂ ਨੂੰ ਪਹਿਲਾਂ ਖੁਦ ਕੁੱਝ ਕਰ ਕੇ ਵਿਖਾਣਾ ਪਵੇਗਾ। ਮਗਰਮੱਛ ਦੇ ਹੰਝੂਆਂ ਨਾਲ ਕੁੱਝ ਨਹੀਂ ਸੰਵਰਨਾ।

(8) ਦਲਿਤ ਸਾਹਿਤ ਦਾ ਦਲਿਤਾਂ ਨੂੰ ਰਾਖਵਾਂਕਰਨ ਦਿਵਾਉਣ ਦਾ ਕੋਈ ਮਕਸਦ ਨਹੀਂ ਹੈ। ਇਹ ਸਾਹਿਤ ਕੇਵਲ ਚੇਤਨਾ ਪੈਦਾ ਕਰਨ ਲਈ ਹੈ। ਜਦੋਂ ਪੜ੍ਹਨ ਦਾ ਸੁਭਾਅ ਬਣ ਗਿਆ। ਬਹੁਤ ਸਾਰੇ ਦਲਿਤ ਭਾਈ ਭੈਣਾਂ ਪੜ੍ਹ ਲਿਖ ਗਏ। ਆਪਣੇ ਫ਼ਰਜ਼ਾਂ ਅਤੇ ਅਧਿਕਾਰਾਂ ਤੋਂ ਜਾਣੂ ਹੋ ਗਏ। ਫਿਰ ਸੂਬਿਆਂ ਅਤੇ ਕੇਂਦਰ ਲਈ ਆਪਣੇ ਸਹੀ ਨੁਮਾਇੰਦੇ ਚੁਣ ਸਕਣਗੇ। ਉਸ ਹਾਲਤ ਵਿਚ ਰਾਖਵਾਂਕਰਨ ਦੀ ਕੋਈ ਜਰੂਰਤ ਹੀ ਨਹੀਂ ਰਹਿਣੀ। ਊਚ ਵਰਗ ਲਗਪਗ ਦਸ ਬਾਰਾਂ ਫ਼ੀ ਸਦੀ ਹੈ। ਸਾਰੀਆਂ ਵੱਡੀਆਂ ਪੋਸਟਾਂ ’ਤੇ (90%) ਇਨ੍ਹਾਂ ਦਾ ਹੀ ਕਬਜਾ ਹੈ। ਵਪਾਰ, ਕਾਰਖਾਨੇ, ਰਾਜਨੀਤੀ, ਮੀਡੀਆ, ਹਰ ਥਾਵੇਂ ਊਚ ਵਰਗ ਕਾਬਜ ਹੈ। ਅਜਿਹੇ ਸਖ਼ਤ ਜਾਲ ਨੂੰ ਤੋੜਨਾ ਸੰਭਵ ਨਹੀਂ ਹੈ। ਬਣਦੀ ਹਿੱਸੇਦਾਰੀ ਤਕ ਪਹੁੰਚਣ ਲਈ ਰਾਖਵਾਂਕਰਨ ਜਰੂਰੀ ਹੈ। ਇਹ ਕੋਈ ਵਿਸ਼ੇਸ਼ ਰਿਆਇਤ ਨਹੀਂ ਹੈ। ਸਗੋਂ ਸਦੀਆਂ ਤੋਂ ਖੋਹੇ ਗਏ ਅਧਿਕਾਰ ਕੇਵਲ ਵਾਪਸ ਕਰਨ ਵੱਲ ਇਕ ਕਦਮ ਹੈ।

(9) ਅੱਜ ਤਕ ਦਾ ਤਜਰਬਾ ਇਹੀ ਸਿੱਧ ਕਰਦਾ ਹੈ ਕਿ ਆਮ ਹਾਲਤਾਂ ਵਿਚ

ਦਲਿਤ ਸਾਹਿਤ ਦਲਿਤ ਹੀ ਲਿਖ ਸਕਦੇ ਹਨ, ਜਿਨ੍ਹਾਂ ਨੇ ਆਪਣੇ ਸਰੀਰ 'ਤੇ ਦੁਖੜੇ ਨਹੀਂ ਝੱਲੇ, ਗਾਲਾਂ, ਮਾਰਾਂ ਨਹੀਂ ਖਾਧੀਆਂ, ਗਰਮੀ, ਸਰਦੀ ਬਰਦਾਸ਼ਤ ਨਹੀਂ ਕੀਤੀ, ਮਾਲਕਾਂ ਦੇ ਜੂਠੇ ਟੁਕੜੇ ਨਹੀਂ ਖਾਧੇ, ਆਪਣੇ ਬੱਚਿਆਂ ਦੀਆਂ, ਮਾਵਾਂ ਭੈਣਾਂ ਦੀਆਂ, ਜਿਸ ਨੇ ਸਧਰਾਂ ਦਮਤੋੜਦੀਆਂ ਨਹੀਂ ਵੇਖੀਆਂ, ਉਹ ਦਲਿਤਾਂ ਬਾਰੇ ਨਹੀਂ ਲਿਖ ਸਕੇਗਾ। ਦਲਿਤਾਂ ਵਿਚੋਂ ਹੀ ਉਤਸ਼ਾਹਤ ਕਰ ਕੇ ਲੇਖਕ ਤਿਆਰ ਕਰਨੇ ਚਾਹੀਦੇ ਹਨ।

(10) ਸਤਿਕਾਰਯੋਗ ਭਗਤਾਂ ਅਤੇ ਗੁਰੂਆਂ ਦੀ ਬਾਣੀ ਨੂੰ ਅਲੱਗ ਅਲੱਗ ਕਰ ਕੇ ਛਾਪਣਾ, ਮਨੁੱਖਤਾ ਪ੍ਰਤੀ ਇਕ ਵੱਡਾ ਅਪ੍ਰਾਧ ਹੋਵੇਗਾ। ਜੋ ਜਜ਼ਬਾਤੀ ਸਾਂਝ, ਊਚ, ਨੀਚ ਦੇ ਵਿਚਕਾਰ ਪੁਲ ਬਣ ਕੇ, ਗੁਰੂ ਨਾਨਕ ਬਾਬਾ ਜੀ ਨੇ ਬਣਾਈ ਸੀ, ਉਹ ਢੈਹ ਢੇਰੀ ਹੋ ਜਾਵੇਗੀ। ਜੇ ਬਾਬਾ ਨਾਨਕ ਜੀ, ਭਗਤ ਸਹਿਬਾਨ ਦੀ ਬਾਣੀ ਨੂੰ ਸਾਂਭ ਕੇ ਆਪਣੇ ਨਾਲ ਨਾ ਲਿਆਉਂਦੇ, ਅਗੋਂ ਇਹ ਪੋਥੀ ਵਿਚ ਨਾਂ ਚੜ੍ਹਦੀ, ਤਾਂ ਉਸ ਹਾਲਤ ਵਿਚ ਇਹ ਸ਼ਾਇਦ ਅਲੋਪ ਹੋ ਚੁਕੀ ਹੁੰਦੀ। ਗੁਰੂ ਗ੍ਰੰਥ ਸਾਹਿਬ ਵਿਚਲੀ ਭਗਤ ਬਾਣੀ ਤੋਂ ਬਾਹਰਲੀ ਭਗਤ ਬਾਣੀ, ਕਈ ਕਿਸਮ ਦੀਆਂ ਮਿਲਾਵਟਾਂ ਦਾ ਸ਼ਿਕਾਰ ਹੋ ਚੁਕੀ ਹੈ। ਦਲਿਤ ਪਰਵਾਰਾਂ ਵਿਚੋਂ ਸਿੰਘ ਸਜ ਕੇ, ਜੋ ਮਾਣਮੱਤੇ ਕਾਰਜ ਨੌਜਵਾਨਾਂ ਨੇ ਕੀਤੇ ਹਨ। ਜੇ ਭਗਤਾਂ ਦੀ ਬਾਣੀ ਵਖਰੀ ਹੁੰਦੀ ਸ਼ਾਇਦ ਉਹ ਜੋਸ਼ ਜੁਆਲਾ ਨਾ ਭੜਕਦੀ। ਪੰਜ ਪਿਆਰੇ ਜੇ ਪੰਜ ਵੱਖੋ ਵੱਖਰੀਆਂ ਜਾਤਾਂ ਵਿਚੋਂ ਨਾ ਹੁੰਦੇ, ਤਾਂ 1699 ਦੀ ਵਿਸਾਖੀ ਵਾਲਾ ਮਹਾਨ ਕਾਰਜ, ਬਹਾਦਰੀ ਦੀ ਚਰਮ ਸੀਮਾ ਤਕ, ਕਦੀ ਨਾ ਪੁੱਜ ਸਕਦਾ।

ਗੁਰਬਾਣੀ ਦੀ ਗਿਆਨ ਭਰਪੂਰ ਅਗਵਾਈ ਅਤੇ ਭਾਵਨਾਤਮਕ ਸਾਂਝ ਜੋ ਮਨੁੱਖਤਾ ਨੂੰ ਜੋੜਨ ਵਿਚ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ। ਉਹ ਸਦਾ ਵਾਸਤੇ ਸਾਂਝ ਟੁੱਟ ਜਾਵੇਗੀ। ਪ੍ਰਬੰਧ ਵਿਚਲੀਆਂ ਵਕਤੀ ਕਮਜ਼ੋਰੀਆਂ ਤੋਂ ਪ੍ਰੇਸ਼ਾਨ ਹੋ ਕੇ, ਵੱਡੇ ਭਾਈਚਾਰੇ ਨਾਲੋਂ ਨਾਤਾ ਤੋੜ ਲੈਣਾ ਸਿਆਣਪ ਨਹੀਂ ਹੋਵੇਗੀ। ਬ੍ਰਾਹਮਣੀ ਸੋਚ ਤਾਂ ਇਸੇ ਤਾਕ ਵਿਚ ਹੈ ਕਿ ਕਦੋਂ ਇਨ੍ਹਾਂ ਏਕਤਾਂ ਦੀਆਂ ਤੰਦਾਂ ਨੂੰ ਤੋੜਿਆ ਜਾਵੇ। ਜਿਥੇ ਇਸ ਪੱਖੋਂ ਸਿੱਖ ਮੁਖੀਆਂ ਨੇ ਬੱਜਰ ਪਾਪ ਕਮਾਇਆ ਹੈ। ਉਸੇ ਤਰ੍ਹਾਂ ਦਲਿਤ ਆਗੂਆਂ ਨੇ, ਵੱਖਰੇ ਧਰਮ ਸਥਾਨ ਉਸਾਰ ਕੇ, ਛੋਟੇ ਛੋਟੇ ਗਰੁਪਾਂ ਨੂੰ ਉਭਾਰ ਕੇ ਕਿਸੇ ਤਰ੍ਹਾਂ ਵੀ ਦੂਰਅੰਦੇਸੀ ਦਾ ਸਬੂਤ ਨਹੀਂ ਦਿੱਤਾ। ਸਤਿਕਾਰਯੋਗ ਭਗਤਾਂ ਨੂੰ ਗੁਰੂ

ਸਥਾਪਤ ਕਰਨ ਬਾਰੇ ਜੋ ਆਵਾਜ਼ਾਂ ਉਚੀਆਂ ਕੀਤੀਆਂ ਜਾ ਰਹੀਆਂ ਹਨ। ਏਕਤਾ ਵਾਲੇ ਰਸਤੇ ਵਿਚ ਉਹ ਕੰਡੇ ਸਾਬਤ ਹੋਣਗੀਆਂ। ਇਸ ਤਰ੍ਹਾਂ ਤਾਂ ਗੁਰਬਾਣੀ ਰਚੈਤਾ ਪੈਂਤੀ ਮਹਾਂ ਪੁਰਖਾਂ ਨੂੰ ਹੀ, "ਗੁਰੂ" ਮੰਨਣਾ ਪਵੇਗਾ।

(11) ਇਉਂ ਪ੍ਰਤੀਤ ਹੁੰਦਾ ਹੈ ਕਿ ਦਲਿਤ ਲੇਖਕ, ਪਿਛਲੇ ਸਮੇਂ ਹੋਏ ਅਸਹਿ ਜੁਲਮਾਂ ਕਾਰਨ, ਗੁੱਸੇ ਵਿਚ ਹਨ। ਖੁਸੇ ਹੱਕ ਵਾਪਸ ਲੈਣਾ ਚਾਹੁੰਦੇ ਹਨ। ਜੁਲਮ ਕਰਨ ਵਾਲਿਆਂ ਨੂੰ "ਸਬਕ" ਸਿਖਾਣਾ ਚਾਹੁੰਦੇ ਹਨ। ਆਰਥਿਕ, ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਬਰਾਬਰੀ ਚਾਹੁੰਦੇ ਹਨ। ਇਹ ਭੀ ਯਾਦ ਰੱਖਣਾ ਚਾਹੀਦਾ ਹੈ ਕਿ ਹਾਲੀ ਤਕ ਤਾਕਤ ਦੂਜੀ ਧਿਰ ਦੇ ਹੱਥ ਵਿਚ ਹੈ, ਜਿਸ ਵਿਚ ਰਾਸ਼ਟਰਪਤੀ ਤੋਂ ਲੈ ਕੇ ਸਾਰੀਆਂ ਵੱਡੀਆਂ ਪੋਸਟਾਂ ਉੂਚ ਵਰਗਾਂ ਕੋਲ ਹਨ। ਜਰਾ ਜਿੰਨੀ ਲਾਪ੍ਰਵਾਹੀ ਕਾਰਨ, ਖੂਨ ਦੇ ਦਰਿਆ ਵਗ ਸਕਦੇ ਹਨ। ਨਫਾ ਘੱਟ ਤੇ ਨੁਕਸਾਨ ਵਧੇਰੇ ਹੋ ਸਕਦਾ ਹੈ। ਕਾਬਜ ਧਿਰ ਨੂੰ ਭੀ ਸਮੇਂ ਦਾ ਹਰਫ ਪੜ੍ਹ ਲੈਣਾ ਚਾਹੀਦਾ ਹੈ ਕਿ ਜੇ ਉਹ ਦੇਸ਼ ਪ੍ਰਤੀ ਅਤੇ ਇਨਸਾਨੀਅਤ ਪ੍ਰਤੀ, ਦਿਲੋਂ ਮਨੋਂ ਵਫ਼ਾਦਾਰ ਹਨ ਤਾਂ ਦਲਿਤਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਵਿਚ ਘੇਸਲ ਨਹੀਂ ਵੱਟਣੀ ਚਾਹੀਦੀ। ਬ੍ਰਾਹਮਣਵਾਦ ਦੇ ਮਨਸੂਬੇ (ਪਾੜੋ ਤੇ ਰਾਜ ਕਰੋ) ਫੇਲ੍ਹ ਕਰ ਕੇ ਦਲਿਤ ਭੈਣ ਭਰਾ ਜੇ ਏਕਤਾ ਵਿਚ ਪਰੋਏ ਜਾ ਸਕਣ ਤਾਂ ਵੋਟ ਸ਼ਕਤੀ ਰਾਹੀਂ, ਰਾਜ ਦੇ ਮਾਲਕ ਛੇਤੀ ਹੀ ਬਣ ਸਕਦੇ ਹਨ। ਉਸ ਹਾਲਤ ਵਿਚ ਬਹੁਤ ਕੁੱਝ ਬਦਲੇਗਾ।

(12) ਸਾਹਿਤ ਵਿਚ ਜਾਤ ਪਾਤ ਨੂੰ ਖ਼ਤਮ ਕਰਨ ਵਾਸਤੇ ਕੰਮ ਨਾਂਹ ਦੇ ਬਰਾਬਰ ਹੀ ਹੋਇਆ ਹੈ। ਉੂਚ ਵਰਗ ਸਾਹਿਤਕਾਰਾਂ ਵਲੋਂ ਦਲਿਤਾਂ ਬਾਰੇ ਕੋਈ ਜ਼ਿਕਰਯੋਗ ਕੰਮ ਨਹੀਂ ਹੋਇਆ। ਸਦੀਆਂ ਤਕ ਵਾਪਰੇ ਦੁਖਦਾਈ ਘਟਨਾ ਚੱਕਰ ਕਾਰਨ, ਦੋਵੇਂ ਧਿਰਾਂ ਇਕ ਦੂਜੇ ਪ੍ਰਤੀ ਨਫ਼ਰਤ ਨਾਲ ਭਰੀਆਂ ਹੋਈਆਂ ਹਨ। ਜ਼ੁਬਾਨੀ ਜਾਂ ਲਿਖਤੀ (ਭਾਰਤੀ ਕਾਨੂੰਨ) ਜਾਤ ਵਿਰੋਧੀ ਵਾਇਦੇ ਬਹੁਤ ਹੋਏ ਹਨ। ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੰਮ ਨਹੀਂ ਹੋਇਆ। ਦਲਿਤਾਂ ਲਈ ਅੱਜ ਤਕ ਮੰਦਰਾਂ ਦੇ ਦਰਵਾਜ਼ੇ ਨਹੀਂ ਖੁੱਲ੍ਹੇ। ਮੰਨੂੰ ਸਿਮ੍ਰਿਤੀ ਦੇ "ਕਾਨੂੰਨ" ਨੂੰ ਸਦੀਆਂ ਤਕ ਲਾਗੂ ਰੱਖਣ ਕਾਰਨ, ਜੋ ਵਹਿਸ਼ੀ ਜੁਲਮ ਦਲਿਤਾਂ 'ਤੇ ਹੋਏ ਹਨ, ਉਹ ਕਦੀ ਬਿਆਨ ਨਹੀਂ ਕੀਤੇ ਜਾ ਸਕਦੇ। ਜਬਰ ਕਰਨ ਵਾਲੀ ਧਿਰ, ਖੁੱਲ੍ਹੇਆਮ ਮੁਆਫ਼ੀ ਮੰਗਣ ਦੀ ਥਾਂਵੇਂ, ਅਜੇ ਭੀ "ਰਾਮ ਰਾਜ" ਵਾਪਸ ਲਿਆਉਣ ਦੇ ਦਮਗਜੇ ਮਾਰ ਰਹੀ ਹੈ। ਇਕ

ਪਾਸੇ ਭਾਰਤੀ ਸੰਵਿਧਾਨ ਹਰ ਇਕ ਨਾਗਰਿਕ ਨੂੰ ਬਰਾਬਰ ਅਧਿਕਾਰ ਦਿੰਦਾ ਹੈ। ਦੂਜੇ ਪਾਸੇ ਮੰਨੂੰ ਸਿਮ੍ਰਿਤੀ (ਅਤੇ ਇਸ ਦੇ ਪੁਜਾਰੀ) ਸੰਵਿਧਾਨ ਦਾ ਮੂੰਹ ਚਿੜਾ ਰਹੀ ਹੈ।

ਦਿੱਲੀ ਵਿਚਲਾ ਇਕ ਅਦਾਰਾ (ਗੌਤਮ ਪਬਲੀਕੇਸ਼ਨਜ਼ ਅਤੇ ਸਰਿਤਾ ਮੁਕਤਾ ਪਬਲੀਕੇਸ਼ਨਜ) ਦਲਿਤਾਂ ਨੂੰ ਉਭਾਰਨ ਵਾਸਤੇ ਬਹੁਤ ਵਧੀਆ ਕੰਮ ਕਰ ਰਿਹਾ ਹੈ। ਹਿੰਦੂ ਧਰਮ ਨੇ ਸਮਾਜ ਦਾ ਜੋ ਨੁਕਸਾਨ ਕੀਤਾ ਹੈ, ਉਸ ਬਾਰੇ ਉਹ ਬੇਝਿਜਕ ਪੁਸਤਕਾਂ ਛਾਪ ਕੇ ਲੋਕਾਂ ਤਕ ਪੁਚਾ ਰਹੇ ਹਨ। ਲੋੜ ਇਸ ਗੱਲ ਦੀ ਹੈ ਕਿ ਦਲਿਤਾਂ ਨੂੰ ਵਿਦਿਆ ਹਾਸਲ ਕਰਨ ਦੇ ਸੌਖੇ ਸਾਧਨ ਜੁਟਾਏ ਜਾਣ। ਰਾਖਵਾਂਕਰਨ ਘੱਟੋ ਘੱਟ 50% ਜ਼ਰੂਰ ਹੋਵੇ ਪਰ ਜੀਵਨ (ਜਾਂ ਨੌਕਰੀ ਵਿਚ) ਇਕੋ ਵਾਰੀ ਮਿਲੇ। ਆਰਥਕ ਹਾਲਤ ਦਾ ਜਰੂਰ ਧਿਆਨ ਰੱਖਿਆ ਜਾਵੇ। ਜਿਥੇ ਜਿਥੇ ਜਿਨ੍ਹਾਂ ਤਰੀਕਿਆਂ ਨਾਲ ਹੁਣ ਤਕ ਦਲਿਤ ਭਾਈਚਾਰੇ ’ਤੇ ਜੁਲਮ (ਜ਼ਿਆਦਤੀਆਂ) ਹੋਏ ਹਨ, ਉਨ੍ਹਾਂ ਗ਼ੈਰ ਹਿੰਦੂਆਂ ਦੀ ਪੜਤਾਲੀਆ ਕਮੇਟੀ ਬਣਾ ਕੇ, ਪੜਤਾਲ ਕਰਾਈ ਜਾਵੇ। ਅੱਗੋਂ ਕਦੀ ਕਮਜ਼ੋਰਾਂ ਨਾਲ ਧੱਕਾ ਨਾ ਹੋਵੇ, ਇਸ ਗੱਲ ਦੇ ਇਮਾਨਦਾਰੀ ਨਾਲ ਪ੍ਰਬੰਧ ਕੀਤੇ ਜਾਣ। ਹਾਲੀ ਤਕ ਇਹ ਕਲਪਣਾ ਦੇ ਘੋੜੇ ਹੀ ਹਨ। ਸ਼ਾਇਦ ਕਦੀ ਅਮਲੀ ਜਾਮਾ ਪਹਿਨਾਇਆ ਜਾ ਸਕੇ। ਗੁਰਵਾਕ ਹੈ :

ਭਲੋ ਕਬੀਰ ਦਾਸ ਦਾਸਨ ਕੋ,
ਉਤਮ ਸੈਨ ਜਨ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ,
ਰਵਿਦਾਸ ਠਾਕੁਰ ਬਣਿ ਆਈ॥ (1208)

(ਇਹ ਲੇਖ “ਸੈਲਾਬ ਵੀਕਲੀ” ਮੈਗਜੀਨ ਦੇ ਵਿਸ਼ੇਸ਼ ਅੰਕ ਲਈ ਲਿਖਿਆ ਗਿਆ ਸੀ ਜੋ ਉਨ੍ਹਾਂ ਇਕ ਵੱਡ ਆਕਾਰੀ ਕਿਤਾਬ ਵਿਚ ਭੀ ਸ਼ਾਮਲ ਕਰ ਲਿਆ।)

***

# ਇਕ "ਭਗਵਾਨ" ਦੀ ਮੌਤ

ਅਕਾਲ ਪੁਰਖ ਜੀ ਦੇ ਬਣਾਏ ਅਟੱਲ ਨਿਯਮ ਮੁਤਾਬਕ ਜੋ ਪੈਦਾ ਹੋਇਆ ਹੈ, ਉਸ ਨੇ ਘੱਟ ਜਾਂ ਵੱਧ ਆਪਣੀ ਉਮਰ ਭੋਗ ਕੇ ਬਿਨਸ ਜਾਣਾ ਹੈ । ਵਾਹਿਗੁਰੂ ਦੀ ਅਸੀਮ ਸੱਤਿਆ ਤੋਂ ਸਿਵਾਏ ਹੋਰ ਕੋਈ ਸਦਾ ਥਿਰ ਨਹੀਂ ਹੈ । ਇਸ ਅਕੱਟ ਸਿਧਾਂਤ ਨੂੰ ਗੁਰਬਾਣੀ ਨੇ ਬਾਰ ਬਾਰ ਸਾਨੂੰ ਸਮਝਾਇਆ ਹੈ । ਫ਼ੁਰਮਾਨ ਹਨ :

ਐਸੋ ਇਹੁ ਸੰਸਾਰ ਪੇਖਨਾ ਰਹਨੁ ਨ ਕੋਊ ਪਈ ਹੈ ਰੇ ॥
ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁ ਧਕਾ ਦਿਵਈ ਹੈ ਰੇ ॥ (855)

ਇਹ ਗੁਰਬਾਣੀ ਪੰਕਤੀਆਂ ਸ਼ਾਇਦ ਇਕ ਸਾਧਾਰਣ ਬੁੱਧੀ ਵਾਲੇ ਸਿੱਖ ਜਗਿਆਸੂ ਨੂੰ ਸਮਝ ਨਾ ਆਉਣ ਪਰ ਜੋ ਵੱਡੇ ਵੱਡੇ ਧਾਰਮਕ ਅਤੇ ਰਾਜਸੀ ਅਹੁਦਿਆਂ 'ਤੇ ਬਿਰਾਜਮਾਨ ਲੋਕ ਹਨ, ਕੀ ਉਨ੍ਹਾਂ ਨੂੰ ਵੀ ਮੌਤ ਦੀ ਅਟਲਤਾ ਬਾਰੇ ਸਾਰੀ ਉਮਰ ਸਮਝ ਨਾ ਆਈ ? ਫਿਰ ਕੀ ਇਹ ਵੱਡੇ ਆਗੂ ਖ਼ੁਦ ਗੁਰਬਾਣੀ ਤੋਂ ਅਣਜਾਣ ਹਨ ? ਜੇ ਅਣਜਾਣ ਹਨ ਤਾਂ ਇਨ੍ਹਾਂ ਨੂੰ ਧਾਰਮਕ ਜਾਂ ਰਾਜਸੀ ਆਗੂ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਹੈ ? ਜੋ ਮਨੁੱਖ ਸਾਰੀ ਉਮਰ ਗੁਰਬਾਣੀ ( ?) ਦੀ ਕਥਾ ਕਰਦਾ ਰਿਹਾ। ਅਥਾਹ ਦੌਲਤ ਅਤੇ ਮਾਨ ਪ੍ਰਾਪਤ ਕਰਦਾ ਰਿਹਾ, ਕੀ ਉਹ ਆਪਣੇ ਪਰਿਵਾਰ, ਸਕੇ ਸਨਬੰਧੀਆਂ ਅਤੇ ਦੋਸਤਾਂ ਮਿੱਤਰਾਂ ਨੂੰ ਇਹ ਨਾ ਸਮਝਾ ਸਕਿਆ ਕਿ "ਮਤ ਮੈਂ ਪਿਛੈ ਕੋਈ ਰੋਵਸੀ"। ਅਜਿਹੀ ਕੋਈ ਵਸੀਅਤ ਬਣਾ ਕੇ ਪਰਿਵਾਰ ਨੂੰ ਨਾ ਦੇ ਸਕਿਆ, ਜਿਸ ਵਿਚ ਮਨਮਤੀ ਕਾਰਜਾਂ ਦੀ ਮਨਾਹੀ ਕੀਤੀ ਗਈ ਹੁੰਦੀ... ?

ਫਰਵਰੀ ਮਹੀਨੇ ਦੇ ਅਖ਼ੀਰ (05) ਵਿਚ ਗਿ. ਸੰਤ ਸਿੰਘ ਮਸਕੀਨ 71 ਸਾਲ ਦੀ ਉਮਰ ਭੋਗ ਕੇ "ਮਾਟੀ ਮਾਟੀ ਹੋਈ ਏਕ" ਦੇ ਵਾਕ ਮੁਤਾਬਕ ਦਿਲ ਦੀ ਧੜਕਣ ਬੰਦ ਹੋਣ ਕਾਰਨ ਚਲਾਣਾ ਕਰ ਗਏ। ਇਹ ਲੇਖ ਮੈਂ ਕਦੀ ਵੀ ਨਾ ਲਿਖਦਾ ਜੇ ਮੈਨੂੰ ਲਗਾਤਾਰ ਸੱਤ ਘੰਟੇ ਅਲਫ਼ਾ, ਈ.ਟੀ.ਸੀ. ਟੀ.ਵੀ. ਚੈਨਲ ਵਲੋਂ ਕੀਤਾ ਗਿਆ ਸਿੱਧਾ ਅੰਤਮ ਰਸਮਾਂ ਅਤੇ ਸ਼ਰਧਾਂਜਲੀਆਂ ਦਾ ਸਮਾਗਮ, ਅੱਖੀਂ ਵੇਖਣ ਦਾ ਮੌਕਾ ਨਾ ਬਣਦਾ। ਹੁਣ ਅੱਖੀਂ ਵੇਖ ਕੇ ਮੱਖੀ ਨਿਗਲਣੀ ਸੰਭਵ ਨਹੀਂ ਹੈ। ਸ਼ਰਧਾਂਜਲੀ ਸਮਾਗਮ ਵਿਚਕਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ, ਮੋਟੇ ਅੱਖਰਾਂ ਵਿਚ ਗੁਰਬਾਣੀ ਦੀ ਇਹ ਅਧੂਰੀ ਪੰਕਤੀ ਲਿਖੀ ਹੋਈ ਸੀ : "ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ"। ਪੜ੍ਹ, ਵੇਖ ਕੇ ਮਨ ਨੂੰ ਬਹੁਤ ਧੱਕਾ ਲੱਗਾ। ਹੈਂ! ਐਡਾ ਵੱਡਾ ਅਨਰਥ!! ਸਾਰੀ ਉਮਰ ਵੱਡੀਆਂ ਵੱਡੀਆਂ ਸਟੇਜਾਂ ਤੋਂ ਬੋਲਣ ਵਾਲਾ, ਗੁਰਬਾਣੀ ਦੀ ਕਥਾ ਕਰਦੇ ਰਹਿਣ ਦਾ ਦਮ ਭਰਨ ਵਾਲਾ, ਆਪਣੇ ਹੀ ਪਰਿਵਾਰ ਅਤੇ ਆਪਣੇ ਚੇਲਿਆਂ (ਰਣਜੀਤ ਸਿੰਘ ਗੌਹਰ ਆਦਿਕ ਜੋ ਸਾਰੀ ਦੇਖ ਰੇਖ ਕਰ ਰਹੇ ਸਨ) ਨੂੰ ਗੁਰਬਾਣੀ ਦੇ ਅਰਥ ਨਾ ਸਮਝਾ ਸਕਿਆ। ਸੁਖਮਨੀ ਸਾਹਿਬ ਦੀ ਅੱਠਵੀਂ ਅਸਟਪਦੀ ਵਿਚੋਂ ਇਹ ਇਕ ਪੰਕਤੀ ਚੁੱਕੀ ਗਈ ਸੀ। ਮਸਕੀਨ ਜੀ ਪ੍ਰਤੀ ਇਹ ਪ੍ਰਗਟ ਕਰਨ ਲਈ ਲਿਖੀ ਗਈ ਸੀ ਕਿ ਬ੍ਰਹਮ ਗਿਆਨੀ ਸੰਤ ਸਿੰਘ ਜੀ ਮਸਕੀਨ ਸਨ ਤੇ ਉਹ ਮਰਦੇ ਕਦੇ ਨਹੀਂ, ਸਦਾ ਹੀ ਜੀਵਤ ਰਹਿੰਦੇ ਹਨ । ਹੁਣ ਜਰਾ ਇਸ ਅੱਠਵੀਂ ਅਸਟਪਦੀ ਵਿਚ ਬ੍ਰਹਮ ਗਿਆਨੀ ਕਿਸ ਨੂੰ ਆਖਿਆ ਗਿਆ ਹੈ ਗੌਰ ਫ਼ੁਰਮਾਣਾ :

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥ ॥
ਬ੍ਰਹਮ ਗਿਆਨੀ ਕਾ ਸਭ ਉਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥ (8/8)

ਇਸ ਅਸਟਪਦੀ ਦੀਆਂ ਸੱਤ ਪੌੜੀਆਂ ਹੋਰ ਹਨ, ਪਰ ਅਸੀਂ ਅੱਠਵੀਂ ਇਕੋ ਪੌੜੀ ਦੀ ਸੰਖੇਪ ਅਰਥ ਵੀਚਾਰ ਸਮਝ ਲਈਏ ਤਾਂ ਸਾਰਾ ਝਮੇਲਾ ਮਿਟ ਜਾਂਦਾ ਹੈ। ਪੰਕਤੀ ਵਾਰ ਸੰਖੇਪ ਅਰਥ ਇਉਂ ਹਨ :

(1) ਬ੍ਰਹਮ ਗਿਆਨੀ ਸਾਰੇ ਜਗਤ ਨੂੰ ਬਣਾਉਣ ਵਾਲਾ ਹੈ। (2) ਬ੍ਰਹਮ ਗਿਆਨੀ ਸਦਾ ਹੀ ਜਿਉਂਦਾ ਹੈ, ਕਦੇ ਮਰਦਾ ਨਹੀਂ ਹੈ। (3) ਬ੍ਰਹਮ ਗਿਆਨੀ ਮੁਕਤ ਮਾਰਗ ਦੱਸਣ ਵਾਲਾ ਹੈ, ਜ਼ਿੰਦਗੀ ਜਿਉਣ ਦਾ ਤਰੀਕਾ ਸਮਝਾਉਣ ਵਾਲਾ ਹੈ। (4) ਬ੍ਰਹਮ ਗਿਆਨੀ ਹੀ ਅਸਲ ਵਿਚ ਪੂਰਨ ਪੁਰਖ ਹੈ, ਅਤੇ ਸਭਨਾਂ ਨੂੰ ਪੈਦਾ ਕਰਨ ਵਾਲਾ ਹੈ। (5) ਬ੍ਰਹਮ ਗਿਆਨੀ ਬੇ ਸਹਾਰਾ ਲੋਕਾਂ ਨੂੰ ਸਹਾਰਾ ਦੇਣ ਵਾਲਾ ਹੈ। (6) ਬ੍ਰਹਮ ਗਿਆਨੀ ਸਾਰੇ ਜੀਵਾਂ ਉਪਰ ਮਿਹਰ ਭਰਿਆ ਹੱਥ ਰੱਖਦਾ ਹੈ। (7) ਸਾਰਾ ਦਿਸਦਾ ਆਕਾਰ ਬ੍ਰਹਮ ਗਿਆਨੀ ਦਾ ਹੀ ਸਰਗੁਣ ਰੂਪ ਹੈ। (8) ਬ੍ਰਹਮ ਗਿਆਨੀ ਹੋਰ ਕਈ ਨਹੀਂ। ਸਿਰਫ਼ ਪ੍ਰਮਾਤਮਾ ਖ਼ੁਦ ਹੀ ਬ੍ਰਹਮ ਗਿਆਨੀ ਹੈ। (9) ਉਸ ਵਾਹਿਗੁਰੂ (ਬ੍ਰਹਮ ਗਿਆਨੀ) ਦੀ ਸੋਭਾ ਕੌਣ ਕਰ ਸਕਦਾ ਹੈ। ਉਹ ਸਾਰੀਆਂ ਵਡਿਆਈਆਂ ਤੋਂ ਬਹੁਤ ਉਚਾ ਹੈ। (10) ਹੇ ਨਾਨਕ, ਉਹ ਬ੍ਰਹਮ ਗਿਆਨੀ (ਵਾਹਿਗੁਰੂ) ਸਾਰੀ ਕਾਇਨਾਤ ਦੇ ਜੀਵਾਂ ਦਾ ਆਪ ਹੀ ਮਾਲਕ ਹੈ। (ਪਉੜੀ 8-ਅਸਟਪਦੀ 8, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 272, ਦਰਪਣ ਪੋਥੀ ਦੂਜੀ, ਪੰਨਾ-622, ਕ੍ਰਿਤ ਪ੍ਰੋ: ਸਾਹਿਬ ਸਿੰਘ ਡੀ.ਲਿਟ.)

ਦੁਨੀਆ ਜਾਣਦੀ ਹੈ ਕਿ ਸਰੀਰ ਕਰ ਕੇ ਕਦੀ ਕੋਈ ਨਹੀਂ ਰਿਹਾ। ਪੀਰ ਔਲੀਏ ਅਤੇ ਸਮੇਤ ਦਸ ਗੁਰੂ ਸਾਹਿਬਾਨ ਦੇ। ਜਿਸ ਕਿਸੇ ਨੇ ਆਪਣੇ ਆਪ ਨੂੰ ਭਗਵਾਨ ਜਾਂ ਰੱਬ ਅਖਵਾਣ ਦੀ ਮੂਰਖਤਾ ਕੀਤੀ ਹੈ, ਉਹ ਸਮਝਦਾਰ ਲੋਕਾਂ ਦੀ ਨਜ਼ਰ ਵਿਚ ਕੱਖੋਂ ਹੌਲਾ ਹੋਇਆ ਹੈ। ਜੇ ਇਸ ਪੰਕਤੀ ਦੀ ਦੁਰਵਰਤੋਂ ਮਸਕੀਨ ਦੇ ਪਰਿਵਾਰ ਵਾਲੇ ਕਰ ਲੈਂਦੇ ਤਾਂ ਬਰਦਾਸਤ ਕੀਤਾ ਜਾ ਸਕਦਾ ਸੀ। ਪਰ ਉਸ ਕੋਲੋਂ "ਸਿਖਿਆ ਲੈ ਕੇ ਬਣੇ ਕਥਾ ਵਾਚਕਾਂ" ਨੇ ਗੁਰਬਾਣੀ ਦੇ ਅਨਰਥ ਕੀਤੇ। ਘੋਰ ਦੁਖਦਾਈ ਪਹਿਲੂ ਇਹ ਸੀ ਕਿ ਉਸ ਵਕਤ "ਪੰਜਾ ਤਖਤਾਂ ਦੇ ਜਥੇਦਾਰ" ਹਾਜ਼ਰ ਸਨ। ਦਿੱਲੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ਼ੁਸ਼ੋਭਤ ਸਨ। ਹੋਰ ਅਣਗਿਣਤ ਪ੍ਰਚਾਰਕ, ਕੀਰਤਨੀਏ ਤੇ "ਪਤਵੰਤੇ ਸੱਜਣ" ਸਭ ਕੁੱਝ ਵੇਖਦੇ ਹੋਏ ਇਸ ਮਨਮਤ ਬਾਰੇ ਇਕ ਅੱਖਰ ਤਕ ਜ਼ੁਬਾਨ ਤੋਂ ਉਚਾਰਣ ਨਾ ਕਰ ਸਕੇ। ਫਿਰ ਇਸ ਅਸਹਿ ਪੀੜਾ ਨੂੰ ਭਾਣਾ ਮੰਨ ਕੇ ਸਵੀਕਾਰ ਕਰ ਲਿਆ ਜਾਵੇ ਕਿ ਇਨ੍ਹਾਂ ਸਾਰਿਆਂ ਨੂੰ ਜਾਂ ਤਾਂ ਗੁਰਬਾਣੀ ਦੀ ਉਕਾ ਹੀ ਸੋਝੀ ਨਹੀਂ ਹੈ ਜਾਂ ਫਿਰ ਇੰਨੇ

ਕਾਇਰ ਤੇ ਬੁਜਦਿਲ ਹਨ ਕਿ ਸੱਚ ਆਖਣ ਦੀ ਦਲੇਰੀ ਨਹੀਂ ਕਰ ਸਕਦੇ। ਕੋਈ ਇਕ ਤਾਂ ਕਹਿ ਦਿੰਦਾ ਕਿ "ਸਾਧ ਸੰਗਤ! ਇਸ ਪੰਕਤੀ ਦਾ ਅਰਥ ਵਾਹਿਗੁਰੂ ਹੈ, ਤੇ ਰੱਬ ਕਦੇ ਮਰਦਾ ਨਹੀਂ ਹੈ। ਅਸੀਂ ਸਰੀਰਧਾਰੀ ਜੀਵ ਤਾਂ ਸਾਰੇ ਹੀ ਬਿਨਸਣਹਾਰ ਹਾਂ।"

ਹੁਣ ਅੱਗੋਂ ਕੁੱਝ ਹੋਰ ਨੁਕਤੇ ਜੋ 2 ਮਾਰਚ 05 ਵਾਲੇ ਦਿਨ ਸ਼ਰਧਾਂਜਲੀ ਸਮਾਰੋਹ ਵਿਚ ਜ਼ਿੰਮੇਵਾਰ ਵਿਅਕਤੀਆਂ ਵਲੋਂ ਕਹੇ ਗਏ ਉਹ ਭੀ ਵੀਚਾਰ ਪਰਖ ਲਈਏ :

1. ਹਰ ਇਕ ਬੁਲਾਰੇ ਨੇ ਸਟੇਜ 'ਤੇ ਆ ਕੇ, ਮਾਈਕ ਅੱਗੇ ਖਲੋ ਕੇ ਇਹ ਰਟ ਬਾਰ ਬਾਰ ਦੁਹਰਾਈ ਕਿ "ਮਸਕੀਨ ਸਾਡੀ ਜ਼ਿੰਦਗੀ ਲਈ ਮਾਡਲ ਸੀ। ਸਿੱਖ ਪੰਥ ਲਈ ਪ੍ਰੇਰਣਾ ਸਰੋਤ ਸੀ"...। ਗੋਇਆ ਕਿ ਅੱਜ ਦੇ ਜਮਾਨੇ ਵਿਚ ਸਿੱਖ ਸਮਾਜ ਲਈ ਜ਼ਿੰਦਗੀ ਦਾ ਮਾਡਲ ਦਸ ਗੁਰੂ ਸਾਹਿਬਾਨ ਨਹੀਂ ਰਹੇ। ਸਿੱਖਾਂ ਲਈ ਪਾਵਨ ਗੁਰਬਾਣੀ ਪ੍ਰੇਰਣਾ ਸ੍ਰੋਤ ਨਹੀਂ ਰਹੀ। "ਪੰਥ ਨੂੰ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਪੈ ਗਿਆ", ਕਿਹਾ ਗਿਆ। ਕੀ ਅੱਜ ਤਕ ਕਿਸੇ ਸਿੱਖ ਬੁਲਾਰੇ ਨੇ ਸਟੇਜ 'ਤੇ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦੀ ਘਟਨਾ ਬਿਆਨ ਕਰਦਿਆਂ ਇਸ ਤਰ੍ਹਾਂ ਆਖਿਆ? ਕੀ ਗੁਰੂ ਨਾਨਕ ਸਾਹਿਬ ਜੀ ਦੇ ਚੋਲਾ ਤਿਆਗ ਦੇਣ ਮਗਰੋਂ ਸਿੱਖ ਪੰਥ ਖ਼ਤਮ ਹੋ ਗਿਆ? ਗੁਰੂ ਅੰਗਦ ਸਾਹਿਬ ਉਨ੍ਹਾਂ ਦੀ ਥਾਂ ਮੌਜੂਦ ਸਨ। ਗੁਰੂ ਅਰਜਨ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਜੀ, ਜਦੋਂ ਸਰੀਰ ਕਰ ਕੇ ਵਿਛੜ ਗਏ ਤਾਂ ਉਨ੍ਹਾਂ ਦੀ ਥਾਂ ਖਾਲੀ ਹੀ ਚਲੀ ਆ ਰਹੀ ਹੈ? ਗੁਰੂ ਗ੍ਰੰਥ ਸਾਹਿਬ ਜੀ ਨੇ ਉਹ ਘਾਟ ਪੂਰੀ ਨਹੀਂ ਕੀਤੀ?
2. ਸਟੇਜ ਤੇ ਹੋਰ ਤਾਰੀਫ਼ ਦੇ ਢੋਲ ਪਿੱਟੇ ਗਏ–"ਮਸਕੀਨ ਗਿਆਨ ਦਾ ਸੂਰਜ ਸੀ, ਵਿਦਿਆ ਮਾਰਤੰਡ (ਸੂਰਜ) ਸੀ। ਗੁਰਬਾਣੀ ਦਾ ਮਹਾਨ ਕਥਾ ਵਾਚਕ ਸੀ"। ਬਾਕੀ ਸਾਰੀਆਂ ਚਮਕਣ ਵਾਲੀਆਂ ਚੀਜਾਂ ਦੀ ਆਪਣੀ ਰੌਸ਼ਨੀ ਨਹੀਂ ਹੁੰਦੀ। ਸੂਰਜ ਦੀ ਚਮਕ ਦੁਆਰਾ ਇਨ੍ਹਾਂ ਵਿਚੋਂ ਚਮਕ ਪੈਦਾ ਹੋਇਆ ਕਰਦੀ ਹੈ। ਕੇਵਲ ਸੂਰਜ ਹੀ ਅਜਿਹੀ ਲਾਮਿਸਾਲ ਸ਼ਕਤੀ ਹੈ, ਕਿ ਉਸ ਨੂੰ ਰੋਸ਼ਨੀ ਕਿਤੋਂ ਉਧਾਰੀ ਨਹੀਂ ਲੈਣੀ ਪੈਂਦੀ। ਇਹ ਚਮਕ ਤੇ ਗਰਮਾਹਟ ਸੂਰਜ ਦੀ ਆਪਣੀ ਹੈ। ਹੁਣ ਵੇਖਣਾ, ਕੀ ਜੋ ਮਸਕੀਨ ਨੇ ਸੰਗਤਾਂ ਨੂੰ ਸੁਣਾਇਆ। ਉਨ੍ਹਾਂ ਦਾ ਆਪਣਾ ਗਿਆਨ ਸੀ? ਸਿੱਖ ਪੰਥ ਵਿਚ ਗਿਆਨਵਾਨ ਲੋਕ

ਜਾਣਦੇ ਹਨ ਕਿ "ਸੁਤੇ ਪ੍ਰਕਾਸ਼" ਗੁਰਬਾਣੀ ਦੇ ਰਚਣਵਾਲੇ ਸਾਰੇ 35 ਮਹਾਂਪੁਰਖਾਂ ਕੋਲ ਸੀ। ਸਾਡੇ ਲਈ ਉਨ੍ਹਾਂ ਵਲੋਂ ਬਖ਼ਸ਼ਿਆ ਗੁਰਬਾਣੀ ਰੂਪੀ ਖਜ਼ਾਨਾ ਗਿਆਨ ਦਾ ਸੂਰਜ ਹੈ। ਜੇ ਮਸਕੀਨ ਵਾਸਤੇ ਸੂਰਜ ਵਾਲੀ ਤਸਬੀਹ ਵਰਤਣੀ ਹੈ ਤਾਂ ਗੁਰੂ ਸਾਹਿਬਾਨ ਲਈ ਫਿਰ ਕਿਹੜੇ ਸ਼ਬਦਾਂ ਦੀ ਵਰਤੋਂ ਕੀਤੀ ਜਾਵੇਗੀ? ਜਿਸ ਨੂੰ ਸ਼ੱਕ ਹੋਵੇ, ਮਸਕੀਨ ਦੇ ਲੈਕਚਰ ਧਿਆਨ ਨਾਲ ਸੁਣ ਕੇ, ਰਜਨੀਸ਼ (ਓਸ਼ੋ) ਦੀਆਂ ਪੁਸਤਕਾਂ ਪੜ੍ਹਨੀਆਂ ਸ਼ੁਰੂ ਕਰ ਦੇਣੀਆਂ, ਅੱਖਰ ਅੱਖਰ ਓਸ਼ੋ ਦੀ ਨਕਲ ਕੀਤੀ ਸਿੱਧ ਹੋ ਜਾਵੇਗੀ । ਕੀ ਹੋਇਆ ਉਨੀ ਇੱਕੀ ਦਾ ਕਿਤੇ ਫ਼ਰਕ ਭਾਵੇਂ ਪਿਆ ਹੋਵੇ! ਫ਼ਰਕ ਸਿਰਫ਼ ਏਨਾ ਹੈ ਕਿ ਆਮ ਸਿੱਖ ਨੇ ਓਸ਼ੋ ਦੀਆਂ ਲਿਖਤਾਂ ਪੜ੍ਹੀਆਂ ਨਹੀਂ।

ਰਹੀ ਗਲ ਮਹਾਨ ਗੁਰਬਾਣੀ ਦੇ ਕਥਾਕਾਰ ਦੀ। ਦਾਸ ਨੂੰ ਮੁਆਫ਼ ਕਰ ਦੇਣਾ। ਮਸਕੀਨ ਨੇ ਚਾਲੀ ਕੁ ਸਾਲਾਂ ਦੌਰਾਨ ਗੁਰਬਾਣੀ ਦੀ ਕਥਾ ਨਹੀਂ ਕੀਤੀ। ਜੇ ਕਥਾ ਕੀਤੀ ਹੈ ਤਾਂ ਓਸ਼ੋ ਤੋਂ ਬਾਅਦ ਸ਼ੇਖ ਸਾਅਦੀ, ਮੀਰ, ਦਾਗ਼, ਮਿਰਜ਼ਾ ਗਾਲਿਬ ਅਤੇ ਫ਼ੈਜ਼ ਆਦਿ ਦੇ ਸ਼ੇਅਰਾਂ ਦੀ ਕਥਾ ਕੀਤੀ ਹੈ। ਘੰਟੇ ਭਰ ਦੀ ਕਥਾ ਵਿਚੋਂ ਐਵੇਂ ਨਾ ਮਾਤਰ ਕਿਧਰੇ ਗੁਰਬਾਣੀ ਦੀ ਪੰਕਤੀ ਲਭਦੀ ਹੈ, ਉਹ ਭੀ ਅਧੂਰੀ। ਕਿਸੇ ਪੂਰੇ ਸ਼ਬਦ ਦੀ ਮਸਕੀਨ ਨੇ ਕਦੀ ਕਥਾ ਨਹੀਂ ਕੀਤੀ। ਕਿਸੇ ਇਕ ਥਾਂ ਟਿਕ ਕੇ ਮਹੀਨਾ ਦੋ ਮਹੀਨੇ ਲੜੀਵਾਰ ਗੁਰਬਾਣੀ ਦੀ ਕਥਾ ਕਦੀ ਨਹੀਂ ਕੀਤੀ। ਹਾਂ ਅਸ਼ਲੀਲ ਕਥਾਵਾਂ ਨਾਲ ਭਰਪੂਰ ਦਸਮ ਗ੍ਰੰਥ ਨੂੰ ਉਹ ਆਪਣਾ ਇਸਟ ਮੰਨੀ ਬੈਠਾ ਸੀ। ਦਸਮ ਗ੍ਰੰਥਾਂ ਦੀਆਂ ਕਾਮ ਕਰੀੜਾ ਵਾਲੀਆਂ ਸਾਖੀਆਂ ਤੇ ਪਰਮਾਣ ਬੜੇ ਉਤਸ਼ਾਹ ਨਾਲ ਸੁਣਾਇਆ ਕਰਦਾ ਸੀ।

3. ਮਸਕੀਨ ਆਪਣੇ ਤਿੰਨਾਂ ਪੁੱਤਰਾਂ ਵਿਚੋਂ ਕਿਸੇ ਇੱਕ ਨੂੰ ਭੀ ਧਰਮ ਪ੍ਰਚਾਰਕ ਨਾ ਬਣਾ ਸਕਿਆ। ਇਸ ਦਾ ਮਤਲਬ ਇਹੀ ਨਿਕਲਦਾ ਹੈ, ਕਿ ਉਸ ਨੂੰ ਧਰਮ ਪ੍ਰਚਾਰਕ ਦਾ ਇਹ ਕਿੱਤਾ ਮਨੋ ਸਵੀਕਾਰ ਨਹੀਂ ਸੀ। ਜੇ ਮਨ ਕਰ ਕੇ ਇਹ ਸੇਵਾ ਚੰਗੀ ਲਗਦੀ ਤਾਂ ਲਾਜ਼ਮੀ ਸੀ ਕਿ ਆਪਣੇ ਬੱਚਿਆਂ ਨੂੰ ਧਰਮ ਪ੍ਰਚਾਰਕ ਜ਼ਰੂਰ ਬਣਾਉਂਦਾ। ਸਗੋਂ ਆਪਣੇ ਬੱਚਿਆਂ ਦੇ ਯੂ.ਐਸ.ਏ. ਵਿਚ ਹੋਰ ਕਾਰੋਬਾਰ ਚਾਲੂ ਕਰਵਾ ਦਿੱਤੇ। ਹਾਂ ਆਰਥਕ ਪੱਖੋਂ ਕਮਜ਼ੋਰ ਕੁੱਝ ਨੌਜਵਾਨ ਜ਼ਰੂਰ ਉਸ ਦੀ ਸੇਵਾ ਵਿਚ ਰਹਿੰਦੇ ਸਨ। ਸਟੇਜ 'ਤੇ ਮਸਕੀਨ ਤੋਂ ਪਹਿਲਾਂ ਇਹ ਸਿਖਾਂਦਰੂ ਨੌਜਵਾਨ ਗੁਰੂ ਦੀ ਤਾਰੀਫ਼ ਘੱਟ ਤੇ ਮਸਕੀਨ ਦੀ

ਡੌਂਡੀ ਜ਼ਿਆਦਾ ਪਿਟਦੇ ਸਨ। ਜਿਥੋਂ ਅਥਾਹ ਮਾਣ ਮਿਲਿਆ, ਜਿਥੋਂ ਕਰੋੜਾਂ ਰੁਪਏ ਪ੍ਰਾਪਤ ਹੋਏ, ਜਿਸ ਦੀ ਬਦੌਲਤ ਦੁਨੀਆਂ ਦੀ ਸੈਰ ਕੀਤੀ, ਉਹੀ ਸੇਵਾ ਮਸਕੀਨ ਖ਼ੁਦ ਅਤੇ ਉਸ ਦੇ ਪਰਿਵਾਰ ਨੂੰ ਦਿਲੋਂ ਮਨੋਂ ਸਵੀਕਾਰ ਨਹੀਂ ਸੀ।

4. ਦਿੱਲੀ ਕਮੇਟੀ ਵਲੋਂ ਪੰਜਾਹ ਹਜ਼ਾਰ ਰੁਪਏ ਦਾ ਚੈੱਕ ਮਸਕੀਨ ਦੀ ਪਤਨੀ ਨੂੰ ਸਹਾਇਤਾ ਵਾਸਤੇ ਦਿੱਤਾ ਗਿਆ। ਨਾਲ ਉਨ੍ਹਾਂ ਸਾਰੀਆਂ ਥਾਵਾਂ 'ਤੇ ਕੋਈ ਦਖ਼ਲ ਨਾ ਦੇਣ ਦਾ ਵਚਨ ਦਿੱਤਾ ਗਿਆ ਜਿਥੇ ਮਸਕੀਨ ਪਰਿਵਾਰ ਦਾ ਕਬਜ਼ਾ ਹੈ। ਇਸ ਦਾ ਮਤਲਬ ਹੈ ਕਿ ਉਹ ਥਾਂਵਾਂ ਕਮੇਟੀ ਦੀਆਂ ਹਨ, ਜੋ ਮਸਕੀਲ ਪਰਿਵਾਰ ਲਈ ਛੱਡ ਦਿੱਤੀਆਂ ਗਈਆਂ। ਦਿੱਲੀ ਕਮੇਟੀ ਦੇ ਪ੍ਰਧਾਨ ਨੇ ਮਸਕੀਨ ਦੇ ਨਾਮ 'ਤੇ ਇਕ ਐਵਾਰਡ ਸ਼ੁਰੂ ਕਰਨ ਦਾ ਐਲਾਨ ਭੀ ਕੀਤਾ ਹੈ। ਪੁਰਾਤਨ ਵਿਦਵਾਨ ਤੇ ਬਹਾਦਰ ਸਿੱਖ ਸਾਰੇ ਵਿਸਾਰ ਦਿੱਤੇ ਗਏ। ਸ਼ਾਇਦ ਮਸਕੀਨ ਨੂੰ ਸਾਰਿਆਂ ਨਾਲੋਂ ਮਹਾਨ ਸਵੀਕਾਰ ਕਰ ਲਿਆ ਗਿਆ, ਅਫ਼ਸੋਸ।

5. ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਨੇ ਹੋਰ ਵੱਡੀ ਛਾਲ ਮਾਰਦਿਆਂ ਮਸਕੀਨ ਦੀ ਯਾਦ ਵਿਚ ਭਾਈ ਗੁਰਦਾਸ ਐਵਾਰਡ ਦੇਣ ਦਾ ਫ਼ੈਸਲਾ ਸੁਣਾਇਆ। ਪਹਿਲਾਂ ਇਕ ਲੱਖ ਰੁਪਏ ਦਾ ਇਨਾਮ ਮਸਕੀਨ ਲਈ ਰਾਖਵਾਂ ਰੱਖ ਕੇ ਉਸ ਦੀ ਪਤਨੀ ਨੂੰ ਦਿੱਤਾ ਜਾਵੇਗਾ। ਦਸ ਲੱਖ ਰੁਪਿਆ ਸ਼੍ਰੋਮਣੀ ਕਮੇਟੀ ਵਲੋਂ ਮਸਕੀਨ ਦੇ ਪਰਿਵਾਰ ਨੂੰ ਸਹਾਇਤਾ ਵਾਸਤੇ ਤੁਰੰਤ ਦਿੱਤਾ ਗਿਆ..। ਅਫ਼ਸੋਸ! ਬਹੁਤ ਬਹੁਤ ਅਫ਼ਸੋਸ!! ਜਿਸ ਮਸਕੀਨ ਜੀ ਦੇ ਤਿੰਨ ਪੁੱਤਰ ਵਿਦੇਸ਼ਾਂ ਵਿਚ ਚੰਗੀ ਤਰ੍ਹਾਂ ਆਪਣੇ ਕਾਰੋਬਾਰ ਸਥਾਪਤ ਕਰ ਚੁੱਕੇ ਹਨ। ਜਿਸ ਨੇ ਪੁਸਤਕਾਂ, ਕੈਸਟਾਂ ਅਤੇ ਦੇਸ਼ ਵਿਦੇਸ਼ ਵਿਚ ਕਥਾ ਭੇਟਾ ਲੈ ਕੇ ਅਸੰਖਾਂ (ਅਣਗਿਣਤ) ਰੁਪਿਆ ਕਮਾਇਆ, ਉਸੇ ਨੂੰ ਹੋਰ ਬਹੁਤ ਵਡੀਆਂ ਰਕਮਾਂ ਦੇ ਦਿੱਤੀਆਂ ਗਈਆਂ! ਸੰਗਤਾਂ ਦੀ ਗੁਰਦਵਾਰਿਆਂ ਵਿਚ ਸ਼ਰਧਾ ਸਹਿਤ ਅਰਪਣ ਕੀਤੀ ਮਾਇਆ, ਇਸ ਤਰ੍ਹਾਂ ਉਜਾੜੀ ਜਾ ਰਹੀ ਹੈ। ਰੱਜੇ ਨੂੰ ਹੋਰ ਰਜਾਇਆ ਗਿਆ। ਆਰਥਕ ਪੱਖੋਂ ਕਮਜ਼ੋਰ ਸਿੱਖ ਨੌਜਵਾਨਾਂ ਨੂੰ ਕਥਾ ਵਾਚਕ ਬਣਾਉਣ ਲਈ ਕੋਈ ਯੋਗ ਸਿਖਿਆ ਕੇਂਦਰ ਨਹੀਂ ਖੋਲ੍ਹੇ ਗਏ। ਆਰਥਕ ਪੱਖੋਂ ਉਨ੍ਹਾਂ ਦੀ ਮਦਦ ਨਹੀਂ ਕੀਤੀ ਜਾਂਦੀ ਪਰ ਇਧਰ ਪਹਿਲਾਂ ਹੀ ਕਰੋੜਾਂ ਵਿਚ ਖੇਡ ਰਹੇ ਮਸਕੀਨ ਪਰਿਵਾਰ ਨੂੰ ਹੋਰ ਵੱਡੇ ਗੱਫੇ। ਇਸ ਤਰ੍ਹਾਂ

ਦੇ ਸਨਮਾਨ ਪ੍ਰੋ. ਸਾਹਿਬ ਸਿੰਘ, ਭਾਈ ਕਾਹਨ ਸਿੰਘ ਨਾਭਾ, ਡਾ. ਗੰਡਾ ਸਿੰਘ, ਸ੍ਰ. ਨਰੈਣ ਸਿੰਘ (ਗੁਰੂ ਨਾਨਕ ਮਿਸ਼ਨ ਪਟਿਆਲਾ) ਆਦਿ ਨੂੰ ਕਦੀ ਨਾ ਦਿੱਤਾ ਗਿਆ। ਮਸਕੀਨ ਨੂੰ ਹੀ ਕਿਉਂ ਏਨਾ ਮਾਣ ਦਿੱਤਾ ਗਿਆ? ਸੋਚਣਾ ਬਣਦਾ ਹੈ।

6. ਆਪਣੀ ਕਥਾ ਵਿਚ ਮਸਕੀਨ ਜਿਥੇ ਚੰਗੀਆਂ ਗੱਲਾਂ ਭੀ ਕਰਦਾ ਸੀ, ਉਥੇ ਹੀ ਗੁਰਮਤਿ ਤੋਂ ਉਲਟ ਹਾਸੋ ਹੀਣੀਆਂ ਗ਼ੈਰ ਵਿਗਿਆਨਕ ਗੱਲਾਂ ਆਮ ਹੀ ਕਰਿਆ ਕਰਦਾ ਸੀ। ਰਿਕਾਰਡ ਹੋਈਆਂ ਕੈਸਟਾਂ, ਫ਼ਿਲਮਾਂ, ਮੇਰੀ ਲਿਖਤ ਦੀ ਪ੍ਰੋੜਤਾ ਕਰਦੀਆਂ ਹਨ। ਇਕ ਤਾਂ ਇਹ ਝੂਠ ਆਮ ਬੋਲਦਾ ਸੀ ਸਟੇਜਾਂ ਤੇ ਪਈ "ਮੇਰੀ ਕਥਾ ਸੁਣਨ ਵਾਸਤੇ ਦੇਵਤੇ, ਫਰਿਸ਼ਤੇ ਆਉਂਦੇ ਹਨ। ਉਹ ਕਿਸੇ ਨੂੰ ਦਿਸਦੇ ਨਹੀਂ ਸਿਰਫ਼ ਮੈਨੂੰ ਨਜ਼ਰ ਆਉਂਦੇ ਨੇ"। ਲਗਦੈ ਅਖ਼ੀਰਲੇ ਦਿਨਾਂ ਵਿਚ ਮਸਕੀਨ ਮਾਨਸਕ ਸੰਤੁਲਨ ਗਵਾ ਬੈਠਾ ਸੀ। ਵਰਨਾ ਅਜਿਹੀ ਬੇ ਸਿਰ ਪੈਰ ਦੀ ਗੱਲ ਕਦੀ ਜ਼ੁਬਾਨੋਂ ਨਾ ਕਢਦਾ। ਹੋਰ ਸੁਣੋ! ਮਸਕੀਨ ਇਹ ਝੂਠ ਵੀ ਬੋਲਣੋ ਨਹੀਂ ਰੁਕਦਾ ਸੀ ਕਿ "ਨਾਮ-ਭਗਤੀ ਨਾਲ ਮਨੁਖ ਬਦੇਹ ਹੋ ਕੇ ਅੱਖ ਦੇ ਫੇਰ ਵਿਚ ਜਿੱਥੇ ਜੀ ਚਾਹੇ ਜਾ ਸਕਦਾ ਹੈ। ਬਕੌਲ ਮਸਕੀਨ, ਇਸ ਤਰ੍ਹਾਂ ਦੇ ਬਦੇਹ ਬੰਦੇ ਮੈਂ ਵੇਖੇ ਹਨ"। ਇਨ੍ਹਾਂ ਗੱਪਾਂ ਨਾਲ ਪਤਾ ਨਹੀਂ ਮਸਕੀਨ ਧਰਮ ਦੀ ਕਿਹੜੀ "ਮਹਾਨ ਸੇਵਾ" ਕਰਦਾ ਰਿਹਾ ਹੈ? ਫਿਰ ਚਾਲੀ ਪੰਜਾਹ ਸਾਲ ਦੀ ਆਪਣੀ ਖ਼ੁਦ ਦੀ "ਨਾਮ ਭਗਤੀ" ਦੁਆਰਾ ਮਸਕੀਨ ਕਿਉਂ ਬਦੇਹ ਨਾ ਹੋ ਸਕਿਆ? ਗੱਡੀਆਂ ਕਾਰਾਂ ਜਹਾਜ਼ਾਂ ਦੀ ਤਾਂ ਉਕਾ ਲੋੜ ਹੀ ਨਹੀਂ ਰਹਿਣੀ ਸੀ। ਵਿਦੇਸ਼ਾਂ ਵਿਚ ਜਾਣ ਲੱਗੇ ਵੱਡੀਆਂ ਰਕਮਾਂ, ਟਿਕਟਾਂ ਲਈ ਕਿਉਂ ਖ਼ਰਚਦਾ ਰਿਹਾ? "ਬਦੇਹ" ਹੋਣ ਦਾ ਛੂ ਮੰਤਰ ਆਪਣੇ ਚੇਲਿਆਂ ਨੂੰ ਦੱਸ ਕੇ ਕਿਉਂ ਨਾ ਮਰਿਆ, ਤਾਂ ਕਿ ਉਨ੍ਹਾਂ ਦੇ ਭਾੜੇ ਕਿਰਾਏ ਭੀ ਬਚ ਜਾਂਦੇ?

7. ਮਸਕੀਨ ਵਲੋਂ ਕਿਵੇਂ ਗੁਰਬਾਣੀ ਦੇ ਗ਼ਲਤ ਅਰਥ ਕੀਤੇ ਜਾਂਦੇ ਸਨ, ਕਿਵੇਂ ਮਨਮਰਜ਼ੀ ਦੇ ਤੋੜ ਮਰੋੜ ਕੇ ਅਰਥ ਕਰਦਾ ਸੀ। ਇਸ ਦੀਆਂ ਮਿਸਾਲਾਂ/ਸਬੂਤ ਤਾਂ ਅਣਗਿਣਤ ਹਨ। ਕੁੱਝ ਕੁ ਨਮੂਨੇ ਲਈ ਹਾਜ਼ਰ ਹਨ- "ਨਾਮ ਤੇ ਕਾਮ" ਇਕ ਘੰਟੇ ਦੀ ਕਥਾ ਵਿਚ ਮਸਕੀਨ ਸਾਫ਼ ਸਪੱਸ਼ਟ ਸਤਿਗੁਰੂ ਜੀ ਨੂੰ ਕੋਕ ਸਾਸਤਰ (ਪੁਰਾਤਨ ਅਣਵਿਗਿਆਨਕ ਕੋਕਾ ਜਾਂ ਵਾਸਤਾਇਨ ਬ੍ਰਾਹਮਣ ਦੀ ਲਿਖੀ ਪੁਸਤਕ) ਦਾ ਅਨੁਆਈ ਸਿੱਧ ਕਰਨ ਦੀ

ਦੁਖਦਾਈ ਹਰਕਤ ਕਰਦਾ ਹੈ। ਗੁਰਬਾਣੀ ਦੀਆਂ ਅਧੂਰੀਆਂ ਤੁਕਾਂ ਚੁੱਕ ਕੇ ਅਨਰਥ ਕਰਦਾ ਰਿਹਾ ਹੈ। ਸੈਕਸ ਦੀ ਸਿਖਿਆ ਵਰਗੇ ਪ੍ਰਮਾਣ ਪੇਸ਼ ਕਰਦਾ ਹੈ। ਸੁਣੋ – "ਬਾਲ ਕੰਨਿਆ ਕੌ ਬਾਪ ਪਿਆਰਾ" (596) "ਬੇਟੀ ਨੂੰ ਪਿਤਾ ਨਾਲ ਪਿਆਰ ਹੁੰਦਾ ਹੈ। ਬੇਟੇ ਨੂੰ ਮਾਂ ਨਾਲ ਲਗਾਉ ਹੁੰਦਾ ਹੈ। ਪਿਤਾ ਦਾ ਪੁੱਤਰ ਨਾਲ ਉਤਨਾ ਪਿਆਰ ਨਹੀਂ ਜਿਤਨਾ ਪੁੱਤਰੀ ਨਾਲ ਹੈ। ਮਾਂ ਦਾ ਬੇਟੀ ਨਾਲ ਉਤਨਾ ਪਿਆਰ ਨਹੀਂ ਜਿੰਨਾ ਬੇਟੇ ਨਾਲ ਹੈ। ਕਿਉਂਕਿ ਵਿਰੋਧੀ ਲਿੰਗ ਦੀ ਇਕ ਦੂਜੇ ਲਈ ਅੰਤ੍ਰੀਵ ਖਿੱਚ ਹੋਇਆ ਕਰਦੀ ਹੈ"।.. ਜਿਥੋਂ ਇਹ ਪੰਕਤੀ ਚੁਕੀ ਗਈ ਹੈ ਉਥੇ ਅਸਲ ਮੁੱਦਾ ਮੌਤ ਦਾ ਚਲ ਰਿਹਾ ਹੈ, ਸੈਕਸ ਵਾਲੀ ਗੱਲ ਨੇੜੇ ਤੇੜੇ ਵੀ ਨਹੀਂ ਬਣਦੀ। ਅਸਲ ਪੂਰੀਆਂ ਪੰਕਤੀਆਂ ਇਹ ਹਨ :

ਮਾਇ ਬਾਪ ਕੋ ਬੇਟਾ ਨੀਕਾ, ਸਸੁਰੈ ਚਤੁਰ ਜਵਾਈ॥
ਬਾਲ ਕੰਨਿਆ ਕੌ ਬਾਪ ਪਿਆਰਾ, ਭਾਈ ਕੌ ਅਤਿ ਭਾਈ॥
ਹੁਕਮ ਭਇਆ ਬਾਹਰੁ ਘਰੁ ਛੋਡਿਆ, ਖਿਨ ਮਹਿ ਭਈ ਪਰਾਈ॥ (596)

ਮੱਧ ਪ੍ਰਦੇਸ਼ ਦੇ ਖਾਜੂਰਾਹੋ ਮੰਦਰਾਂ ਵਿਚ ਭਟਕੇ ਹੋਏ ਲੋਕਾਂ ਵਲੋਂ ਨੰਗੇਜ਼ ਭਰਪੂਰ ਕਾਮ ਵਾਸ਼ਨਾ ਨੂੰ ਉਤੇਜਿਤ ਕਰਨ ਵਾਲੀਆਂ ਅਸਭਿਅਕ ਮੂਰਤੀਆਂ ਮਸਕੀਨ ਨੂੰ ਤੱਤ ਗੁਰਮਤਿ ਨਜ਼ਰ ਆਉਂਦੀਆਂ ਹਨ। ਉਨ੍ਹਾਂ ਦੇ ਨੰਗੇਜ਼ ਦੀ ਅਤੇ ਇਨ੍ਹਾਂ ਨੂੰ ਬਣਾਉਣ ਵਾਲਿਆਂ ਦੀ ਮਸਕੀਨ ਖੁੱਲ੍ਹ ਕੇ ਪ੍ਰਸ਼ੰਸਾ ਕਰਦਾ ਹੈ। ਹਵਾਲੇ ਵਾਸਤੇ ਗੁਰਬਾਣੀ ਦੀ ਨੀਂਵੇ ਪੱਧਰ ਤਕ ਜਾ ਕੇ ਘਟੀਆ ਵਰਤੋਂ ਕਰਦਾ ਹੈ। ਗੁਰੂਆਂ ਨੂੰ ਇਨ੍ਹਾਂ ਦੇ ਪਿਛੇ ਤੋਰਨ ਦੀ ਹਿਰਦੇ ਵੇਧਕ ਕਾਰਵਾਈ ਕਰਦਾ ਹੈ। ਗੁਰਬਾਣੀ ਨੇ ਮਨੁੱਖ ਨੂੰ ਸੰਜਮ ਵਾਲਾ ਜੀਵਨ ਜਿਉਣ ਦੀ ਹਦਾਇਤ ਕੀਤੀ ਹੈ। ਜਿਨ੍ਹਾਂ ਮੂਰਤੀਆਂ ਦੀ ਪ੍ਰਸ਼ੰਸਾ ਮਸਕੀਨ ਕਰ ਰਿਹਾ ਹੈ, ਉਹ ਸਾਰੀਆਂ ਸੰਜਮ ਦੀਆਂ ਹੱਦਾਂ ਉਲੰਘਣ ਵਾਲੀਆਂ ਅਵਸਥਾਵਾਂ ਨੂੰ ਬੇਸ਼ਰਮੀ ਭਰੇ ਢੰਗ ਨਾਲ ਲੋਕਾਈ ਸਨਮੁੱਖ ਰੱਖ ਰਹੀਆਂ ਹਨ। ਲੇਖਕ ਨੂੰ ਉਥੇ ਉਹ ਮੂਰਤੀਆਂ ਵੇਖਣ ਦਾ ਮੌਕਾ ਬਣਿਆ। ਉਥੋਂ ਦਾ ਗਾਈਡ ਮਸਕੀਨ ਵਾਂਗ ਮੋਮੋਠਗਣੀਆਂ ਮਾਰਦਿਆਂ ਦਸ ਰਿਹਾ ਸੀ : "ਜੀ ਇਹ ਵਾਸ਼ਨਾਵਾਂ ਵਾਲੀਆਂ ਨੰਗੇਜ਼ ਭਰਪੂਰ ਮੂਰਤੀਆਂ, ਵੱਡੇ ਵੱਡੇ ਰਿਸ਼ੀ ਮੁਨੀਆਂ ਦੀ ਮਹਾਨ ਘਾਲਣਾ ਦਾ ਨਤੀਜਾ ਹਨ। ਇਨ੍ਹਾਂ ਨੂੰ ਕੁੱਝ ਸਮਾਂ ਵੇਖਣ ਤੋਂ ਬਾਅਦ ਤੁਸੀਂ ਸ਼ਾਂਤ ਹੋ ਜਾਓਗੇ । ਫਿਰ ਮੰਦਰ ਦੇ ਅੰਦਰ ਜਾ ਕੇ

ਭਗਵਾਨ ਦੇ ਦਰਸ਼ਨ ਕਰਨਾ"। ਮੈਂ ਉਸ ਦੀ ਗ਼ਲਤ ਬਿਆਨੀ ਤੇ ਫਿਟਕਾਰ ਪਾਉਂਦਿਆ ਪੁੱਛਿਆ : "ਓਏ ਨਾਸਮਝ ਇਨਸਾਨ ! ਮੈਂ ਅਠਵੰਜਾ ਸਾਲ ਦਾ ਬੁੱਢਾ ਹਾਂ। ਇਨ੍ਹਾਂ ਮੂਰਤੀਆਂ ਨੂੰ ਵੇਖ ਕੇ ਮੇਰਾ ਮਨ ਬੇਚੈਨ ਹੋ ਉਠਿਆ ਹੈ। ਸ਼ਾਂਤ ਹੋਣ ਵਾਸਤੇ ਘੱਟ ਤੋਂ ਘੱਟ ਇਕ ਹਫ਼ਤਾ ਲੱਗ ਜਾਵੇਗਾ। ਜਿਹੜੇ ਜੁਆਨ ਲੋਕ ਇਨ੍ਹਾਂ ਨੂੰ ਵੇਖਦੇ ਨੇ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਵੇਗਾ ?" ਤਾਤਪਰਜ ਇਹ ਕਿ ਸਾਡੇ ਮਹਾਨ ਕਥਾਕਾਰ ਮਸਕੀਨ ਜੀ ਨੂੰ ਉਹ ਅਸ਼ਲੀਲ ਮੂਰਤੀਆਂ ਗੁਰਮਤਿ ਅਨੁਸਾਰੀ ਨਜ਼ਰ ਆਈਆਂ ਹਨ।

8. ਗੁਰਬਾਣੀ ਦੇ ਗ਼ਲਤ ਅਰਥਾਂ ਬਾਰੇ ਇਕ ਹਵਾਲਾ ਹੋਰ : ਮਸਕੀਨ ਆਪਣੀ ਕਥਾ ਵਿਚ "ਵੱਡੀ ਮਾਅਰਕੇ" ਦੀ ਗੱਲ ਦਸ ਰਿਹਾ ਹੈ, ਕਿ "ਨਾਮ ਜਪ ਕੇ ਮਨੁੱਖ ਪ੍ਰਮਾਣੂੰ ਵਰਗਾ ਮਹੀਨ (ਬਰੀਕ) ਬਣ ਜਾਂਦਾ ਹੈ। ਜਿਥੇ ਜੀ ਚਾਹੇ ਚੰਦ ਸੂਰਜ ਤਾਰਿਆਂ ਤਕ ਖਿਨ ਪਲ ਵਿਚ ਜਾ ਸਕਦਾ ਹੈ। ਸ਼ਰੀਰ ਨੂੰ ਜਿੰਨਾ ਚਾਹੇ ਛੋਟਾ ਵੱਡਾ ਕਰ ਸਕਦਾ ਹੈ।".. ਪੰਕਤੀ ਪ੍ਰਮਾਣੂ ਲਈ ਇਹ ਵਰਤੀ ਹੈ :

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥
ਗਛੇਣ, ਨੈਣ ਭਾਰੇਣ, ਨਾਨਕ ਬਿਨਾ ਸਾਧੂ ਨ ਸਿਧ੍ਯਤੇ ॥ (1360)

ਅਸਲ ਵਿਚ ਸਤਿਗੁਰੂ ਅਰਜਨ ਸਾਹਿਬ ਪ੍ਰਮਾਣੂੰ (ਐਟਮ) ਦੀ ਅਸੀਮ ਸ਼ਕਤੀ ਨੂੰ ਜਾਣਦੇ ਸਨ। ਉਨ੍ਹਾਂ ਦਾ ਪਾਵਨ ਵਾਕ ਸਮਝਾ ਰਿਹਾ ਹੈ ਕਿ ਇਨਸਾਨ ਪ੍ਰਮਾਣੂੰ ਦੀ ਕੰਮ ਕਰਨ ਦੀ ਵਿਧੀ ਨੂੰ ਸਮਝ ਕੇ, ਉਸ ਦੀ ਵਰਤੋਂ ਦੁਆਰਾ ਅਸੀਮ ਤਾਕਤ ਹਾਸਲ ਕਰ ਸਕਦਾ ਹੈ। ਓਸੇ ਤਾਕਤ ਦੀ ਬਦੌਲਤ ਘੱਟ ਤੋਂ ਘੱਟ ਸਮੇਂ ਵਿਚ, ਲੰਮੀਆਂ ਦੂਰੀਆਂ ਪਾਰ ਸਕਦਾ ਹੈ ਪਰ ਪਦਾਰਥਾਂ ਦੀ ਬਹੁਲਤਾ, ਤੇਜ਼ ਗਤੀ ਇਨਸਾਨ ਨੂੰ ਪੂਰਨ ਅਨੰਦ ਨਹੀਂ ਦੇ ਸਕੇਗੀ। ਸਦੀਵ ਕਾਲ ਵਾਲੀ ਖੁਸ਼ੀ ਸਤਿਗੁਰੂ ਜੀ ਦੀ ਆਗਿਆ ਵਿਚੋਂ ਹੀ ਪ੍ਰਾਪਤ ਹੋ ਸਕੇਗੀ। ਪਰ ਮਸਕੀਨ ਪ੍ਰਮਾਣੂੰ ਦੀ ਤਾਕਤ ਬਿਆਨ ਕਰਨ ਦੀ ਥਾਂਵੇਂ ਇਨਸਾਨ ਨੂੰ ਹੀ ਪ੍ਰਮਾਣੂੰ ਜਿੰਨਾ ਬਾਰੀਕ ਕਰਨ 'ਤੇ ਜ਼ੋਰ ਲਾਉਂਦਾ ਰਿਹਾ।

9. ਮਸਕੀਨ, ਰਾਮ ਚੰਦਰ ਕ੍ਰਿਸ਼ਨ, ਬ੍ਰਹਮਾ ਬਿਸ਼ਨੂੰ ਦੀ ਪ੍ਰਸ਼ੰਸਾ ਵਿਚ ਘੰਟਿਆ ਬੱਧੀ ਬੋਲਦਾ ਰਿਹਾ ਹੈ। ਰਾਮ ਚੰਦਰ ਨੂੰ ਮਰਿਆਦਾ ਪ੍ਰਸ਼ੋਤਮ ਗਰਦਾਨਦਾ ਰਿਹਾ ਹੈ। ਪੌਰਾਣਕ (ਕਲਪਤ) ਪਾਤਰਾਂ ਦੀ ਅਥਾਹ ਪ੍ਰਸ਼ੰਸਾ ਕਰਦਾ ਰਿਹਾ ਹੈ। ਅਫ਼ਸੋਸ ਕਿ ਉਸ ਨੂੰ ਸ਼ਰੀਰ ਚੀਰਦੇ ਆਰੇ, ਰੰਬੀਆਂ ਦੀਆਂ ਤਿੱਖੀਆਂ ਧਾਰਾਂ, ਮਾਸੂਮਾਂ ਦਾ ਨੇਜਿਆਂ 'ਤੇ ਟੰਗਿਆ ਜਾਣਾ, ਜੰਗਲੀ ਵਾਸਾ, ਵੱਡੇ

ਛੋਟੇ ਘੱਲੂਘਾਰੇ, ਉਸ ਨੇ ਸਭ ਵਿਸਾਰ ਦਿੱਤੇ। ਹਿੰਦੂ ਦੇਵੀ ਦੇਵਤੇ ਉਸ ਨੂੰ ਬੜੇ ਪੂਜਨੀਕ ਲਗਦੇ ਸਨ। ਸਾਰੀ ਉਮਰ ਵਿਚ ਉਸ ਨੇ ਗੁਰਬਾਣੀ ਵਿਚੋਂ ਕਿਸੇ ਸਿਧਾਂਤਕ ਸ਼ਬਦ ਦੀ ਵਿਆਖਿਆ ਨਹੀਂ ਕੀਤੀ।

10. ਮਸਕੀਨ ਦੇ ਇਸ ਸ਼ਰਧਾਂਜਲੀ ਪ੍ਰੋਗਰਾਮ ਵਿਚ ਮਨਮਤ ਦੇ ਵਿਰੁੱਧ ਬੋਲਣ ਦੀ ਕਿਸੇ ਤੋਂ ਕੀ ਆਸ ਕੀਤੀ ਜਾ ਸਕਦੀ ਹੈ ? ਕਿਉਂਕਿ ਇਥੇ ਅਖੌਤੀ ਪੰਜੇ "ਜਥੇਦਾਰ" ਭੀ ਪੁੱਜੇ ਹੋਏ ਸਨ । ਇਹ ਉਹੀ ਜਥੇਦਾਰ ਹਨ, ਜੋ ਤਿੰਨ ਦਿਨ ਪਹਿਲਾਂ ਅਕਾਲ ਤਖ਼ਤ 'ਤੇ ਟੀ.ਵੀ. ਚੈਨਲਾਂ ਵਾਲਿਆਂ ਦੇ ਐਨ ਸਾਹਮਣੇ, ਗੁਰੂ ਸਾਹਿਬ ਜੀ ਦੀ ਬੇਪਤੀ ਕਰ ਰਹੇ ਸਨ। ਇਕ ਦੂਜੇ 'ਤੇ ਗੰਦੇ ਇਲਜ਼ਾਮ ਲਾ ਰਹੇ ਸਨ। ਇਕ ਦੂਜੇ ਦੀਆਂ ਪੱਗਾਂ ਲਾਹੁਣ ਨੂੰ ਤਿਆਰ ਸਨ। ਕੋਈ ਰਿਸ਼ਵਤ ਕੇਸ ਵਿਚ ਕੋਈ ਤਿੰਨ ਤਿੰਨ ਤੀਵੀਆਂ ਰੱਖਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਉਹੀ ਵੇਦਾਂਤੀ ਧਨਵੰਤ ਸਿੰਘ ਸਾਧ ਨੂੰ (ਬਾਕੀ ਜਥੇਦਾਰ ਭੀ ਨਾਲ ਸਨ) ਦੋਸ਼ ਮੁਕਤ ਕਰ ਗਿਆ। ਗੁਰਦਾਸਪੁਰ ਦੀ ਸਰਕਾਰੀ ਅਦਾਲਤ ਨੇ ਉਸੇ ਸਾਧ ਨੂੰ ਦੋਸ਼ੀ ਮੰਨਦਿਆਂ ਦਸ ਸਾਲ ਦੀ ਕੈਦ ਬਾ-ਮੁਸ਼ੱਕਤ ਤੇ ਦਸ ਹਜ਼ਾਰ ਰੁਪਏ ਜੁਰਮਾਨਾ ਕੀਤਾ। ਪਟਨੇ ਵਾਲੇ ਇਕਬਾਲ ਸਿੰਘ ਨੂੰ ਤਿੰਨ ਤੀਵੀਆਂ ਰੱਖਣ ਦੇ ਦੋਸ਼ ਵਿਚ (ਰਿਸ਼ਵਤ ਖੋਰ ਜਥੇਦਾਰ ਨੇ) ਦੋਸ਼ੀਆਂ ਨੇ ਅਕਾਲ ਤਖ਼ਤ 'ਤੇ ਤਲਬ ਕੀਤਾ। ਇਕਬਾਲ ਸਿੰਘ ਸਤਿਗੁਰੂ ਜੀ ਦੇ ਮੱਥੇ ਦੋਸ਼ ਮੜ ਕੇ ਕਿਹਾ, "ਅਖੇ, ਛੇਵੇਂ ਪਾਤਿਸ਼ਾਹ ਸੱਤਵੇਂ ਗੁਰੂ ਜੀ ਅਤੇ ਦਸਮ ਪਾਤਿਸ਼ਾਹ ਹਜੂਰ ਨੇ ਭੀ ਤਾਂ ਕਈ ਕਈ ਵਿਆਹ ਕਰਵਾਏ ਹੋਏ ਸਨ। ਜੇ ਮੈਂ ਕਰਵਾ ਲਏ ਤਾਂ ਕੀ ਹੋਇਆ ?" ਤੇ ਉਹ ਦਨਦਨਾਂਦਾ ਹੋਇਆ ਅਕਾਲ ਤਖ਼ਤ ਤੋਂ ਚਲਾ ਗਿਆ। ਮਸਕੀਨ ਦੇ ਭੋਗ ਸਮਾਪਤੀ 'ਤੇ ਉਹੀ ਇਕਬਾਲ ਸਿੰਘ, ਫਿਰ "ਸਿੰਘ ਸਾਹਿਬ" ਬਣ ਕੇ ਉਪਦੇਸ਼ ਕਰ ਰਿਹਾ ਸੀ।

ਯੂ.ਕੇ. ਵਿਚ ਸਾਊਥਾਲ ਦੇ ਗੁਰਦਵਾਰੇ ਵਿਚ ਬੜੀ ਦਲੇਰੀ ਨਾਲ ਪ੍ਰਬੰਧਕਾਂ ਨੇ ਮਸਕੀਨ ਨੂੰ ਤਾੜਨਾ ਕਰ ਦਿਤੀ ਕਿ "ਤੁਹਾਡੇ ਤੋਂ ਤੱਤ ਗੁਰਮਤਿ ਸੁਣਨੀ ਚਾਹੁੰਦੇ ਹਾਂ ਮਨੋ ਕਲਪਤ ਕਹਾਣੀਆਂ ਨਹੀਂ ਸੁਣਾਂਗੇ। ਵਰਨਾ ਪ੍ਰੋਗਰਾਮ ਰੱਦ ਕਰਨਾ ਪਵੇਗਾ"। ਮਸਕੀਨ ਦਾ ਜੁਆਬ ਸੀ : "ਪਹਿਲਾਂ ਵੀਡੀਓ ਕੈਮਰੇ ਬੰਦ ਕਰ ਦਿਓ, ਫਿਰ ਮੈਂ ਤੱਤ ਗੁਰਮਤਿ ਦੀ ਗੱਲ ਸੁਣਾ ਸਕਾਂਗਾ ਕੈਮਰਿਆਂ ਦੇ ਸਾਹਮਣੇ ਨਹੀਂ"। ਕੈਮਰੇ ਬੰਦ ਕਰ ਦਿੱਤੇ ਗਏ

ਤੇ ਉਸ ਨੇ ਚੰਗੀ ਕਥਾ ਕੀਤੀ ਗੁਰਬਾਣੀ ਦੇ ਚਾਨਣ ਵਿਚ। ਟੀ.ਵੀ. ਚੈਨਲਾਂ ਰਾਹੀਂ ਅਸਲ ਵਿਚ ਉਹ ਹਿੰਦੂਆਂ ਨੂੰ ਵੱਧ ਖ਼ੁਸ਼ ਰੱਖਦਾ ਸੀ, ਸਿੱਖਾਂ ਵਲੋਂ ਬੇਪਰਵਾਹ। ਦੇਵੀ ਦੇਵਤਿਆਂ ਦੀ ਪ੍ਰਸ਼ੰਸਾ ਬਹੁਤੀ ਕਰਦਾ ਸੀ, ਸਤਿਗੁਰੂ ਸਾਹਿਬਾਨ ਦੀ ਘੱਟ।

ਉਪਰ ਵਰਣਿਤ ਦੁਖਦਾਈ ਬਿਰਤਾਂਤ ਪੜ੍ਹ ਕੇ ਤਾਂ ਇਹ ਬਦੋਬਦੀ ਮੂਹੋਂ ਨਿਕਲ ਜਾਂਦਾ ਹੈ ਕਿ “ਸਾਡਾ ਬੇੜਾ ਇਉਂ ਗਰਕਿਆ।”

(ਇਹ ਲੇਖ ਗਿ. ਸੰਤ ਸਿੰਘ ਮਸਕੀਨ ਦੇ ਸ਼ਰਧਾਂਜਲੀ ਸਮਾਗਮ ਨੂੰ ਵੇਖ ਕੇ ਲਿਖਿਆ ਗਿਆ ਸੀ। ਜੋ ਸਪੋਕਸਮੈਨ ਮੰਥਲੀ ਦੇ ਮਈ 2005 ਦੇ ਅੰਕ ਵਿਚ ਛਪਿਆ ਸੀ ਜੋ ਖਤ, ਲੇਖ ਦੇ ਹੱਕ ਵਿਚ ਅਤੇ ਵਿਰੋਧ ਵਿਚ ਛਪੇ ਸਨ ਉਹ ਭੀ ਛਾਪੇ ਜਾ ਰਹੇ ਹਨ। ਮੇਰੇ ਵਲੋਂ ਵਿਰੋਧ ਕਰਨ ਵਾਲਿਆਂ ਨੂੰ ਜੁਆਬ ਦਿਤਾ ਗਿਆ ਸੀ, ਉਹ ਭੀ ਪਾਠਕਾਂ ਸਨਮੁਖ ਰੱਖ ਰਿਹਾ ਹਾਂ। ਅਲਗੇ ਹਿੱਸੇ ਵਿਚ ਪੜ੍ਹੋ।) ਮਸਕੀਨ ਦੇ ਚੇਲੇ ਮੇਰੇ ਘਰ ਆ ਕੇ ਭੀ “ਆਪਣੀ ਜ਼ੁਬਾਨ ਅਤੇ ਕਲਮ ਬੰਦ ਰੱਖੋ” ਦੀਆਂ ਧਮਕੀਆਂ ਦੇ ਕੇ ਗਏ।

***

# “ਮਸਕੀਨ” ਜੀ ਬਾਰੇ ਚਿੱਠੀਆਂ ਦਾ ਜਵਾਬ

## (ਸਪੋਕਸਮੈਨ, ਅਗਸਤ 2005 ਵਿਚ ਛਪਿਆ)

ਮਈ ਮਹੀਨੇ ਦੇ ‘ਸਪੋਕਸਮੈਨ’ ਵਿਚ ਛਪੇ ਗਿਆਨੀ ਸੰਤ ਸਿੰਘ ਮਸਕੀਨ

ਬਾਰੇ ਮੇਰੇ ਲੇਖ ਦੇ ਪ੍ਰਤੀਕਰਮ ਵਜੋਂ ਜੁਲਾਈ 05 ਅੰਕ ਵਿਚ, ਤਿੰਨ ਪਾਠਕਾਂ ਦੀਆਂ ਚਿੱਠੀਆਂ ਛਪੀਆਂ ਹਨ। ਜਿਥੋਂ ਤਕ ਕਿਸੇ ਵਿਅਕਤੀ ਪ੍ਰਤੀ ਅਗਿਆਨਤਾ ਭਰੀ ਸ਼ਰਧਾ ਦਾ ਸਬੰਧ ਹੈ, ਉਸ ਦਾ ਫ਼ੌਰੀ ਤੌਰ ’ਤੇ ਕੋਈ ਇਲਾਜ ਨਹੀਂ। ਹਾਂ ਅਰਥਾਂ ਸਮੇਤ ਗੁਰਬਾਣੀ ਨੂੰ ਵਿਚਾਰਨ ਵਾਲਾ, ਇਤਿਹਾਸ ਨੂੰ ਸੋਚ ਵਿਚਾਰ ਕੇ ਪੜ੍ਹਨ ਵਾਲਾ, ਸਿੱਖ ਫ਼ਿਲਾਸਫ਼ੀ ਦੇ ਮਹੱਤਵ ਨੂੰ ਜਾਣਨ ਵਾਲਾ, ਖ਼ਾਲਸਾ ਪੰਥ ਦੇ ਨਿਆਰੇਪਨੇ ਨੂੰ ਸਪੱਸ਼ਟ ਕਰਨ ਵਾਲਾ, ਅੱਜ ਤਕ ਸਿੱਖ ਮਤ ਵਿਚ ਮਿਲਾਵਟ ਕਰਨ ਵਾਲੇ ਲੇਖਕਾਂ ਅਤੇ ਪ੍ਰਚਾਰਕਾਂ ਨੂੰ ਜਾਣਨ ਵਾਲਾ ਕੋਈ ਸਿੱਖ, ਅੱਖਾਂ ’ਤੇ ਪੱਟੀ ਬੰਨ੍ਹ ਕੇ “ਹਾਂ ਵਿਚ ਹਾਂ” ਨਹੀਂ ਮਿਲਾ ਸਕਦਾ। ਇਹ ਸੇਵਕ ਪਿਛਲੇ ਬੱਤੀ ਸਾਲ ਤੋਂ, ਉਪਰ ਵਰਣਿਤ ਤਰੀਕਿਆਂ ਮੁਤਾਬਕ ਗੁਰਮਤਿ ਸਿਖਦਾ ਆ ਰਿਹਾ ਹੈ। ਕਿਸੇ ਕਿਤਾਬ ਜਾਂ ਕਥਾਕਾਰ ਨੂੰ ਸਲਾਹ ਤਾਂ ਹੀ ਦੇ ਸਕਾਂਗੇ ਜੇ ਪਹਿਲਾਂ ਖ਼ੁਦ ਡੂੰਘਾ ਅਧਿਐਨ ਕੀਤਾ ਹੋਵੇਗਾ। ਜਿਨ੍ਹਾਂ ਨੁਕਤਿਆਂ ’ਤੇ ਪਾਠਕਾਂ ਨੇ ਇਤਰਾਜ਼ ਉਠਾਏ ਹਨ, ਉਨ੍ਹਾਂ ਦੇ ਇਕ ਇਕ ਕਰ ਕੇ ਜੁਆਬ ਹਾਜ਼ਰ ਹਨ :

ਨੰ. 1. ਗਿ. ਹਰਬੰਸ ਸਿੰਘ ਤੇਗ ਨੇ ਪ੍ਰਸ਼ੰਸਾ ਭਰੀ ਚਿੱਠੀ ਲਿਖੀ ਸੀ, ਧੰਨਵਾਦ।

2. ਪਹਿਲਾਂ ਸ੍ਰ. ਗੋਬਿੰਦ ਸਿੰਘ ਵਲੋਂ ਉਠਾਏ ਗਏ ਨੁਕਤੇ। ਅਚਾਰੀਆ ਰਜਨੀਸ਼ ਦੀਆਂ ਮੈਂ ਖ਼ੁਦ ਚਾਲੀ ਪੁਸਤਕਾਂ ਪੜ੍ਹ ਚੁਕਿਆ ਹਾਂ। ਮਸਕੀਨ ਜੀ ਦੀਆਂ ਟੇਪਾਂ ਵਿਚ, ਰਜਨੀਸ਼ ਦੀਆਂ ਕਿਤਾਬਾਂ/ਕੈਸਟਾਂ ਵਿਚੋਂ ਲੈ ਕੇ, ਬਹੁਤ ਥਾਈਂ ਮਸਕੀਨ ਜੀ ਨੇ ਸਿੱਧਾ ਅਨੁਵਾਦ ਸਟੇਜਾਂ ’ਤੇ ਸੁਣਾਇਆ ਹੈ। ਬਹੁਤੀਆਂ ਥਾਵਾਂ ’ਤੇ ਉਸ ਦਾ ਗੁਰਮਤਿ ਨਾਲ ਕੋਈ ਸਬੰਧ ਨਹੀਂ ਹੁੰਦਾ।

3. ਮਸਕੀਨ ਜੀ, ਇਹ ਨਹੀਂ ਸਨ ਕਹਿੰਦੇ ਕਿ “ਸੰਗਤ ਵਿਚ ਰੱਬ ਦਾ ਵਾਸਾ ਹੈ।” ਜਿਸ ਗੱਲ ਦਾ ਮੈਂ ਜ਼ਿਕਰ ਕੀਤਾ ਹੈ, ਉਹ ਇਹ ਹੈ ਕਿ “ਮੇਰੀ ਕਥਾ ਸੁਣਨ ਦੇਵਤੇ ਆਉਂਦੇ ਹਨ, ਪਵਿੱਤਰ ਰੂਹਾਂ ਆਉਂਦੀਆਂ ਹਨ ਤੇ ਸਿਰਫ਼ ਮੈਨੂੰ ਹੀ ਨਜ਼ਰ ਆਉਂਦੀਆਂ ਹਨ, ਹੋਰ ਕਿਸੇ ਨੂੰ ਦਿਸਦੇ ਨਹੀਂ।” ਇਹ ਦਾਅਵਾ ਕਰਦੇ ਸੀ ਮਸਕੀਨ ਜੀ ਦਾ ਗਿ. ਬਲਵੰਤ ਸਿੰਘ ਦਾ ਹਵਾਲਾ ਦੇਣਾ ਕੋਈ ਮਾਇਨੇ ਨਹੀਂ ਰਖਦਾ। ਗ਼ਲਤ ਉਦਾਹਰਣ ਵਰਤਣ ਵਾਲਾ ਭੀ ਗ਼ਲਤ ਹੀ ਹੋਇਆ ਕਰਦਾ ਹੈ।

4. “ਭੋਗ ਸਮੇਂ ਉਨ੍ਹਾਂ ਦੀ ਮਾਇਆ ਨਾਲ ਜੋ ਸੇਵਾ ਕੀਤੀ ਗਈ... ਇਸ ਦੇ ਜ਼ਿੰਮੇਵਾਰ ਪ੍ਰਬੰਧਕ ਹਨ”....। ਇਸ ਬਾਰੇ ਤਾਂ ਮੈਂ ਲਿਖਿਆ ਹੀ ਪ੍ਰਬੰਧਕਾਂ ਨੂੰ ਸੀ। ਟੌਹੜਾ ਜੀ ਬਾਰੇ ਹੱਕ ਅਤੇ ਵਿਰੋਧ ਵਿਚ ਬਹੁਤ ਕੁੱਝ ਲਿਖਿਆ ਜਾ

ਚੁਕਿਆ ਹੈ। ਇਸ ਲਈ ਮੈਂ ਲਿਖਣਾ ਜ਼ਰੂਰੀ ਨਹੀਂ ਸਮਝਿਆ।

5. "ਨਿਰਮਲੇ ਉਦਾਸੀ ਠੀਕ ਸਨ... ਅੱਜ ਦੇ ਪ੍ਰਬੰਧਕ ਗ਼ਲਤ ਹਨ"....। ਨਿਰਮਲੇ ਤੇ ਉਦਾਸੀਆਂ ਨੇ ਹੀ ਗੁਰਮਤਿ ਵਿਚ ਬ੍ਰਾਹਮਣਵਾਦ ਨੂੰ ਥੋਕ ਵਿਚ ਦਾਖ਼ਲ ਕੀਤਾ ਸੀ। ਉਨ੍ਹਾਂ ਨੂੰ ਗੁਰਦਵਾਰੇ ਸੰਭਾਲਣ ਦੀ ਵਕਾਲਤ ਕਰਨ ਦਾ ਸਾਫ਼ ਮਤਲਬ ਹੈ ਸਿੱਖੀ ਨੂੰ ਵੈਦਿਕ ਖਾਰੇ ਸਾਗਰ ਵਿਚ ਡੋਬਣਾ।

6. "ਗੁਰਬਾਣੀ ਵਿਚ ਭੀ ਦੇਵੀ ਦੇਵਤਿਆਂ ਦੇ ਹਵਾਲੇ ਦਿਤੇ ਹੋਏ ਹਨ... ਮਸਕੀਨ ਜੀ ਨੇ ਭੀ...।" ਗੁਰਬਾਣੀ ਨੇ ਦੇਵੀ ਦੇਵਤਿਆਂ ਦੀ ਪ੍ਰਸ਼ੰਸਾ ਕਿਤੇ ਨਹੀਂ ਕੀਤੀ। ਉਨ੍ਹਾਂ ਦੀ ਨਿਖੇਧੀ ਹਜ਼ਾਰਾਂ ਥਾਵਾਂ 'ਤੇ ਕੀਤੀ ਹੈ। ਮਸਕੀਨ ਜੀ ਲਈ "ਰਾਮ ਸਾਰਿਆਂ ਦਾ ਪ੍ਰਸ਼ੋਤਮ ਸੀ" ਜਦੋਂ ਕਿ ਗੁਰਬਾਣੀ ਦਾ ਫ਼ੈਸਲਾ ਹੈ : "ਰੋਵੈ ਰਾਮ ਨਿਕਾਲਾ ਭਇਆ..." (953) ਗੁਰਬਾਣੀ ਵਿਚ ਤਾਂ ਗੱਲ ਸਮਝਾਉਣ ਲਈ ਕਾਂਵਾਂ, ਕੁੱਤਿਆਂ, ਖੋਤਿਆਂ, ਹਿਰਨਾਂ ਦਾ ਵੀ ਜ਼ਿਕਰ ਹੈ। ਕੀ ਕਦੀ ਇਨ੍ਹਾਂ ਪਸ਼ੂਆਂ ਪੰਛੀਆਂ ਬਾਰੇ ਵੀ ਲੰਮੀ ਕਥਾ ਕੀਤੀ ਗਈ ਹੈ ? ਫਿਰ ਦੇਵੀ ਦੇਵਤਿਆਂ ਦੀ ਲੰਮੀ ਕਥਾ ਕਿਉਂ ?

7. ਸ. ਬਲਜੀਤ ਸਿੰਘ ਨਕਵੀ ਦਾ ਜੁਆਬ : "ਖਾਜੂਰਾਹੋ ਦੀਆਂ ਮੂਰਤੀਆਂ ਦੇ ਉਹ ਪੁਜਾਰੀ ਨਹੀਂ ਸਨ, ਉਹ ਤਾਂ ਇਨ੍ਹਾਂ ਮੂਰਤੀਆਂ ਨੂੰ ਡੂੰਘਾ ਟੋਆ ਪੁੱਟ ਕੇ ਦਬਾ ਦੇਣ ਲਈ ਭੀ ਕਹਿੰਦੇ ਸਨ...।" ਵੀਰ ਜੀਉ! ਮਸਕੀਨ ਜੀ ਦੀ ਰਿਕਾਰਡ ਕੀਤੀ ਇਕ ਘੰਟੇ ਦੀ ਕੈਸਟ "ਕਾਮ ਤੇ ਨਾਮ" ਮੇਰੇ ਕੋਲ ਮੌਜੂਦ ਹੈ। ਉਸ ਸਾਰੀ ਕਥਾ ਵਿਚ ਉਹ ਗੁਰਬਾਣੀ ਦੀਆਂ ਪੰਕਤੀਆਂ ਦੀ ਦੁਖਦਾਈ ਕੁਵਰਤੋਂ ਕਰਦੇ ਹਨ। ਉਸ ਥਾਂ ਦੀ ਮਹਿਮਾ ਕਰਦੇ ਹਨ। ਕਾਮ ਉਕਸਾਊ ਮੂਰਤੀਆਂ ਬਣਾਉਣ ਵਾਲਿਆਂ ਨੂੰ "ਮਹਾਨ ਰਿਸ਼ੀ" ਕਹਿੰਦੇ ਹਨ। "ਕਾਮਸੂਤਰ" ਲਿਖਣ ਵਾਲੇ ਵਾਤਸਾਇਨ ਨੂੰ ਵੀ "ਮਹਾਨ ਰਿਸ਼ੀ" ਗਰਦਾਨਦੇ ਹਨ। ਤ੍ਰਿਆ ਚਰਿੱਤਰ ਵਾਲੇ ਗੰਦਮੰਦ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਸ਼ਖ਼ਸੀਅਤ ਨਾਲ ਹਿੱਕ ਦੇ ਤਾਣ ਜੋੜਦੇ ਰਹੇ ਹਨ। ਕਾਮ ਮੂਰਤੀਆਂ ਨੂੰ ਟੋਆ ਪੁੱਟ ਕੇ ਦਬਾ ਦੇਣ ਦੀ ਵਕਾਲਤ, ਮੋਹਨਦਾਸ ਕਰਮਚੰਦ ਗਾਂਧੀ ਨੇ ਕੀਤੀ ਸੀ। ਮਸਕੀਨ ਜੀ ਨੇ ਉਸ ਦਾ ਹਵਾਲਾ ਦੇ ਕੇ ਗਾਂਧੀ ਨੂੰ ਕੋਸਿਆ ਹੈ, ਫਿਟਕਾਰਿਆ ਹੈ।

8. ਜੋ ਲੋਕ ਮੌਜੂਦਾ ਸਮੇਂ ਵਿਚ ਗੁਰਦਵਾਰਿਆਂ 'ਤੇ ਕਾਬਜ਼ ਹਨ, ਮੈਂ ਕਦੀ ਭੀ ਉਨ੍ਹਾਂ ਦੀ ਪ੍ਰਸ਼ੰਸਾ ਨਹੀਂ ਕੀਤੀ ਸਗੋਂ ਸਖ਼ਤ ਆਲੋਚਨਾ ਕਰਦਾ ਰਹਿੰਦਾ ਹਾਂ।

ਇਨ੍ਹਾਂ ਨੂੰ ਸੰਵਿਧਾਨਕ ਤਰੀਕਿਆਂ ਨਾਲ ਬਦਲਿਆ ਜਾ ਸਕਦਾ ਹੈ ਪਰ ਜੋ ਲੋਕ ਗੁਰਦਵਾਰਿਆਂ ਨੂੰ ਡੇਰੇ ਦਾ ਰੂਪ ਦੇ ਕੇ ਨਿੱਜੀ ਜਾਇਦਾਦ ਬਣਾ ਬੈਠੇ ਹਨ, ਉਨ੍ਹਾਂ ਨੂੰ ਕਦੀ ਨਹੀਂ ਬਦਲਿਆ ਜਾ ਸਕਦਾ।

9. ਗੁਰਬਾਣੀ ਸੈਕਸ ਦੀ ਟ੍ਰੇਨਿੰਗ ਦੇਣ ਵਾਸਤੇ ਨਹੀਂ ਲਿਖੀ ਗਈ, ਜਿਵੇਂ ਕਿ ਮਸਕੀਨ ਜੀ ਨੇ ਪੰਕਤੀਆਂ ਦੀ ਦੁਰਵਰਤੋਂ ਕੀਤੀ ਹੈ। ਖਾਜੂਰਾਹੋ ਦੀਆਂ ਮੂਰਤੀਆਂ ਤਾਂ ਫਿਰ ਭੀ ਬਹੁਤ ਦੂਰ ਹਨ, ਅੱਜ ਕਲ ਤਾਂ ਟੀ.ਵੀ. ਚੈਨਲਾਂ ’ਤੇ ਜੋ ਲੜਕੀਆਂ ਦਿਸ ਰਹੀਆਂ ਨੇ, ਉਨ੍ਹਾਂ ਨੇ ਖਾਜੂਰਾਹੋ ਦੀਆਂ ਮੂਰਤੀਆਂ ਨੂੰ ਵੀ ਪਿਛੇ ਸੁੱਟ ਦਿਤਾ ਹੈ। ਗਹਿਰ ਗੰਭੀਰ ਲੋਕ ਇਸ ਨੰਗੇਜਵਾਦ ਤੋਂ ਦੁਖੀ ਹਨ। ਉਨ੍ਹਾਂ ਨੰਗੇ ਮਾਡਲਾਂ ਨੂੰ ਕੋਈ ਟੱਬਰਦਾਰ, ਅਪਣੇ ਘਰ ਰੱਖ ਸਕੇਗਾ ? ਅਪਣੀਆਂ ਬੇਟੀਆਂ ਨੂੰ ਉਸ ਤਰ੍ਹਾਂ ਦੀਆਂ ਬਣਾਉਣੀਆਂ ਪ੍ਰਵਾਨ ਕਰੇਗਾ ?

10. “ਮਸਕੀਨ ਦਾ ਅਪਣੇ ਮਨ ’ਤੇ ਕੰਟਰੋਲ ਸੀ”... ਮੈਂ ਪਹਿਲਾਂ ਦਸ ਚੁਕਿਆ ਹਾਂ ਕਿ ਇਸ ਵਕਤ ਮੇਰੀ ਉਮਰ 60 ਸਾਲ ਹੈ। ਮਨ ਬੇਚੈਨ ਹੋਣ ਦਾ ਮਤਲਬ ਇਹ ਨਹੀਂ ਕਿ ਮੈਂ ਵੇਸ਼ਵਾਵਾਂ ਦੇ ਅੱਡਿਆਂ ਵਲ ਵਿਭਚਾਰ ਕਰਨ ਲਈ ਚਲ ਪਿਆ ਸੀ। ਇਹ ਆਮ ਮੁਹਾਵਰੇ ਦੀ ਗੱਲ ਹੈ ਕਿ ਆਹ ਚੀਜ਼ ਵੇਖ ਕੇ ਖ਼ੁਸ਼ ਹੋਏ ਜਾਂ ਦੁਖੀ ਹੋਏ।

11. ਸ. ਗੁਰਦਿਆਲ ਸਿੰਘ ਫ਼ਰੀਦਾਬਾਦ ਨੇ ਮਸਕੀਨ ਜੀ ਨੂੰ ਪੱਕਾ ਬ੍ਰਹਮ ਗਿਆਨੀ ਗਰਦਾਨਿਆ ਹੈ। ਨਾਲ ਗੁਰਬਾਣੀ ਵਿਚੋਂ (ਸੁਖਮਨੀ) ਦੇ ਪਰਮਾਣ ਦਿਤੇ ਹਨ। ਆਉ ਸੰਖੇਪ ਵਿਚ ਬ੍ਰਹਮ ਗਿਆਨੀ ਦੇ ਅਰਥ ਪੜ੍ਹੀਏ... ਸੁਖਮਨੀ ਸਾਹਿਬ ਦੀ ਸਾਰੀ ਅਠਵੀਂ ਅਸ਼ਟਪਦੀ ਦੀਆਂ ਅੱਠੇ ਪਉੜੀਆਂ ਬ੍ਰਹਮਗਿਆਨੀ ਦੀ ਸੋਭਾ ਵਿਚ ਹਨ। “ਗੁਰਬਾਣੀ ਦੀ ਕੇਂਦਰੀ ਵੀਚਾਰਧਾਰਾ ਮੁਤਾਬਕ “ਇੰਨੇ ਗੁਣਾਂ ਵਾਲਾ ਜਾਂ ਤਾਂ ਅਕਾਲ ਪੁਰਖ ਖ਼ੁਦ ਆਪ ਹੈ ਜਾਂ ਫਿਰ ਮਹਾਨ ਪਰਉਪਕਾਰੀ ਸ਼ਖ਼ਸੀਅਤ ਸਤਿਗੁਰੂ ਦਸੇ ਪਾਤਿਸ਼ਾਹੀਆਂ ਹਨ। ਹੋਰ ਅਸੀ ਸਾਰੇ ਭੁਲਣਹਾਰ ਹਾਂ।”

ਇਸੇ ਅਠਵੀਂ ਅਸ਼ਟਪਦੀ ਵਿਚੋਂ (ਪੰਨਾ 272) ਉਤੇ ਕੁੱਝ ਪ੍ਰਮਾਣ ਹਾਜ਼ਰ ਹਨ :

ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥
ਭਾਵ : ਬ੍ਰਹਮ ਗਿਆਨੀ ਸਾਰਿਆਂ ਦਾ ਉਧਾਰ ਕਰ ਦਿੰਦਾ ਹੈ।

ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰ॥

ਭਾਵ : ਬ੍ਰਹਮ ਗਿਆਨੀ ਦੇ ਨਾਲ ਸਾਰਾ ਜਗਤ ਨਾਮ ਜਪਣ ਲੱਗ ਪੈਂਦਾ ਹੈ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥

ਭਾਵ : ਬ੍ਰਹਮ ਗਿਆਨੀ ਨੂੰ ਸ਼ਿਵ ਆਦਿ ਦੇਵਤੇ ਵੀ ਭਾਲਦੇ ਫਿਰ ਰਹੇ ਹਨ।

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥

ਭਾਵ : ਹੇ ਨਾਨਕ ਬ੍ਰਹਮ ਗਿਆਨੀ ਆਪ ਹੀ ਪਰਮੇਸਰ ਹੈ।

ਬ੍ਰਹਮ ਗਿਆਨੀ ਦਾ ਕਥਿਆ ਨ ਜਾਇ ਅਧਾਖਰ॥

ਭਾਵ : ਬ੍ਰਹਮ ਗਿਆਨੀ ਦੀ ਸੋਭਾ ਦਾ ਅੱਧਾ ਅੱਖਰ ਵੀ ਬਿਆਨ ਨਹੀਂ ਕੀਤਾ ਜਾ ਸਕਦਾ।

ਬ੍ਰਹਮ ਗਿਆਨੀ ਸਰਬ ਕਾ ਠਾਕੁਰ॥

ਭਾਵ : ਬ੍ਰਹਮ ਗਿਆਨੀ ਸਾਰਿਆਂ ਦਾ ਪੂਜਣਯੋਗ ਠਾਕੁਰ ਹੈ (ਰੱਬ ਹੈ)।

ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ॥

ਭਾਵ : ਹੇ ਨਾਨਕ! ਮੇਰੀ ਬ੍ਰਹਮ ਗਿਆਨੀ ਨੂੰ ਸਦਾ ਨਮਸਕਾਰ ਹੈ। (ਪੰਜਵੇਂ ਸਤਿਗੁਰੂ ਦੀ)

ਸੋ ਗੁਰਬਾਣੀ ਵਿਚ ਸਾਧੂ, ਸੰਤ, ਬ੍ਰਹਮਗਿਆਨੀ, ਕਈ ਥਾਈਂ ਜਨ, ਗੁਰੂ, ਸਤਿਗੁਰੂ, ਗੁਰੂ ਸਾਹਿਬਾਨ ਵਾਸਤੇ ਰਾਖਵਾਂ ਹੈ। ਅਸੀ ਸਾਰੇ ਬਰਾਬਰ ਦੇ ਇਨਸਾਨ ਹਾਂ। ਸਾਡੇ ਲਈ ਸਿੱਖ ਗੁਰਸਿੱਖ ਖ਼ਾਲਸਾ ਲਕਬ ਹੀ ਕਾਫ਼ੀ ਹੈ। ਖੁੱਲ੍ਹੀ ਵਿਚਾਰ ਲਈ ਮਿਲ ਕੇ ਜਦੋਂ ਜੀਅ ਚਾਹੇ, ਵਿਚਾਰ ਕਰ ਲੈਣੀ ਜੀ! ਧੰਨਵਾਦ॥

***

# ਮਸਕੀਨ ਜੀ ਬਾਰੇ ਇਕ ਹੋਰ ਚਿੱਠੀ

## (ਸਪੋਕਸਮੈਨ ਅਗਸਤ 2005 ਵਿਚ ਛਪਿਆ)

–ਹਰਦੀਪ ਸਿੰਘ ਗੁਣੀਕੇ (ਪਟਿਆਲਾ)

ਵਿਅਕਤੀਗਤ ਸੋਚ ਤੋਂ ਉਪਰ ਉਠ ਕੇ, ਕੇਵਲ ਸੱਚਾਈ ਦਾ ਪ੍ਰਚਾਰ ਕਰਨ ਲਈ 'ਸਪੋਕਸਮੈਨ' ਵਧਾਈ ਦਾ ਪਾਤਰ ਹੈ। ਪਰ ਕਈ ਵਾਰੀ ਸਪੋਕਸਮੈਨ ਦੇ ਪਾਠਕ ਵੀ ਅਜਿਹੀਆਂ ਗੱਲਾਂ ਕਰਨ ਲਗਦੇ ਹਨ ਜਿਨ੍ਹਾਂ ਨੂੰ ਵੇਖ ਕੇ ਸੋਚਣ ਲਈ ਮਜਬੂਰ ਹੋਣਾ ਪੈਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ (ਜੋ ਕਿ ਅਸਲ ਸੱਚਾਈ ਹੈ) ਦਾ ਸੁਨੇਹਾ ਅਸੀਂ ਪੂਰੀ ਦੁਨੀਆਂ ਤਕ ਕਿਵੇਂ ਪਹੁੰਚਾਵਾਂਗੇ ? ਮਈ ਅੰਕ ਵਿਚ ਪ੍ਰੋ. ਇੰਦਰ ਸਿੰਘ ਘੱਗਾ ਦੇ ਛਪੇ ਲੇਖ 'ਕੀ ਗਿਆਨੀ ਸੰਤ ਸਿੰਘ ਮਸਕੀਨ ਸਚਮੁਚ ਵਿਦਿਆ ਮਾਰਤੰਡ ਤੇ ਬ੍ਰਹਮ ਗਿਆਨੀ ਸਨ ?' ਦੇ ਪ੍ਰਤੀਕਰਮ ਵਜੋਂ ਤਿੰਨ ਚਿੱਠੀਆਂ ਜੁਲਾਈ ਅੰਕ ਵਿਚ ਛਪੀਆ ਹਨ। ਪਹਿਲੀ ਚਿੱਠੀ ਗੋਬਿੰਦ ਸਿੰਘ ਡਿਪਟੀ ਕੁਲੈਕਟਰ (ਰਿਟਾ.) ਲੁਧਿਆਣਾ ਦੀ ਹੈ। ਇਸ ਚਿੱਠੀ ਵਿਚ ਉਨ੍ਹਾਂ ਨੇ ਤਕਰੀਬਨ ਪੰਜ ਨੁਕਤੇ ਉਠਾਏ ਹਨ।

ਪਹਿਲਾ ਨੁਕਤਾ ਹੈ ਓਸ਼ੋ ਦੀ ਨਕਲ ਕਰਨ ਦਾ। ਚਿੱਠੀ ਦਾ ਲੇਖਕ ਕਹਿੰਦਾ ਹੈ ਕਿ ਇਹ ਮਸਕੀਨ ਜੀ ਉਪਰ ਗ਼ਲਤ ਦੋਸ਼ ਲਾਇਆ ਗਿਆ ਹੈ। ਮਸਕੀਨ ਜੀ ਨੇ ਸਾਰੇ ਹੀ ਵਿਦਵਾਨਾਂ ਅਤੇ ਧਰਮ ਗ੍ਰੰਥਾਂ ਨੂੰ ਪੜ੍ਹਿਆ ਹੈ। ਸਾਰਿਆਂ ਦਾ ਹੀ ਵਰਨਣ ਉਹ ਆਪਣੀ ਕਥਾ ਵਿਚ ਕਰਿਆ ਕਰਦੇ ਸਨ। ਅਫ਼ਸੋਸ ਤਾਂ ਇਸੇ ਗੱਲ ਦਾ ਹੈ ਕਿ ਪ੍ਰੋਫ਼ੈਸਰ ਸਾਹਿਬ ਸਾਨੂੰ ਸਮਝਾਉਣਾ ਚਾਹੁੰਦੇ ਹਨ ਕਿ ਮਸਕੀਨ ਜੀ ਗੁਰਮਤਿ ਦੀ ਘੱਟ ਤੇ ਅਨਮੱਤੀ ਗ੍ਰੰਥਾਂ ਦੀ ਕਥਾ ਵੱਧ ਕਰਦੇ ਸਨ।

ਦੂਜਾ ਨੁਕਤਾ ਹੈ, ਕਥਾ ਕਰਨ ਵਾਲੀ ਜਗ੍ਹਾ 'ਤੇ ਪਵਿੱਤਰ ਰੂਹਾਂ ਦਾ ਮੌਜੂਦ ਹੋਣਾ ਤੇ ਸਪੱਸ਼ਟੀਕਰਨ ਵਜੋਂ ਗੁਰਬਾਣੀ ਦੀ ਅਧੂਰੀ ਤੁਕ ਵੀ ਲਿਖੀ ਹੈ "ਵਿਚ ਸੰਗਤ ਹਰ ਪ੍ਰਭ ਵਸੇ ਜੀਉ"। ਮਸਕੀਨ ਜੀ ਪਵਿੱਤਰ ਰੂਹਾਂ ਦਾ ਅਰਥ ਦੇਵੀ ਦੇਵਤੇ ਕਰਦੇ ਸਨ ਜਦ ਕਿ ਇਸ ਤੁਕ ਵਿਚ ਹਰੀ ਪ੍ਰਭੂ ਯਾਨੀ ਅਕਾਲੀ ਪੁਰਖ ਸੰਗਤ ਵਿਚ ਵਸਦਾ ਦਰਸਾਇਆ ਹੈ।

ਤੀਜਾ ਨੁਕਤਾ ਹੈ, ਉਨ੍ਹਾਂ ਦੀ ਮਾਇਆ ਨਾਲ ਜੋ ਵੀ ਸੇਵਾ ਕੀਤੀ ਗਈ ਜਾਂ ਫਿਰ ਭੋਗ ਦੇ ਸਮਾਗਮ 'ਤੇ ਉਨ੍ਹਾਂ ਬਾਰੇ ਜੋ ਕੁੱਝ ਭੀ ਬੋਲਿਆ ਜਾਂ ਕੀਤਾ ਗਿਆ, ਉਸ ਦਾ ਜਵਾਬ ਮਸਕੀਨ ਜੀ ਨਹੀਂ ਦੇ ਸਕਦੇ। ਇਥੇ ਭੀ ਪ੍ਰੋ਼ਫ਼ੈਸਰ ਸਾਹਿਬ ਮਸਕੀਨ ਜੀ ਤੋਂ ਕੋਈ ਜਵਾਬ ਨਹੀਂ ਮੰਗ ਰਹੇ ਬਲਕਿ ਸਾਨੂੰ ਸਿੱਖਾਂ ਨੂੰ ਸੁਚੇਤ ਕਰ ਰਹੇ ਹਨ ਕਿ ਅਸੀਂ ਇਹੋ ਜਿਹਾ ਅਨਰਥ ਹੋਰ ਕਿੰਨਾ ਚਿਰ ਬਰਦਾਸ਼ਤ ਕਰਦੇ ਰਹਾਂਗੇ ?

ਚੌਥੇ ਨੁਕਤੇ ਵਿਚ ਨਿਰਮਲਿਆਂ ਅਤੇ ਉਦਾਸੀਆਂ ਦਾ ਜ਼ਿਕਰ ਕਰਦੇ ਹੋਏ ਇਹ ਭੀ ਲਿਖਦੇ ਹਨ ਕਿ ਮਸਕੀਨ ਜੀ ਇਨ੍ਹਾਂ ਨੂੰ ਪੰਜ ਪ੍ਰਤੀਸ਼ਤ ਗ਼ਲਤ ਮੰਨਦੇ ਸਨ। ਕੀ ਸਾਨੂੰ ਗੁਰਦਵਾਰਿਆਂ ਦਾ ਪ੍ਰਬੰਧ ਗ਼ਲਤ ਲੋਕਾਂ ਦੇ ਹੱਥਾਂ ਵਿਚ ਹੀ ਦੇਣਾ ਪਵੇਗਾ ? ਗ਼ਲਤ ਚਾਹੇ ਕੋਈ ਕਿੰਨਾ ਵੀ ਹੋਵੇ, ਗ਼ਲਤ ਹੀ ਹੁੰਦਾ ਹੈ। ਸੱਚ ਤੇ ਝੂਠ ਦੀ ਪ੍ਰਸੈਂਟੇਜ ਨਹੀਂ ਰੱਖੀ ਜਾਂਦੀ। ਸੱਚ ਹਮੇਸ਼ਾ ਸੰਪੂਰਨ ਹੀ ਹੁੰਦਾ ਹੈ। ਕੋਈ ਅੱਧਾ ਜਾਂ ਪੌਣਾ ਨਹੀਂ ਹੋ ਸਕਦਾ। ਕੌਣ ਨਹੀਂ ਜਾਣਦਾ, ਸਿੱਖ ਧਰਮ ਵਿਚ ਜਿੰਨੇ ਵੀ ਮਹੱਤਵਪੂਰਨ ਮਸਲੇ ਉਲਝੇ ਹੋਏ ਹਨ, ਸੱਭ ਇਨ੍ਹਾਂ ਨਿਰਮਲਿਆਂ ਅਤੇ ਉਦਾਸੀਆਂ ਦੀ ਹੀ ਹੇਣ ਹਨ।

ਇਸ ਪੱਤਰਕਾ ਵਿਚ ਸੱਭ ਤੋਂ ਆਖ਼ਰ ਵਿਚ ਦੇਵੀ ਦੇਵਤਿਆਂ ਦੀ ਗੱਲ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੇਵੀ ਦੇਵਤਿਆਂ ਦਾ ਜ਼ਿਕਰ ਤਾਂ ਜ਼ਰੂਰ ਹੈ ਪਰ ਉਨ੍ਹਾਂ ਨੂੰ ਕਿਤੇ ਭੀ ਸਿੱਖਾਂ ਦਾ ਇਸ਼ਟ ਨਹੀਂ ਮੰਨਿਆ ਗਿਆ ਅਤੇ ਨਾ ਹੀ ਬਹੁਤ ਜ਼ਿਆਦਾ ਸਤਿਕਾਰਯੋਗ। ਹਾਂ, ਆਮ ਜਗਿਆਸੂਆਂ ਨੂੰ ਸਮਝਾਉਣ ਲਈ ਉਦਾਹਰਣ ਨੂੰ ਹੀ ਕਥਾ ਦਾ ਕੇਂਦਰ ਬਿੰਦੂ ਬਣਾ ਲਿਆ ਜਾਵੇ ਤਾਂ ਸਰੋਤਿਆਂ ਦੇ ਮਨ ਵਿਚ ਸ਼ੰਕੇ ਉਤਪੰਨ ਹੋਣੇ ਲਾਜ਼ਮੀ ਹਨ।

ਅਗਲੀ ਚਿੱਠੀ ਬਲਜੀਤ ਸਿੰਘ 'ਬੁਰਜ ਨਕਵੀ' ਰਾਏਕੋਟ ਲੁਧਿਆਣਾ ਦੀ ਹੈ। ਸ. ਬਲਜੀਤ ਸਿੰਘ ਜੀ ਨੂੰ ਵੀ ਪੋ੍ਫ਼ੈਸਰ ਸਾਹਿਬ ਜੀ ਦੀਆਂ ਕੁੱਝ ਗੱਲਾਂ ਚੰਗੀਆਂ ਨਹੀਂ ਲਗੀਆਂ। ਜਿਵੇਂ ਕਿ ਖੁਜਰਾਹੋ ਦੀ ਕਾਮ-ਉਕਸਾਊ ਮੂਰਤੀਆਂ ਦੀ ਗੱਲ ਹੋਵੇ ਜਾਂ ਫਿਰ ਗੁਰਦਵਾਰਿਆਂ ਦੇ ਪ੍ਰਬੰਧਾਂ ਦੀ। ਮੈਂ ਇਹ ਤਾਂ ਨਹੀਂ ਜਾਣਦਾ ਕਿ ਮਸਕੀਨ ਜੀ ਇਨ੍ਹਾਂ ਮੂਰਤੀਆਂ ਦੇ ਉਪਾਸਕ ਸਨ ਜਾਂ ਨਹੀਂ ਪਰ ਕੀ ਕੋਈ ਇਹੋ ਜਿਹੀ ਗੱਲ ਸੰਗਤ ਵਿਚ ਕਰਨੀ ਠੀਕ ਹੁੰਦੀ ਹੈ ਜਿਸ ਦਾ ਸਾਡੇ ਸਿੱਖਾਂ ਨਾਲ, ਸਿੱਖੀ ਨਾਲ ਜਾਂ ਸਾਡੇ ਇਤਿਹਾਸ ਨਾਲ ਦੂਰ ਦਾ ਭੀ ਕੋਈ ਵਾਸਤਾ ਨਾ ਹੋਵੇ ? ਫਿਰ ਪ੍ਰੋ਼ਫ਼ੈਸਰ ਸਾਹਿਬ ਤਾਂ ਇਥੋਂ ਤਕ ਵੀ ਲਿਖਦੇ ਹਨ ਕਿ ਮਸਕੀਨ ਜੀ ਇਨ੍ਹਾਂ

ਅਸ਼ਲੀਲ ਗੱਲਾਂ ਨੂੰ ਮਨਵਾਉਣ ਲਈ ਗੁਰਬਾਣੀ ਦੀ ਗ਼ਲਤ ਵਰਤੋਂ ਕਰਦੇ ਸਨ ਜਿਵੇਂ ਕਿ ਉਨ੍ਹਾਂ ਨੇ ਆਪਣੇ ਕਿਸੇ ਲੇਖ ਵਿਚ ਇਕ ਗੁਰਬਾਣੀ ਦੀ ਤੁਕ ਦਾ ਜ਼ਿਕਰ ਭੀ ਕੀਤਾ ਹੈ "ਬਾਲ ਕੰਨਿਆ ਕੌ ਬਾਪ ਪਿਆਰਾ"। ਇਸ ਦੇ ਗ਼ਲਤ ਅਰਥ ਕਰ ਕੇ ਉਹ ਸੰਗਤ ਨੂੰ ਗੁਮਰਾਹ ਕਰਦੇ ਸਨ। ਅੱਗੇ ਬਲਜੀਤ ਸਿੰਘ ਜੀ ਲਿਖਦੇ ਹਨ ਕਿ ਜਿਥੋਂ ਭੀ ਕੋਈ ਚੰਗੀ ਚੀਜ਼ ਮਿਲੇ, ਉਸ ਨੂੰ ਲੈ ਕੇ ਅੱਗੇ ਵੰਡ ਦੇਣਾ ਚਾਹੀਦਾ ਹੈ। ਚੰਗੀ ਚੀਜ਼ ਸਾਨੂੰ ਗੁਰੂ ਨਾਨਕ ਸਾਹਿਬ ਜੀ ਨੇ ਦਿਤੀ ਸੀ, ਗੁਰਬਾਣੀ ਦੇ ਰੂਪ ਵਿਚ, ਸਿੱਖ ਫ਼ਲਸਫ਼ਾ। ਅਸੀ ਆਪ ਕਿੰਨਾ ਕੁ ਗ੍ਰਹਿਣ ਕੀਤਾ ਹੈ ? ਅੱਗੇ ਵੰਡਣਾ ਤਾਂ ਬਹੁਤ ਦੂਰ ਦੀ ਗੱਲ ਹੈ। ਅਸੀਂ ਆਪ ਇਨ੍ਹਾਂ ਝਮੇਲਿਆਂ ਵਿਚੋਂ ਨਿਕਲਾਂਗੇ, ਸੱਚ ਤੇ ਝੂਠ ਦਾ ਨਿਰਣਾ ਕਰਨ ਦੇ ਯੋਗ ਹੋਵਾਂਗੇ, ਫਿਰ ਤਾਂ ਸੋਚਿਆ ਜਾ ਸਕਦਾ ਹੈ ਕਿ ਇਸ ਚੰਗੀ ਚੀਜ਼ ਨੂੰ ਅਸੀ ਦੁਨੀਆਂ ਦੇ ਲੋਕਾਂ ਵਿਚ ਵੰਡ ਸਕਾਂਗੇ। ਇਸ ਵੀਰ ਵਲੋਂ ਮਨ 'ਤੇ ਕਾਬੂ ਦੀ ਗੱਲ ਭੀ ਕੀਤੀ ਗਈ ਹੈ। ਕਿਸੇ ਦੇ ਮਨ ਦੀ ਅਵੱਸਥਾ ਨੂੰ ਜਾਣਨਾ ਏਨਾ ਸੌਖਾ ਨਹੀਂ ਹੁੰਦਾ। ਜਿਨ੍ਹਾਂ ਨੂੰ ਲੋਕ ਭਗਵਾਨ ਸਮਝਦੇ ਸਨ, ਵੱਡੇ-ਵੱਡੇ ਧਰਮ-ਗੁਰੂਆਂ ਦਾ ਹਾਲ ਅਸੀਂ ਸਾਰੇ ਹੀ ਅਖ਼ਬਾਰਾਂ ਵਿਚ ਪੜ੍ਹ ਚੁਕੇ ਹਾਂ ਕਿ ਕਿੰਨਾ ਕੁ ਕੰਟਰੋਲ ਸੀ, ਉਨ੍ਹਾਂ ਦਾ ਆਪਣੇ ਮਨ ਉਤੇ। ਸਾਨੂੰ ਆਪਣੇ ਮਨ 'ਤੇ ਭੀ ਵਿਸ਼ਵਾਸ ਨਹੀਂ ਹੁੰਦਾ। ਇਸੇ ਲਈ ਤਾਂ ਅਸੀਂ ਰੋਜ਼ ਨਿੱਤਨੇਮ ਕਰਦੇ ਹਾਂ ਅਤੇ ਅਰਦਾਸ ਕਰਦੇ ਹਾਂ ਵਾਹਿਗੁਰੂ ਅੱਗੇ ਕਿ 'ਹੇ ਅਕਾਲ ਪੁਰਖ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਾ ਕੇ, ਰਖਣਾ'। ਇਹੋ ਜਿਹੀ ਅਵੱਸਥਾ ਵਿਚ ਕਿਸੇ ਦੂਸਰੇ ਦੇ ਮਨ ਦੀ ਸ਼ਾਹਦੀ ਭਰਨੀ ਸਮਝ ਤੋਂ ਬਾਹਰ ਦੀ ਗੱਲ ਲਗਦੀ ਹੈ।

ਇੰਜ : ਗੁਰਦਿਆਲ ਸਿੰਘ ਫ਼ਰੀਦਾਬਾਦ ਵਾਲਿਆਂ ਨੇ ਭੀ ਆਪਣੀ ਸੰਖੇਪ ਚਿੱਠੀ ਵਿਚ ਬ੍ਰਹਮ ਗਿਆਨੀ ਵਾਲਾ ਨੁਕਤਾ ਉਠਾਇਆ ਹੈ। ਇੰਜੀਨੀਅਰ ਸਾਹਿਬ ਕਹਿੰਦੇ ਹਨ ਕਿ ਪ੍ਰੋਫ਼ੈਸਰ ਘੱਗਾ ਨੇ ਬ੍ਰਹਮ ਗਿਆਨੀ ਦੇ ਇਕੋ-ਇਕ ਅਰਥ ਪ੍ਰਮਾਤਮਾ ਕੱਢੇ ਹਨ। ਲਗਦਾ ਹੈ ਇੰਜ. ਸਾਹਿਬ ਨੇ ਲੇਖ ਨੂੰ ਪੂਰੇ ਧਿਆਨ ਨਾਲ ਨਹੀਂ ਪੜ੍ਹਿਆ। ਪ੍ਰੋਫ਼ੈਸਰ ਸਾਹਿਬ ਨੇ ਜੋ ਪੰਕਤੀ ਭੋਗ ਦੇ ਸਮਾਗਮ ਸਮੇਂ ਲਿਖੀ ਹੋਈ ਵੇਖੀ ਸੀ, ਉਸ ਪੰਕਤੀ ਵਿਚ ਬ੍ਰਹਮ ਗਿਆਨੀ ਦੇ ਅਰਥ ਕੀ ਹਨ, ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਤੇ ਉਹ ਭੀ 'ਗੁਰੂ ਗ੍ਰੰਥ ਸਾਹਿਬ ਦਰਪਣ' ਦਾ ਹਵਾਲਾ ਦੇ ਕੇ। ਉਨ੍ਹਾਂ ਨੇ ਆਪਣੇ ਲੇਖ ਵਿਚ ਕਿਤੇ ਇਹ ਨਹੀਂ ਲਿਖਿਆ ਕਿ ਬ੍ਰਹਮ ਗਿਆਨੀ ਦੇ ਅਰਥ ਸਿਰਫ਼ ਪਰਮਾਤਮਾ ਹੀ ਹੁੰਦੇ ਹਨ।

ਮੇਰੀ ਸਭ ਭੈਣਾ ਤੇ ਵੀਰਾਂ ਨੂੰ ਬੇਨਤੀ ਹੈ, ਖ਼ਾਸ ਕਰ ਕੇ ਸਪੋਕਸਮੈਨ ਦੇ ਪਾਠਕਾਂ ਨੂੰ ਕਿ ਸਾਡੇ ਉੱਪਰ ਬਹੁਤ ਵੱਡੀ ਜ਼ਿੰਮੇਵਾਰੀ ਹੈ : ਗੁਰੂ ਨਾਨਕ ਸਾਹਿਬ ਜੀ ਦਾ ਸੁਨੇਹਾ ਪਹਿਲਾਂ ਸਿੱਖਾਂ ਤਕ ਤੇ ਫਿਰ ਸਾਰੀ ਦੁਨੀਆਂ ਤਕ ਪਹੁੰਚਾਉਣ ਦੀ। ਅਸੀਂ ਵਿਅਕਤੀਗਤ ਸੋਚ ਤੋਂ ਉਪਰ ਉੱਠ ਕੇ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨ ਕੇ ਚਲਣਾ ਹੈ। ਵਿਅਕਤੀ ਕੋਈ ਕਿੰਨਾ ਵੀ ਮਹਾਨ ਕਿਉਂ ਨਾ ਹੋਵੇ, ਉਸ ਵਿਚ ਦੋਸ਼ ਹੋ ਸਕਦੇ ਹਨ। ਸਾਨੂੰ ਕਿਸੇ ਦੀ ਅਲੋਚਨਾ ਸੁਣਨ ਤੋਂ ਬਾਅਦ ਠੰਢੇ ਦਿਮਗ਼ ਨਾਲ ਸੋਚ ਵਿਚਾਰ ਕਰ ਕੇ ਹੀ ਕੁੱਝ ਲਿਖਣਾ ਜਾਂ ਬੋਲਣਾ ਚਾਹੀਦਾ ਹੈ। ਵਿਚਾਰਧਾਰਕ ਏਕਤਾ ਦਾ ਧਿਆਨ ਰੱਖਣਾ ਚਾਹੀਦਾ ਹੈ। ਸਪੋਕਸਮੈਨ ਨੇ ਸਾਨੂੰ ਇਕ ਇਹੋ ਜਿਹਾ ਪਲੇਟਫ਼ਾਰਮ ਦਿਤਾ ਹੈ ਜਿਥੇ ਸਿਧਾਂਤ ਦੀ ਗੱਲ ਕੀਤੀ ਜਾਂਦੀ ਹੈ। ਸਦੀਵੀ ਏਕਤਾ ਸਿਰਫ਼ ਸਿਧਾਂਤਾਂ ਉਤੇ ਹੀ ਹੋ ਸਕਦੀ ਹੈ।

***

# ਡੇਰੇਦਾਰਾਂ ਨਾਲ ਸਿਧਾਂਤਕ ਵਿਰੋਧ

ਸਤੰਬਰ-ਅਕਤੂਬਰ ਵਿਚ ਜੋ ਕੁੱਝ ਡੇਰਾਵਾਦੀਆਂ ਨੇ ਕੈਨੇਡਾ ਵਿਚ ਲੇਖਕ ਨਾਲ ਵਰਤਾਉ ਕੀਤਾ ਉਸ ਦੀ ਇਕ ਝਲਕ 3/12/06 ਦੇ ਸਪੋਕਸਮੈਨ ਵਿਚ ਛਪ ਚੁਕੀ ਹੈ। ਇਸ ਬਾਰੇ ਹੋਰ ਜਾਣਕਾਰੀ ਲੈਣ ਵਾਸਤੇ ਪਾਠਕਾਂ ਵਲੋਂ ਬਹੁਤ ਫ਼ੋਨ ਆਏ ਹਨ। ਸੱਚਾਈ ਦੀ ਤਹਿ ਤਕ ਜਾਣ ਵਾਸਤੇ ਜ਼ਰਾ ਗਹਿਰਾਈ ਨਾਲ ਪਰਖ ਕਰੀਏ ਕਿ, ਅਸਲ ਮਾਜਰਾ ਕੀ ਹੈ? ਇਕ ਬੰਦੇ ਦਾ ਸ਼ਰੀਕੇ ਵਿਚ ਝਗੜਾ ਚਲ ਰਿਹਾ ਸੀ। ਇਕੱਲਾ ਘਰੋਂ ਗੁਰਦਵਾਰੇ ਮੱਥਾ ਟੇਕਣ ਟੁਰਿਆ। ਇਕੱਲਾ ਵੇਖ ਕੇ ਵਿਰੋਧੀ ਚਾਰ ਬੰਦੇ ਲੜਾਈ ਦੀ ਨੀਅਤ ਨਾਲ ਪਿੱਛੇ ਲੱਗ ਤੁਰੇ। ਉਹ ਭਾਈ ਬਿਨਾਂ ਰੁਕੇ ਤੇਜ ਕਦਮੀ ਗੁਰਦਵਾਰੇ ਜਾ ਵੜਿਆ। ਚਾਰੇ ਬੰਦੇ ਭੀ ਮਗਰ ਆ ਗਏ। ਇਕੱਲਾ ਭਾਈ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਬੈਠ ਕੇ, ਪਾਠ ਕਰਨ ਲੱਗ ਪਿਆ। ਚਾਰੇ ਵਿਰੋਧੀ ਆਲੇ ਦੁਆਲੇ ਬੈਠ ਗਏ। ਘੰਟਾ ਸਵਾ ਘੰਟਾ ਤਕ "ਪਾਠ ਕਰਨ ਤੇ ਸੁਣਨ" ਦਾ ਨਾਟਕ ਚਲਦਾ ਰਿਹਾ। ਚਾਰੇ ਬੰਦੇ ਬਾਹਰ ਨਿਕਲਣ ਲਈ ਉਡੀਕ ਰਹੇ ਸਨ। ਤਾਬੇ ਬੈਠੇ ਭਾਈ ਨੂੰ ਦੂਰ ਦੀ ਸੁੱਝੀ। ਉਸ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸੰਤੋਖਿਆ। ਰੁਮਾਲਿਆਂ ਵਿਚ ਠੀਕ ਤਰ੍ਹਾਂ ਵਲੇਟਿਆ, ਸਿਰ ਤੇ ਰੱਖ ਕੇ ਸਤਨਾਮ ਵਾਹਿਗੁਰੂ ਦਾ ਜਾਪ ਕਰਦਾ ਬਾਹਰ ਨਿਕਲ ਕੇ ਆਪਣੇ ਘਰ ਨੂੰ ਚਲ ਪਿਆ। ਦੁਸ਼ਮਣ ਭੀ ਪਿੱਛੇ ਲੱਗ ਤੁਰੇ। ਖ਼ਤਰਾ ਭਾਂਪਦਿਆਂ ਇਕੱਲਾ ਭਾਈ ਚੌਹਾਂ ਨੂੰ ਸੰਬੋਧਨ ਕਰ ਕੇ ਕਹਿਣ ਲੱਗਾ : "ਵੇਖਣਾ ਕਿਤੇ ਕੋਈ ਵਧੀਕੀ ਨਾ ਕਰ ਦੇਣੀ। ਜੇ ਤੁਸੀ ਮੈਨੂੰ ਕੋਈ ਨੁਕਸਾਨ ਪਹੁੰਚਾਉਣ ਦੀ ਹਰਕਤ ਕੀਤੀ ਤਾਂ ਯਾਦ ਰਖਿਓ! ਮੈਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਜ਼ਮੀਨ 'ਤੇ ਸੁੱਟ ਦੇਣਾ ਹੈ। ਸ਼ੋਰ ਪਾ ਕੇ ਲੋਕਾਂ ਨੂੰ ਇਹੀ ਦਸਾਂਗਾ ਕਿ ਇਨ੍ਹਾਂ ਨੇ ਮੈਨੂੰ ਮਾਰਆ ਹੈ ਤਾਂ ਬੇਅਦਬੀ ਹੋਈ ਹੈ। ਬੰਦੇ ਦੇ

ਪੁੱਤ ਬਣ ਕੇ ਸਤਨਾਮ ਦਾ ਜਾਪ ਕਰਦਿਆਂ ਮੇਰੇ ਪਿਛੇ ਚਲੇ ਆਓ, ਮੇਰੇ ਘਰ ਤਕ।" ਉਹ ਚਾਰੇ ਬੰਦੇ ਪਿਛੇ ਟੁਰਦੇ ਹੋਏ ਉਸ ਭਾਈ ਦੇ ਘਰ ਤਕ ਪੁੱਜ ਗਏ। ਇਹ ਭਾਈ ਆਪਣੇ ਘਰ ਅੰਦਰ ਦਾਖ਼ਲ ਹੁੰਦਿਆ ਹੀ, ਬਾਣੀ ਦੀਆਂ ਪੰਕਤੀਆਂ ਗੁਣਗੁਣਾਉਣ ਲੱਗ ਪਿਆ :

ਗੁਰ ਮੇਰੇ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸ ਸਦਾ ਸਮਾਲੇ ॥

ਜਿਵੇਂ ਇਸ ਵਿਅਕਤੀ ਨੇ ਆਪਣੀ ਚਮੜੀ ਬਚਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਸਿਰ 'ਤੇ ਚੁਕ ਲਏ। ਇਸੇ ਤਰ੍ਹਾਂ ਡੇਰਾਵਾਦੀ ਲੋਕ ਮੇਰੀਆਂ ਸਿਧਾਂਤਕ ਗੱਲਾਂ ਦਾ ਜੁਆਬ ਨਾ ਦੇ ਕੇ, ਵਿਚ ਬਦੋਬਦੀ ਗੁਰੂ ਨਾਨਕ ਸਾਹਿਬ ਜੀ ਨੂੰ ਲੈ ਆਉਂਦੇ ਹਨ। ਮਸਲਾ ਹੈ ਗਿਆਨੀ ਗੁਰਬਚਨ ਸਿੰਘ ਵਲੋਂ ਲਿਖੀ, ਟਕਸਾਲ ਵਲੋਂ ਛਪਾਈ ਕਿਤਾਬ, ਗੁਰਬਾਣੀ ਪਾਠ ਦਰਸ਼ਣ, ਤੇ ਸ੍ਰੀ ਗੁਰਮੁਖ ਰਹਿਤ ਮਰਿਆਦਾ ਦਾ। ਉਸ ਲਿਖਤ ਨੂੰ ਮੈਂ ਖਾਲਸਾ ਪੰਥ ਦੇ ਜਾਗਰੂਕ ਗੁਰਸਿੱਖਾਂ ਦੀ ਖੁੱਲੀ ਅਦਾਲਤ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਮਨਮਤੀ ਅਤੇ ਗੁਰਬਾਣੀ ਤੋਂ ਵਿਰੋਧੀ ਲਿਖਤਾਂ ਨੂੰ ਲੱਖ ਯਤਨ ਕਰ ਕੇ ਭੀ ਕੋਈ ਠੀਕ ਸਿਧ ਨਹੀਂ ਕਰ ਸਕਿਆ। ਨਾ ਕਰ ਸਕੇਗਾ। ਚਾਰੇ ਬੰਨਿਓ ਆਪਣੇ ਆਪ ਨੂੰ ਫਸੇ ਜਾਣ ਕੇ ਫਿਰ ਟਕਸਾਲ ਦੇ ਹੈਡਕੁਆਟਰ ਵਲੋਂ ਆਪਣੇ ਸੇਵਕਾਂ ਨੂੰ ਆਦੇਸ਼ ਦਿੱਤਾ ਜਾਂਦਾ ਹੈ, ਕਿ ਇੰਦਰ ਸਿੰਘ ਘੱਗਾ ਦੀਆਂ ਲਿਖਤਾਂ ਜਾਂ ਸੀ.ਡੀਜ਼. ਵਿਚੋਂ ਜਿਵੇਂ ਕਿਵੇਂ ਕੋਈ ਗੱਲ "ਗੁਰੂ ਸਾਹਿਬ ਵਿਰੁਧ ਲਿਖੀ ਖੋਜੋ"। ਭਾਵੇਂ ਝੂਠ ਹੀ ਸਹੀ ਫਿਰ ਉਸ ਨੂੰ ਜ਼ੋਰ ਸ਼ੋਰ ਨਾਲ ਪ੍ਰਚਾਰੋ। ਬਾਰ ਬਾਰ ਦੁਹਰਾਓ ਕਿ ਘੱਗਾ ਜੀ ਨੇ "ਗੁਰੂ ਦਾ ਅਪਮਾਨ ਕੀਤਾ ਹੈ। ਗੁਰਬਾਣੀ ਦੇ ਅਰਥ ਗ਼ਲਤ ਕੀਤੇ ਹਨ। ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਹੈ। ਸ਼ਰਧਾ ਨੂੰ ਠੇਸ ਪਹੁੰਚਾਈ ਹੈ" ਆਦਿ। ਆਮ ਸਿੱਖਾਂ ਨੇ ਨਾ ਮੇਰੀਆਂ ਕਿਤਾਬਾਂ ਪੜ੍ਹੀਆਂ ਹਨ ਨਾ ਟਕਸਾਲ ਦੀਆਂ। ਬਸ ਗੁਮਰਾਹਕੁਨ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਪਿੱਛੇ ਲੱਗ ਤੁਰਦੇ ਹਨ। ਇਸ ਵਾਰੀ ਭੀ ਇਹੀ ਕੁੱਝ ਹੋਇਆ ਹੈ।

ਮਾਰਚ 2003 ਨੂੰ ਇੰਗਲੈਂਡ ਦੇ ਇਕ ਗੁਰਦਵਾਰੇ (ਵਿਲਨਹਾਲ) ਵਿਚ ਮੇਰਾ ਕਥਾ ਲਈ ਹਫ਼ਤਾ ਬੁੱਕ ਸੀ। ਸੱਭ ਕੁੱਝ ਨਾਰਮਲ ਚਲ ਰਿਹਾ ਸੀ। ਮੇਰਾ ਇਕ ਪ੍ਰੇਮੀ ਅਚਨਚੇਤੀ ਦੇਰ ਮਗਰੋਂ ਮਿਲਿਆ। ਦਫ਼ਤਰ ਵਿਚ ਬੈਠੇ ਗੁਰਦਵਾਰਾ ਪ੍ਰਬੰਧਕਾਂ ਦੀ ਹਾਜ਼ਰੀ ਵਿਚ ਬੋਲ ਉਠਿਆ : "ਆਓ ਪ੍ਰੋ. ਘੱਗਾ ਸਾਹਬਿ ਜੀ ਬੜੀ ਦੇਰ ਪਿਛੋਂ ਮਿਲੇ ਹੋ।" ਪ੍ਰਬੰਧਕਾਂ ਵਿਚੋਂ ਇਕ ਸੱਜਣ ਕਹਿਣ ਲਗਿਆ ਕਿ ਇਹ ਘੱਗਾ ਜੀ ਹਨ ? ਪਰ ਸਾਡੇ ਕੋਲ ਤਾਂ ਗਿਆਨੀ ਇੰਦਰ ਸਿੰਘ ਪਟਿਆਲੇ ਵਾਲੇ ਕਹਿ ਕੇ

ਹਫ਼ਤਾ ਬੁੱਕ ਕਰਾਉਂਦੇ ਹਨ। ਉਹ ਵੀਰ ਕਹਿਣ ਲੱਗਾ ਕਿ ਉਹ ਭੀ ਠੀਕ ਹੈ, ਜੋ ਮੈਂ ਕਹਿ ਰਿਹਾ ਹਾਂ ਇਹ ਭੀ ਠੀਕ ਹੈ। ਪ੍ਰੋ. ਘੱਗਾ ਤੇ ਗਿਆਨੀ ਇੰਦਰ ਸਿੰਘ ਇਕੋ ਵਿਅਕਤੀ ਹੈ। ਬਸ ਫਿਰ ਕੀ ਸੀ ਸਮਝੋ ਅੰਨ੍ਹੇ ਦੇ ਪੈਰ ਹੇਠਾਂ ਬਟੇਰਾ ਆ ਗਿਆ। ਉਨ੍ਹਾਂ ਝੱਟਪਟ ਆਪਣੇ ਨਾਲ ਸਬੰਧਤ ਸਾਰੇ ਪ੍ਰਬੰਧਕਾਂ ਨੂੰ ਇਹ "ਸਨਸਨੀ ਖੇਜ" ਖ਼ਬਰ ਦੇ ਦਿੱਤੀ। ਸਾਰੇ ਚੁਕੰਨੇ ਹੋ ਗਏ, ਹੁਣ ਵੀਕ ਲੈ ਕੇ ਵਿਖਾਵੇ ਕਿਵੇਂ ਲਵੇਗਾ। ਇਸੇ ਵਿਲਨਹਾਲ ਗੁਰਦਵਾਰੇ ਵਿਚ ਹੀ, ਮਾਰਚ 2003 ਨੂੰ ਹੀ ਚਾਲੀ ਕੁ ਟਕਸਾਲੀਏ ਹਜੂਮ ਬਣਾ ਕੇ ਆ ਗਏ। ਮੇਰੀ ਇਕ ਲਿਖਤ ਜੋ ਦੇਸ਼ ਪ੍ਰਦੇਸ਼ ਇੰਗਲੈਂਡ ਦੇ ਅਖ਼ਬਾਰ ਵਿਚ ਛਪੀ ਹੋਈ ਸੀ। ਉਸ ਨੂੰ ਆਧਾਰ ਬਣਾ ਕੇ ਲੱਗੇ ਗਾਲਾਂ ਦੀ ਬੁਛਾੜ ਕਰਨ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਭੁੱਲ ਗਈ, ਇਨਸਾਨੀਅਤ ਦੇ ਅਸੂਲ ਵਿਸਾਰ ਦਿੱਤੇ। ਗੰਦੀਆਂ ਗਾਲਾਂ ਤੇ ਧੱਕਾ ਮੁੱਕੀ।

ਜਦੋਂ ਮੈਂ ਪ੍ਰਧਾਨ ਨੂੰ ਪੁਲਿਸ ਬੁਲਾ ਲੈਣ ਦੀ ਚਿਤਾਵਨੀ ਦਿੱਤੀ ਤਾਂ ਉਸ ਨੇ ਇਨ੍ਹਾਂ ਬੁਰਛਾ ਗਰਦਾਂ ਨੂੰ ਪਰੇ ਕੀਤਾ। ਮੇਰਾ ਰਹਿੰਦਾ ਸਮਾਂ (ਕਥਾ ਦਾ) ਕੈਂਸਲ ਕਰ ਦਿੱਤਾ। ਰਾਤੀ ਅੱਠ ਵਜੇ ਗੁਰਦਵਾਰੇ ਵਿਚੋਂ ਬਾਹਰ ਕੱਢ ਦਿੱਤਾ। ਕਿਸੇ ਸੰਗੀ ਸਾਥੀ ਨੂੰ ਫ਼ੋਨ ਕੀਤਾ ਉਹ ਰਾਤੀ ਲੈ ਕੇ ਗਿਆ। ਇਸ ਤਰ੍ਹਾਂ ਉਹ ਪ੍ਰਚਾਰ ਦੌਰਾ ਵੀ ਅਧੂਰਾ ਛੱਡ ਕੇ ਵਾਪਸ ਪਰਤਣਾ ਪਿਆ। ਮਈ 2006 ਵਿਚ ਮੈਂ ਜਰਮਨੀ ਪਹੁੰਚਿਆ। ਸ੍ਰ. ਮਲਕੀਤ ਸਿੰਘ ਤੇ ਸ੍ਰ. ਕਾਬਲ ਸਿੰਘ ਦੇ ਯਤਨਾ ਦੇ ਬਾਵਜੂਦ ਟਕਸਾਲੀਆਂ ਨੇ ਗੁਰਦਵਾਰਿਆਂ ਵਿਚ ਬੁਕਿੰਗ ਰੋਕਣ ਲਈ ਸਾਰਾ ਤਾਣ ਲਾ ਦਿੱਤਾ। 24-5-06 ਨੂੰ ਫ਼ਰੈਂਕਫ਼ਰਟ ਗੁਰਦਵਾਰੇ ਵਿਚ ਪੰਝੀ ਕੁ ਟਕਸਾਲੀ ਅਤੇ ਅਖੌਤੀ ਖਾੜਕੂਆਂ ਨਾਲ ਵਿਚਾਰ ਚਰਚਾ ਹੋਈ। ਉਨ੍ਹਾਂ ਨੂੰ ਹਾਲੀ ਤਕ ਮੇਰੀ ਕਿਤਾਬ ਵਿਚੋਂ ਮੁੱਦਾ ਬਣਾਉਣ ਲਈ ਕੋਈ ਪੰਕਤੀ ਨਹੀਂ ਲੱਭੀ ਸੀ। ਇਸ ਲਈ ਰਿਕਾਰਡ ਕੀਤੀਆਂ ਕਥਾ ਸੀ.ਡੀਜ਼. ਵਿਚੋਂ ਅਧੂਰੇ ਹਿੱਸੇ ਲੈ ਕੇ ਮੈਨੂੰ ਘੇਰਨ ਦਾ ਯਤਨ ਕੀਤਾ। ਅਖੇ "ਤੁਸੀਂ ਮਹਾਂ ਪੁਰਖ ਦੇ ਵਿਰੁੱਧ ਬੋਲਦੇ ਹੋ"। ਜੀ ਨਹੀਂ! ਮੈਂ ਕਦੀ ਮਹਾਂਪੁਰਖਾਂ ਦੇ ਵਿਰੁੱਧ ਨਹੀਂ ਬੋਲਿਆ। ਤੁਸੀਂ ਇਹ ਸਪੱਸ਼ਟ ਕਰੋ ਕਿ ਮਹਾਂਪੁਰਖ ਕਹਿ ਕਿਸ ਨੂੰ ਰਹੇ ਹੋ? ਆਖਣ ਲੱਗੇ ਕਿ ਸੰਤਾਂ, ਬ੍ਰਹਮਗਿਆਨੀਆਂ ਨੂੰ।

ਹਾਂ ਜੀ, ਤਾਂ ਹੁਣ ਆਈ ਗੱਲ ਟਿਕਾਣੇ ਸਿਰ, ਮੈਂ ਤਾਂ ਸਮਝਿਆ ਸੀ ਕਿ ਤੁਸੀਂ ਦਸ ਗੁਰੂ ਸਾਹਿਬਾਨ ਨੂੰ ਮਹਾਂਪੁਰਖ ਆਖ ਰਹੇ ਹੋਵੋਗੇ। ਫਿਰ ਸੋਚਿਆ ਸੀ ਬਾਣੀ ਰਚੈਤਾ ਭਗਤਾਂ, ਗੁਰਸਿੱਖਾਂ ਨੂੰ ਸੰਤ ਜਾਂ ਬ੍ਰਹਮਗਿਆਨੀ ਆਖ ਕੇ

ਸਤਿਕਾਰ ਦੇ ਰਹੇ ਹੋਵੋਗੇ। ਅਫ਼ਸੋਸ ਸਦ ਅਫ਼ਸੋਸ! ਤੁਸੀਂ ਨਿਰਮਲ ਨਿਆਰੇ ਖ਼ਾਲਸਾ ਪੰਥ, ਨੂੰ ਗੁਰੂ ਦੇ ਸਿਧਾਂਤ ਨਾਲੋਂ ਸਾਜ਼ਿਸ਼ ਤਹਿਤ ਤੋੜ ਕੇ ਆਪਣੇ ਸ਼ਰੀਰ ਅਤੇ ਡੇਰੇ ਨਾਲ ਜੋੜਨ ਵਾਲੇ ਵਿਅਕਤੀਆਂ ਨੂੰ, ਮਹਾਂਪੁਰਖ ਤੇ ਬ੍ਰਹਮ ਗਿਆਨੀ ਕਹਿ ਰਹੇ ਹੋ? ਜਿਨ੍ਹਾਂ ਡੇਰੇਦਾਰਾਂ ਨੇ ਪੰਥ ਵਿਚ ਵੰਡੀਆਂ ਪਾਈਆਂ। ਅਕਾਲ ਤਖ਼ਤ ਦੀ ਮਰਿਆਦਾ ਦਾ ਅਪਮਾਨ ਕੀਤਾ। ਕਰੋੜਾਂ ਰੁਪਏ ਦੀਆਂ ਨਿੱਜੀ ਜਾਇਦਾਦਾਂ ਬਣਾਈਆਂ। ਜਿਨ੍ਹਾਂ ਨੇ ਕਿਰਤ ਕਰੋ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਦਿੱਤੀ। ਆਪਣੇ ਡੇਰਿਆਂ ਵਿਚ ਵਿਹਲੜਾਂ ਦੀਆਂ ਧਾੜਾਂ ਪੈਦਾ ਕੀਤੀਆਂ। ਗ੍ਰਿਸਤ ਮਾਰਗ ਤੋਂ ਭਗੋੜੇ, ਤੇ ਵਾਸਨਾਂ ਵਿਚ ਗਰਕੇ ਹੋਏ ਵਿਗੜੇ ਲੋਕਾਂ ਨੂੰ ਤੁਸੀਂ ਬ੍ਰਹਮਗਿਆਨੀ ਤੇ ਸੰਤ ਕਹਿ ਰਹੇ ਹੋ? ਇਤਨੇ ਸਤਿਕਾਰ ਨਾਲ ਤਾਂ ਤੁਸੀਂ ਕਦੀ ਗੁਰੂ ਨਾਨਕ ਸਾਹਿਬ ਜੀ ਦਾ ਨਾਮ ਭੀ ਨਹੀਂ ਲੈਂਦੇ, ਜਿੰਨੇ ਵਿਸ਼ੇਸ਼ਣ ਆਪਣੇ ਵਿਹਲੜ ਸਾਧਾਂ ਦੇ ਨਾਮ ਨਾਲ ਜੋੜਦੇ ਹੋ। ਜਿਹੜੇ ਸਾਧ, ਸਿੱਖਾਂ ਨੂੰ ਬ੍ਰਾਹਮਣੀ ਖਾਰੇ ਸਾਗਰ ਵਿਚ ਡੋਬਣ ਲਈ ਪੂਰੇ ਪ੍ਰਬੰਧ ਕਰ ਚੁੱਕੇ ਹੋਏ ਹਨ। ਤੁਸੀਂ ਉਨ੍ਹਾਂ ਦਾ ਸਤਿਕਾਰ ਕਰਨ ਦੀ ਮੇਰੇ ਕੋਲੋਂ ਰਾਈ ਭਰ ਆਸ ਨਾ ਕਰੋ। ਫਿਰ ਬਾਜ਼ੀ ਹਥੋਂ ਜਾਂਦੀ ਵੇਖ ਕੇ ਆਖਣ ਲੱਗੇ, "ਤੁਸੀਂ ਬਾਬਾ ਜਰਨੈਲ ਸਿੰਘ ਬਾਰੇ ਗ਼ਲਤ ਟਿੱਪਣੀਆਂ ਕੀਤੀਆਂ ਹਨ। ਮੇਰਾ ਜੁਆਬ ਸੀ ਕਿ "ਸ਼ਹੀਦ ਬਿਲਾਸ" ਕਿਤਾਬ, ਜੋ ਵੱਖੋ ਵੱਖਰੇ ਲੇਖਕਾਂ ਵਲੋਂ ਲਿਖੀ ਹੋਈ ਹੈ, ਉਸ ਵਿਚ ਸੱਭ ਤੋਂ ਪਹਿਲਾ ਲੇਖ ਮੇਰਾ ਹੀ ਹੈ "ਵੀਹਵੀਂ ਸਦੀ ਦਾ ਸ਼੍ਰੋਮਣੀ ਸਿੱਖ" ਪੜ੍ਹ ਕੇ ਵੇਖ ਲਓ...।

ਬਹੁਤ ਹੀ ਦੁਖੀ ਮਨ ਨਾਲ ਲਿਖਣਾ ਪੈ ਰਿਹਾ ਹੈ ਕਿ ਇਨ੍ਹਾਂ ਵਿਚੋਂ ਕਿਸੇ ਵਿਅਕਤੀ ਨੇ ਕਦੇ ਗੁਰਬਾਣੀ ਦਾ ਅਧਿਐਨ ਨਹੀਂ ਕੀਤਾ। ਕਿਸੇ ਨੇ ਇਤਿਹਾਸ ਨਹੀਂ ਪੜ੍ਹਿਆ। ਕਿਸੇ ਨੂੰ ਸਿੱਖ ਰਹਿਤ ਮਰਿਆਦਾ ਬਾਰੇ ਗਿਆਨ ਨਹੀਂ। ਕੋਈ ਹੋਵੇਗਾ ਉਂਗਲਾਂ 'ਤੇ ਗਿਣੇ ਜਾਣਯੋਗ ਵਿਅਕਤੀ, ਜਿਸ ਨੂੰ ਧਰਮ ਦੀ ਕੁੱਝ ਸਮਝ ਹੋਵੇ। ਵਰਨਾਂ ਵਿਦੇਸ਼ਾਂ ਵਿਚ ਪੱਕੇ ਹੋਣਾ, ਖ਼ਾਲਿਸਤਾਨ ਦੇ ਨਾਮ 'ਤੇ ਮਾਇਆ ਇਕੱਤਰ ਕਰਨੀ। ਗੁਰਦਵਾਰਿਆਂ 'ਤੇ ਲਾਠੀ, ਗੋਲੀ ਦੇ ਜ਼ੋਰ ਕਬਜੇ ਕਰਨੇ। ਦੇਸ਼ ਵਿਚੋਂ ਬੰਦੇ ਮੰਗਵਾ ਕੇ, ਵੱਡੀਆਂ ਰਕਮਾਂ ਬਟੋਰਨੀਆਂ ਜਾਂ ਆਪਣੇ ਹੀ ਰਿਸ਼ਤੇਦਾਰ, ਭਾਈ ਭਤੀਜੇ ਵਿਦੇਸ਼ਾਂ ਵਿਚ ਜਾਇਜ਼-ਨਾਜਾਇਜ਼ ਢੰਗ ਨਾਲ ਸੈਟ ਕਰਾਉਣੇ। ਜਦੋਂ ਮੈਂ ਸਵਾਲ ਕੀਤਾ "ਕਿ ਸ੍ਰੀ ਗੁਰਚਰਨ ਸਿੰਘ ਟੌਹੜਾ, ਸ੍ਰੀ ਹਰਚੰਦ ਸਿੰਘ ਲੌਂਗੋਵਾਲ ਜਦੋਂ ਦਰਬਾਰ ਸਾਹਿਬ ਤੇ ਸਾਕਾ ਨੀਲਾ ਤਾਰਾ ਵਕਤ ਆਪਣੇ ਸਾਥੀਆਂ ਸਮੇਤ ਗ੍ਰਿਫ਼ਤਾਰ ਹੋ ਗਏ ਸਨ, ਉਸ ਵਕਤ ਲੋਕਾਂ ਦਾ ਉਨ੍ਹਾਂ

ਪ੍ਰਤੀ ਕੀ ਕਹਿਣਾ ਜਾਂ ਸੋਚਣਾ ਸੀ?" ਆਖਣ ਲੱਗੇ–"ਉਨ੍ਹਾਂ ਸ਼ਰੇਆਮ ਪੰਥ ਨੂੰ ਧੋਖਾ ਦਿੱਤਾ। ਮਰ ਮਿਟਣ ਦੀਆਂ ਕਸਮਾਂ ਖਾ ਕੇ ਸਿੱਖਾਂ ਦੀਆਂ ਲਾਸ਼ਾਂ ਉਤੋਂ ਦੀ ਲੰਘ ਕੇ ਸਰਕਾਰੀ ਗੱਡੀਆਂ ਵਿਚ ਜਾ ਬੈਠੇ। ਉਨ੍ਹਾਂ ਵੱਡੀ ਕਾਇਰਤਾ ਵਿਖਾਈ ਸੀ ਉਸ ਵਕਤ"। "ਪਰ ਹੋਸ਼ ਹਵਾਸ ਕਾਇਮ ਰਖ ਕੇ ਧਿਆਨ ਨਾਲ ਸੁਣੋ! ਤੁਸੀਂ ਅਖੌਤੀ ਖਾੜਕੂਆਂ ਅਤੇ ਟਕਸਾਲ ਵਾਲਿਆਂ ਨੇ ਜਦੋਂ ਇਹ ਐਲਾਨ ਕੀਤਾ ਕਿ ਭਾਈ ਜਰਨੈਲ ਸਿੰਘ ਜੀਵਤ ਹੈ, ਚੜ੍ਹਦੀ ਕਲਾ ਵਿਚ ਹੈ। ਕੀ ਉਸ ਵਕਤ ਤੁਸੀਂ ਖ਼ੁਦ ਉਸ ਨੂੰ ਗੱਦਾਰਾਂ ਦੀ ਕਤਾਰ ਵਿਚ ਆਪ ਖੜਾ ਨਹੀਂ ਕੀਤਾ? ਲੋਕਾਂ ਦੇ ਪੁੱਤ ਮਰਵਾ ਕੇ, ਅਕਾਲ ਤਖ਼ਤ ਢੁਹਾ ਕੇ ਖ਼ੁਦ ਜਾਨ ਬਚਾ ਕੇ ਨਸ ਜਾਣਾ ਕਿਥੋਂ ਦੀ ਸੂਰਮਗਤੀ ਹੈ? ਕੀ ਇਕੀ ਸਾਲ ਤਕ ਇਹ ਕਾਇਰਤਾ ਅਤੇ ਗੱਦਾਰੀ ਭਾਈ ਜਰਨੈਲ ਸਿੰਘ ਦੇ ਮੱਥੇ ਨਹੀਂ ਮੜ੍ਹੀ? ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲੱਖਾਂ ਵਾਰ ਬੋਲਿਆ ਗਿਆ ਝੂਠ ਕੀ ਤੁਹਾਨੂੰ ਸ਼ਰਮਸਾਰ ਨਹੀਂ ਕਰਦਾ?

ਮੇਰੀਆਂ ਦਲੀਲਾਂ ਦਾ ਉਨ੍ਹਾਂ ਕੋਲ ਕੋਈ ਉਤਰ ਨਹੀਂ ਸੀ। ਜਹਾਜ਼ ਅਗਵਾਕਾਰ ਭਾਈ ਰਾਜਿੰਦਰ ਸਿੰਘ ਦਾ ਇਕ ਸਾਥੀ (ਪ੍ਰਦੇਸ਼ੀ) ਜੋ ਇਸ ਵਿਚਾਰ ਚਰਚਾ ਵਿਚ ਸ਼ਾਮਿਲ ਸੀ। ਜਦੋਂ ਮੈਂ ਉਸ ਨੂੰ ਗੁਰਬਾਣੀ ਬਾਰੇ ਇਤਿਹਾਸ ਬਾਰੇ ਜਾਂ ਸੰਸਾਰ ਦੀਆਂ ਕ੍ਰਾਂਤੀਕਾਰੀ ਲਹਿਰਾਂ ਬਾਰੇ ਕੁੱਝ ਸਵਾਲ ਕੀਤੇ, ਤਾਂ ਉਹ ਕੋਈ ਜਵਾਬ ਨਾ ਦੇ ਸਕਿਆ। ਉਸ ਨੇ ਅਜਿਹੀ ਕੋਈ ਕਿਤਾਬ ਨਹੀਂ ਪੜ੍ਹੀ ਸੀ। ਇਨ੍ਹਾਂ ਬੰਦਿਆਂ ਵਿਚ ਦੋ ਧੜੇ ਬਣ ਗਏ। ਇਕ ਧੜਾ ਮੈਨੂੰ ਗੁਰਦਵਾਰੇ ਵਿਚ ਕਥਾ ਦਾ ਸਮਾਂ ਦੇਣ ਦੇ ਹੱਕ ਵਿਚ ਤੇ ਇਕ ਵਿਰੋਧ ਵਿਚ ਨਿੱਤਰ ਪਿਆ। ਹਮਾਇਤੀ ਧੜੇ ਨੇ ਫਿਰ ਇਹ ਸ਼ਰਤ ਰੱਖ ਦਿੱਤੀ ਕਿ ਜੇ ਇੰਦਰ ਸਿੰਘ ਘੱਗਾ ਨੂੰ ਤੁਸੀਂ ਬੋਲਣ ਨਹੀਂ ਦਿਉਗੇ, ਤਾਂ ਅਸੀਂ ਤੁਹਾਡੇ ਨੰਗੀਆਂ ਲੱਤਾਂ, ਤੇ ਲੰਮੇ ਝੱਗਿਆਂ ਵਾਲੇ ਸਾਧਾਂ ਨੂੰ ਭੀ ਨਹੀਂ ਬੋਲਣ ਦਿਆਂਗੇ। ਇਸ ਕਸ਼ਮਕਸ਼ ਵਿਚ ਦਾਸ ਨੂੰ ਫ਼ਰੈਂਕਫ਼ਰਟ ਗੁਰਦਵਾਰੇ ਐਤਵਾਰ ਦੇ ਮੁੱਖ ਦੀਵਾਨ ਵਿਚ ਬੋਲਣ ਦਾ ਸਮਾਂ ਦਿੱਤਾ ਗਿਆ। ਲਗਪਗ 50 ਮਿੰਟ ਮੈਂ ਕਥਾ ਕੀਤੀ। ਆਮ ਸੰਗਤ ਨੇ ਅਤਿਅੰਤ ਸ਼ਲਾਘਾ ਕੀਤੀ। ਮੇਰੀਆਂ ਕਿਤਾਬਾਂ ਤੇ ਸੀ.ਡੀਜ਼. ਸਾਰੀਆਂ ਹੀ ਲੇਖੇ ਲੱਗ ਗਈਆਂ। ਮੇਰੇ ਬਾਹਰ ਉਠ ਕੇ ਆਉਣ 'ਤੇ ਨਾਲ ਹੀ ਅੱਧੀ ਕੁ ਸੰਗਤ ਬਾਹਰ ਆ ਗਈ। ਕਿਉਂਕਿ ਸਟੇਜ ਸੈਕਟਰੀ ਮੇਰੇ ਵਿਰੁੱਧ ਫਿਰ ਤਰ੍ਹਾਂ ਤਰ੍ਹਾਂ ਦੇ ਵਿਅੰਗ ਕਸ ਰਿਹਾ ਸੀ ਜਿਸ ਨੂੰ ਸੰਗਤ ਨੇ ਪਸੰਦ ਨਾ ਕੀਤਾ ਤੇ ਬੁਰਾ ਭਲਾ ਬੋਲਦੇ ਉਠ ਕੇ ਜਾਣਾ ਹੀ ਬਿਹਤਰ ਸਮਝਿਆ।

ਜੂਨ ਮਹੀਨੇ ਦੇ ਪਹਿਲੇ ਹਫ਼ਤੇ (06) ਮੈਂ ਜਰਮਨੀ ਤੋਂ ਇਟਲੀ ਚਲਾ ਗਿਆ। ਇਥੇ ਐਤਵਾਰ ਨੂੰ ਭਰਵੀਂ ਸੰਗਤ ਵਿਚ ਬੋਲਣ ਦਾ ਮੌਕਾ ਮਿਲਿਆ। "ਖਾੜਕੂ" ਪ੍ਰਬੰਧਕਾਂ ਵਲੋਂ ਹੁਕਮ ਦਿੱਤਾ ਗਿਆ ਸੀ ਕਿ ਸਾਕਾ ਨੀਲਾ ਤਾਰਾ ਬਾਰੇ ਤੇ ਖ਼ਾਲਿਸਤਾਨ ਬਾਰੇ ਜ਼ਰੂਰ ਬੋਲਿਆ ਜਾਵੇ। ਮੈਂ ਪਹਿਲਾਂ ਸ਼ਹੀਦੀ ਦਾ ਸੰਕਲਪ ਬਿਆਨ ਕੀਤਾ। ਅਖ਼ੀਰਲੇ ਪੰਜ ਕੁ ਮਿੰਟਾਂ ਵਿਚ ਇਹ ਤਲਖ਼ ਹਕੀਕਤ ਸਾਹਮਣੇ ਲਿਆਂਦੀ : "ਭਰਾਵੋ ਤੇ ਭੈਣੋ! ਖਾਸ ਤਵਜੋਂ ਦਿਓ : ਮੈਨੂੰ ਖ਼ਾਲਿਸਤਾਨ ਬਾਰੇ ਬੋਲਣ ਲਈ ਕਿਹਾ ਗਿਆ ਹੈ। ਮੇਰੇ ਸਾਹਮਣੇ ਬੈਠੀ ਸੰਗਤ ਵਿਚ 90% ਵਿਅਕਤੀ ਕੇਸਾਂ ਤੋਂ ਰਹਿਤ ਬੈਠੇ ਹਨ। ਨੱਬੇ ਪਚਾਨਵੇਂ ਫ਼ੀ ਸਦੀ ਸਿੱਖਾਂ ਨੂੰ ਗੁਰਬਾਣੀ ਦੀਆਂ ਦੋ ਚਾਰ ਪੌੜੀਆਂ ਸ਼ਬਦ ਯਾਦ ਨਹੀਂ ਹਨ। ਏਨੇ ਕੁ ਹੀ ਸਿੱਖ ਸ਼ਰਾਬੀ ਬਣ ਚੁੱਕੇ ਹਨ। ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਸਮਗਲਿੰਗ ਕਰ ਰਹੇ ਹਨ, ਰਿਸ਼ਵਤਾਂ ਲੈ ਦੇ ਰਹੇ ਹਨ। ਭਰੂਣ ਹਤਿਆਵਾਂ ਦੇ ਦੋਸ਼ੀ ਹਨ, ਪਰ ਡੀਂਗਾਂ ਖ਼ਾਲਿਸਤਾਨ ਦੀਆਂ ਮਾਰਦੇ ਹਨ। ਪੰਜਾਬ ਵਿਚ ਬੜਾ ਸਰਕਾਰੀ ਕਹਿਰ ਵਾਪਰਿਆ ਸੀ । ਇਥੇ ਵਿਦੇਸ਼ਾਂ ਵਿਚ ਤੁਹਾਡੀਆਂ ਪੱਗਾਂ ਭਾਰਤ ਸਰਕਾਰ ਨੇ ਨਹੀਂ ਉਤਾਰੀਆਂ। ਤੁਹਾਡੇ ਦਾੜ੍ਹੀ, ਕੇਸ ਭਾਰਤੀ ਪੁਲਿਸ ਨੇ ਨਹੀਂ ਕੁਤਰੇ। ਤੁਹਾਨੂੰ ਗੁਰਬਾਣੀ ਪੜ੍ਹਨ ਤੋਂ ਕਿਸੇ ਫ਼ੌਜੀ ਡੰਡੇ ਨੇ ਨਹੀਂ ਰੋਕਿਆ। ਅਕਾਲ ਤਖ਼ਤ ਢੱਠੇ ਦੀ ਦੁਹਾਈ ਦੇਣੀ ਪਰ ਖ਼ੁਦ ਆਪਣੀਆਂ ਦਸਤਾਰਾਂ ਕੇਸਾਂ ਤਕ ਦੀ ਸੰਭਾਲ ਨਾ ਕਰਨੀ। ਫੜ੍ਹਾਂ, ਸਿੱਖ ਰਾਜ ਦੀਆਂ ਮਾਰਨੀਆਂ, ਪਰ ਰਾਜਨੀਤੀ ਦਾ ੳ ਅ ਭੀ ਨਾ ਆਉਣਾ, ਇਹ ਕੇਵਲ ਬਚਗਾਨੀਆਂ ਹਰਕਤਾਂ ਹਨ। ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ, ਪਹਿਲਾਂ ਗੁਰਬਾਣੀ ਪੜ੍ਹਾ ਲਉ। ਸ਼ਾਨਾਮਤਾ ਇਤਿਹਾਸ ਸਮਝਾ ਲਉ। ਦਾੜ੍ਹੀ ਕੇਸ ਰਖਵਾ ਲਉ, ਦਸਤਾਰਾਂ ਸਜਾ ਲਉ।.. ਉਸ ਤੋਂ ਮਗਰੋਂ ਰਾਜ ਬਾਰੇ ਗੱਲਾਂ ਕਰ ਸਕਦੇ ਹੋ। ਉਹ ਵੀ ਸਰਬ ਪ੍ਰਮਾਣਤ ਸ਼ਾਂਤਮਈ ਨੀਤੀ ਤਿਆਰ ਕਰ ਕੇ, ਕਿਉਂਕਿ ਦਹਿਸ਼ਤਗਰਦੀ ਦਾ ਸਾਰੀ ਦੁਨੀਆਂ ਦੀਆਂ ਸਰਕਾਰਾਂ ਵਿਰੋਧ ਕਰਦੀਆਂ ਹਨ। ਸਾਨੂੰ ਕਿਸੇ ਪਾਸਿਉਂ ਭੀ ਹਮਾਇਤ ਨਹੀਂ ਮਿਲ ਸਕੇਗੀ। ਪੰਜਾਬ ਵਿਚ ਜੀਵਤ ਖਾੜਕੂ ਲੀਡਰ ਸ੍ਰੀ ਸਿਮਰਜੀਤ ਸਿੰਘ ਮਾਨ, ਸ੍ਰੀ ਅਤਿੰਦਰਪਾਲ ਸਿੰਘ, ਸ੍ਰੀ ਦਲਜੀਤ ਸਿੰਘ ਬਿੱਟੂ ਸ੍ਰੀ ਵੱਸਣ ਸਿੰਘ ਜੱਫਰਵਾਲ ਆਦਿ ਹਥਿਆਰਬੰਦ ਸੰਘਰਸ਼ ਤਿਆਗ ਕੇ "ਸ਼ਾਂਤਮਈ" ਵਾਲਾ ਰਾਹ ਅਖਤਿਆਰ ਕਰ ਚੁਕੇ ਹਨ।

ਬਸ ਫਿਰ ਕੀ ਸੀ ਅਖੌਤੀ ਖਾੜਕੂਆਂ ਨੇ ਤੁਰੰਤ ਬੋਲਣ ਤੋਂ ਰੋਕਣ ਦੀ ਸਖ਼ਤ

ਹਦਾਇਤ ਕਰ ਦਿੱਤੀ। ਮੈਂ ਉਠ ਕੇ ਬਾਹਰ ਚਲ ਪਿਆ ਤੇ ਇਹ ਖ਼ਾਲਿਸਤਾਨੀ ਭਰਾ ਮੇਰੇ ਵਿਰੁੱਧ ਭੜਾਸ ਕੱਢਦਾ ਰਿਹਾ। ਸੰਗਤ ਉਠ ਕੇ ਬਹੁਤੀ ਬਾਹਰ ਮੇਰੇ ਕੋਲ ਆ ਚੁਕੀ ਸੀ। ਸਵਾਲ ਜੁਆਬ ਕਰ ਰਹੀ ਸੀ। ਪ੍ਰਬੰਧਕਾਂ ਨੇ ਦਫ਼ਤਰ ਵਿਚ ਬੁਲਾ ਕੇ ਭੀ ਸਖ਼ਤ ਕਲਾਮੀ ਕੀਤੀ ਪਰ ਦਲੀਲ ਅੱਗੇ ਕੋਈ ਖਲੋ ਨਾ ਸਕਿਆ । ਇਥੇ ਇਕ ਹਫ਼ਤਾ ਲਾ ਕੇ, ਹਲ ਚਲ ਜਿਹੀ ਮਚਾ ਕੇ, ਦਾਸ ਜੂਨ ਦੇ ਦੂਜੇ ਹਫ਼ਤੇ ਇੰਗਲੈਂਡ ਪਹੁੰਚ ਗਿਆ ਜਿਸਦਾ ਵੇਰਵਾ ਤੁਸੀਂ ਅਗਲੇ ਹਿੱਸੇ ਵਿਚ ਪੜ੍ਹੋਗੇ।

ਕਰਣੀ ਕੀਰਤਿ ਗੁਰਮਤਿ ਸਾਰੁ ॥
ਸੰਤ ਸਭਾ ਗੁਣ ਗਿਆਨ ਬੀਚਾਰੁ ॥ (1343)

***

# ਮੁਆਫੀਨਾਮੇ ਦੇ ਜੁਆਬ ਵਿਚ

ਸਤੰਬਰ ਤੇ ਅਕਤੂਬਰ 2006 ਨੂੰ ਲੇਖਕ ਅਮਰੀਕਾ ਕੈਨੇਡਾ ਦੇ ਧਰਮ ਪ੍ਰਚਾਰ ਦੌਰੇ ’ਤੇ ਗਿਆ ਸੀ। ਇਨ੍ਹਾਂ ਦੋ ਮਹੀਨਿਆਂ ਵਿਚ, ਟਕਸਾਲ ਨਾਲ ਸਬੰਧਤ ਵਿਅਕਤੀਆਂ ਨੇ ਜੋ ਬੁਰਛਾ ਗਰਦੀ ਕੀਤੀ ਉਸ ਦਾ ਕਾਫ਼ੀ ਹਿੱਸਾ ਅਖਬਾਰਾਂ ਵਿਚ ਛਪ ਚੁਕਿਆ ਹੈ। ਨਿਊਯਾਰਕ ਦੇ ਇਕ ਗੁਰਦਵਾਰੇ (ਰਿਚਮੰਡ ਹਿਲ) ਜੋ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਇਨ੍ਹਾਂ ਲੋਕਾਂ ਨੇ ਮੈਨੂੰ ਬੋਲਣ ਤੋਂ ਰੋਕਣ ਲਈ ਗੁੰਡਾ ਗਰਦੀ ਕੀਤੀ ਉਹ ਅਖਬਾਰਾਂ ਵਿਚ ਨਹੀਂ ਆਈ। ਜਿਵੇਂ ਇਨ੍ਹਾਂ ਲੋਕਾਂ ਨੇ ਨੰਗੇਜ ਭਰਪੂਰ ਗਾਲੀ ਗਲੋਚ ਕੀਤਾ, ਉਹ ਲਿਖਿਆ ਜਾਣਾ ਸੰਭਵ ਨਹੀਂ ਹੈ। ਕੈਨੇਡਾ ਦੇ ਸਿੱਖ ਹੈਰੀਟੇਜ਼ ਗੁਰਦਵਾਰੇ ਵਿਚ, ਪ੍ਰਬੰਧਕਾਂ ਤੋਂ ਪ੍ਰਵਾਨਗੀ ਲੈ ਕੇ 24-9-06 ਨੂੰ ਮੈਂ ਹਾਲੀ ਸਟੇਜ ’ਤੇ ਬੈਠਿਆ ਹੀ ਸਾਂ ਕਿ ਇਨ੍ਹਾਂ ਭੱਦਰ ਪੁਰਸ਼ਾਂ ਨੇ

"ਸਿਮਰਨ" ਕਰਨਾ ਸ਼ੁਰੂ ਕਰ ਦਿੱਤਾ। ਮਜਬੂਰੀ ਵਸ ਇਸੇ ਬਦਅਮਨੀ ਵਿਚ ਮੈਨੂੰ ਅੱਧਾ ਘੰਟਾ ਬੋਲਣਾ ਪਿਆ। ਅਖ਼ੀਰ ਵਿਚ ਇਨ੍ਹਾਂ ਮਾਈਕ ਚੁੱਕ ਕੇ ਮੇਰੇ 'ਤੇ ਵਾਰ ਕਰਨਾ ਚਾਹਿਆ ਪਰ ਮਾਈਕ ਫਿਕਸ ਕੀਤਾ ਹੋਇਆ ਸੀ, ਬਚਾ ਹੋ ਗਿਆ। ਏਨੇ ਵਿਚ ਮੇਰੇ ਸੰਗੀ ਸਾਥੀਆਂ ਨੇ ਇਨ੍ਹਾਂ ਖਰੂਦੀਆਂ ਨੂੰ ਕਾਬੂ ਕਰ ਲਿਆ। ਇਸ ਦੀ ਵੀਡਿਓ ਫ਼ਿਲਮ ਮੌਜੂਦ ਹੈ, ਸਿੰਘ ਸਭਾ ਕੈਨੇਡਾ ਡੋਟ ਕੋਮ ਤੋਂ ਅਤੇ ↰↰↰.✚▲🚹✥✶ ✥🚹✡⇩⇦✴▲🚹⇦✿✪↔.✴✿✡ ਤੋਂ ਕਲਿਕ ਕਰ ਕੇ ਵੇਖੀ ਜਾ ਸਕਦੀ ਹੈ।

ਇਸ ਘਟਨਾ ਤੋਂ ਮਗਰੋਂ ਹੋਇਆ ਸ਼ੁਰੂ ਸਿਲਸਲਾ ਅਖਬਾਰਾਂ, ਰੇਡੀਓ 'ਤੇ ਸਵਾਲ ਜਵਾਬ ਤੇ ਬਹਿਸ ਮੁਬਾਸਾ। ਮੈਂ ਰੇਡੀਓ ਤੋਂ ਕਈ ਵਾਰ ਇਹ ਗੱਲ ਦੁਹਰਾਈ ਕਿ ਮੇਰੀਆਂ ਲਿਖਤਾਂ ਵਿਚ ਜੇ ਕੋਈ ਗੁਰਬਾਣੀ ਤੋਂ ਉਲਟ ਗੱਲ ਹੈ ਤਾਂ ਮੈਨੂੰ ਦੱਸੀ ਜਾਵੇ। ਮੇਰੀ ਲਿਖੀ ਕਿਸੇ ਪੰਕਤੀ ਕਾਰਨ ਜੇ ਕਿਸੇ ਦੇ ਮਨ ਨੂੰ ਦੁੱਖ ਪਹੁੰਚਿਆ ਹੋਵੇ ਤਾਂ ਮੈਂ ਉਸ ਤੋਂ ਮਾਫ਼ੀ ਮੰਗ ਲਵਾਂਗਾ। ਜਿਸ ਕਾਰਨ ਏਨਾ ਵੱਡਾ ਵਿਵਾਦ ਉਠਿਆ ਹੈ, ਉਹ ਹੈ ਗਿ. ਗੁਰਬਚਨ ਸਿੰਘ ਦੀਆਂ ਗੁਰਮਤਿ ਵਿਰੋਧੀ ਲਿਖਤਾਂ। ਜਿਨ੍ਹਾਂ ਨੂੰ ਮੈਂ ਪੰਨੇਵਾਰ ਸਿੱਖ ਪੰਥ ਦੀ ਕਚਹਿਰੀ ਵਿਚ ਪੇਸ਼ ਕੀਤਾ ਹੈ ਕਿ ਕਿਵੇਂ ਇਨ੍ਹਾਂ ਆਪੂੰ ਬਣੇ ਬ੍ਰਹਮਗਿਆਨੀਆਂ ਨੇ, ਨਿਰਮਲ ਨਿਆਰੇ ਪੰਥ ਨੂੰ ਬ੍ਰਾਹਮਣੀ ਖਾਰੇ ਸਾਗਰ ਵਿਚ, ਗਰਕ ਕਰ ਦਿੱਤਾ ਹੈ। ਮੇਰੇ ਵਲੋਂ ਉਠਾਏ 400 ਨੁਕਤਿਆਂ ਦਾ ਅੱਜ ਤਕ ਕਿਸੇ ਟਕਸਾਲੀਏ ਨੇ, ਜਾਂ ਉਨ੍ਹਾਂ ਦੇ ਹਮਾਇਤੀ ਨੇ ਜਵਾਬ ਨਹੀਂ ਦਿੱਤਾ। ਮੇਰੇ ਨਾਲ ਰੇਡੀਓ 'ਤੇ ਬਹਿਸ ਕਰਨ ਵਾਸਤੇ ਇਨ੍ਹਾਂ ਨੂੰ ਕੈਨੇਡਾ ਵਿਚੋਂ ਕੋਈ ਇਕ ਭੀ ਬੰਦਾ ਨਹੀਂ ਲੱਭਿਆ, ਜੋ ਟਕਸਾਲ ਨੂੰ ਸਹੀ ਤੇ ਮੈਨੂੰ ਗ਼ਲਤ ਸਾਬਤ ਕਰ ਸਕੇ। ਕੋਈ ਪੇਸ਼ ਨਾਂ ਜਾਂਦੀ ਵੇਖ ਕੇ, ਟਕਸਾਲੀਆਂ ਨੇ ਪੰਜਾਬ ਵਿਚੋਂ ਟੈਲੀਫ਼ੋਨ ਰਾਹੀਂ ਮੇਰੇ ਨਾਲ ਬਹਿਸ ਕਰਨ ਵਾਸਤੇ, ਬੰਦੇ ਲਿਆਉਣੇ ਸ਼ੁਰੂ ਕੀਤੇ। ਉਨ੍ਹਾਂ ਵਿਚੋਂ ਵੇਰਵਾ ਇਉਂ ਹੈ :

1. ਭਾਈ ਸੁਖਚੈਨ ਸਿੰਘ (ਧਨਪੁਰਾ-ਬਰੇਟਾ) ਰੇਡੀਓ 'ਤੇ ਫੋਨ ਰਾਹੀਂ ਆਇਆ। ਰੇਡੀਓ ਹੋਸਟ ਨੇ ਉਸ ਨੂੰ ਪੁੱਛਿਆ : "ਤੁਸੀਂ ਪ੍ਰੋ. ਇੰਦਰ ਸਿੰਘ ਨਾਲ ਬਹਿਸ ਕਰਨ ਲਈ ਤਿਆਰ ਹੋ"?

   ਸੁਖਚੈਨ ਸਿੰਘ : "ਹਾਂ ਮੈਂ ਤਿਆਰ ਹਾਂ"।

   ਕੀ ਤੁਸੀਂ ਪ੍ਰੋ. ਘੱਗਾ ਦੀਆਂ ਕਿਤਾਬਾਂ ਪੜ੍ਹੀਆਂ ਹਨ?

   ਸੁਖਚੈਨ ਸਿੰਘ : ਜੀ ਨਹੀਂ ਪੜ੍ਹੀਆਂ।

ਕੀ ਤੁਸੀਂ ਇੰਦਰ ਸਿਘ ਜੀ ਨੂੰ ਜਾਣਦੇ ਹੋ ?

ਸੁਖਚੈਨ ਸਿੰਘ : ਜੀ ਨਹੀਂ ਮੈਂ ਨਹੀਂ ਜਾਣਦਾ ਪਰ ਬਹਿਸ ਕਰਨ ਲਈ ਤਿਆਰ ਹਾਂ।

ਰੇਡੀਓ ਹੋਸਟ ਨੇ ਮੈਨੂੰ ਸਵਾਲ ਕੀਤਾ : ਤੁਸੀਂ ਗੱਲਬਾਤ ਲਈ ਤਿਆਰ ਹੋ ?

ਮੈ ਕਿਹਾ : ਜੀ ਹਾਂ, ਪੂਰੀ ਤਰ੍ਹਾਂ ਤਿਆਰ ਹਾਂ।

ਸਵਾਲ : ਤੁਸੀਂ ਭਾਈ ਸੁਖਚੈਨ ਸਿੰਘ ਨੂੰ ਜਾਣਦੇ ਹੋ ?

ਜਵਾਬ : ਜੀ ਹਾਂ ਚੰਗੀ ਤਰ੍ਹਾਂ ਜਾਣਦਾ ਹਾਂ। ਭਾਈ ਸੁਖਚੈਨ ਸਿੰਘ ਭੀ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ। ਭਾਵੇਂ ਉਸ ਨੇ ਅਣਜਾਣਪੁਣਾ ਜਾਹਰ ਕੀਤਾ ਹੈ ਕਿਉਂਕਿ ਸੰਨ 1984 ਵਿਚ ਅਸੀਂ ਬਠਿੰਡੇ ਜੇਲ੍ਹ ਵਿਚ, ਇਕ ਸਾਲ ਦਾ ਸਮਾਂ ਇਕੱਠਿਆਂ ਬਤੀਤ ਕੀਤਾ ਹੈ। ਵੀਹ ਇਕੀ ਸਾਲ ਪਹਿਲਾਂ ਭੀ ਮੈਂ ਪਖੰਡੀਆਂ ਨੂੰ ਲੰਮੇ ਹੱਥੀ ਲੈਂਦਾ ਸਾਂ। ਉਸ ਥਾਂ ਮੇਰੀ ਮੁਲਾਕਾਤ ਭਾਈ ਸੁਖਚੈਨ ਸਿੰਘ ਨਾਲ ਚੰਗੀ ਤਰ੍ਹਾਂ ਹੁੰਦੀ ਰਹੀ ਹੈ। ਇਹ ਮੈਨੂੰ ਜਾਣਦੇ ਹਨ, ਹੁਣ ਦੁਬਾਰਾ ਪੁੱਛ ਕੇ ਵੇਖੋ। ਪੁੱਛਣ ’ਤੇ ਸੁਖਚੈਨ ਸਿੰਘ ਨੇ ਮੰਨਿਆ ਕਿ ਹਾਂ ਜੇ ਇਹ ਵਿਅਕਤੀ ਉਹੀ ਇੰਦਰ ਸਿੰਘ ਘੱਗਾ ਹੈ, ਤਾਂ ਮੈਂ ਇਸ ਨੂੰ ਜਾਣਦਾ ਹਾਂ। ਮੈਂ ਇਸ ਨਾਲ ਬਹਿਸ ਨਹੀਂ ਕਰ ਸਕਦਾ। ਲਾਈਨ ਬੰਦ ਕਰ ਕੇ ਮੈਂ ਜਾ ਰਿਹਾ ਹਾਂ ਤੇ ਸੱਚ ਮੁੱਚ ਹੀ ਸੁਖਚੈਨ ਸਿੰਘ ਫੋਨ ਬੰਦ ਕਰ ਕੇ ਚਲਾ ਗਿਆ। ਗੱਲਬਾਤ ਕਰਨ ਦੀ ਹਿੰਮਤ ਨਾ ਕਰ ਸਕਿਆ। ਇਹ ਘਟਨਾ 26-9-06 ਦੀ ਹੈ।

2. ਫਿਰ ਇਸੇ ਦਿਨ ਸ਼ਾਮ ਨੂੰ ਮੇਰੇ ਵਿਰੁੱਧ ਬੋਲਣ ਲਈ ਭਾਈ ਸੇਵਕ ਸਿੰਘ ਨੂੰ ਰੇਡੀਓ ’ਤੇ ਬੁਲਾਇਆ ਗਿਆ। ਉਸ ਨੇ ਸਾਂਝੀਆਂ ਗੱਲਾਂ ਹੀ ਕੀਤੀਆਂ, ਜਿਵੇਂ ਕਿ ਸਾਡਾ ਸਾਰਾ ਢਾਂਚਾ ਹੀ ਵਿਗੜ ਚੁਕਿਆ ਹੈ। ਸਾਧ ਬਾਬੇ ਵੀ ਗ਼ਲਤ ਚਲ ਰਹੇ ਹਨ। ਲੇਖਕ ਤੇ ਪ੍ਰਚਾਰਕ ਵੀ ਗ਼ਲਤੀਆਂ ਕਰੀ ਜਾ ਰਹੇ ਹਨ। ਕਿਸੇ ਇਕ ਵਿਅਕਤੀ ਨੂੰ ਦੋਸ਼ੀ ਮੰਨਣਾ ਜਾਇਜ਼ ਨਹੀਂ ਹੈ ।
3. ਇਸ ਤੋਂ ਮਗਰੋਂ ਡਾ: ਗੁਰਸ਼ਰਨਜੀਤ ਸਿੰਘ ਨੂੰ ਸੱਦਿਆ ਗਿਆ। ਉਨ੍ਹਾਂ ਭੀ ਸਾਂਝੀਆਂ ਗੁਰਮਤਿ ਵਿਚਾਰਾਂ ਹੀ ਕੀਤੀਆਂ, ਇਕੱਲੇ ਤੌਰ ’ਤੇ।
4. ਉਪਰੰਤ ਡਾ. ਹਰਪਾਲ ਸਿੰਘ ਪੰਨੂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਫੋਨ ਰਾਹੀਂ ਰੇਡੀਓ ’ਤੇ ਲਿਆਂਦੇ ਗਏ। ਉਨ੍ਹਾਂ ਖੁੱਲੇ ਮਨ ਨਾਲ ਮੇਰੀ ਹਮਾਇਤ ਕੀਤੀ। ਰਿਕਾਡਿੰਗ ਮੇਰੇ ਕੋਲ ਹੈ, ਵਿਸਥਾਰ ਵਿਚ ਕਦੀ ਫਿਰ ਜਿਕਰ ਕਰਾਂਗੇ। ਅਖ਼ੀਰ ਵਿਚ ਇਕੱਲਾ ਇਕੱਲਾ ਮੇਰੇ ਨਾਲ ਦਸਤ ਪੰਜਾ ਲੈਣ ਲਈ ਜਦੋਂ ਕੋਈ

ਨਾ ਮਿਲਿਆ ਤਾਂ "ਦੋ ਸੂਰਮੇ" ਕਾਗ਼ਜ਼ੀ ਭਲਵਾਨ ਲਾਈਨ 'ਤੇ ਲਿਆਂਦੇ ਗਏ। ਰੇਡੀਓ ਹੋਸਟ ਗੁਰਦਿਆਲ ਮੁੰਡੀ ਦੀ ਸ਼ਰਾਰਤ ਵੇਖੋ। ਮੈਨੂੰ ਉਸ ਨੇ 6-10 ਨੂੰ ਖ਼ੁਦ ਮਿਲ ਕੇ ਸੱਦਾ ਦਿੱਤਾ ਕਿ ਤੁਹਾਨੂੰ ਇਕੱਲਿਆਂ ਨੂੰ ਗੁਰਮਤਿ ਬਾਰੇ ਬੋਲਣ ਦਾ ਮੌਕਾ ਦਿਆਂਗਾ। ਅਕਤੂਬਰ 7 ਨੂੰ ਸਵੇਰੇ ਫਿਰ ਮੈਨੂੰ ਵਿਸ਼ਵਾਸ ਦੁਆਇਆ ਕਿ ਤੁਸੀਂ ਆਪਣਾ ਪੱਖ ਪੇਸ਼ ਕਰੋ। ਮੈਂ ਗੁਰਮਤਿ ਵਿਚਾਰਾਂ ਹਾਲੀ ਪੰਜ ਕੁ ਮਿੰਟ ਹੀ ਕੀਤੀਆਂ ਸਨ ਕਿ ਮੈਨੂੰ ਰੋਕ ਕੇ ਰੇਡੀਓ ਪਰਜੈਂਟਰ ਨੇ ਸੂਚਤ ਕੀਤਾ ਕਿ "ਸਾਨੂੰ ਹੁਣੇ ਹੁਣੇ ਲਾਈਨ ਮਿਲੀ ਹੈ, ਪੰਜਾਬ ਤੋਂ ਫੋਨ ਰਾਹੀਂ ਸ੍ਰੀ ਸੁਖਪ੍ਰੀਤ ਸਿੰਘ ਉਦੋਕੇ ਅਤੇ ਭਾਈ ਇੰਦਰਜੀਤ ਸਿੰਘ ਗੋਗੋਆਣੀ ਤੁਹਾਡੇ ਨਾਲ ਵਿਚਾਰ ਚਰਚਾ ਕਰਨਗੇ"।

ਪਾਠਕ ਜਨੋਂ ਧਿਆਨ ਦੇਣਾ, ਉਦੋਕੇ ਪਿੰਡ ਮਹਿਤੇ ਚੌਕ ਕੋਲ ਹੈ ਜਿਥੇ ਸੁਖਪ੍ਰੀਤ ਸਿੰਘ ਦੀ ਰਿਹਾਇਸ਼ ਹੈ। ਭਾਈ ਗੋਗੋਆਣੀ ਅੰਮ੍ਰਿਤਸਰ ਰਹਿ ਰਹੇ ਹਨ। ਦੋਵਾਂ ਦਾ ਪੰਜਾਹ ਕਿਲੋ ਮੀਟਰ ਦਾ ਫਾਸਲਾ ਹੈ। ਕਈ ਦਿਨਾਂ ਦੇ ਯਤਨਾਂ ਰਾਹੀਂ ਦੋਵਾਂ ਨੂੰ ਇਕੋ ਥਾਵੇਂ ਇਕੱਠੇ ਕੀਤਾ ਗਿਆ। ਇਕੋ ਫੋਨ ਤੋਂ ਦੋਵੇਂ ਬੋਲੇ। ਮੇਰੀ ਕਿਤਾਬ ਵਿਚੋਂ ਪੰਨੇ ਲੱਭ ਕੇ ਇਕ ਦੂਜੇ ਨੂੰ ਦੇ ਰਹੇ ਸਨ। ਦੋਵਾਂ ਦੀਆਂ ਆਵਾਜ਼ਾਂ ਫੋਨ ਰਾਹੀਂ ਸੁਣਾਈ ਦੇ ਰਹੀਆਂ ਸਨ। ਫਿਰ ਇਕੱਲੇ ਕਿਸੇ ਦੀ ਹਿੰਮਤ ਨਾ ਪਈ ਇਕੱਠੇ ਦੋ ਲਿਆਂਦੇ ਉਹ ਵੀ ਅਚਨਚੇਤੀ।

ਇਨ੍ਹਾਂ ਦੋਵਾਂ ਭਾਈਆਂ ਨੇ ਖੁਰਦਬੀਨ ਲਾ ਕੇ ਮੇਰੀ ਕਿਤਾਬ ਵਿਚੋਂ ਗ਼ਲਤੀਆਂ ਲੱਭਣ ਦੀ ਬੜੀ ਕੋਸ਼ਿਸ਼ ਕੀਤੀ। ਸਿੱਖ ਰਹਿਤ ਮਰਿਆਦਾ ਨੂੰ ਭੀ ਵਿਚਕਾਰ ਲਿਆਂਦਾ। ਕਾਲਜ ਵਿਚ ਅਸੀਂ ਵਿਦਿਆਰਥੀਆਂ ਨੂੰ ਕੀ ਪੜ੍ਹਾਉਂਦੇ ਹਾਂ, ਇਹ ਸਵਾਲ ਵੀ ਕੀਤੇ ਗਏ। ਮੇਰੇ ਬਾਰੇ ਖੰਡੇਧਾਰ ਮੈਗਜ਼ੀਨ ਨਵੰਬਰ 06 ਦੇ ਪਰਚੇ ਵਿਚ ਲਿਖਿਆ : "ਜਦੋਂ ਤੱਤ ਗੁਰਮਤਿ ਦੇ ਅਖੌਤੀ ਪ੍ਰਚਾਰਕ ਪ੍ਰੋ. ਘੱਗਾ ਸਾਹਿਬ ਨੇ ਅੱਠ ਵਾਰੀ ਮਾਫ਼ੀ ਮੰਗੀ"। ਪਹਿਲਾਂ ਉਠਾਏ ਗਏ ਸਵਾਲਾਂ ਬਾਰੇ ਮੇਰਾ ਕਹਿਣਾ ਸੀ ਕਿ ਜਿੰਨੀ ਦੇਰ ਤਕ ਸਿੱਖ ਰਹਿਤ ਮਰਿਆਦਾ ਵਿਚ ਤਬਦੀਲੀ ਨਹੀਂ ਕਰ ਲਈ ਜਾਂਦੀ ਉਤਨੀ ਦੇਰ ਅਸੀਂ ਵਿਦਿਆਰਥੀਆਂ ਨੂੰ ਇਹ ਸਭ ਪੜ੍ਹਾ ਰਹੇ ਹਾਂ ਪਰ ਅਸੀਂ ਆਪਣਾ ਪ੍ਰੈਸ਼ਰ ਗਰੁੱਪ ਬਣਾਇਆ ਹੋਇਆ ਹੈ। ਸ਼ੱਕੀ ਲਿਖਤਾਂ ਨੂੰ ਰੱਦ ਕਰਵਾਉਣ ਵਾਸਤੇ ਅਸੀਂ ਲਗਾਤਾਰ ਯਤਨ ਕਰਦੇ ਰਹਾਂਗੇ। ਸ੍ਰੋਤ ਗ੍ਰੰਥਾਂ ਅਤੇ ਟਕਸਾਲ ਨਾਲ ਮੇਰੀ ਕੋਈ ਜਾਤੀ ਦੁਸ਼ਮਣੀ ਨਹੀਂ ਹੈ। ਮੈਂ ਇਹੀ ਕਿਹਾ ਸੀ ਕਿ ਜੇ ਕਿਤੇ ਟਕਸਾਲ ਨੇ ਕੋਈ ਚੰਗਾ ਕੰਮ ਕੀਤਾ ਹੈ ਜਾਂ ਕਿਸੇ ਪੁਰਾਤਨ ਗ੍ਰੰਥ

ਵਿਚ ਕੋਈ ਚੰਗੀ ਗੱਲ ਹੈ ਤੇ ਪ੍ਰਵਾਨ ਕੀਤੀ ਜਾ ਸਕਦੀ ਹੈ ਪਰ ਗੁਰਬਾਣੀ ਦੀ ਕਸਵੱਟੀ 'ਤੇ ਪਰਖ ਕੇ ਹੀ ਨਿਰਣਾ ਕੀਤਾ ਜਾਵੇਗਾ। ਮੈਂ ਆਪਣੀਆਂ ਕਿਤਾਬਾਂ ਵਿਚੋਂ ਅਣਸੁਖਾਵੀਂ ਸ਼ਬਦਾਵਲੀ (ਜੇ ਕੋਈ ਹੋਵੇ ਤਾਂ) ਸੋਧਣ ਲਈ ਸਹਿਮਤ ਹਾਂ ਪਰ ਟਕਸਾਲ ਦੀਆਂ ਕਿਤਾਬਾਂ ਵਿਚ ਜੋ ਨਿਰਾ ਕੁਫ਼ਰ ਹੀ ਕੁਫ਼ਰ ਭਰਿਆ ਪਿਆ ਹੈ ਉਸ ਨੂੰ ਕਦੋਂ ਤਿਆਗੋਗੇ ?

ਮੈਂ ਡੰਕੇ ਦੀ ਚੋਟ ਨਾਲ ਇਨ੍ਹਾਂ ਦੋਵਾਂ ਨੂੰ ਸਵਾਲ ਕੀਤੇ ਕਿ ਟਕਸਾਲ ਵਾਲੇ "ਭਾਈ ਜਰਨੈਲ ਸਿੰਘ ਜੀਵਤ ਹੈ, ਚੜ੍ਹਦੀ ਕਲਾ ਵਿਚ ਹੈ" ਆਖ ਕੇ ਇੱਕੀ ਸਾਲ ਝੂਠ ਬੋਲਦੇ ਰਹੇ। ਉਦੋਂ ਤੁਹਾਡੀ ਕਲਮ ਨਾ ਚੱਲੀ। ਚਾਲੀ ਦਿਨ ਟਕਸਾਲ ਵਿਚ ਮਹਿਤੇ ਹਵਨ ਹੁੰਦਾ ਰਿਹਾ, ਉਸ ਵਕਤ ਤੁਹਾਡੀ ਜ਼ੁਬਾਨ ਨੂੰ ਤਾਲੇ ਲੱਗ ਗਏ। ਭਾਈ ਜਰਨੈਲ ਸਿੰਘ ਨੂੰ ਕਾਂਗਰਸ ਦਾ ਏਜੰਟ ਗਰਦਾਨਣ ਵਾਲੀ ਪੁਸਤਕ, (ਲੇਖਕ ਭਾਈ ਬੂਟਾ ਸਿੰਘ) ਗਿ: ਹਰਨਾਮ ਸਿੰਘ ਧੁੰਮਾ ਨੇ ਖ਼ੁਦ ਰਿਲੀਜ਼ ਕੀਤੀ। ਉਸ ਵਕਤ ਤੁਹਾਡੀ ਨੀਂਦ ਨਾ ਖੁੱਲ੍ਹੀ। ਸਿੱਖਾਂ ਦੇ ਕਾਤਲਾਂ ਨੂੰ ਧੁੰਮਾ ਸਨਮਾਨਤ ਕਰ ਆਇਆ, ਉਸ ਵਕਤ ਤੁਹਾਡੀ ਜ਼ੁਬਾਨ ਸੁੱਕ ਗਈ। ਟਕਸਾਲ ਵਾਲੇ ਸਿੱਧਾ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਕਰਦੇ ਆ ਰਹੇ ਹਨ, ਬਰਾਬਰ ਅਸ਼ਲੀਲ ਕਥਾਵਾਂ ਵਾਲਾ ਦਸਮ ਗ੍ਰੰਥ ਪ੍ਰਕਾਸ਼ ਕਰ ਕੇ, ਉਸ ਵਕਤ ਤੁਹਾਨੂੰ ਸੱਪ ਸੁੰਘ ਗਿਆ। ਮੈਂ ਨਿੱਕੀ ਨਿੱਕੀ ਗ਼ਲਤੀ ਲਈ ਗੁਰੂ ਤੋਂ ਮੁਆਫ਼ੀ ਮੰਗਣ ਲਈ ਤਿਆਰ ਹਾਂ ਪਰ ਟਕਸਾਲ ਵਾਲੇ ਆਪਣੇ ਬੱਜਰ ਪਾਪਾਂ ਦੀਆਂ ਭੁੱਲਾਂ ਕਦੋਂ ਬਖ਼ਸ਼ਾਉਣਗੇ ? ਇਕੀ ਸਾਲਾ ਝੂਠ ਦੀ ਮਾਫ਼ੀ ਮੰਗੀ ? ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਚਿੱਤਰ ਨਾਟਕ ਰੱਖਣ ਦੀ ਮਾਫ਼ੀ ਮੰਗੀ ? ਅਕਾਲ ਤਖ਼ਤ ਵਲੋਂ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਨੂੰ ਪੈਰਾਂ ਹੇਠ ਮਧੋਲ ਕੇ 1994 ਵਿਚ ਆਪਣੀ ਵੱਖਰੀ ਰਹਿਤ ਮਰਿਆਦਾ ਬਣਾਉਣ ਵਰਗਾ ਗੁਨਾਹ ਕੀਤਾ, ਤੁਹਾਡੀ ਜ਼ਮੀਰ ਉਦੋਂ ਕਿਉਂ ਨਾ ਜਾਗੀ ?

ਦੁਨੀਆਂ ਦੇ ਦਾਨੇ ਪੁਰਖ ਜਾਣਦੇ ਹਨ ਕਿ ਜੇ ਕੋਈ ਇਨਸਾਨ ਇਕ ਵਾਰੀ ਗ਼ਲਤੀ ਸਵੀਕਾਰ ਕਰ ਲਵੇ, ਤਾਂ ਪਿਛਲੇ ਸਾਰੇ ਵੈਰ ਵਿਰੋਧ ਖ਼ਤਮ ਕਰ ਕੇ, ਅਗੋਂ ਭਰਾਵਾਂ ਵਾਲਾ ਵਿਚਾਰ ਕਰਨਾ ਚਾਹੀਦਾ ਹੈ। "ਗ਼ਲਤੀ ਮੰਨ ਲਈ" ਦਾ ਢੰਡੋਰਾ ਤਾਂ ਮੂਰਖ ਪਿਟਦੇ ਹਨ। ਸਿਆਣੇ ਲੋਕ ਗਿਲੇ ਸ਼ਿਕਵੇ ਭੁਲਾ ਕੇ ਇਕ ਜੁੱਟ ਹੋ ਕੇ ਕੌਮੀ ਉਸਾਰੀ ਵਿਚ ਯੋਗਦਾਨ ਪਾਉਂਦੇ ਹਨ। ਸ਼ਾਇਦ ਖੰਡੇਧਾਰ ਵਾਲਿਆਂ ਨੂੰ ਸਭਿਅਕ ਸਮਾਜ ਵਿਚ ਅਜੇ ਤਕ ਰਹਿਣਾ ਹੀ ਨਹੀਂ ਆਇਆ। ਜਿਨ੍ਹਾਂ ਦੀਆਂ

ਕਿਤਾਬਾਂ ਕੂੜ ਕੁਫ਼ਰ ਨਾਲ ਨਕਾ-ਨਕ ਭਰੀਆਂ ਹੋਣ। ਜਿਨ੍ਹਾਂ ਦੇ ਅਖੌਤੀ ਬ੍ਰਹਮ ਗਿਆਨੀ ਜ਼ਿੰਦਗੀ ਭਰ ਕੂੜ ਕਹਾਣੀਆਂ ਸੁਣਾਉਂਦੇ ਰਹਿਣ। ਜੋ ਲੋਕ ਗੁਰੂ ਸਾਹਿਬਾਨ ਅਤੇ ਸਮੁੱਚੇ ਪੰਥ ਦੀ ਤੌਹੀਨ ਕਰਦੇ ਕਦੇ ਨਾ ਸ਼ਰਮਾਉਣ। ਉਹਨਾਂ ਤੋਂ ਕਿਸੇ ਚੰਗਿਆਈ ਦੀ ਕੀ ਆਸ ਕੀਤੀ ਜਾ ਸਕਦੀ ਹੈ? ਇੰਦਰਜੀਤ ਸਿੰਘ ਗੋਗੋਆਣੀ ਤੇ ਭਾਈ ਸੁਖਪ੍ਰੀਤ ਸਿੰਘ ਉਦੋਕੇ ਡੇਰਾਵਾਦੀ ਕੇਸਾਧਾਰੀ ਬਿਪਰਾਂ ਤੋਂ ਜੇ ਦੂਰ ਰਹਿੰਦੇ ਤਾਂ ਉਨ੍ਹਾਂ ਲਈ ਚੰਗਾ ਸੀ। ਸਤਿਗੁਰੂ ਜੀ ਦਾ ਇਹ ਫੁਰਮਾਨ ਅਜਿਹੇ "ਵਿਦਵਾਨਾਂ" 'ਤੇ ਪੂਰੀ ਤਰ੍ਹਾਂ ਢੁਕਦਾ ਹੈ :

> ਜਗਿ ਚਤੁਰੁ ਸਿਆਣਾ, ਭਰਮਿ ਭੁਲਾਣਾ, ਨਾਉ ਪੰਡਿਤ ਪੜਹਿ ਗਾਵਾਰੀ॥
> ਨਾਉ ਵਿਸਾਰਹਿ ਬੇਦੁ ਸਮਾਲਹਿ, ਬਿਖੁ ਭੂਲੇ ਲੇਖਾਰੀ॥ (1015)

***

## "ਨਾਉ ਪੰਡਿਤ ਪੜਹਿ ਗਾਵਾਰੀ"

ਅਨਪੜ੍ਹ ਸਾਧਾਂ ਅਤੇ ਡੇਰੇਦਾਰਾਂ ਨੇ ਗੁਰਬਾਣੀ ਦੀ ਦੁਰਵਰਤੋਂ ਕਰ ਕੇ, ਸਿੱਖ ਸੰਗਤ ਨੂੰ ਲੰਮੇ ਸਮੇਂ ਤੋਂ ਜਿਵੇਂ ਚੂੰਡ ਚੂੰਡ ਖਾਧਾ ਹੈ, ਇਸ ਗੱਲ ਦਾ ਸਬੂਤ ਹਨ ਇਨ੍ਹਾਂ ਸਾਧਾਂ ਦੀਆਂ ਅਸੀਮ ਅਥਾਹ ਜਾਇਦਾਦਾਂ। ਕੋਠੀਆਂ, ਕਾਰਾਂ, ਜ਼ਮੀਨਾਂ

ਹਸਪਤਾਲ, ਫੈਕਟਰੀਆਂ ਅਤੇ ਆਲੀਸ਼ਾਨ ਹੋਟਲ ਭੀ ਬਹੁਤ ਸਾਰੇ "ਮਹਾਂਪੁਰਖਾਂ" ਨੇ ਚਲਾਏ ਹੋਏ ਹਨ। ਉਪਰੋਂ ਸਿਤਮ ਇਹ ਕਿ ਗੁਰਬਾਣੀ ਦੀਆਂ ਪੰਕਤੀਆਂ ਦੀ ਗ਼ਲਤ ਵਰਤੋਂ ਕਰ ਕੇ ਸੰਗਤ ਨੂੰ ਧਨ ਪਦਾਰਥਾਂ ਦੇ ਤਿਆਗ ਦਾ ਉਪਦੇਸ਼ ਕਰਨਾ ਤੇ ਖੁਦ ਧਨ ਦੇ ਅੰਬਾਰ ਜੋੜ ਲੈਣੇ। ਸੁਖਮਨੀ ਸਾਹਿਬ ਵਿਚੋਂ (ਜਾਂ ਹੋਰ ਗੁਰਬਾਣੀ ਵਿਚੋਂ) ਸੰਤ ਪਦ ਨੂੰ ਆਪਣੇ ਲਈ ਉਚਾਰਨ ਕੀਤਾ ਪਰਚਾਰਨਾ। ਖਾਲਸਾ ਪੰਥ ਦੀਆਂ ਸ਼ਬਦ ਗੁਰੂ ਅਤੇ ਸਿੱਖ ਰਹਿਤ ਮਰਿਆਦਾ ਦੀਆਂ ਧਜੀਆਂ ਉਡਾਉਣੀਆਂ, ਇਨ੍ਹਾਂ ਅਖੌਤੀ ਸੰਤਾਂ ਦਾ ਸ਼ੁਗਲ ਹੀ ਬਣ ਗਿਆ ਹੈ। ਇਨ੍ਹਾਂ ਨੂੰ ਖ਼ੁਦ ਤਾਂ ਢੰਗ ਸਿਰ ਦੀ ਗੱਲ ਕਰਨੀ ਤੇ ਲਿਖਣੀ ਨਹੀਂ ਆਉਂਦੀ। ਬਸ ਫਿਰ ਕਿਸੇ ਵਿਕਾਊ ਆਦਮੀ ਨੂੰ, ਚਾਰ ਛਿਲੜਾਂ ਵੱਟੇ ਖ਼ਰੀਦ ਲੈਂਦੇ ਹਨ। ਫਿਰ ਉਹ ਵਿਅਕਤੀ ਅਖੇ "ਮੂੰਹ ਖਾਵੇ ਅੱਖਾਂ ਸ਼ਰਮਾਉਣ", ਦੇ ਅਖਾਣ ਮੁਤਾਬਕ ਆਪਣੇ ਅਹੁਦੇ, ਆਪਣੀ ਵਿਦਿਆ ਅਤੇ ਗੁਰਬਾਣੀ ਦਾ ਸੱਚ ਵਿਸਾਰ ਕੇ, ਕੁਫਰ ਕਹਾਣੀਆਂ ਨੂੰ ਸੱਚ ਸਾਬਤ ਕਰਨ ਵਾਸਤੇ, ਪਸੀਨੋ ਪਸੀਨਾ ਹੋਇ ਆਮ ਵੇਖੇ ਜਾ ਸਕਦੇ ਹਨ।

ਮਹਿਤੇ ਚੌਂਕ ਵਾਲੀ ਟਕਸਾਲ ਵਲੋਂ, ਦਸੰਬਰ 06 ਦੇ ਖੰਡੇਧਾਰ ਪਰਚੇ ਵਿਚ ਪੰਨਾ 36-37 'ਤੇ "ਕੌਤਕ ਕਾਮਰੇਡਾਂ ਜਾਂ ਮਿਸ਼ਨਰੀਆਂ ਦੇ", ਸਿਰਲੇਖ ਅਧੀਨ ਦੋ ਸਫ਼ੇ ਕਾਲੇ ਕੀਤੇ ਗਏ ਹਨ। ਇਨ੍ਹਾਂ ਦੇ ਲਿਖਣਹਾਰੇ ਹਨ ਭਾਈ ਕੰਵਰਅਜੀਤ ਸਿੰਘ। ਪੜ੍ਹੇ ਲਿਖੇ ਲੋਕਾਂ ਦਾ ਮਾਨਸਿਕ ਪੱਧਰ ਏਨਾ ਨੀਵਾਂ ਹੋਵੇਗਾ, ਸੋਚ ਕੇ ਰੂਹ ਕੰਬ ਗਈ। ਅੱਗੋਂ ਇਨ੍ਹਾਂ ਕੋਲ ਪੜ੍ਹਨ ਵਾਲੇ ਨੌਜਵਾਨਾਂ ਦਾ ਭਵਿੱਖ ਅੰਧਕਾਰ ਮਈ ਹੀ ਹੋਵੇਗਾ। ਗੁਰੂ ਨਾਨਕ ਸਾਹਿਬ ਜੀ ਨੇ ਇਕ ਸ਼ਬਦ ਵਿਚ, ਪੜ੍ਹੇ ਲਿਖੇ ਵਿਅਕਤੀ ਬਾਰੇ ਇਸ ਤਰ੍ਹਾਂ ਇਰਸ਼ਾਦ ਫੁਰਮਾਇਆ ਹੈ :

ਜਗਿ ਚਤੁਰੁ ਸਿਆਣਾ, ਭਰਮਿ ਭੁਲਾਣਾ, ਨਾਉ ਪੰਡਿਤ ਪੜਹਿ ਗਾਵਾਰੀ॥
ਨਾਉ ਵਿਸਾਰਹਿ, ਬੇਦ ਸੰਮਾਲਹਿ, ਬਿਖੁ ਭੂਲੇ ਲੇਖਾਰੀ॥ (1015)

ਸਤਿਗੁਰੂ ਜੀ ਸਮਝਾ ਰਹੇ ਹਨ ਕਿ ਸੰਸਾਰ ਵਿਚ ਬੜੇ ਚਤਰ ਲੋਕ ਹਨ, ਪਰ ਖ਼ੁਦ ਹੀ ਭਰਮਾਂ ਵਿਚ ਭੁਲੇ ਹੋਏ ਕੁਰਾਹੇ ਪੈ ਚੁੱਕੇ ਹਨ। ਬੜੇ ਵਿਦਵਾਨ ਪੰਡਿਤ ਬਣੇ ਫਿਰਦੇ ਹਨ, ਪਰ ਗਵਾਰਾਂ ਵਾਲੀ ਅਕਲ, ਮੂਰਖਾਂ ਵਾਲੇ ਕੰਮ ਕਰਦੇ ਹਨ। ਇਨ੍ਹਾਂ ਨੇ ਨਾਮ (ਗੁਰਬਾਣੀ ਉਪਦੇਸ਼) ਨੂੰ ਨਹੀਂ ਮੰਨਿਆ। ਪੁਰਾਤਨ ਵੈਦਕ ਗੀਤਾਂ ਨੂੰ ਹਿੱਕ ਨਾਲ ਲਾਈ ਫਿਰਦੇ ਹਨ। ਅਜਿਹੇ ਲਿਖਾਰੀ ਮਾਨੋ ਨਿਰਾ ਕੂੜ, ਕੁਫਰ ਜਾਂ ਜ਼ਹਿਰ ਹੀ ਲਿਖ ਤੇ ਬੋਲ ਰਹੇ ਹਨ। ਭਾਵੇਂ ਜਾਹਰਾ ਤੌਰ 'ਤੇ ਇਨ੍ਹਾਂ ਦੀ ਜ਼ੁਬਾਨ ਮਾਖਿਉਂ ਮਿੱਠੀ ਪਰਤੀਤ ਹੋਵੇ। ਉਸ ਦੇ ਅੰਦਰ ਜ਼ਹਿਰ ਲੁਕਾਇਆ ਹੁੰਦਾ ਹੈ।

ਦੁਨੀਆਂ ਦਾ ਇਕ ਪ੍ਰਸਿੱਧ ਵਿਦਵਾਨ ਖ਼ਲੀਲ ਜ਼ਿਬਰਾਨ ਇਸ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ : "ਮੈਂ ਦੁਨੀਆਂ ਵੇਖੀ, ਜੰਗਲਾਂ ਤੋਂ ਸ਼ਹਿਰਾਂ ਵੱਲ, ਝੁਗੀਆਂ ਤੋਂ ਮਹਿਲਾਂ ਵੱਲ, ਕੌਮਾਂ ਨੂੰ ਵਧਦਿਆਂ ਵੇਖਿਆ। ਮੈਂ ਰਾਜ ਭਵਨਾਂ, ਕਾਲਜਾਂ, ਮੰਦਰਾਂ, ਬਲੀ ਬੇਦੀਆਂ ਤੇ ਗਿਆ। ਮੈਂ ਵੇਖਿਆ ਮਜ਼ਦੂਰ ਅਮੀਰ ਦਾ ਗ਼ੁਲਾਮ ਹੈ। ਅਮੀਰ ਸਿਪਾਹੀ ਦਾ ਗ਼ੁਲਾਮ ਹੈ। ਸਿਪਾਹੀ ਜਰਨੈਲ ਦਾ ਗ਼ੁਲਾਮ ਹੈ। ਜਰਨੈਲ ਰਾਜੇ ਦਾ ਗ਼ੁਲਾਮ ਹੈ। ਰਾਜਾ ਪੁਜਾਰੀ ਦਾ ਗ਼ੁਲਾਮ ਹੈ। ਪੁਜਾਰੀ ਮੂਰਤੀ ਦਾ ਗ਼ੁਲਾਮ ਹੈ। ਜੋ ਮੂਰਤੀ ਮਿੱਟੀ ਦੀ ਬਣੀ ਹੋਈ ਹੈ। ਜਿਸ ਨੂੰ ਸ਼ੈਤਾਨ ਨੇ ਮਨੁੱਖੀ ਖ਼ੂਨ ਵਿਚ ਗੁੰਨ ਕੇ, ਮੁਰਦਾ ਖੋਪਰੀਆਂ ਦੇ ਢੇਰ ਉਪਰ ਟਿਕਾਇਆ ਹੋਇਆ ਹੈ। ਬੁਰਾਈ ਤੇ ਪਾਪ ਦਾ ਬੀਜ ਕੌਮਾਂ ਅੱਗੇ ਤੋਂ ਅੱਗੇ ਔਲਾਦ ਦੇ ਨਾਮ ਵਸੀਅਤ ਕਰ ਦਿੰਦੀਆਂ ਹਨ।"

ਇਕ ਪਾਸੇ ਹਨ ਸਮਰਤੱਖ ਵਾਪਰੇ ਵੱਡੇ ਛੋਟੇ ਘਲੂਘਾਰੇ। ਗੁਰੂ ਸਾਹਿਬਾਨ ਅਤੇ ਸਿੱਖਾਂ ਨੂੰ ਦਿੱਤੇ ਘੋਰ ਤਸੀਹੇ। ਉਨ੍ਹਾਂ ਵੱਲੋਂ ਸਿਦਕ ਤੇ ਅਡੋਲ ਰਹਿਣਾ, "ਗੁਰਮਤਿ" ਨੂੰ ਪਿੱਠ ਨਾ ਦੇਣੀ, ਸਰੀਰ ਲੇਖੇ ਲਗ ਜਾਣਾ। ਫਿਰ ਸੂਰਮਿਆਂ ਨੇ ਵਕਤ ਵਿਚਾਰ ਕੇ, ਹਥਿਆਰਬੰਦ ਹੋ ਕੇ, ਤੂਫਾਨ ਬਣ ਦੁਸ਼ਮਣ 'ਤੇ ਟੁੱਟ ਪੈਣਾ..। ਇਹ ਸੀ ਅਸਲੀ "ਕਰਾਮਾਤ"। ਡੇਰੇਦਾਰੀ ਐਨਕ ਲਾ ਕੇ ਵੇਖਣ ਦੇ ਆਦੀ ਭਾਈ ਜੀ ਨੇ ਇਕ ਪੂਰਾ ਪੰਨਾ ਜਨਰਲ ਹਰਬਖਸ਼ ਸਿੰਘ ਵਲੋਂ ਕੀਤੀ ਗਈ ਅਰਦਾਸ ਬਾਰੇ ਕਾਲਾ ਕੀਤਾ ਹੋਇਆ ਹੈ। ਪਈ ਕਿਵੇਂ ਅਰਦਾਸ ਦੀ ਸ਼ਕਤੀ ਨਾਲ, ਭਾਰਤੀ ਫ਼ੌਜ ਦੀ ਜਿੱਤ ਹੋਈ ਤੇ ਪਾਕਿਸਤਾਨੀ ਫ਼ੌਜ ਹਾਰ ਗਈ। ਕੀ ਮੈਂ ਪੁੱਛਣ ਦੀ ਗੁਸਤਾਖੀ ਕਰ ਸਕਦਾ ਹਾਂ ਕਿ ਪਾਕਿਸਤਾਨੀ ਭਰਾਵਾਂ ਨੇ ਭੀ ਖ਼ੁਦਾ ਅੱਗੇ ਅਰਦਾਸ ਕੀਤੀ ਸੀ ਕਿ ਨਹੀਂ? ਹਿੰਦੂ ਅਫ਼ਸਰਾਂ ਨੇ ਭੀ ਅਰਦਾਸ ਜਰੂਰ ਕੀਤੀ ਹੋਵੇਗੀ? ਦੋਵੇਂ ਧਿਰਾਂ ਰੱਬ ਨੂੰ ਰੱਬ ਨਾਲ ਲੜਾ ਰਹੀਆਂ ਸਨ? ਰੱਬ ਨੇ ਪਖਪਾਤ ਕਰ ਕੇ, ਸਿੱਖਾਂ ਨੂੰ ਜਿਤਾ ਦਿੱਤਾ? ਇਸ ਦਾ ਮਤਲਬ ਰੱਬ ਸਾਰਿਆਂ ਦਾ ਸਾਂਝਾ ਪਿਤਾ ਨਹੀਂ ਹੈ?

ਭਾਈ ਜੀ! ਜਿਸ ਲੜਾਈ ਦਾ ਤੁਸੀਂ ਜ਼ੁਬਾਨੀ ਕਲਾਮੀ ਜ਼ਿਕਰ ਕੀਤਾ ਹੈ (1971) ਦਾ ਅਸਲ ਵਿਚ ਦਸੰਬਰ ਪੰਜ, 1999 ਦੇ ਪੰਜਾਬੀ ਟ੍ਰਿਬਿਊਨ ਵਿਚ, ਜਨਰਲ ਹਰਬਖਸ਼ ਸਿੰਘ ਦੀ ਲੰਮੀ ਮੁਲਾਕਾਤ ਛਪੀ ਸੀ। ਉਸ ਵਿਚ ਜਨਰਲ ਸਾਹਿਬ ਨੇ ਕਿਸੇ ਅਰਦਾਸ ਦਾ ਜ਼ਿਕਰ ਨਹੀਂ ਕੀਤਾ। ਸਗੋਂ ਇੰਦਰਾ ਗਾਂਧੀ ਦਾ ਇਕ ਅਹਿਮ ਪਰਦਾ ਚਾਕ ਕੀਤਾ ਹੈ ਕਿ "ਸਾਨੂੰ ਭਾਰਤ ਦੇ ਰੱਖਿਆ ਵਿਭਾਗ ਦੇ

ਮੁੱਖ ਦਫ਼ਤਰ ਵਲੋਂ, ਵਾਇਰਲੈਸ 'ਤੇ ਹੁਕਮ ਮਿਲਿਆ ਕਿ ਤੁਸੀਂ ਫ਼ੌਜ ਨੂੰ ਪਿੱਛੇ ਹਟਾ ਲਓ। ਪਹਿਲਾਂ ਬਿਆਸ ਦੇ ਕੰਢੇ 'ਤੇ ਦਿੱਲੀ ਵੱਲ। ਜੇ ਪਾਕਿਸਤਾਨੀ ਫ਼ੌਜ ਭਾਰੂ ਮਹਿਸੂਸ ਹੋਵੇ ਤਾਂ ਸਤਲੁਜ ਤੋਂ ਪੂਰਬ ਵਾਲੇ ਪਾਸੇ ਤਕ ਪਿੱਛੇ ਹਟ ਜਾਉ।" ਇਹ ਪੰਜਾਬ ਅਤੇ ਸਿੱਖਾਂ ਨੂੰ ਤਬਾਹ ਕਰਨ ਦੀ ਇਕ ਸੋਚੀ ਸਮਝੀ ਨੀਚ ਸਾਜ਼ਿਸ਼ ਸੀ। (ਬਕੌਲ ਜਨਰਲ ਸਾਹਿਬ) ਅਸੀਂ ਸਾਰੇ ਸਿੱਖ ਅਫ਼ਸਰਾਂ ਨੇ ਇਸ ਪਾਪ ਭਰੀ ਸੋਚ ਨੂੰ ਤਾੜ ਲਿਆ, ਤੇ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ। ਸਿੱਖ ਸਿਪਾਹੀਆਂ ਨੂੰ ਆਪਣੇ ਪੰਜਾਬ ਲਈ, ਆਪਣੇ ਧਰਮ ਅਸਥਾਨਾਂ ਲਈ, ਆਪਣੀਆਂ ਧੀਆਂ ਭੈਣਾਂ ਦੀ ਇੱਜ਼ਤ ਬਚਾਉਣ ਖ਼ਾਤਰ, ਮਰ ਮਿਟਣ ਦੀਆਂ ਕਸਮਾਂ ਚੁਕਾਈਆਂ। ਅਕਾਲ ਪੁਰਖ ਨੇ ਕਿਰਪਾ ਕੀਤੀ ਸਾਡੀ ਇੱਜ਼ਤ ਰਹਿ ਗਈ।

ਭਾਈ ਕੰਵਰ ਅਜੀਤ ਸਿੰਘ ਜੀ ਜੇ ਅਰਦਾਸ ਵਿਚ ਦਰਿਆ ਅਟਕ ਨੂੰ ਰੋਕ ਲੈਣ ਦੀ ਸ਼ਕਤੀ ਹੈ ਤਾਂ ਪੰਜਾਬ ਤੇ ਭਾਰਤ ਵਿਚ ਬਹੁਤ ਵਾਰੀ ਹੜ ਆਉਂਦੇ ਹਨ। ਬੇਅੰਤ ਲੋਕ ਜਾਨਾਂ ਗੰਵਾ ਲੈਂਦੇ ਹਨ। ਹੋਰ ਅਣਗਿਣਤ ਘਰੋਂ ਬੇਘਰ ਹੋ ਜਾਂਦੇ ਹਨ। ਆਹ ਕੁੱਝ ਹੀ ਸਮਾਂ ਪਹਿਲਾਂ ਸੁਨਾਮੀ ਲਹਿਰਾਂ ਵਿਚ, ਲੱਖਾਂ ਲੋਕ ਤਬਾਹ ਹੋ ਗਏ। ਤੁਸੀਂ ਉਸ ਵਕਤ ਅਰਦਾਸ ਕਰ ਕੇ ਕਿਉਂ ਪਰਉਪਕਾਰ ਨਾ ਕੀਤਾ? ਸਿੱਖਾਂ 'ਤੇ ਬੇਅੰਤ ਜ਼ੁਲਮ ਹੋਏ ਅਰਦਾਸ ਕਰ ਕੇ ਜ਼ਾਲਮ ਨੂੰ ਮਾਰ ਮੁਕਾਉਂਦੇ, ਜਾਂ ਪਾਪੀ ਦਾ ਮਨ ਹੀ ਬਦਲ ਦਿੰਦੇ। ਜਕਰੀਏ ਨੇ ਤੇਈ ਸਾਲ (1723 ਤੋਂ 1745) ਤਕ ਸਿੱਖਾਂ ਦਾ ਘਾਣ ਕੀਤਾ। ਮੰਨੂੰ ਨੇ ਲਗਭਗ ਪੰਜ ਸਾਲ (1748-1753 ਤਕ) ਸਿੱਖਾਂ ਦਾ ਸ਼ਿਕਾਰ ਕੀਤਾ। ਬੱਚਿਆਂ ਦੇ ਟੁਕੜੇ ਕੀਤੇ, ਮਾਂਵਾਂ ਨੇ ਸਵਾ ਸਵਾ ਮਣ ਪੀਸਣੇ ਪੀਸੇ। ਉਨ੍ਹਾਂ ਮੁਸੀਬਤਾਂ ਨੂੰ ਟਾਲਣ ਲਈ ਅਰਦਾਸ ਕਿਉ ਨਾ ਕੀਤੀ ਗਈ? ਭਾਰਤ ਸਰਕਾਰ ਵਲੋਂ 1984 ਵਿਚ, ਦੋ ਘਲੂਘਾਰੇ ਵਰਤਾਏ ਗਏ, ਅਰਦਾਸ ਦੀ ਕਰਾਮਾਤੀ ਸ਼ਕਤੀ ਨਾਲ, ਕਿਉਂ ਨਾ ਰੋਕੇ ਗਏ? ਪੰਜਾਬ ਵਿਚ ਹੋਏ ਖ਼ੂਨੀ ਨਰਸੰਘਾਰ (1984 ਤੋਂ 1993) ਵਿਚ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪੰਜਾਬ ਅਤੇ ਦਿੱਲੀ ਦੇ ਪੀੜਤ ਸਿੱਖ ਅੱਜ ਤਕ ਇਨਸਾਫ਼ ਲਈ ਦਰ ਦਰ ਦੀਆਂ ਠੋਹਕਰਾਂ ਖਾ ਰਹੇ ਹਨ। ਅਰਦਾਸ ਰਾਹੀਂ ਪਾਪੀਆਂ ਨੂੰ ਸਜ਼ਾ ਦੇ ਦੇਣੀ ਸੀ। ਇੰਦਰਾ ਗਾਂਧੀ, ਜਨਰਲ ਵੈਦਿਆ, ਲਲਿਤ ਮਾਕਨ ਜਾਂ ਬੇਅੰਤ ਸਿੰਘ (ਮੁੱਖ ਮੰਤਰੀ ਪੰਜਾਬ) ਅਰਦਾਸਾਂ ਨਾਲ ਨਹੀਂ ਮਰੇ। ਸੂਰਮਿਆਂ ਨੇ ਜਾਨ ਤਲੀ 'ਤੇ ਰੱਖ ਕੇ ਕੰਮ ਤਮਾਮ ਕੀਤਾ ਸੀ। ਅੱਗੇ ਗੁਰਬਾਣੀ ਦੀਆਂ ਪੰਕਤੀਆਂ ਦੇ ਭਾਈ ਜੀ ਨੇ ਪਰਮਾਣ ਦਿੱਤੇ ਹਨ, ਜੋ ਉਕਾ ਹੀ ਗ਼ਲਤ ਹਨ। ਉਹ ਪੰਕਤੀਆਂ ਅਕਾਲ

ਪੁਰਖ ਵਾਸਤੇ ਹਨ ਨਾ ਕਿ ਗੁਰੂ ਵਾਸਤੇ। ਗੁਰੂ ਸ਼ਬਦ ਹਜ਼ਾਰਾਂ ਵਾਰੀ ਨਿਰੰਕਾਰ ਵਾਸਤੇ ਆਇਆ ਹੈ। ਹੁਣ ਬੇਨਤੀ ਹੈ ਭਾਈ ਜੀ ਅੱਗੇ, ਗਰੀਬ ਭਾਰਤ ਦੇਸ਼ ਦਾ ਬਹੁਤ ਸਾਰਾ ਪੈਸਾ ਬਚ ਜਾਵੇਗਾ, ਹੋਰ ਵਿਕਾਸ ਦੇ ਕੰਮ ਹੋ ਸਕਣਗੇ। ਮੌਜੂਦਾ ਵਗਦੇ ਦਰਿਆਵਾਂ 'ਤੇ ਪੁਲ ਬਣਾਉਣ 'ਤੇ ਕਿਉਂ ਅਰਬਾਂ ਰੁਪਏ ਬਰਬਾਦ ਕੀਤੇ ਜਾ ਰਹੇ ਹਨ? ਇਕ ਗ੍ਰੰਥੀ ਸਿੰਘ ਅਰਦਾਸ ਕਰ ਦੇਵੇ, ਤੇ ਦਰਿਆ ਬੰਦ, ਜਾਂ ਇਨ੍ਹਾਂ ਡੇਰੇਦਾਰਾਂ ਬ੍ਰਹਮ ਗਿਆਨੀਆਂ ਤੋਂ ਅਰਦਾਸ ਕਰਵਾ ਦਿਓ।

ਭਾਈ ਕੰਵਰ ਅਜੀਤ ਸਿੰਘ ਨੇ ਗੁਰਬਖਸ ਸਿੰਘ ਕਾਲਾ ਅਫ਼ਗਾਨਾ ਨੂੰ ਬਲੈਕ ਕੈਟ ਦੀ ਉਪਾਧੀ ਬਖਸ਼ ਦਿੱਤੀ ਹੈ। "ਨੇੜਿਉਂ ਡਿਠੇ ਸੰਤ ਭਿੰਡਰਾਂ ਵਾਲੇ", ਪੁਸਤਕ ਦੀ ਛੇਵੀਂ ਐਡੀਸ਼ਨ ਦੀ ਭੂਮਿਕਾ ਵਿਚ ਲੇਖਕ ਸ੍ਰ. ਦਲਬੀਰ ਸਿੰਘ (ਪੱਤਰਕਾਰ) ਨੇ ਸਾਫ਼ ਸਪੱਸ਼ਟ ਭਾਈ ਹਰਨਾਮ ਸਿੰਘ ਧੁੰਮੇ ਨੂੰ ਸਰਕਾਰੀ ਕੈਟ ਲਿਖਿਆ ਹੈ। "ਬਾਬਾ ਜਰਨੈਲ ਸਿੰਘ ਜੀਵਤ ਹੈ ਚੜ੍ਹਦੀ ਕਲਾ ਵਿਚ ਹੈ" "ਦਾ ਇਕੀ ਸਾਲ ਕੁਫਰ ਕੋਈ ਸਿੰਘ ਨਹੀਂ ਤੋਲ ਸਕਦਾ। ਇਹ ਕੰਮ ਸਰਕਾਰੀ ਕੈਟਾਂ ਦਾ ਹੀ ਹੋ ਸਕਦਾ ਹੈ। ਸਿੱਖਾਂ ਦੀਆਂ ਖੋਪਰੀਆਂ ਉਤਰ ਗਈਆਂ, ਬੰਦ ਬੰਦ ਕੱਟੇ ਗਏ ਪਰ ਝੂਠ ਕਦੀ ਨਾ ਬੋਲੇ। ਟਕਸਾਲ ਦੀਆਂ ਸਾਰੀਆਂ ਕਿਤਾਬਾਂ ਕੂੜ ਕੁਸਤ ਨਾਲ ਲਬਾ ਲਬ ਭਰੀਆਂ ਪਈਆਂ ਹਨ। ਝੂਠੇ ਦਾ ਪੱਖ ਪੂਰਨਾ ਇਹ ਕਿਹੜੇ ਗੁਰੂ ਨੇ ਸਿਖਾਇਆ ਹੈ? ਕਾਲਾ ਅਫ਼ਗਾਨਾ ਨੂੰ ਜੋ ਪੰਜ ਹਜ਼ਾਰ ਡਾਲਰ ਦਾ ਜੁਰਮਾਨਾ ਹੋਇਆ ਸੀ, ਉਸ ਦਾ ਕੋਈ ਸਬੂਤ ਤਾਂ ਪੇਸ਼ ਕਰੋ। ਕੀ ਨਿਰੀਆਂ ਲੂਣ ਦੀਆਂ ਥੱਪਣਾ ਹੀ ਸਿੱਖੀ ਹੈ?

ਭਾਈ ਜੀ ਲਿਖਦੇ ਹਨ : "ਇੰਦਰ ਸਿੰਘ ਘੱਗਾ ਦਾ ਸਾਰਾ ਇਲਾਕਾ ਹੀ ਕਾਮਰੇਡਾਂ ਦਾ ਹੈ, ਇਸ ਤੋਂ ਹੋਰ ਕੀ ਆਸ ਕੀਤੀ ਜਾ ਸਕਦੀ ਹੈ"? ਵਾਹ ਭਾਈ ਜੀ! ਵਾਰੇ ਵਾਰੇ ਜਾਈਏ ਤੁਹਾਡੀ ਅਕਲ ਦੇ ਪੈਮਾਨੇ ਤੋਂ। ਇਹ ਡੇਰੇਦਾਰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਸ਼ਲੀਲ ਕਥਾਵਾਂ ਵਾਲਾ ਗ੍ਰੰਥ ਰੱਖ ਕੇ, ਉਸ ਦੇ ਅਖੰਡ ਪਾਠ ਕਰਨ। ਭੋਲੀ ਸੰਗਤ ਤੋਂ ਉਸ ਨਖਿਧ ਗ੍ਰੰਥ ਨੂੰ ਮੱਥੇ ਟਿਕਵਾਉਣ। ਦਸਮੇਸ਼ ਪਿਤਾ ਵਲੋਂ ਦਿੱਤਾ ਗਿਆ ਹੁਕਮ, "ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ", ਦੀ ਉਲੰਘਣਾ ਕਰ ਕੇ, ਗੁਰੂ ਜੀ ਦਾ ਅਪਮਾਨ ਕਰਨ। ਕਦੇ ਵੀ ਅਕਾਲ ਤਖ਼ਤ ਦੀ ਮਰਿਆਦਾ ਨੂੰ (ਸਿੱਖ ਰਹਿਤ ਮਰਿਆਦਾ) ਨਾਂ ਮੰਨਣ। ਹਿੰਦੂ ਪੌਰਾਣਕ ਕਹਾਣੀਆਂ ਸੁਣਾ ਕੇ ਭੋਲੇ ਭਾਲੇ ਸਿੱਖਾਂ ਨੂੰ ਕੁਰਾਹੇ ਪਾਈ ਜਾਣ। ਤੁਹਾਨੂੰ ਇਹ ਕਦੀ ਨਹੀਂ ਚੁਭਿਆ। ਹਾਂ ਘੱਗੇ ਦਾ ਸਾਰੇ ਇਲਾਕਾ ਹੀ ਕਾਮਰੇਡਾਂ ਦਾ ਹੈ। "ਜੰਜ

ਕੁਪੱਤੀ, ਸੁਥਰਾ ਭਲਾ ਮਾਣਸ"?

ਟਕਸਾਲ ਵਾਲਿਆਂ ਦੀਆਂ ਕਿਤਾਬਾਂ ਵਿਚੋਂ ਮੈਂ 400 ਸਵਾਲ ਉਠਾਏ ਹਨ ਜੋ ਗੁਰਬਾਣੀ ਅਸੂਲਾਂ ਦੀ ਸਿਧੀ ਉਲੰਘਣਾ ਕਰਨ ਵਾਲੇ ਹਨ। ਮੈਂ ਇਥੋਂ ਤਕ ਵੰਗਾਰ ਪਾਈ ਹੈ ਕਿ ਇਹ ਟਕਸਾਲ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਚਲਾਈ। ਇਹ ਨਿਰਾ ਕੂੜ ਪ੍ਰਚਾਰ ਹੈ। ਗੁਰੂ ਜੀ ਸਾਰੀਆਂ ਰਹਿਮਤਾਂ ਖਾਲਸੇ ਨੂੰ ਬਖਸ਼ ਕੇ ਗਏ ਹਨ, ਨਾ ਕਿ ਕਿਸੇ ਅਖੌਤੀ ਡੇਰੇਦਾਰ ਨੂੰ। ਕਿਸੇ ਪੁਰਾਤਨ ਸਰੋਤ ਗ੍ਰੰਥ ਵਿਚ ਟਕਸਾਲ ਦਾ ਰਾਈ ਮਾਤਰ ਜ਼ਿਕਰ ਨਹੀਂ ਹੈ। ਕਦੀ ਟਕਸਾਲ ਦੀਆਂ ਕਿਤਾਬਾਂ ਖ਼ੁਦ ਪੜ੍ਹ ਕੇ ਕੋਈ ਵੇਖੇ, ਕਿਵੇਂ ਕੂੜ ਕੁਸੱਤ ਥੋਕ ਵਿਚ ਭਰਿਆ ਪਿਆ ਹੈ। ਜਥੇਦਾਰ ਵਲੋਂ ਦਿੱਤੇ ਗਏ ਆਦੇਸ਼ ਦਾ ਭਾਈ ਜੀ ਨੂੰ ਬੜਾ ਹੇਜ ਜਾਗਿਆ ਹੈ। ਇਸ ਬਾਰੇ ਮੇਰੀ ਪੁਸਤਕ "ਧਰਮ ਦੇ ਨਾਂ 'ਤੇ" ਵਿਚ ਚਾਲੀ ਪੰਨਿਆਂ ਦਾ ਲੰਮਾ ਲੇਖ, ਹੁਕਮ ਨਾਮਿਆਂ ਬਾਰੇ ਹੀ ਹੈ। ਜੋ ਸਵਾਲ ਮੈਂ ਉਸ ਲੇਖ ਵਿਚ ਉਠਾਏ ਹਨ, ਪੰਜ ਸਾਲ ਹੋ ਗਏ ਕੋਈ ਜਥੇਦਾਰ ਜਬਾਬ ਨਹੀਂ ਦੇ ਸਕਿਆ।

ਭਾਈ ਜੀ ਨੂੰ ਹੋਰ ਦੁੱਖ ਹੈ ਕਿ "ਸਿੱਖ ਵਿਰਸਾ ਕੈਨੇਡਾ ਮੈਗਜੀਨ, ਅਤੇ ਸਿੱਖ ਮਿਸ਼ਨਰੀ ਕਾਲਜਾਂ ਵਾਲੇ ਧਰਮ ਰਾਜ, ਜਮਦੂਤ, ਨਰਕ ਸੁਰਗ, ਨਾਮਦਾਰੂ, ਪਰਾ ਭੌਤਕ ਸ਼ਕਤੀਆਂ ਨੂੰ ਨਹੀਂ ਮੰਨਦੇ"। ਭਾਈ ਜੀ! ਤੁਹਾਨੂੰ ਕਿਸੇ ਮੰਦਰ ਦਾ ਪੁਜਾਰੀ ਲਗਣਾ ਚਾਹੀਦਾ ਸੀ। ਸਿੱਖਾਂ ਦੇ ਧਾਰਮਕ ਅਦਾਰੇ ਵਿਚ ਵਿਦਿਆ ਪੜ੍ਹਾਉਣ ਦੀ ਜੋ "ਸੇਵਾ" ਤੁਸੀਂ ਕਰ ਰਹੇ ਹੋ, ਸਿੱਖੀ ਨੂੰ ਖਾਰੇ ਸਾਗਰ ਵਿਚ ਡੋਬਣ ਲਈ ਬਾਹਰੋਂ ਆਏ ਦੁਸ਼ਮਣਾਂ ਦੀ ਲੋੜ ਨਹੀਂ ਹੈ ਕਿਉਂਕਿ ਤੁਹਾਡੇ ਵਰਗੇ ਗੁਰਬਾਣੀ ਤੋਂ ਸੱਖਣੇ ਦਾੜ੍ਹੀ ਕੇਸਾਂ ਵਾਲੇ ਬਿਪਰੀ ਰੀਤਾਂ ਵਾਲੇ ਇਨ੍ਹਾਂ ਨਾਮੀ ਅਦਾਰਿਆਂ ਵਿਚ ਕਾਬਜ ਹਨ, ਸਮੇਤ ਅਕਾਲ ਤਖ਼ਤ ਦੇ। ਧਰਮ ਰਾਜ ਤੇ ਹੋਰ ਪੌਰਾਣਕ ਪਾਤਰਾਂ ਬਾਰੇ ਮੈਂ ਹਿੰਦੂਆਂ ਦੇ ਧਰਮ ਗ੍ਰੰਥਾਂ ਵਿਚੋਂ ਤੇ ਗੁਰਬਾਣੀ ਵਿਚੋਂ ਪਰਮਾਣ ਦੇ ਕੇ, ਪੂਰੀ 290 ਪੰਨੇ ਦੀ ਕਿਤਾਬ, ਲਿਖ ਕੇ ਛਾਪ ਚੁਕਿਆ ਹਾਂ। ਇਥੇ ਸਿਰਫ਼ ਧਰਮਰਾਜ ਬਾਰੇ ਦੋ ਅੱਖਰ ਲਿਖਣ ਲੱਗਾ ਹਾਂ ਪੜ੍ਹੋ : ਅੱਗ ਦਾ ਗੋਲਾ ਸੂਰਜ, ਇਸ ਦਾ ਵਿਆਹ ਵਿਸ਼ਵ ਕਰਮਾ ਦੀ ਬੇਟੀ ਸੰਜਨਾ ਨਾਲ ਹੋਇਆ। ਸੂਰਜ ਦਾ ਸੇਕ ਪਤਨੀ ਤੋਂ ਝੱਲਿਆ ਨਾ ਗਿਆ। ਪਿਤਾ ਅੱਗੇ ਦੁੱਖ ਰੋਈ। ਪਿਤਾ ਨੇ ਸੂਰਜ ਨੂੰ ਖਰਾਦ ਤੇ ਚਾਹੜ ਕੇ, ਛਿੱਲ ਦਿੱਤਾ, ਸੇਕ ਘੱਟ ਕਰ ਦਿੱਤਾ ਤੇ ਫਿਰ ਬੇਟੀ ਦੇ ਹਵਾਲੇ ਕਰ ਦਿੱਤਾ। ਇਨ੍ਹਾਂ ਦੇ ਸੰਯੋਗ ਤੋਂ ਧਰਮਰਾਜ ਪੁੱਤਰ ਜੰਮਿਆ। ਵੱਡਾ ਹੋ ਗਿਆ। ਪਿਤਾ ਸੂਰਜ ਨੇ ਇਕ ਹੋਰ ਸ਼ਾਦੀ ਕਰ ਲਈ। ਧਰਮਰਾਜ ਨੇ ਮਤਰੇਈ ਮਾਂ ਦੇ ਲਤ ਮਾਰ ਦਿੱਤੀ। ਉਸ

ਪੀੜ੍ਹਤ ਇਸਤਰੀ ਨੇ ਪਤੀ ਨੂੰ ਦੁਖ ਦੱਸਿਆ। ਪਿਤਾ ਸੂਰਜ ਨੇ ਧਰਮਰਾਜ ਨੂੰ ਪੈਰ ਵਿਚ ਕੀੜੇ ਪੈਣ ਦਾ ਸਰਾਪ ਦੇ ਦਿੱਤਾ (ਕਿਉਂਕਿ ਲੱਤ ਜਾਂ ਪੈਰ ਨਾਲ ਮਤਰੇਈ ਮਾਂ 'ਤੇ ਵਾਰ ਕੀਤਾ ਸੀ) ਪੈਰ ਵਿਚ ਕੀੜੇ ਪੈ ਗਏ, ਧਰਮਰਾਜ ਰੋਇਆ। ਪਿਤਾ ਅੱਗੇ ਤਰਲੇ ਕੀਤੇ, ਪਿਤਾ ਨੇ ਤਰਸ ਕਰ ਕੇ, ਇਕ ਕੁੱਕੜ ਦੇ ਦਿੱਤਾ। ਅਖੇ ਜਦੋਂ ਕੀੜੇ ਬਹੁਤ ਪ੍ਰੇਸ਼ਾਨ ਕਰਨ, ਤਾਂ ਆਹ ਕੁੱਕੜ ਛੱਡ ਦੇਵੀਂ, ਸਾਰੇ ਕੀੜੇ ਖਾ ਜਾਵੇਗਾ। ਜਦੋਂ ਫਿਰ ਦੁਬਾਰਾ ਇਹੀ ਦੁਖ ਆਵੇ ਫਿਰ ਕੁੱਕੜ ਸੇਵਾ ਕਰੇਗਾ। ਅੱਜ ਤਕ ਧਰਮਰਾਜ ਦਾ ਇਹ ਸਰਾਪ ਖ਼ਤਮ ਨਹੀਂ ਹੋਇਆ। ਜੋ ਧਰਮਰਾਜ ਖ਼ੁਦ ਸਰਾਪਿਆ ਹੋਇਆ ਹੈ, ਸਿੱਖਾਂ ਨੇ ਉਸ ਕੋਲੋਂ ਗੋਡੀ ਨਹੀਂ ਕਰਾਉਣੀ। ਸਤਿਗੁਰੂ ਫੁਰਮਾਨ ਕਰ ਰਹੇ ਹਨ : ਪੜ੍ਹੋ :

ਸਿਮਰਤਿ ਨਾਮ ਕਿਲਬਿਖ ਸਭ ਕਾਟ॥ ਧਰਮ ਰਾਏ ਕੇ ਕਾਗਰ ਫਾਟੇ॥ (1348)

ਸਤਿਗੁਰੂ ਜੀ ਨੇ ਸਾਰੇ ਲੇਖੇ ਆਦਿ ਖ਼ਤਮ ਕਰ ਦਿੱਤੇ ਹਨ। ਧਰਮ ਰਾਏ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਹੈ। ਰਹੀ ਨਾਮ ਦਾਰੂ ਦੀ ਗੱਲ, ਸਾਰੇ ਅਖੌਤੀ ਬ੍ਰਹਮ ਗਿਆਨੀ (ਸਮੇਤ ਕੰਵਰ ਅਜੀਤ ਸਿੰਘ ਦੇ) ਜਰਾ ਕੁ ਸਿਰ ਪੀੜ ਹੋਵੇ, ਡਾਕਟਰਾਂ ਵੱਲ ਦੌੜਦੇ ਹਨ। ਲੋਕਾਂ ਵਾਸਤੇ "ਸਰਬ ਰੋਗ ਕਾ ਅਉਖਧ ਨਾਮ"। ਆਪਣੇ ਲਈ ਵਧੀਆ ਡਾਕਟਰ ਵੱਡਾ ਹਸਪਤਾਲ ?

ਜੋ ਕੰਮ ਸ਼੍ਰੋਮਣੀ ਕਮੇਟੀ ਅਰਬਾਂ ਰੁਪਏ ਦੇ ਬਜਟ ਬਣਾ ਕੇ ਨਹੀਂ ਕਰ ਸਕੀ। ਜੋ ਕੰਮ ਸਿੱਖਾਂ ਦਾ ਖ਼ੂਨ ਚੂਸਣ ਵਾਲੇ ਡੇਰੇਦਾਰ ਨਾ ਕਰ ਸਕੇ। ਜੋ ਕੰਮ ਤਖ਼ਤਾਂ ਦੇ ਜਥੇਦਾਰ ਨਾ ਕਰ ਸਕੇ। ਜੋ ਕੰਮ ਅਰਬਾਂ ਪਤੀ ਕਾਰਖਾਨੇਦਾਰ ਨਾ ਕਰ ਸਕੇ। ਜੋ ਕੰਮ ਸਿੱਖ ਲੀਡਰ ਨਾ ਕਰ ਸਕੇ। ਉਹ ਕੰਮ ਸ੍ਰ. ਜੋਗਿੰਦਰ ਸਿੰਘ ਨੇ ਕਰ ਵਿਖਾਇਆ। ਸਪੋਕਸਮੈਨ ਇਕ ਕਰਾਮਾਤ ਬਣ ਕੇ ਉਭਰਿਆ ਹੈ। ਭਾਵੇਂ ਖੰਡੇਦਾਰ ਨੇ ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਦਸਮ ਗ੍ਰੰਥ ਨੂੰ ਸਿਰ 'ਤੇ ਚੁਕ ਲਿਆ ਹੈ। ਭਾਵੇਂ ਸ੍ਰ. ਜੋਗਿੰਦਰ ਸਿੰਘ 'ਤੇ ਖੰਡੇਧਾਰ ਵਿਚ ਬਿਨਾਂ ਸਬੂਤਾਂ ਤੋਂ ਬਹੁਤ ਇਲਜ਼ਾਮ ਲਾਏ ਗਏ ਹਨ ਪਰ ਅੱਜ ਸਪੋਕਸਮੈਨ ਨੇ ਡੇਰਾਵਾਦੀਆਂ ਦੀ ਨੀਂਦਰ ਹਰਾਮ ਕਰ ਦਿੱਤੀ ਹੈ। ਜਥੇਦਾਰਾਂ ਦਾ ਚੈਨ ਗੁਆਚ ਗਿਆ ਹੈ। ਰਾਜਸੀ ਲੋਕਾਂ ਨੂੰ ਜੁਆਬ ਨਹੀਂ ਲਭ ਰਹੇ ਕਿ ਜੋ ਕੁੱਝ ਸਿੱਖਾਂ ਦੇ ਗੰਭੀਰ ਮਸਲੇ ਸਪੋਕਸਮੈਨ ਉਠਾ ਰਿਹਾ ਹੈ ਉਸ ਅੱਗੇ ਕੋਈ ਟਿਕ ਨਹੀਂ ਸਕਿਆ। ਲੱਖਾਂ ਪਾਪ ਕਰਮ ਕਰ ਕੇ ਭੀ, ਪੰਥ ਨੂੰ ਧੋਖਾ ਦੇ ਕੇ ਭੀ, ਗੁਰਬਾਣੀ ਨੂੰ ਪਿੱਠ ਦੇ ਕੇ ਭੀ, ਸ਼ਰਧਾਲੂਆਂ ਨੂੰ ਲੁੱਟ ਕੇ

ਭੀ ਇਹ ਲੋਕ ਪੂਰੇ ਪੰਥਕ ਅਤੇ ਗੁਰਮੁਖ ਬਣੇ ਬੈਠੇ ਸਨ। ਮਹਾਂਪੁਰਖ ਬਣੇ ਬੈਠੇ ਸਨ। ਸਪੋਕਸਮੈਨ ਨੇ ਇਨ੍ਹਾਂ ਦਾ ਕੂੜ ਕੁਸੱਤ ਚੁਰਾਹੇ ਵਿਚ ਨੰਗਾ ਕਰ ਦਿੱਤਾ ਹੈ। ਅੱਗੇ ਅੱਗੇ ਦੇਖਣਾ ਹੋਤਾ ਕਿਆ ਹੈ ?

ਅਹੰਕਾਰੀਆਂ ਨੋ ਦੁਖ ਭੁਖ ਹੈ, ਹਥੁ ਤਡਹਿ ਘਰਿ ਘਰਿ ਮੰਗਾਇ॥
ਕੂੜੁ ਠਗੀ ਗੁਝੀ ਨਾ ਰਹੈ, ਮੁਲੰਮਾ ਪਾਜੁ ਲਹਿ ਜਾਇ॥ (303)

ਨਾਉ ਫਕੀਰੈ ਪਾਤਿਸਾਹ, ਮੂਰਖ ਪੰਡਿਤ ਨਾਉ॥
ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ, ਕਲਿ ਕਾ ਏਹੁ ਨਿਆਉ॥ (1288)

***

# ਵਾਇਦੇ ਵਿਸਾਰ ਦੇਣ ਦਾ ਗੁਨਾਹ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸੁਧਾਰ ਦਾ ਜਜ਼ਬਾ ਰੱਖਣ ਵਾਲੇ ਸੂਝਵਾਨ ਗੁਰਸਿੱਖਾਂ ਨੇ, 12 ਦਸੰਬਰ 1920 ਨੂੰ ਹੋਂਦ ਵਿਚ ਲਿਆਂਦੀ। ਇਸ ਦੀ ਸਹਾਇਤਾ ਵਾਸਤੇ 14 ਦਸੰਬਰ 1920 ਨੂੰ ਅਕਾਲ ਤਖ਼ਤ ਤੇ ਸ਼੍ਰੋਮਣੀ ਅਕਾਲੀ ਦਲ ਕਾਇਮ ਕੀਤਾ ਗਿਆ। ਇਸ ਦਲ ਦਾ ਪਹਿਲਾ ਪ੍ਰਧਾਨ ਸ੍ਰ. ਸਰਮੁਖ ਸਿੰਘ ਝਬਾਲ ਨੂੰ ਬਣਾਇਆ ਗਿਆ।

ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀਆਂ ਸਾਰੀਆਂ ਸਰਗਰਮੀਆਂ ਦਾ ਕੇਂਦਰ, ਅਕਾਲ ਤਖ਼ਤ ਸੀ। ਜਦੋਂ ਕਿ ਸਿੱਖ ਜਥੇਬੰਦੀ ਲਈ ਅਗਵਾਈ ਦਾ ਕੇਂਦਰੀ ਧੁਰਾ ਅਕਾਲੀ ਬਾਣੀ ਹੋਣਾ ਚਾਹੀਦਾ ਸੀ। ਹਰ ਵਿਅਕਤੀ ਪਹਿਲਾਂ ਦਰਬਾਰ ਸਾਹਿਬ ਨਮਸਕਾਰ ਕਰ ਕੇ, ਅਕਾਲ ਤਖ਼ਤ ’ਤੇ ਆਉਂਦਾ ਸੀ। ਅਕਾਲੀ ਦਲਾਂ ਨੂੰ ਏਕਤਾ ਕਰਨ ਵਾਸਤੇ, ਸਮੇਂ ਸਮੇਂ ਅਕਾਲ ਤਖ਼ਤ ਤੋਂ ਸੇਧ ਦੇਣ ਦੀ ਕੋਸ਼ਿਸ਼ ਵੀ ਹੁੰਦੀ ਰਹੀ ਹੈ। ਅਣਗਿਣਤ ਵਾਰ ਅਰਦਾਸਾਂ ਕਰ ਕੇ, ਪੰਥ ਲਈ ਮਰ ਮਿਟਣ ਦੀਆਂ ਕਸਮਾਂ ਵੀ ਲੀਡਰ ਲੋਕ ਅਕਾਲ ਤਖ਼ਤ ’ਤੇ ਚੁਕਦੇ ਰਹੇ ਹਨ ਪਰ ਵਕਤ ਆਉਣ ’ਤੇ ਅਜਿਹੇ ਨਸਦੇ ਹਨ ਕਿ ਹਿਰਨ ਨੂੰ ਮਾਤ ਕਰ ਦੇਣ। ਫਿਰ ਕਦੀ ਆਨੰਦਪੁਰ, ਕਦੀ ਫ਼ਤਿਹਗੜ੍ਹ, ਕਦੀ ਚਮਕੌਰ ਤੇ ਕਦੀ ਤਲਵੰਡੀ ਸਾਬੋ ਮਰ ਮਿਟਣ ਦੀਆਂ ਅਰਦਾਸਾਂ ਤੇ ਕਸਮਾਂ। ਜਦੋਂ ਸ਼੍ਰੋਮਣੀ ਅਕਾਲੀ ਦਲ ਦਾ ਨਾਂ ਬਦਲ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਰਖਿਆ ਗਿਆ ਸੀ, ਉਦੋਂ ਹੀ ਅਕਾਲ ਤਖ਼ਤ ਵਲ ਪਿੱਠ ਕਰ ਲਈ ਸੀ। ਜਦੋਂ ਮੋਗੇ ਦੀ ਕਾਨਫ਼ਰੰਸ (1997) ਵਿਚ ਸ਼੍ਰੋਮਣੀ ਅਕਾਲੀ ਦਲ ਦਾ ਨਾਮ ਬਦਲ ਕੇ, ਪੰਜਾਬੀ ਪਾਰਟੀ ਰੱਖ ਦਿਤਾ ਗਿਆ ਸੀ, ਤਦੋਂ ਅਕਾਲ ਤਖ਼ਤ ਤੋਂ ਮੂੰਹ ਫੇਰ ਲਿਆ ਸੀ। ਜਦੋਂ ਸ੍ਰੀ ਬਾਦਲ ਨੇ ਪੰਜਾਬ ਅਤੇ ਸਿੱਖਾਂ ਦੀਆਂ ਸਾਰੀਆਂ ਮੰਗਾਂ ਵਿਸਾਰ ਦਿਤੀਆਂ, ਉਸ ਵਕਤ ਅਕਾਲ

ਤਖ਼ਤ ਦੀ ਅਜ਼ਮਤ ਪੈਰਾਂ ਵਿਚ ਮਧੋਲ ਦਿੱਤੀ ਗਈ ਸੀ।

ਸ੍ਰੀ ਪ੍ਰਕਾਸ ਸਿੰਘ ਬਾਦਲ ਦੇ ਬਿਆਨ ਛਪਦੇ ਹਨ ਕਿ ਸਾਡੀ ਸਰਕਾਰ ਪੂਰੇ ਪੰਜ ਸਾਲ ਰਾਜ ਕਰੇਗੀ ਤੇ ਕੀਤਾ। ਜਿਨ੍ਹਾਂ ਲੀਡਰਾਂ ਕੋਲ ਅਪਣੇ ਲੋਕਾਂ ਲਈ ਕੁੱਝ ਕਰਨ ਗੋਚਰਾ ਨਹੀਂ ਹੁੰਦਾ। ਸਾਰੇ ਸਮੇਂ ਦੌਰਾਨ ਕੋਈ ਮੰਗ ਪੂਰੀ ਨਹੀਂ ਕੀਤੀ। ਕੋਈ ਵਿਗੜਿਆ ਮਸਲਾ ਹੱਲ ਨਹੀਂ ਕੀਤਾ, ਉਹ ਫਿਰ ਸਟੇਜਾਂ 'ਤੇ ਕੁੱਝ ਇਸ ਤਰ੍ਹਾਂ ਦੀ ਕਾਰਗੁਜਾਰੀ ਵਿਖਾਉਂਦੇ ਹਨ – "ਭੈਣੋਂ ਤੇ ਭਰਾਵੋ! ਪੰਜਾਬ ਵਿਚ ਕਿਸੇ ਅਕਾਲੀ ਸਰਕਾਰ ਨੇ ਪਹਿਲੀ ਵਾਰੀ ਪੂਰੇ ਪੰਜ ਸਾਲ ਰਾਜ ਕੀਤਾ ਹੈ। ਸਾਡੀ ਪਾਰਟੀ ਦੇ ਮੁਖੀ ਦੀ ਜ਼ਮੀਨ ਜਾਇਦਾਦ ਸੱਭ ਤੋਂ ਵੱਧ ਹੈ। ਅਕਾਲੀ ਦਲ ਦਾ ਪ੍ਰਧਾਨ ਬਹੁਤ ਧਾਰਮਕ ਇਨਸਾਨ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਭੀ ਇਸੇ ਦੇ ਅਧੀਨ ਹੈ। ਹੋਰ ਖ਼ੂਬੀ ਇਹ ਕਿ ਅਕਾਲ ਤਖ਼ਤ ਦਾ ਜਥੇਦਾਰ ਤੇ ਬਾਕੀ ਸਾਰੇ (ਅਖੌਤੀ) ਧਰਮੀ ਪੁਰਖ ਇਸੇ ਦੀ ਛਤਰ ਛਾਇਆ ਵਿਚ ਸਾਹ ਲੈਂਦੇ ਹਨ। ਵੇਖੋ ਨਾ ਸਾਡੇ ਪ੍ਰਧਾਨ ਜੀ ਦੀ ਦਾੜ੍ਹੀ ਕਿੰਨੀ ਲੰਮੀ ਹੈ। ਹੋਰ ਤਾਂ ਹੋਰ ਸਾਡੇ ਮੁਖੀ ਦੀ ਉਮਰ ਸਾਰੇ ਪ੍ਰਧਾਨਾਂ ਨਾਲੋਂ ਵੱਧ ਹੈ। ਉਤੋਂ ਸੋਨੇ 'ਤੇ ਸੁਹਾਗਾ ਇਹ ਕਿ ਪਿਛਲੇ ਪੰਜਾਹ ਸਾਲ ਤੋਂ, ਸਾਡੇ ਪ੍ਰਧਾਨ ਜੀ, ਰਾਜਨੀਤੀ ਵਿਚ ਜਮੇ ਹੋਏ ਹਨ। ਸਾਡੇ ਮਾਲਕ ਆਪਣੇ ਹੋਣਹਾਰ ਇਕੋ ਇਕ ਲਾਡਲੇ ਬੇਟੇ ਨੂੰ ਲੋਕਾਂ ਦੀ ਸੇਵਾ ਵਿਚ ਲਿਆਉਣਾ ਚਾਹੁੰਦੇ ਹਨ। ਸੰਨ 1997 ਵਾਲੀ ਵਿਧਾਨ ਸਭਾ ਵਿਚ ਸਾਡੇ ਲੀਡਰਾਂ ਦੇ ਪਰਵਾਰਿਕ ਮੈਂਬਰ ਸਿਰਫ਼ ਸਤਾਰਾਂ ਸਨ। ਲੋਕ ਸਭਾ ਤੇ ਰਾਜ ਸਭਾ ਇਸ ਤੋਂ ਵਖਰੀ ਹੈ। ਕੀ ਐਨੀਆਂ ਖ਼ੂਬੀਆਂ ਵੇਖ ਸੁਣ ਕੇ ਤੁਸੀਂ ਸਾਡੇ ਅਕਾਲੀ ਦਲ ਨੂੰ ਵੋਟ ਨਹੀਂ ਪਾਉਗੇ ? ਜ਼ਰੂਰ ਪਾਉਗੇ, ਏਨੀਆਂ ਖ਼ੂਬੀਆਂ ਵਾਲੀ ਹੋਰ ਪਾਰਟੀ ਤੁਹਾਨੂੰ ਬੈਟਰੀ ਲੈ ਕੇ ਨਹੀ ਲੱਭੇਗੀ।"

ਕਿਸੇ ਸਮੇਂ ਅਕਾਲੀ ਦਲ ਵਾਇਦੇ ਕਰਿਆ ਕਰਦਾ ਸੀ – "ਐ ਪੰਜਾਬ ਵਾਸੀਓ! ਐ ਸਿੱਖ ਭਰਾਵੋ!! ਅਸੀਂ ਤੁਹਾਡੀ ਫ਼ਸਲ ਦਾ ਮੁਨਾਫੇ ਵਾਲਾ ਮੁੱਲ ਦੁਆਵਾਂਗੇ। ਅਸੀਂ ਪੰਜਾਬ ਵਿਚ ਵੱਡੇ ਕਾਰਖਾਨੇ ਲਾਵਾਂਗੇ। ਅਸੀਂ ਨਹਿਰੀ ਪਾਣੀ ਬਾਹਰ ਨਹੀਂ ਜਾਣ ਦਿਆਂਗੇ। ਪੰਜਾਬ ਅਤੇ ਆਲੇ ਦੁਆਲੇ ਦੇ ਸੂਬਿਆਂ ਵਿਚ ਪੰਜਾਬੀ ਲਾਗੂ ਕਰਾਵਾਂਗੇ। ਸਟੇਟਾਂ ਨੂੰ ਵੱਧ ਅਧਿਕਾਰ ਦੁਆਉਣ ਵਾਲਾ "ਆਨੰਦਪੁਰ ਦਾ ਮਤਾ" ਪਾਸ ਕਰਾਵਾਂਗੇ"...। ਕਿੰਨਾ ਨਿੱਘਰ ਗਿਆ ਹੈ ਅਕਾਲੀ ਦਲ! ਪਹਿਲਾਂ ਆਪਣਾ ਨਾਮ ਛੱਡਿਆ। ਫਿਰ ਆਪਣੀ ਗੈਰਤ ਛੱਡੀ। ਉਪਰੰਤ ਪੰਜਾਬ ਦੀਆਂ ਮੰਗਾਂ ਛੱਡੀਆਂ। ਆਨੰਦਪੁਰ ਦਾ ਮਤਾ ਕਿਸੇ ਅੰਨੇ ਖੂਹ

ਵਿਚ ਹੀ ਸੁੱਟ ਦਿੱਤਾ। ਗਰੀਬੀ ਦੇ ਭੰਨੇ ਅਣਗਿਣਤ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਹੋਰ ਅਕਾਲੀ ਦਲ, ਬਨਾਮ ਪੰਜਾਬੀ ਪਾਰਟੀ (ਸਮੇਤ ਭਾਜਪਾ ਦੇ) ਇਕ ਨਾਅਰਾ ਬੁਲੰਦ ਕਰ ਰਹੀ ਹੈ- "ਵੀਹ ਰੁਪਏ ਕਿਲੋ ਦਾਲ, ਤੇ ਚਾਰ ਰੁਪਏ ਕਿਲੋ ਆਟਾ ਦਿਆਂਗੇ"। ਸਾਰੀਆਂ ਮੰਗਾਂ ਵਿਸਾਰ ਕੇ ਪੰਜਾਬ ਦੇ ਲੋਕਾਂ ਨੂੰ ਬਾਦਲ ਜੀ ਨੇ ਇਥੇ ਲੈ ਆਂਦਾ ਕਿ ਰੋਟੀ ਤੋਂ ਵੀ ਆਤੁਰ ਹੈ ਅੱਜ ਪੰਜਾਬ। ਅਗਲੀ ਗੱਲ ਸੋਚਣ ਵਾਲੀ ਹੈ ਕਿ ਹਰਿਆਣਾ ਵਿਚ ਬਾਦਲ ਦਾ ਨਜ਼ਦੀਕੀ ਓਮ ਪ੍ਰਕਾਸ਼ ਚੌਟਾਲਾ ਸੀ। ਹਿਮਾਚਲ ਵਿਚ ਭਾਜਪਾ ਦੀ ਧੂਮਾਲ ਸਰਕਾਰ ਸੀ। ਦਿੱਲੀ ਦੀ ਕੇਂਦਰ ਸਰਕਾਰ ਵਿਚ ਸ੍ਰੀ ਬਾਦਲ ਦਾ ਫਰਜੰਦ ਸੁਖਬੀਰ ਸਿੰਘ ਮੰਤਰੀ। ਸ੍ਰੀ ਸੁਖਦੇਵ ਢੀਂਡਸਾ ਮੰਤਰੀ, ਚਰਨਜੀਤ ਸਿੰਘ ਅਟਵਾਲ ਲੋਕ ਸਭਾ ਵਿਚ ਡਿਪਟੀ ਸਪੀਕਰ, ਅਕਾਲੀ ਦਲ ਦਾ ਹੀ ਸਾਰੇ ਬੰਨੇ ਬੋਲਬਾਲਾ ਸੀ। ਉਸ ਵਕਤ ਸ੍ਰੀ ਬਾਦਲ ਪੰਜਾਬ ਦਾ ਇਕ ਵੀ ਮਸਲਾ ਹੱਲ ਨਹੀਂ ਕਰਵਾ ਸਕੇ। ਸਗੋਂ ਪੂਰੇ ਪੰਜ ਸਾਲ, ਪੰਜਾਬ ਅਤੇ ਕੇਂਦਰ ਵਿਚ ਅਕਾਲੀ ਪਾਰਟੀ ਵਾਲੇ ਮੈਂਬਰ ਆਪਣੀ ਜ਼ੁਬਾਨ ਨੂੰ ਤਾਲੇ ਮਾਰ ਕੇ ਬੈਠੇ ਰਹੇ। ਪੰਜਾਬ ਦੀ ਕਿਸੇ ਮੰਗ ਬਾਰੇ ਜ਼ੁਬਾਨ ਤਕ ਨਾਂ ਖੋਲ੍ਹੀ। ਬਹੁਤ ਸਾਰੇ ਕੰਮ ਤਾਂ ਅਜਿਹੇ ਸਨ ਕਿ ਮੁੱਖ ਮੰਤਰੀ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਖ਼ੁਦ ਕਰਵਾ ਸਕਦਾ ਹੈ, ਕੇਂਦਰ ਤੋਂ ਪੁੱਛਣ ਦੀ ਲੋੜ ਹੀ ਨਹੀਂ। ਅਫ਼ਸੋਸ ਕਿ ਸ੍ਰੀ ਬਾਦਲ ਨੇ ਆਪਣੇ ਅਖਤਿਆਰ ਵਾਲੇ ਕੰਮ ਭੀ ਨਾਂ ਕੀਤੇ। ਹੁਣ ਨਾਅਰੇ ਮਾਰਨੇ ਪੈ ਰਹੇ ਹਨ ਦਾਲ ਵੀਹ ਰੁਪਏ ਤੇ ਆਟਾ ਚਾਰ ਰੁਪਏ ਕਿਲੋ ਦਿਆਂਗੇ। ਕਿਥੋਂ ਆਵੇਗੀ ਦਾਲ ਤੇ ਕਿਥੋਂ ਆਵੇਗਾ ਆਟਾ, ਜੋ ਬਾਦਲ ਸਾਹਿਬ ਏਨਾ ਸਸਤਾ ਵੰਡਣਗੇ ? ਕਿਸਾਨਾਂ ਤੋਂ ਕਣਕ ਭਲਾ ਫਿਰ ਕਿਸ ਭਾਅ ਖ਼ਰੀਦੀ ਜਾਵੇਗੀ ? ਜਿਸ ਅਕਾਲੀ ਮੁੱਖ ਮੰਤਰੀ (ਸਮੇਤ ਸਾਰੀ ਜੁੰਡਲੀ ਦੇ) ਨੂੰ ਪੰਜਾਬ ਦੀਆਂ ਮੰਗਾਂ ਤੇ ਆਨੰਦਪੁਰ ਦਾ ਮਤਾ ਪੰਜ ਸਾਲ ਤਕ ਯਾਦ ਨਾ ਆਇਆ। ਉਸ ਨੂੰ ਅੱਜ ਕੀਤੇ ਜਾ ਰਹੇ ਵਾਅਦੇ ਯਾਦ ਰਹਿਣਗੇ ? ਹਾਂ ਆਪਣੇ ਬੇਟੇ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦੀ ਲਲਕ ਆਖਰੀ ਸੁਆਸਾਂ ਤਕ ਨਹੀਂ ਭੁੱਲ ਸਕੇਗੀ।

ਸ੍ਰੀ ਬਾਦਲ ਨੇ ਭਾਰਤੀ ਸੰਵਿਧਾਨ ਨੂੰ ਅੱਗ ਲਾ ਕੇ ਸਿੱਖ ਕੌਮ ਦਾ ਰੋਸ ਪ੍ਰਗਟ ਕੀਤਾ ਸੀ। ਅਖੇ, ਇਸ ਸੰਵਿਧਾਨ ਨੇ ਸਿੱਖ ਕੌਮ ਨੂੰ "ਕੌਮ" ਮੰਨਣ ਤੋਂ ਹੀ ਇਨਕਾਰ ਕੀਤਾ ਹੈ। ਪੱਚੀ ਨੰ: ਧਾਰਾ ਮੁਤਾਬਕ ਸਿੱਖ ਕੇਸਾਧਾਰੀ ਹਿੰਦੂ ਹੀ ਹਨ। ਲੀਡਰਾਂ ਦੀਆਂ ਲੂੰਬੜ ਚਾਲਾਂ ਵਿਚ ਫਸ ਕੇ ਲੱਖਾਂ ਨੌਜਵਾਨ ਮੌਤ ਦਾ ਗ੍ਰਾਸ ਬਣ ਗਏ। ਉਨ੍ਹਾਂ ਦੇ ਬੱਚੇ ਮਾਵਾਂ ਭੈਣਾਂ ਅੱਜ ਤਕ ਦਰ ਦਰ ਦੀਆਂ ਠੋਕਰਾਂ ਖਾ ਰਹੇ

ਹਨ। ਸ੍ਰੀ ਬਾਦਲ ਨੇ ਅਦਾਲਤ ਵਿਚ ਜਾ ਕੇ ਬਿਆਨ ਦੇ ਦਿਤਾ "ਕਿ ਮੈਂ ਸੰਵਿਧਾਨ ਨਹੀਂ ਸਾੜਿਆ, ਸਿਰਫ ਇਕ 25 ਨੰ: ਧਾਰਾ ਸਾੜੀ ਸੀ। ਉਹ ਵੀ ਅਸਲੀ ਨਹੀਂ ਸੀ, ਸਗੋਂ ਸੰਵਿਧਾਨ ਦੀ ਫੋਟੋ ਕਾਪੀ ਸੀ"...। ਜੱਜ ਨੇ ਸ੍ਰੀ ਬਾਦਲ ਨੂੰ "ਬਾਇੱਜ਼ਤ" ਬਰੀ ਕਰ ਦਿੱਤਾ। ਪੰਜਾਬ ਵਿਚ ਬਲ ਰਹੀ ਅੱਗ 'ਤੇ ਤੇਲ ਜ਼ਰੂਰ ਪੈ ਗਿਆ, ਨੌਜਵਾਨਾਂ ਨੇ ਟਕਰਾਉ ਦਾ ਰਾਹ ਅਖਤਿਆਰ ਕਰ ਲਿਆ।

ਉਤੋਂ ਸਿਤਮ ਇਹ ਕਿ ਪੰਜਾਬ ਦੀ ਜੁਆਨੀ ਨੂੰ ਕੋਹ ਕੋਹ ਕੇ ਮਰਵਾਉਣ ਵਾਲਾ ਸ੍ਰੀ ਕੇ.ਪੀ.ਐਸ. ਗਿਲ, ਭਾਰਤੀ ਹਾਕੀ ਫ਼ੈਡਰੇਸ਼ਨ ਦਾ ਪ੍ਰਧਾਨ। ਅਕਾਲੀ ਦਲ ਬਾਦਲ ਦੇ ਸਕੱਤਰ ਜਰਨਲ ਸ੍ਰੀ ਸੁਖਦੇਵ ਸਿੰਘ ਢੀਂਡਸਾ, ਕੇਂਦਰੀ ਸਰਕਾਰ ਵਿਚ ਖੇਢ ਵਿਭਾਗ ਦਾ ਮੰਤਰੀ। ਸ੍ਰੀ ਢੀਂਡਸਾ ਉਸੇ ਕੇ.ਪੀ.ਐਸ. ਗਿੱਲ ਨਾਲ ਇਕੋ ਮਹਿਕਮੇ ਵਿਚ, ਪੰਜ ਸਾਲ ਤਕ ਇਕੱਠੇ ਕੰਮ ਕਰਦੇ, ਮੀਟਿੰਗਾਂ ਵਿਚ ਹਿੱਸਾ ਲੈਂਦੇ ਰਹੇ। ਸ੍ਰੀ ਸੁਖਦੇਵ ਸਿੰਘ ਨੇ ਇਕ ਵਾਰੀ ਭੀ ਮੱਥੇ ਵੱਟ ਪਾ ਕੇ, ਆਪਣੇ ਮਾਲਕਾਂ ਅੱਗੇ ਗਿਲਾ ਸ਼ਿਕਵਾ ਨਾਂ ਕੀਤਾ, ਕਿ ਮੈਂ ਇਸ ਵਿਅਕਤੀ ਨਾਲ ਕੰਮ ਨਹੀਂ ਕਰ ਸਕਾਂਗਾ। ਜੇ ਕੰਮ ਕਰਾਉਣਾ ਹੈ ਤਾਂ ਕੇ.ਪੀ.ਐਸ. ਗਿਲ ਨੂੰ ਹੋਰ ਵਿਭਾਗ ਦੇ ਦਿਓ ਜਾਂ ਫਿਰ ਮੈਨੂੰ ਬਦਲ ਦਿਓ। ਭਾਵੇਂ ਹਾਕੀ ਦਾ ਖਾਤਮਾ ਹੋ ਗਿਆ। ਕਿਸੇ ਖੇਢ ਮੈਦਾਨ ਵਿਚ ਸਾਡੇ ਗਭਰੂਆਂ ਨੇ ਖਾਤਾ ਤਕ ਨਾਂ ਖੋਹਲਿਆ ਪਰ ਮੰਤਰੀ ਢੀਂਡਸਾ ਜੀ ਚੁੱਪ। ਹਾਲਾਂਕਿ ਹਾਕੀ ਵਿਚ ਬਹੁਤੇ ਨੌਜਵਾਨ ਸਿੱਖਾਂ ਨਾਲ ਹੀ ਸਬੰਧਤ ਹੁੰਦੇ ਹਨ।

| | | |
|---|---|---|
| 1. | ਆਦੇਸ਼ ਪ੍ਰਤਾਪ ਸਿੰਘ (ਪੱਟੀ) | ਸ੍ਰੀ ਪ੍ਰਕਾਸ਼ ਸਿੰਘ ਬਾਦਲ ਦਾ ਜਵਾਈ (ਕਾਲੀ) |
| 2. | ਤੇਜ ਪ੍ਰਕਾਸ਼ ਸਿੰਘ (ਜਲੰਧਰ ਉਤਰੀ) | ਸਵ: ਬੇਅੰਤ ਸਿੰਘ ਦਾ ਪੁੱਤਰ (ਕਾਂਗਰਸ) |
| 3. | ਸ੍ਰੀ ਚਰਨਜੀਤ ਸਿੰਘ (ਨਵਾਂ ਸ਼ਹਿਰ) | ਸ੍ਰੀ ਦਿਲਬਾਗ ਸਿੰਘ ਦਾ ਪੁੱਤਰ (ਕਾਂਗਰਸ) |
| 4. | ਡਾ: ਉਪਿੰਦਰਜੀਤ ਕੌਰ (ਸੁਲਤਾਨਪੁਰ ਲੋਧੀ) | ਸ੍ਰੀ ਆਤਮਾ ਸਿੰਘ ਦੀ ਪੁੱਤਰੀ (ਕਾਲੀ) |
| 5. | ਸ੍ਰੀ ਰਵੀਇੰਦਰ ਸਿੰਘ (ਮੋਰਿੰਡਾ) | ਸ੍ਰੀ ਬਲਦੇਵ ਸਿੰਘ ਦਾ ਭਤੀਜਾ (ਕਾਲੀ) |

| | | |
|---|---|---|
| 6. | ਸ੍ਰੀ ਹਰਮੇਲ ਸਿੰਘ ਟੋਹੜਾ (ਡਕਾਲਾ) | ਸ੍ਰੀ ਗੁਰਚਰਨ ਸਿੰਘ ਟੋਹੜਾ ਦਾ ਜਵਾਈ (ਕਾਲੀ) |
| 7. | ਸ੍ਰੀ ਜਗਤਾਰ ਸਿੰਘ ਰਾਜਲਾ (ਸਮਾਣਾ) | ਸ੍ਰੀ ਹਰਦਿਆਲ ਸਿੰਘ ਰਾਜਲਾ ਦਾ ਪੁੱਤਰ (ਕਾਲੀ) |
| 8. | ਸ੍ਰੀ ਸੁਰਜੀਤ ਸਿੰਘ ਕੋਹਲੀ (ਪਟਿਆਲਾ) | ਸ੍ਰੀ ਸਰਦਾਰਾ ਸਿੰਘ ਕੋਹਲੀ ਦਾ ਪੁੱਤਰ (ਕਾਲੀ) |
| 9. | ਜ਼ਨਾਬ ਨੁਸਰਤ ਅਲੀ ਖ਼ਾਨ (ਮਲੇਰਕੋਟਲਾ) | ਜ਼ਨਾਬ ਇਕਰਾਮ ਖ਼ਾਨ ਦਾ ਪੁੱਤਰ (ਕਾਲੀ) |
| 10. | ਸ੍ਰੀ ਪਰਮਿੰਦਰ ਸਿੰਘ ਢੀਂਡਸਾ (ਸੁਨਾਮ) | ਸ੍ਰੀ ਸੁਖਦੇਵ ਸਿੰਘ ਢੀਂਡਸਾ ਦਾ ਪੁੱਤਰ (ਕਾਲੀ) |
| 11. | ਸ੍ਰੀ ਸੀਤਲ ਸਿੰਘ (ਧਰਮਕੋਟ) | ਸ੍ਰੀ ਗੁਰਦੇਵ ਸਿੰਘ ਬਾਦਲ ਦਾ ਜਵਾਈ (ਕਾਲੀ) |
| 12. | ਸ੍ਰੀ ਮਨਪ੍ਰੀਤ ਸਿੰਘ ਬਾਦਲ (ਗਿੱਦੜਬਹਾ) | ਸ੍ਰੀ ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ (ਕਾਲੀ) |
| 13. | ਬੀਬੀ ਮੁਹਿੰਦਰ ਕੌਰ ਜੋਸ਼ (ਸ਼ਾਮ ਚੁਰਾਸੀ) | ਸ੍ਰੀ ਅਰਜਨ ਸਿੰਘ ਜੋਸ਼ ਦੀ ਪਤਨੀ (ਕਾਲੀ) |
| 14. | ਬੀਬੀ ਦਲਜੀਤ ਕੌਰ (ਖਰੜ) | ਸ੍ਰੀ ਬਚਿੱਤਰ ਸਿੰਘ ਦੀ ਪਤਨੀ (ਕਾਲੀ) |
| 15. | ਚੌਧਰੀ ਜਗਜੀਤ ਸਿੰਘ (ਕਰਤਾਰਪੁਰ) | ਮਾਸਟਰ ਗੁਰਬੰਤਾ ਸਿੰਘ ਦਾ ਪੁੱਤਰ (ਕਾਂਗਰਸ) |
| 16. | ਸ੍ਰੀ ਰਾਕੇਸ਼ ਕੁਮਾਰ ਪਾਂਡੇ (ਲੁਧਿਆਣਾ ਉਤਰ) | ਸ੍ਰੀ ਜੋਗਿੰਦਰਪਾਲ ਪਾਂਡੇ ਦਾ ਪੁੱਤਰ (ਕਾਂਗਰਸ) |
| 17. | ਸ੍ਰੀ ਮੋਹਣ ਲਾਲ (ਬੰਗਾ) | ਸ੍ਰੀ ਸਵਰਨਾ ਰਾਮ ਦਾ ਪੁੱਤਰ |

ਸੰਨ '84 ਤੋਂ 93 ਤਕ ਦੇ ਸਮੇਂ ਦੌਰਾਨ, ਸਰਕਾਰੀ ਜੁਲਮ ਕਾਰਨ ਬੇਅੰਤ ਮਨੁੱਖੀ ਘਾਣ ਹੋਇਆ। ਅਣਗਿਣਤ ਬੱਚੇ ਯਤੀਮ ਹੋ ਗਏ। ਉਨ੍ਹਾਂ ਉੱਜੜੇ ਤੇ ਵਿਲਕ ਰਹੇ ਬੱਚਿਆਂ ਨੂੰ ਮਨੁੱਖੀ ਹਮਦਰਦੀ ਰੱਖਣ ਵਾਲੇ, ਕੁੱਝ ਵਿਅਕਤੀਆਂ ਨੇ

ਨਿੱਜੀ ਸਾਧਨ ਜੁਟਾ ਕੇ, ਸਾਂਭਣ ਦੀ ਕੋਸ਼ਿਸ਼ ਤਾਂ ਕੀਤੀ ਹੈ। ਸਿਰ ਢਕਣ ਲਈ ਕੁੱਝ ਥਾਂ, ਪੇਟ ਨੂੰ ਭੁਲਕਾ ਦੇਣ ਲਈ ਰੋਟੀ, ਤਨ ਕੱਜਣ ਲਈ ਕਪੜਾ ਦਿੱਤਾ ਹੈ। ਪੜ੍ਹਾਈ ਦਾ ਸਾਦਾ ਜਿਹਾ ਪ੍ਰਬੰਧ ਭੀ ਕੀਤਾ ਹੈ। ਸ਼੍ਰੋਮਣੀ ਕਮੇਟੀ ਲਈ ਇਹ ਡੁਬ ਮਰਨ ਵਾਲੀ ਗੱਲ ਨਹੀਂ ਕਿ ਕੌਮ ਦੀ ਸਾਂਝੀ ਲੜਾਈ ਵਿਚ ਮਰਿਆਂ ਦੇ ਪਰਿਵਾਰ ਰੋਟੀ ਤੋਂ ਵੀ ਆਤੁਰ ਹੋਣ? ਕੀ ਗੁਰੂ ਕੀ ਗੋਲਕ ਦਾ ਮੂੰਹ ਇਨ੍ਹਾਂ ਵਾਸਤੇ ਨਹੀਂ ਖੁੱਲ੍ਹਣਾ ਚਾਹੀਦਾ ਸੀ? ਅਜਿਹਾ ਇਕ ਵੀ ਅਦਾਰਾ ਸ਼੍ਰੋਮਣੀ ਕਮੇਟੀ ਨੇ ਨਹੀਂ ਬਣਾਇਆ, ਜਿਥੇ ਇਨ੍ਹਾਂ ਨਿਆਸਰੇ ਪਰਿਵਾਰਾਂ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕੀਤੀ ਜਾ ਸਕੇ। ਅਰਬਾਂ ਦੇ ਬਜਟ ਵਾਲੀ ਕਮੇਟੀ ਸਿੱਖਾਂ ਦੀ (ਅਖੌਤੀ ਮਿਨੀ ਪਾਰਲੀਮੈਂਟ) "ਸ਼੍ਰੋਮਣੀ" ਸੰਸਥਾ। ਆਪਣੀ ਕੌਮ ਦੇ ਧੀਆਂ ਪੁੱਤਰਾਂ ਨੂੰ ਸਿਖਰ ਦੁਪਹਿਰੇ ਦਗਾ ਦੇ ਗਈ।

ਸ੍ਰੀ ਬਾਦਲ ਪੰਜ ਸਾਲ ਤਕ ਪੰਜਾਬ ਦੇ ਮੁੱਖ ਮੰਤਰੀ ਰਹੇ। ਆਪਣੇ ਚੋਣ ਹਲਕਿਆਂ ਵਿਚ ਬੁੱਢੇ-ਬੁੱਢੀਆਂ ਦੀਆਂ ਪੈਨਸਨਾਂ ਦੇ ਚੈੱਕ ਤਾਂ ਵੰਡਦੇ ਰਹੇ। ਗਰੀਬਾਂ ਦੀਆਂ ਲੜਕੀਆਂ ਨੂੰ "ਸ਼ਗਨ" ਤਾਂ ਦੇਂਦੇ ਰਹੇ ਪਰ "ਹਿੰਦ ਪੰਜਾਬ ਦੀ ਜੰਗ" ਵਿਚ ਮਰ ਮੁੱਕ ਗਏ ਸਿੱਖਾਂ ਦੇ ਬੱਚਿਆਂ ਲਈ, ਫੁੱਟੀ ਕੌਡੀ ਨਾ ਦਿੱਤੀ। ਵਿਧਵਾਵਾਂ ਨੂੰ ਪੈਨਸ਼ਨ ਨਾ ਦਿੱਤੀ। ਉਜੜਿਆਂ ਨੂੰ ਨਾ ਵਸਾਇਆ। ਨੌਕਰੀ ਨਾ ਦਿੱਤੀ, ਕਰਜਾ ਨਾ ਦਿੱਤਾ। ਧਰਮੀ ਫੌਜੀ ਅੱਜ ਤਕ ਭੀ ਸਾਧਾਰਨ ਜ਼ਿੰਦਗੀ ਜਿਉਣ ਤੋਂ ਅਸਮਰਥ ਹਨ। ਜੋ ਸ਼ਹੀਦ ਹੋ ਗਏ ਉਨ੍ਹਾਂ ਦੇ ਪਰਿਵਾਰ ਅਤਿਅੰਤ ਦੁਖ ਭਰੀ ਜ਼ਿੰਦਗੀ ਬਿਤਾ ਰਹੇ ਹਨ। ਸ੍ਰੀ ਬਾਦਲ ਦੀ ਅੱਖ ਵਿਚੋਂ ਹੰਝੂ ਨਾਂ ਡਿਗਿਆ। ਪੰਜਾਬ ਦੇ ਲੋਕ ਗੁਰੂ ਨਾਨਕ ਦੇ ਚਰਨਾਂ ਦੇ ਭੌਰੇ, ਵਰਦੀ ਅੱਗ ਵਿਚ ਨਾਂ ਡੋਲੇ। ਸਭ ਕੁੱਝ ਗਵਾ ਕੇ ਨਾ ਘਬਰਾਏ, ਤਸੀਹੇ ਝੱਲ ਕੇ ਭੀ ਇਮਾਨ ਦਾ ਸੌਦਾ ਨਾ ਕੀਤਾ। ਅੱਜ ਬਾਦਲ ਸਾਹਿਬ ਦੀ ਵੀਹ ਰੁਪਏ ਕਿਲੋ ਦਾਲ ਤੇ ਚਾਰ ਰੁਪਏ ਕਿਲੋ ਆਟੇ ਵਾਲੇ ਨਾਅਰੇ ਨੂੰ ਸੁਣ ਕੇ ਪ੍ਰਭਾਵਤ ਹੋਣਗੇ? ਬਸ ਆਟੇ ਦਾਲ ਨਾਲ ਹੀ ਮੁੱਖ ਮੰਤਰੀ ਦੀ ਕੁਰਸੀ ਤਕ ਪਹੁੰਚਣ ਦੀ ਕੂੜੀ ਆਸ ਲਾਈ ਬੈਠੇ ਹੋ ਬਾਦਲ ਸਾਹਿਬ?

ਕੇਂਦਰ ਦੀ ਭਾਜਪਾ ਸਰਕਾਰ ਨੇ ਵੋਟਾਂ ਵਿਚ ਨਾਅਰਾ ਦਿੱਤਾ ਸੀ "ਇੰਡੀਆ ਇਜ਼ ਸ਼ਾਈਨਿੰਗ"। ਭਾਰਤ ਚਮਕ ਰਿਹਾ ਹੈ, ਭਾਰਤ ਬਹੁਤ ਖ਼ੁਸ਼ ਹੈ। ਇਸ ਸ਼ਾਈਨਿੰਗ ਦਾ ਲੋਕਾਂ ਨੇ ਅਜਿਹਾ ਮੱਕੂ ਠੱਪਿਆ, ਕਿ ਵਾਜਪਾਈ ਸਰਕਾਰ ਮੂੱਧੇ ਮੂੰਹ ਮਾਰੀ ਤੇ ਕੇਂਦਰ ਵਿਚ ਕਾਂਗਰਸ ਦੀ (ਰਲੀ ਮਿਲੀ) ਸਰਕਾਰ ਬਣ ਗਈ। ਉਸ

ਤੋਂ ਮਗਰੋਂ ਤਾਂ ਹੋਰ ਬਹੁਤ ਕੁੱਝ ਵਾਪਰ ਚੁੱਕਿਆ ਹੈ। ਵਾਜਪਾਈ ਤੇ ਅਡਵਾਨੀ ਜੀ, ਰਾਮ ਨਾਮ ਜਪ ਰਹੇ ਹੋਣ ਸ਼ਾਇਦ।

ਦਰਬਾਰ ਸਾਹਿਬ 'ਤੇ ਹਮਲੇ ਵਕਤ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸ੍ਰ. ਗੁਰਦੇਵ ਸਿੰਘ ਸੀ। ਰਸਮ ਪੂਰਤੀ ਲਈ ਜ਼ਿਲ੍ਹਾ ਮੁਖੀ ਨੇ ਲਿਖਣਾ ਹੁੰਦਾ ਹੈ ਕਿ "ਸਿਵਲ ਸਰਕਾਰ ਤੋਂ ਸਥਿਤੀ ਕਾਬੂ ਵਿਚ ਨਹੀਂ ਰਹੀ। ਇਸ ਲਈ ਫੌਜ ਆਪਣੀ ਜ਼ਰੂਰੀ ਕਾਰਵਾਈ ਕਰੇ"। ਸ੍ਰ. ਗੁਰਦੇਵ ਸਿੰਘ ਨੇ ਇਹ ਲਿਖਣ ਤੋਂ ਇਨਕਾਰ ਕਰ ਦਿੱਤਾ। ਮੈਂ ਕਿਉਂ ਆਪਣੇ ਮੱਥੇ ਵਿਚ ਕਲੰਕ ਦਾ ਟਿੱਕਾ ਲਗਵਾਂਵਾਂ? ਲੰਮੀ ਛੁੱਟੀ ਲੈ ਲਈ ਤੇ ਚਲਾ ਗਿਆ। ਇਸ ਦੀ ਥਾਂਵੇਂ ਬਿਹਾਰ ਕੇਡਰ ਦਾ ਆਈ.ਏ.ਐਸ. ਅਫ਼ਸਰ ਸ੍ਰੀ ਰਮੇਸ ਇੰਦਰ ਸਿੰਘ ਨੂੰ ਤੁਰੰਤ ਅੰਮ੍ਰਿਤਸਰ ਲਿਆ ਕੇ ਜ਼ਿਲ੍ਹਾ ਮੁਖੀ (ਡੀ.ਸੀ.) ਬਣਾਇਆ ਗਿਆ। ਇਸੇ ਨੇ ਜਰੂਰੀ ਕਾਗਜ਼ ਦਸਖ਼ਤ ਕਰ ਕੇ ਫੌਜ ਨੂੰ ਦਿੱਤੇ। ਦਰਬਾਰ ਸਾਹਿਬ ਵਿਚੋਂ ਫੜੇ ਸਿੱਖ ਕੈਦੀਆਂ ਨੂੰ, ਲਿਜਾਣ ਦੀ ਆਗਿਆ ਭੀ ਇਸੇ ਨੇ ਦਿੱਤੀ। ਇਸ ਵਿਰੁਧ ਕਦੀ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਨਾਂ ਹੋਇਆ। ਆਰ.ਐਸ. ਦਿਆਲ, ਕੇ.ਐਸ. ਬਰਾੜ ਵਿਰੁਧ ਭੀ ਕੋਈ ਹੁਕਮਨਾਮਾ ਜਾਰੀ ਨਹੀਂ ਹੋਇਆ ਕਿਉਂਕਿ ਇਹ ਸਾਰੇ ਦਰਬਾਰ ਸਾਹਿਬ 'ਤੇ ਹਮਲੇ ਵਕਤ ਫ਼ੌਜ ਦੇ ਮੁਖੀ ਸਨ। ਸਗੋਂ ਸ੍ਰੀ ਬਾਦਲ, ਰਮੇਸਇੰਦਰ ਸਿੰਘ ਨੂੰ ਬਿਹਾਰ ਕੇਂਡਰ ਵਿਚੋਂ ਬਦਲ ਕੇ, ਪੰਜਾਬ ਕੇਂਡਰ ਵਿਚ ਲੈ ਆਇਆ। ਇਸ ਨੂੰ ਸ੍ਰੀ ਬਾਦਲ ਨੇ ਆਪਣਾ ਚੀਫ਼ ਸੈਕਟਰੀ ਨਿਯੁਕਤ ਕੀਤਾ। ਹੋਰ ਕਈ ਸਾਰੀਆਂ ਵਾਧੂ ਸਹੂਲਤਾਂ ਦਿੱਤੀਆਂ। ਦਰਬਾਰ ਸਾਹਿਬ 'ਤੇ ਹਮਲੇ ਵਿਚ ਭਾਗੀਦਾਰ ਸ੍ਰੀ ਬਾਦਲ ਦੇ ਜੋਟੀਦਾਰ? ਇਹ ਹੈ "ਅਸਲੀ ਸਿੱਖੀ" ਦਾ ਸਬੂਤ। ਇਹ ਰਮੇਸਇੰਦਰ ਸਿੰਘ ਆਈ.ਏ.ਐਸ. ਅਧਿਕਾਰੀ ਸ੍ਰੀ ਬਾਦਲ ਦਾ ਰਿਸਤੇਦਾਰ ਹੈ।

ਜਦੋਂ ਮਨੁੱਖ ਇਕ ਵਾਰੀ ਪਾਪ ਕਰਨ ਲੱਗ ਪੈਂਦਾ ਹੈ ਤਾਂ ਹੌਲੀ ਹੌਲੀ ਜਮੀਰ ਮਰ ਜਾਂਦੀ ਹੈ। ਉਸ ਤੋਂ ਮਗਰੋਂ ਭਾਵੇਂ ਗੁਰਦਵਾਰੇ ਦਾ ਚੜ੍ਹਾਵਾ ਹੋਵੇ, ਤਾਂ ਭੀ ਹਜ਼ਮ। ਭਾਵੇਂ ਧਰਮ ਪ੍ਰਚਾਰ ਫੰਡ ਹੋਵੇ ਉਹ ਭੀ ਹੜੱਪ। ਭਾਵੇਂ ਐਮ.ਐਲ.ਏ. ਉਮੀਦਵਾਰਾਂ ਨੂੰ ਟਿਕਟਾਂ ਨਿਲਾਮ ਕਰਨੀਆਂ ਪੈਣ, ਤਾਂ ਭੀ ਕੋਈ ਗਿਲਾਨੀ ਨਹੀਂ। ਭਾਵੇਂ ਸਿੱਖਾਂ ਦੀਆਂ ਟਿਕਟਾਂ ਕੱਟ ਕੇ, ਭਾਜਪਾਈਆਂ ਨੂੰ ਦੇਣੀਆਂ ਪੈਣ, ਤਾਂ ਭੀ ਖ਼ੂਨ ਨਹੀਂ ਖੌਲਦਾ, ਜਿਸ ਤੰਬਾਕੂ ਨੂੰ ਗੁਰੂ ਘਰ ਵਿਚ ਬੱਜਰ (ਵੱਡੀ) ਕੁਰਹਿਤ ਮੰਨਿਆ ਗਿਆ ਹੈ। ਉਸ ਦੀ ਵਰਤੋਂ ਕਰਨ ਵਾਲਾ ਵਿਅਕਤੀ, ਸਿੱਖ ਧਰਮ ਤੋਂ ਖਾਰਜ ਹੋ ਜਾਂਦਾ ਹੈ। ਆਪਣੇ ਆਪ ਨੂੰ ਅਕਾਲੀ ਅਖਵਾਉਣ ਵਾਲੇ,

ਨੀਲੀਆਂ ਦਸਤਾਰਾਂ, ਲੰਮੀਆਂ ਦੁੱਧ ਚਿੱਟੀਆਂ ਦਾੜ੍ਹੀਆਂ, ਗਾਤਰੇ ਕਿਰਪਾਨਾਂ ਕਿੱਡੀ ਡੁੱਬ ਮਰਨ ਵਾਲੀ ਗੱਲ ਹੈ ਕਿ ਤੰਬਾਕੂ ਕੰਪਨੀਆਂ ਤੋਂ ਅੱਠ ਲੱਖ ਰੁਪਏ, ਸਾਡੇ ਅਕਾਲੀ ਦਲ ਨੇ ਲੈ ਲਿਆ ਹੈ। ਜਦੋਂ ਮਨੁੱਖ ਦੀ ਜਮੀਰ ਮਰ ਜਾਵੇ, ਫਿਰ ਕਿਸੇ ਚੰਗਿਆਈ ਦੀ ਤਵੱਕੋ ਕਿਵੇਂ ਕੀਤੀ ਜਾ ਸਕਦੀ ਹੈ ? ਮਰੀ ਆਤਮਾ ਵਾਲੇ ਲੋਕਾਂ ਨੇ ਪੰਥ ਜਾਂ ਪੰਜਾਬ ਦਾ ਕੀ ਸੰਵਾਰਨਾ ਹੈ ? ਪਿਛਲੇ ਪੰਜ ਸਾਲਾ ਰਾਜ ਸਮੇਂ ਕੀ ਸੰਵਾਰਿਆ ਹੈ ?

ਜਦੋਂ ਸ੍ਰੀ ਬਾਦਲ ਭ੍ਰਿਸ਼ਟਾਚਾਰ ਦੇ ਮਾਮਲੇ ਕਾਰਨ ਪਟਿਆਲਾ ਜੇਲ੍ਹ ਵਿਚ ਬੰਦ ਸੀ। ਤਦੋਂ ਕੇਂਦਰ ਵਿਚ ਭਾਜਪਾ ਦੇ ਵਜੀਰ, ਜੇਲ੍ਹ ਵਿਚ ਬਾਦਲ ਨੂੰ ਮਿਲਣ ਆਉਂਦੇ। "ਦੁੱਖ" ਪ੍ਰਗਟ ਕਰਦੇ ਤੇ ਪੰਜਾਬ ਸਰਕਾਰ ਨੂੰ ਲਾਹਣਤਾਂ ਪਾਉਂਦੇ। ਜਦੋਂ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਨੇ ਹਮਲਾ ਕੀਤਾ ਸੀ, ਉਸ ਵਕਤ ਇਨ੍ਹਾਂ ਹੀ ਭਾਜਪਾਈਆਂ ਨੇ ਕਾਂਗਰਸ ਦੀ ਰੱਜ ਕੇ ਪ੍ਰਸ਼ੰਸਾ ਕੀਤੀ ਸੀ। ਜਦੋਂ ਪੰਜਾਬ ਵਿਚ ਝੂਠੇ ਮੁਕਾਬਲੇ ਬਣਾ ਕੇ, ਸਿੱਖ ਨੌਜਵਾਨਾਂ ਨੂੰ ਕਤਲ ਕੀਤਾ ਜਾ ਰਿਹਾ ਸੀ, ਉਦੋਂ ਭੀ ਭਾਜਪਾ ਖ਼ੁਸ਼ ਸੀ ਪਰ ਜਦੋਂ ਬਾਦਲ ਸਾਹਿਬ ਗ੍ਰਿਫ਼ਤਾਰ ਹੋਏ ਤਦੋਂ ਭਾਜਪਾ ਨੂੰ "ਬਹੁਤ ਦੁੱਖ" ਹੋਇਆ। ਵਾਹ ਰਾਜਨੀਤੀ! ਤੇਰਾ ਕੋਈ ਅਸੂਲ ਜਾਂ ਕੋਈ ਧਰਮ ਨਹੀਂ ਹੈ। ਕੀ ਪੰਜਾਬ ਦਾ ਵੋਟਰ ਇਨ੍ਹਾਂ ਘਟਨਾਂ ਚਕਰਾਂ ਨੂੰ ਭੁੱਲ ਗਿਆ ਹੈ ? ਜਿਸ ਦੀ ਜਮੀਰ ਜਾਗਦੀ ਹੈ ਉਹ ਸੋਚ ਸਮਝ ਕੇ ਵੋਟ ਪਾਵੇਗਾ। ਸਿੱਖੀ ਨੂੰ ਵੋਟਾਂ ਵੱਟੇ ਜਦੋਂ ਜੀ ਚਾਹੇ ਦਗਾ ਦਿਤਾ ਜਾ ਸਕਦਾ ਹੈ। ਵਾਹ ਬਾਬਾ ਨਾਨਕ ਜੀ, ਕਦੀ ਅਪਣੇ ਇਨ੍ਹਾਂ ਵੱਡੇ ਸਿੱਖਾਂ ਨੂੰ ਪਾਪ ਕਰਮਾਂ ਤੋਂ ਰੋਕ ਸਕੋਗੇ ?

***

# ਜਾਗੋ ! ਵਰਨਾ ਲੁੱਟੇ ਜਾਓਗੇ

ਸਿਆਣੇ ਪੁਰਖਾਂ ਦਾ ਆਖਣਾ ਹੈ ਕਿ ਮਨੁੱਖਤਾ ਵਿਚ ਜਦੋਂ ਇਖਲਾਕ ਹੀਣਤਾ ਆ ਜਾਵੇ, ਸਮੇਂ ਨਾਲ ਬਰ ਮੇਚ ਕੇ ਚੱਲਣ ਦੀ ਯੋਗਤਾ ਪੈਦਾ ਨਾ ਹੋਵੇ, ਸਮੁੱਚੇ ਭਾਈਚਾਰੇ ਨੂੰ ਨਜ਼ਰਅੰਦਾਜ਼ ਕਰ ਕੇ ਨਿੱਜੀ ਸੁੱਖਾਂ ਤਕ, ਮਨੁੱਖ ਸੀਮਤ ਹੋ ਜਾਵੇ, ਸੱਚ ਦਾ ਤਿਆਗ ਕਰ ਕੇ ਝੂਠ ਦਾ ਪੱਲਾ ਫੜ ਲਵੇ, ਉਸ ਵਕਤ ਉਸ ਕੌਮ

ਨੂੰ ਕੋਈ ਨਹੀਂ ਬਚਾ ਸਕਦਾ। ਉਹ ਸਮਾਜ ਫਿਰ ਗਰਕਦਾ ਹੀ ਚਲਾ ਜਾਂਦਾ ਹੈ। ਜਿੰਨੀ ਦੇਰ ਕੋਈ ਸਿਆਣਾ ਲੀਡਰ ਮਲਾਹ ਬਣ ਕੇ ਡੋਲ ਰਹੀ ਬੇੜੀ ਨੂੰ ਮਜ਼ਬੂਤ ਚੱਪੂ ਲਾ ਕੇ, ਥੰਮ੍ਹ ਨਹੀਂ ਲੈਂਦਾ, ਕਿਨਾਰੇ ਨਹੀਂ ਪੁਚਾ ਦਿੰਦਾ। ਬਰਸਾਤ ਦੀ ਆਮਦ ਦਾ ਬਹੁਤ ਮਾਮੂਲੀ ਜੀਵ ਕੀੜੀਆਂ ਨੂੰ ਜਦੋਂ ਅਹਿਸਾਸ ਹੋ ਜਾਂਦਾ ਹੈ, ਤਾਂ ਆਪਣੇ ਬੱਚੇ ਤੇ ਅੰਡੇ ਚੁੱਕ ਕੇ ਉਚੀਆਂ ਥਾਵਾਂ 'ਤੇ ਪੁੱਜ ਜਾਂਦੀਆਂ ਹਨ। ਮੌਸਮ ਬਦਲਣ ਨਾਲ ਪੰਛੀ ਪਰਵਾਸ ਕਰ ਕੇ ਹਜ਼ਾਰਾਂ ਮੀਲ ਦੂਰ ਜਾ ਨਿਕਲਦੇ ਹਨ। ਜੋ ਜੀਵ ਜਾਂ ਮਨੁੱਖੀ ਭਾਈਚਾਰਾ, ਹਾਲਾਤ ਨਾਲ "ਦੋ ਹੱਥ" ਕਰਨ ਤੋਂ ਅਸਮਰਥ ਹੈ, ਉਸ ਨੇ ਅੱਜ ਭਲਕ ਖ਼ਤਮ ਹੋਣਾ ਹੀ ਹੋਣਾ ਹੈ। ਕੁਦਰਤ ਦੇ ਕਠੋਰ ਨਿਯਮ ਵਿਚ ਕੋਈ ਰਿਆਇਤ ਨਹੀਂ ਮਿਲਦੀ।

ਗੁਰੂ ਨਾਨਕ ਸਾਹਿਬ ਜੀ ਨੇ ਅੱਜ ਨਾਲੋਂ ਹਜ਼ਾਰਾਂ ਦਰਜੇ ਮੰਦੇ ਹਾਲਾਤਾਂ ਵਿਚ, ਸਾਧਨਾਂ ਦੀ ਅਣਹੋਂਦ ਵਿਚ, ਲੰਮੀ ਪਲਾਨਿੰਗ ਬਣਾ ਕੇ, ਜ਼ੁਲਮ ਦੀ ਚੱਕੀ ਵਿਚ ਪਿਸ ਰਹੇ ਲੋਕਾਂ ਅੰਦਰ, ਆਜ਼ਾਦੀ ਦੀ ਜੋਤ ਬਾਲ ਦਿੱਤੀ। ਸਤਿਗੁਰੂ ਜੀ ਦੇ ਇਕ ਇਸ਼ਾਰੇ 'ਤੇ ਨੌਜਵਾਨ ਜਾਨਾਂ ਨਿਛਾਵਰ ਕਰਨ ਲਈ ਢਿਲ ਨਹੀਂ ਕਰਦੇ ਸਨ। ਸਤਿਗੁਰੂ ਜੀ ਨੇ ਪਰਉਪਕਾਰ ਅਤੇ ਬਹਾਦਰੀ ਦੀ ਚਰਮਸੀਮਾਂ ਤੇ ਸਮਾਜ ਨੂੰ ਪੁਚਾ ਦਿੱਤਾ ਸੀ। ਇਸੇ ਲਈ ਸਿੱਖਾਂ ਦਾ ਜੀਵਨ ਢੰਗ, ਅਤੇ ਸੋਚਣ ਦਾ ਤਰੀਕਾ, ਬਦਲ ਗਿਆ ਸੀ। ਗੁਰੂ ਨਾਨਕ ਸਾਹਿਬ ਨੇ ਪੂਰਨ ਤਿਆਗ ਦਾ ਸਬੂਤ ਦਿੱਤਾ, ਪੁੱਤਰ ਪਾਸੇ ਕਰ ਦਿੱਤੇ। ਲਾਇਕ ਸੇਵਕ ਅੱਗੇ ਲਿਆਂਦਾ, ਭਾਈ ਲਹਿਣਾ ਜੀ। ਲਹਿਣਾ ਜੀ ਨੇ ਪੁੱਤਰ ਮੋਹ ਛੱਡ ਕੇ, ਸੇਵਕ ਨੂੰ ਗੱਦੀ ਦਿੱਤੀ। ਗੁਰੂ ਅਮਰਦਾਸ ਜੀ ਨੇ ਪੁੱਤਰਾਂ ਦੀ ਥਾਂਵੇਂ, ਦਾਮਾਦ ਨੂੰ ਇਸ ਅਹੁਦੇ ਲਈ ਯੋਗ ਜਾਣਿਆ। ਅਗੋਂ ਜੇ ਪੁੱਤਰਾਂ ਜਾਂ ਘਰ ਦੇ ਸਕੇ ਸਬੰਧੀਆਂ ਨੂੰ, ਗੁਰਗੱਦੀ ਦਿੱਤੀ ਗਈ ਤਾਂ ਸਾਰੇ ਗੁਣ ਪਰਖ ਵੇਖ ਕੇ ਗੱਦੀ ਦਿੱਤੀ ਗਈ ਸੀ, ਕਿਸੇ ਸਿਫ਼ਾਰਸ਼ ਕਰ ਕੇ ਜਾਂ ਰਿਆਇਤ ਕਰ ਕੇ ਨਹੀਂ। ਜਿਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਉਨ੍ਹਾਂ ਆਪਣੀ ਕੌਮ ਨੂੰ ਧੋਖਾ ਨਹੀਂ ਦਿੱਤਾ। ਜੇ ਤਸੀਹੇ ਝੱਲ ਕੇ ਮਰਨਾ ਪਿਆ, ਤਾਂ ਮੌਤ ਨੂੰ ਗਲ ਲਾਇਆ, ਕੌਮੀ ਸ਼ਾਨ ਨੂੰ ਧੱਬਾ ਨਹੀਂ ਲੱਗਣ ਦਿੱਤਾ।

ਸਾਡੇ ਮੌਜੂਦਾ ਸਿੱਖ ਲੀਡਰ ਗੁਰੂ ਸਾਹਿਬਾਨ ਦੇ ਉਪਕਾਰਾਂ ਦਾ ਬਹੁਤ ਗੁਣਗਾਨ ਕਰਦੇ ਹਨ। ਸੰਗਤ ਨੂੰ ਸਮੋਹਿਤ ਜਿਹਾ ਕਰ ਕੇ, ਗੁਰੂ ਦਾ ਵਾਸਤਾ ਪਾ ਕੇ ਵੋਟ ਆਪਣੇ ਲਈ ਮੰਗ ਲੈਂਦੇ ਹਨ। ਸਿੱਖਾਂ ਸੂਰਮਿਆਂ ਦੀ ਬਹਾਦਰੀ ਦੇ ਕਿੱਸੇ ਸੁਣਾ ਕੇ, ਭਾਵਕਤਾ ਦੀ ਸਿਖਰ 'ਤੇ ਪੁਚਾ ਕੇ, ਵੋਟ ਲਈ ਝੋਲੀ ਅੱਡ ਲੈਂਦੇ ਹਨ।

ਬਾਬਾ ਬੰਦਾ ਸਿੰਘ ਬਹਾਦਰ, ਸ੍ਰ. ਜੱਸਾ ਸਿੰਘ, ਮਾ. ਰਣਜੀਤ ਸਿੰਘ ਦੇ ਰਾਜ ਅਤੇ ਬਹਾਦਰੀ ਨੂੰ ਦੁਹਰਾ ਕੇ, ਵੋਟ ਆਪਣੀ ਖਰੀ ਕਰਦੇ ਹਨ। ਸਟੇਜ 'ਤੇ ਇਤਿਹਾਸ ਜਾਂ ਗੁਰਬਾਣੀ ਸੁਣਾਉਣ ਵਾਲੇ ਪ੍ਰਚਾਰਕਾਂ ਨੂੰ ਕਹਾਣੀ ਦਾ ਮੁੱਲ ਕੁਝ ਦਮੜੇ ਮਿਲ ਜਾਂਦੇ ਹਨ। ਰਾਜਸੀ ਲੋਕਾਂ ਨੂੰ ਵੋਟਾਂ। ਕੀ ਇਹ ਸਭ ਗੁਰਮਤਿ ਅਨੁਸਾਰੀ ਹੈ ? ਫਿਰ ਰਾਜਸੀ ਲੋਕਾਂ ਦਾ ਤੇ ਧਰਮੀ ਲੋਕਾਂ ਦਾ ਜੀਵਨ, ਏਨਾ ਭ੍ਰਿਸਟ ਕਿਉਂ ਹੈ ? ਅਸਲ ਵਿਚ ਦੋਵਾਂ ਧਿਰਾਂ ਨੂੰ ਧਰਮ ਨਾਲ ਕੋਈ ਸਰੋਕਾਰ ਨਹੀਂ ਹੈ। ਬਸ ਕੁਰਸੀ ਤੇ ਪੈਸਾ, ਪੈਸਾ ਤੇ ਕੁਰਸੀ। ਫਿਰ ਅਕਾਲੀ ਲੀਡਰ ਸ਼੍ਰੋਮਣੀ ਕਮੇਟੀ ਬਣਨ ਦਾ ਇਤਿਹਾਸ ਬਿਆਨ ਕਰਨਗੇ। ਕਿਵੇਂ ਮਾਰਾਂ ਖਾਧੀਆਂ ਮੋਰਚੇ ਲਾਏ, ਜੇਲਾਂ ਵਿਚ ਕਸਟ ਭੋਗੇ। ਉਨ੍ਹਾਂ ਸੂਰਮਿਆਂ ਦੀ ਹੈ ਇਹ ਕਮੇਟੀ ਪਰ ਇਸ ਕਮੇਟੀ ਨੂੰ ਬਣੀ ਨੂੰ ਅੱਸੀ ਸਾਲ ਹੋ ਗਏ ਹਨ। ਉਨ੍ਹਾਂ ਬਹਾਦਰਾਂ ਵਿਚੋਂ ਤਾਂ ਅੱਜ ਇਕ ਵੀ ਜੀਵਤ ਨਹੀਂ ਹੈ। ਤੁਸੀਂ ਲੋਕ ਤਾਂ ਉਨ੍ਹਾਂ ਦੀ ਸੂਰਮਗਤੀ ਨੂੰ "ਕੈਸ਼" ਕਰਨ ਲੱਗੇ ਹੋਏ ਹੋ। ਮੌਜੂਦ ਲੀਡਰਸ਼ਿਪ ਨੇ ਕਿਹੜੇ ਤਸੀਹੇ ਝੱਲੇ ਹਨ, ਮਾਰਾਂ ਖਾਧੀਆਂ ਹਨ। ਭੋਲੇ ਭਾਲੇ ਲੋਕਾਂ ਨੂੰ ਭਰਮਾ ਕੇ, ਗੁਰਦਵਾਰਿਆਂ ਵਿਚ ਦੀਪ ਮਾਲਾਵਾਂ ਕਰ ਕੇ, ਨਗਰ ਕੀਰਤਨ ਤੇ ਜਲੂਸ ਕੱਢ ਕੇ, ਫੋਕੇ ਦਮਗਜੇ ਮਾਰ ਕੇ, ਵੋਟਾ ਮੰਗੀਆਂ ਜਾ ਰਹੀਆਂ ਹਨ। ਅਕਾਲੀ ਦਲ ਬਹਾਦਰਾਂ ਦੀ ਜਥੇਬੰਦੀ ਹੋਣ ਦਾ ਢੋਲ ਪਿਟਿਆ ਜਾ ਰਿਹਾ ਹੈ। ਦਰਬਾਰ ਸਾਹਿਬ 'ਤੇ ਹਮਲੇ ਵਕਤ ਲਾਸ਼ਾਂ ਨੂੰ ਪੈਰਾਂ ਹੇਠ ਮਧੋਲ ਕੇ, ਹੱਥ ਖੜੇ ਕਰ ਕੇ, ਸਰਕਾਰੀ ਗੱਡੀਆਂ ਵਿਚ ਬੈਠ ਕੇ ਗੈਸਟ ਹਾਊਸਾਂ ਵਿਚ "ਕੈਦ ਕੱਟਣ ਵਾਲੇ", ਅੱਜ ਅਕਾਲੀ ਦਲ ਨੂੰ ਬਹਾਦਰਾਂ ਦੀ ਜਥੇਬੰਦੀ ਕਹਿੰਦੇ ਰਤਾ ਨਹੀਂ ਸ਼ਰਮਾਉਂਦੇ।

ਪੰਜ ਸਾਲ ਤਕ (1997 ਤੋਂ 2002 ਤਕ) ਸ੍ਰੀ ਬਾਦਲ ਦੇ ਅਕਾਲੀ ਦਲ ਦੀ ਪੰਜਾਬ ਵਿਚ ਸਰਕਾਰ ਬਣੀ ਰਹੀ। ਪੰਜ ਸਾਲ ਹੀ ਪੰਜਾਬ ਦੇ ਹੱਕਾਂ ਵਾਸਤੇ ਜ਼ੁਬਾਨ ਨਹੀਂ ਖੋਲ੍ਹੀ, ਗੂੰਗੇ ਬੋਲੇ ਤੇ ਅੰਨੇ ਹੋ ਕੇ, ਆਪਣੇ ਖਜਾਨੇ ਭਰਨ ਵਿਚ ਗਲਤਾਨ ਹੋ ਕੇ ਬਹਿ ਗਏ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਦੇ ਪਾਣੀਆਂ ਦੀ ਲੁੱਟ, ਪੰਜਾਬੀ ਬੋਲਦੇ ਇਲਾਕੇ, ਸਭ ਭੁਲਾ ਦਿੱਤੇ ਗਏ, ਅਜਿਹਾ ਬਿਆਨ ਹੀ ਜ਼ੁਬਾਨ 'ਤੇ ਨਹੀਂ ਆਉਣ ਦਿੱਤਾ। ਸਿੱਖਾਂ ਦਾ ਜੋ ਘਾਣ ਹੋਇਆ ਸੀ ਉਨ੍ਹਾਂ ਨੂੰ ਮੁੜ ਪੈਰਾਂ 'ਤੇ ਖੜੇ ਕਰਨਾ, ਧਰਮੀ ਫ਼ੌਜੀਆਂ ਨੂੰ ਬਹਾਲ ਕਰਾਉਣਾ, ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਦਿਵਾਉਣੀ, ਬੜੀ ਬੇਰਹਿਮੀ ਨਾਲ ਵਿਸਾਰ ਦਿੱਤੀ ਗਈ। ਖ਼ੁਦਕੁਸ਼ੀਆਂ ਕਰ ਰਹੇ ਗਰੀਬ ਕਿਸਾਨਾਂ ਦੀ ਬਾਂਹ ਫੜਨੀ, ਫ਼ਸਲਾਂ ਦੇ ਲਾਹੇਬੰਦੇ

ਭਾਅ ਦੇਣੇ, ਖਾਲੀ ਪਈਆਂ ਆਸਾਮੀਆਂ ਤੇ ਮੁਲਾਜ਼ਮ ਭਰਤੀ ਕਰਨੇ, ਕਦੀ ਯਾਦ ਹੀ ਨਾ ਆਇਆ। ਆਲ ਇੰਡੀਆ ਗੁਰਦਵਾਰਾ ਐਕਟ ਛੇੜਿਆ ਹੀ ਨਹੀਂ। ਅਨੰਦਪੁਰ ਦਾ ਮਤਾ ਖਾਰੇ ਸਾਗਰ ਵਿਚ ਡੋਬ ਦਿੱਤਾ ਗਿਆ ਹੈ। ਇਸ ਦੀ ਕਦੀ ਭਿਣਕ ਤਕ ਨਹੀਂ ਕੱਢੀ। ਵਾਸਤਾ ਪਾਉਣਾ ਪੁਰਾਤਨ ਸਿੰਘਾਂ ਦੀ ਬਹਾਦਰੀ ਦਾ। ਅੱਜ ਦੇ ਲੀਡਰ ਕਿੰਨੇ ਖ਼ੁਦਗਰਜ ਤੇ ਗ਼ੈਰਤ ਹੀਣ ਹੋ ਗਏ ਹਨ ਜੇ ਵਿਸਥਾਰ ਵਿਚ ਲਿਖਣ ਲੱਗ ਪਈਏ ਤਾਂ ਗ੍ਰੰਥ ਭਰੇ ਜਾ ਸਕਦੇ ਹਨ।

ਜੇ ਕੁੱਝ ਮਹੱਤਵਪੂਰਨ ਸ੍ਰੀ ਬਾਦਲ ਅਕਾਲੀ ਦਲ ਨੇ ਕੀਤਾ ਹੈ ਤਾਂ ਉਹ ਹੈ ਆਰ.ਐਸ.ਐਸ. ਅੱਗੇ ਪੂਰੀ ਕੌਮ ਨੂੰ ਵੇਚ ਦੇਣਾ। ਧਰਮ ਨੂੰ ਉਨ੍ਹਾਂ ਹਵਾਲੇ ਕਰ ਦੇਣਾ। ਖ਼ੁਦ ਹਵਨ ਕਰਨੇ, ਟਿੱਕੇ ਤਿਲਕ ਲਗਵਾਉਣੇ, ਮੁਕਟ ਪਹਿਨਣੇ, ਦੇਵੀਆਂ ਦੇ ਟੱਲ ਖੜਕਾਉਣੇ। ਅਕਾਲੀ ਵਰਕਰਾਂ ਤੇ ਕਮੇਟੀ ਮੈਂਬਰਾਂ ਨੂੰ ਬੰਧੂਆ ਮਜ਼ਦੂਰ ਬਣਾ ਲੈਣਾ। ਧਰਮ ਦਾ ਪੈਸਾ ਰਾਜਨੀਤੀ ਵਿਚ ਬਰਬਾਦ ਕਰਨਾ। ਜਥੇਦਾਰਾਂ ਨੂੰ ਆਪਣੀਆਂ ਕਠਪੁਤਲੀਆਂ ਬਣਾ ਲੈਣਾ, ਸਾਰਾ ਅਕਾਲੀ ਦਲ, ਭਾਵੇਂ ਬੱਜਰ ਪਾਪ ਕਰਦਾ ਰਹੇ, ਜਥੇਦਾਰਾਂ ਨੇ ਕਦੀ ਮੂੰਹ ਨਾ ਖੋਹਲਣਾ। ਪੰਜਾਬ ਦਾ 90% ਸਿੱਖ ਕੇਸਾਂ ਰਹਿਤ ਹੋ ਗਿਆ ਹੈ, ਨਸ਼ਿਆਂ ਵਿਚ ਡੁੱਬ ਗਿਆ ਹੈ, ਕੀ ਇਹੀ ਕਾਰਗੁਜਾਰੀ ਹੈ ਸਿੱਖ ਆਗੂਆਂ ਦੀ? ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਹੋਵੇ ਤੇ ਸਨਮਾਨਤ ਭਾਜਪਾਈ ਹੋਣ, ਹੈ ਨਾ ਹਨੇਰਗਰਦੀ? ਇਕ ਭਾਜਪਾਈ ਔਰਤ ਸੁਸਮਾ ਸਵਰਾਜ ਸਿੱਖਾਂ ਦੇ ਸਿਰ ਹੀ ਸੁਆਹ ਪਾਉਂਦੀ ਰਹੀ। ਤਰਨ ਤਾਰਨ ਵਿਖੇ ਇਹੀ ਤਾਂ ਕੀਤਾ ਗਿਆ ਸੀ। ਅਖੌਤੀ ਅਕਾਲੀ ਦਲ ਦੇ ਇਕੱਠਾਂ ਵਿਚ ਗੌਹ ਨਾਲ ਵੇਖੋ, ਕੇਸਾਂ ਵਾਲੇ, ਪਗੜੀਆਂ ਵਾਲੇ ਦਸ ਫ਼ੀ ਸਦੀ ਮਸੀਂ ਦਿਸਣਗੇ। ਬਾਕੀ ਸਾਰੇ ਰੁਮਾਲਾਂ ਵਾਲੇ ਟੋਪੀਆਂ ਵਾਲੇ ਹੀ ਨਜ਼ਰ ਆਉਣਗੇ।

ਇਸ ਲੇਖ ਦਾ ਇਹ ਭਾਵ ਹਰਗਿਜ਼ ਨਹੀਂ ਹੈ ਕਿ ਕਾਂਗਰਸ ਦੁੱਧ ਧੋਤੀ ਪਾਰਟੀ ਹੈ। ਇਸ ਪਾਰਟੀ ਨੇ ਸਿੱਖ ਮਾਨਸਿਕਤਾ ਵਿਚ ਗਹਿਰੇ ਜ਼ਖ਼ਮ ਲਾਏ ਹਨ। ਸਾਨੂੰ ਇਹ ਚੰਗੀ ਤਰ੍ਹਾਂ ਅਹਿਸਾਸ ਹੈ ਕਿ ਇਹ ਸਿੱਖਾਂ ਦੀ ਹਿਤੈਸ਼ੀ ਪਾਰਟੀ ਕਦੀ ਨਹੀਂ ਰਹੀ, ਬੇਗਾਨੀ ਹੈ। ਇਹ ਯਾਦ ਰਹੇ "ਸਾਡੇ ਆਪਣੇ ਹੋਣ ਦਾ ਦਮ ਭਰਨ ਵਾਲੇ" ਸਿੱਖ ਕੌਮ ਨੂੰ ਕਿਵੇਂ ਤਬਾਹ ਕਰ ਰਹੇ ਹਨ, ਇਹ ਭੀ ਜਿਹਨ ਵਿਚ ਰਖੀਏ। ਜੇ ਅਕਾਲੀ ਦਲ ਨੇ ਸਿੱਖ ਹਕਾਂ 'ਤੇ ਪਹਿਰਾ ਦਿੱਤਾ ਹੁੰਦਾ ਤਾਂ ਪਿਛਲੀਵਾਰ (2002 ਤੋਂ 2007) ਕਾਂਗਰਸ ਦੀ ਸਰਕਾਰ ਪੰਜਾਬ ਵਿਚ ਬਣਨ ਦਾ ਸੁਆਲ ਹੀ ਪੈਦਾ

ਨਹੀਂ ਸੀ ਹੋਣਾ। ਜਿਸ ਕਾਂਗਰਸ ਨੇ ਸਿੱਖ ਮਨਾਂ ਨੂੰ ਗਹਿਰੀ ਚੋਟ ਪਹੁੰਚਾਈ ਸੀ, ਉਸੇ ਪਾਰਟੀ ਨੂੰ ਵੋਟਾਂ ਪਾ ਕੇ ਸਫ਼ਲ ਕਰਨ ਪਿੱਛੇ, ਕਿਸ ਦੀ ਕਾਰਗੁਜਾਰੀ ਸੀ ? ਨਿਰਸੰਦੇਹ ਅਕਾਲੀ ਦਲ ਬਾਦਲ ਦੀ। ਕਾਂਗਰਸ ਸਾਡੇ ਗੁਰਦਵਾਰਿਆਂ 'ਤੇ ਸਿਧੀ ਕਾਬਜ ਨਹੀਂ ਹੈ। ਦੇਸ਼ ਦੀਆਂ ਹੋਰ ਬੇਈਮਾਨ ਰਾਜਨੀਤਕ ਪਾਰਟੀਆਂ ਵਰਗੀ ਅਕਾਲੀ ਪਾਰਟੀ ਗੁਰਦਵਾਰਿਆਂ 'ਤੇ ਵੀ ਅਜਗਰੀ ਕੁੰਡਲ ਮਾਰੀ ਬੈਠੀ ਹੈ। ਸਗੋਂ ਰਾਸ਼ਟਰੀ ਸਿੱਖ ਸੰਗਤ ਵਰਗੀਆਂ ਆਰ.ਐਸ.ਐਸ. ਦੀਆਂ ਸ਼ਾਖਾਵਾਂ, ਸਾਰੀਆਂ ਸਿੱਖ ਸੰਸਥਾਵਾਂ 'ਤੇ ਕਬਜਾ ਕਰ ਚੁੱਕੀਆਂ ਹਨ। ਅਕਾਲ ਤਖ਼ਤ ਸਮੇਤ ਸਾਰੇ ਤਖ਼ਤ ਤੇ ਗੁਰਦਵਾਰੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਚਲਦੇ ਹਨ। ਬ੍ਰਾਹਮਣੀ ਰੀਤਾਂ ਗੁਰਦਵਾਰਿਆਂ ਵਿਚ, ਜਿੰਨੀਆਂ ਕੋਈ ਮਰਜ਼ੀ ਕਰੀ ਜਾਵੇ, ਕੋਈ ਰੋਕ ਨਹੀਂ। ਜਦੋਂ ਕੋਈ ਸਿੱਖ ਗੁਰਬਾਣੀ ਦੇ ਪਰਮਾਣ ਦੇ ਕੇ, ਬ੍ਰਾਹਮਣੀ ਕਰਮਕਾਡਾਂ ਨੂੰ ਰੋਕਣ ਦਾ ਯਤਨ ਕਰੇਗਾ, ਤਾਂ "ਪੰਥ" ਵਿਚੋਂ ਛੇਕਿਆ ਜਾਵੇਗਾ।

ਪਾਰਲੀਮੈਂਟ ਵਿਚ ਪਹੁੰਚੇ ਅਕਾਲੀ ਮੈਂਬਰਾਂ ਨੇ ਅੱਜ ਤਕ ਕਦੀ, ਪੰਜਾਬ ਦੇ ਹਕਾਂ ਲਈ ਆਵਾਜ਼ ਨਹੀਂ ਉਠਾਈ। ਪੂਰਾ ਸਮਾਂ ਮਿੱਟੀ ਦੇ ਮਾਧੋ ਤੇ ਆਟੇ ਦੇ ਬਾਵੇ ਬਣ ਕੇ ਬੈਠੇ ਰਹਿੰਦੇ ਹਨ। ਘੱਟ ਗਿਣਤੀਆਂ ਨੂੰ ਕੁਚਲਣ ਵਾਲਾ, ਜਦੋਂ ਪੋਟਾ ਕਾਨੂੰਨ ਪਾਰਲੀਮੈਂਟ ਵਿਚ ਪਾਸ ਹੋਇਆ ਸੀ। ਉਸ ਸਮੇਂ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਨੇ ਇਸ ਸਿੱਖ ਮਾਰੂ ਕਾਨੂੰਨ ਦੇ ਹੱਕ ਵਿਚ ਵੋਟ ਪਾਈ ਸੀ। ਮਾਨੋ ਸਾਰੀਆਂ ਘੱਟ ਗਿਣਤੀਆਂ ਦੇ ਗਲ ਵਿਚ ਫਾਂਸੀ ਦਾ ਫੰਦਾ ਪੁਆਉਣ ਵਿਚ, "ਸਰਬਤ ਦਾ ਭਲਾ" ਰੋਜ਼ ਮੰਗਣ ਵਾਲੇ ਅਕਾਲੀ ਆਗੂ, "ਖ਼ੁਸ਼ੀ ਖ਼ੁਸ਼ੀ" ਦਸਖ਼ਤ ਕਰ ਰਹੇ ਸਨ। ਸ੍ਰ. ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨੇ ਸੁਪਰੀਮ ਕੋਰਟ ਦੇ ਪੰਜਾਬ ਮਾਰੂ ਵਾਰ ਨੂੰ ਰੋਕਣ ਵਾਸਤੇ, ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਵਾ ਕੇ, ਕੇਂਦਰ ਦੀ ਤਲਵਾਰ ਤੋਂ ਬਚਾ ਲਿਆ ਸੀ। ਇਸ ਮਤੇ ਬਾਰੇ ਪਾਰਲੀਮੈਂਟ ਵਿਚ ਵਿਚਾਰ ਹੋ ਰਹੀ ਸੀ। ਭਾਜਪਾ ਦੀ ਇਕ ਖੇਖਣਹਾਰੀ ਐਮ.ਪੀ. ਸ਼ੁਸਮਾ ਸਵਰਾਜ ਨੇ, ਪ੍ਰਣਬ ਮੁਕਰਜੀ ਸਪੀਕਰ ਦੇ ਸਾਹਮਣੇ ਆ ਕੇ, ਪਿੱਟ ਸਿਆਪਾ ਕੀਤਾ। ਆਪਣੇ ਸਿਰ ਦੇ ਵਾਲ ਪੁੱਟੇ, ਹੰਝੂ ਬਹਾਏ। ਸ੍ਰ. ਅਮਰਿੰਦਰ ਸਿੰਘ ਵਲੋਂ ਪਾਸ ਕੀਤੇ ਪਾਣੀਆਂ ਦੇ ਮਤੇ ਦਾ ਸ਼ਰਮਨਾਕ ਹੱਦ ਤਕ ਵਿਰੋਧ ਕੀਤਾ। ਸਾਡੇ ਸਾਰੇ ਪੰਜਾਬ ਵਿਚੋਂ ਚੁਣ ਕੇ ਗਏ ਅਕਾਲੀ ਐਮ.ਪੀ. "ਕਿਸਾਨਾਂ ਦੇ ਰਾਖੇ" ਮੁਰਦੇ ਬਣੇ ਬੈਠੇ ਰਹੇ। ਕਿਸੇ ਇਕ ਨੇ ਵੀ ਉਸ ਖੇਖਣਹਾਰੀ ਤੀਵੀਂ ਦੇ ਵਿਰੋਧ ਵਿਚ, ਇਕ ਸ਼ਬਦ ਭੀ ਜ਼ੁਬਾਨ ਵਿਚੋਂ ਨਾ ਕੱਢਿਆ। ਉਤੋਂ

ਅਕਾਲੀ ਅਖਵਾਉਣ ਵਾਲਿਆਂ ਨੇ ਸਮੂਹਿਕ ਤੌਰ 'ਤੇ ਸ਼ਰਮਨਾਕ ਘਿਰਣਤ ਕਰਤੂਤ ਇਹ ਕੀਤੀ, ਕਿ ਪੰਚਮ ਸਤਿਗੁਰੂ ਜੀ ਦੇ ਸ਼ਹੀਦੀ ਪੁਰਬ (400 ਸਾਲਾ) ਤਰਨ ਤਾਰਨ ਵਿਖੇ, ਉਸੇ ਪੰਜਾਬ (ਸਿੱਖਾਂ) ਦੀ ਦੁਸ਼ਮਣ ਸ੍ਰੀਮਤੀ ਸ਼ੁਸਮਾ ਸਵਰਾਜ ਨੂੰ, ਲੱਖਾਂ ਦੇ ਇਕੱਠ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਸਿਰੋਪਾ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਐਡਾ ਹਨੇਰ? ਪੰਥ ਦੇ ਦੁਸ਼ਮਣਾ ਨੂੰ ਸਿਰੋਪੇ? ਅਕਾਲੀ ਅਖਵਾਉਣ ਵਾਲਿਆਂ ਵਲੋਂ? "ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਬਹਾਦਰਾਂ ਦੀ ਜਥੇਬੰਦੀ ਹੈ" ਦਾ ਰਾਗ ਨਿਤ ਅਲਾਪਣ ਵਾਲੇ ਇੰਨੇ ਰਸਾਤਲ ਵਿਚ ਡਿੱਗ ਜਾਣਗੇ, ਕਦੀ ਸੋਚਿਆ ਭੀ ਨਹੀਂ ਸੀ। ਬੰਦਾ ਸਿੰਘ ਬਹਾਦਰ ਤੇ ਜੱਸਾ ਸਿੰਘ ਆਹਲੂਵਾਲੀਏ ਨੇ ਵਜ਼ੀਰ ਖ਼ਾਨ, ਸੁੱਚਾ ਨੰਦ ਤੇ ਪਾਪੀ ਗੰਗੂ ਵਰਗਿਆਂ ਨੂੰ ਕਰਾਰੀਆਂ ਸਜ਼ਾਵਾਂ ਦਿੱਤੀਆਂ। ਅੱਜ ਉਨ੍ਹਾਂ ਸਿੱਖਾਂ ਦੇ ਵਾਰਸ ਗੰਗੂਆਂ ਤੇ ਚੰਦੂਆਂ ਨੂੰ ਸਨਮਾਨਤ ਕਰ ਕੇ ਸਤਿਗੁਰੂ ਦੇ ਦਰਬਾਰ ਵਿਚ ਆਪਣਾ ਹੀ ਮੂੰਹ ਕਾਲਾ ਕਰਵਾ ਰਹੇ ਹਨ। ਸ੍ਰ. ਰਤਨ ਸਿੰਘ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਸੀ, ਕਿ ਸਿੱਖ ਲੜਦੇ ਮਰਦੇ ਹਨ ਤਾਂ ਪੈਸੇ ਲਈ ਨਹੀਂ, ਜ਼ਮੀਨਾਂ ਵਾਸਤੇ ਨਹੀਂ ਸਗੋਂ ਜ਼ਾਲਮ ਹਕੂਮਤ ਨੂੰ ਇਹ ਅਹਿਸਾਸ ਕਰਾਉਣ ਲਈ ਕਿ ਸਿੱਖ ਅਜੇ ਮਰੇ ਨਹੀਂ, ਗ਼ੈਰਤ ਰਹਿਤ ਨਹੀਂ ਹੋਏ, ਜਿਉਂਦੀ ਜ਼ਮੀਰ ਵਾਲੇ ਹਨ। "ਧਨ ਭੂਮ ਕੇ ਭੂਖੇ ਨਹਿ ਸਿੰਘ ਚਰਚਾ ਪੰਥ ਚਲਾਣ ਚਹੀ।"

ਅੱਜ ਅਕਾਲੀ+ਭਾਜਪਾ ਵਾਲੇ ਹਨ ਇਹ ਲੋਕ ਸ਼੍ਰੋਮਣੀ ਅਕਾਲੀ ਦਲ ਦਾ ਤਾਂ 1997 ਵਿਚ ਮੋਗੇ ਦੀ ਕਾਨਫ਼ਰੰਸ ਵਿਚ ਸੋਹਿਲਾ ਪੜ੍ਹ ਦਿੱਤਾ ਗਿਆ ਸੀ। ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਵਰਗੇ ਬ੍ਰਹਮਗਿਆਨੀ ਅਰਦਾਸੀਏ ਬਹੁਤ ਹਨ, ਇਸ "ਦੂਲੇ ਪੰਥ" ਵਿਚ। ਅਕਾਲੀ ਦਲ ਦੀ ਅੰਤਮ ਅਰਦਾਸ ਤਾਂ ਬੜੀ ਅੰਤਰ ਧਿਆਨ ਹੋ ਕੇ ਕਰ ਹੀ ਦੇਣਗੇ।

ਸਤਿਗੁਰੂ ਸਾਹਿਬਾਨ ਨੂੰ ਉਨ੍ਹਾਂ ਦੇ ਉਤਮ ਗੁਣਾਂ ਕਾਰਨ ਸਿੱਖ ਸੀਸ ਝੁਕਾਉਂਦਾ ਹੈ। ਬਹਾਦਰ ਗੁਰਸਿੱਖਾਂ ਨੇ ਜੋ ਲਾਸਾਨੀ ਪੂਰਨੇ ਪਾਏ, ਉਨ੍ਹਾਂ ਕਾਰਨ ਸਿੱਖ ਪੰਥ ਮਾਣ ਨਾਲ ਭਰ ਜਾਂਦਾ ਹੈ ਪਰ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਕਾਰਗੁਜਾਰੀ ਵੇਖ ਕੇ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਕਹਿੰਦੇ ਨੇ ਡੇਰੇਦਾਰ ਸਾਧ ਨੂੰ ਡੇਰੇ ਵਿਚੋਂ ਕਦੀ ਬੇਦਖ਼ਲ ਨਹੀਂ ਕੀਤਾ ਜਾ ਸਕਦਾ, ਭਾਵੇਂ ਜਿੱਡੇ ਮਰਜ਼ੀ ਬੱਜਰ ਪਾਪ ਕਰੀ ਜਾਵੇ ਕਿਉਂਕਿ ਡੇਰਾ ਉਸ ਦੀ ਨਿੱਜੀ ਜਾਇਦਾਦ (ਮਾਲਕੀ) ਹੁੰਦੀ ਹੈ। ਸਭ ਤੋਂ ਜ਼ਿਆਦਾ ਚਾਪਲੂਸ, ਚੌਵੀ ਘੰਟੇ ਹੱਥ ਜੋੜੀ ਸੇਵਾ ਵਿਚ ਖਲੌਤਾ, ਚਰਨ

ਘੁੱਟਦਾ, ਪੱਖਾ ਝਲਦਾ ਮਾਲਸਾਂ ਕਰਦਾ ਸੇਵਕ, ਜਦੋਂ ਸਾਰੀਆਂ ਮੰਜਲਾ ਪਾਰ ਕਰ ਲੈਂਦਾ ਹੈ। ਤਦੋਂ ਸੰਤ ਜੀ ਇਸ ਵਫ਼ਾਦਾਰ ਚੇਲੇ ਨੂੰ, ਆਪਣੀ ਗੱਦੀ ਬਖ਼ਸ਼ ਦਿੰਦੇ ਹਨ। ਇਸ ਅੰਦਰ ਦੇ ਭੇਤੀ ਵਫ਼ਾਦਾਰ ਚੇਲੇ ਤੋਂ ਗੱਦੀ ਖੋਹਣ ਵਾਸਤੇ, ਤਲਵਾਰਾਂ ਗੋਲੀਆਂ ਭਾਵੇਂ ਚਲ ਜਾਣ, ਪਰ ਕੋਈ ਮਾਈ ਦਾ ਲਾਲ ਇਸ "ਬ੍ਰਹਮ ਗਿਆਨੀ" ਤਿਆਗ ਦੀ ਸਾਕਾਰ ਮੂਰਤੀ ਨੂੰ ਗੱਦੀ ਤੋਂ ਵੱਖ ਕਦੀ ਨਹੀਂ ਕਰ ਸਕਦਾ।

ਜਰਾ ਗੌਰ ਫੁਰਮਾਉ! ਸ੍ਰੀ ਪ੍ਰਕਾਸ਼ ਸਿੰਘ ਬਾਦਲ ਲਗਪਗ 1960 ਤੋਂ ਰਾਜਨੀਤੀ ਦੇ ਉਪਰਲੇ ਡੰਡੇ 'ਤੇ ਬੈਠੇ ਹੋਏ ਹਨ। ਜਿਸ ਕਿਸੇ ਨੇ ਇਨ੍ਹਾਂ ਦੀ ਤਾਕਤ ਨੂੰ ਚੈਲੰਜ ਕੀਤਾ, ਉਸ ਨੇ ਮੁੜ ਪਾਣੀ ਨਹੀਂ ਮੰਗਿਆ। ਫਤ੍ਹੇ ਸਿੰਘ, ਸ੍ਰੀ ਮੋਹਣ ਸਿੰਘ ਤੁੜ, ਭਾਈ ਹਰਚੰਦ ਸਿੰਘ ਲੌਂਗੋਵਾਲ, ਸ੍ਰੀ ਕੁਲਦੀਪ ਸਿੰਘ ਵਡਾਲਾ, ਸ੍ਰੀ ਰਵੀਇੰਦਰ ਸਿੰਘ, ਸ੍ਰੀ ਗੁਰਚਰਨ ਸਿੰਘ ਟੌਹੜਾ, ਸ੍ਰੀ ਸਿਮਰਨਜੀਤ ਸਿੰਘ ਮਾਨ, ਸ੍ਰੀ ਸੁਰਜੀਤ ਸਿੰਘ ਬਰਨਾਲਾ, ਸ੍ਰੀ ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਹੋਰ ਬਹੁਤ ਸਾਰੇ। ਅਕਾਲੀ ਦਲ ਦਾ ਕੋਈ ਸੰਵਿਧਾਨ ਨਹੀਂ ਕੋਈ ਭਰਤੀ ਨਹੀਂ। ਕੋਈ ਕਾਰਜ ਕਾਰਨੀ ਨਹੀਂ, ਕੋਈ ਪਲਾਨਿੰਗ ਨਹੀਂ, ਕੋਈ ਭਵਿੱਖ ਨਹੀਂ। ਇਕੋ ਸਿੰਮਲ ਦਾ ਰੁੱਖ ਸ੍ਰੀ ਪ੍ਰਕਾਸ਼ ਸਿੰਘ ਬਾਦਲ ਜੋ ਵਿਅਕਤੀ ਆਪਣੀ ਜ਼ਮੀਰ ਮਾਰ ਲਵੇਗਾ, ਜੋ ਪੰਥ ਦੇ ਹਿੱਤਾਂ ਦੀ ਗਲ ਕਦੀ ਨਹੀਂ ਕਰੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਲੈ ਕੇ ਆਮ ਗ੍ਰੰਥੀ ਤਕ, ਆਮ ਵਰਕਰ ਤੋਂ ਲੈ ਕੇ ਸੀਨੀਅਰ ਪ੍ਰਧਾਨਾਂ ਤਕ ਚਾਰੇ ਪਾਸੇ ਕੇਵਲ ਜੀ ਹਜ਼ੂਰੀਏ ਹੀ ਭਿੰਣਭਿਣਾਉਂਦੇ ਘੁੰਮ ਰਹੇ ਹਨ। ਜਦੋਂ ਵੀ ਫ਼ੈਸਲਾ ਕਰਨ ਦੀ ਘੜੀ ਆਉਂਦੀ ਹੈ, ਉਦੋਂ ਹੀ ਨੀਲੀਆਂ ਦਸਤਾਰਾਂ, ਗਾਤਰੇ ਕਿਰਪਾਨਾਂ ਵਾਲੇ "ਕਾਗਜ਼ੀ ਸ਼ੇਰ" ਸਾਰੇ ਅਧਿਕਾਰ ਸ੍ਰੀ ਬਾਦਲ ਨੂੰ ਦੇ ਕੇ ਆਪਣੀ ਲਾਚਾਰਗੀ ਦਾ ਸਬੂਤ ਦੇ ਦਿੰਦੇ ਹਨ। ਵੇਖੋ ਨਾ! ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰ ਵਾਰ ਲਿਫਾਫੇ ਵਿਚੋਂ ਨਿਕਲਦੇ ਹਨ। ਜਥੇਦਾਰ ਲਿਫਾਫਿਆਂ ਵਿਚੋਂ ਨਿਕਲ ਰਹੇ ਹਨ। ਬਾਕੀ ਵਿਚਾਰੇ ਕਿਹੜੇ ਬਾਗ ਦੀ ਮੂਲੀ ਹਨ। ਅਕਾਲੀ ਪਾਰਟੀ ਵਿਚ ਦੂਜੀ ਕਤਾਰ ਜਾਂ ਤੀਜੀ ਕਤਾਰ ਦੀ ਨੌਜਵਾਨ ਲੀਡਰਸ਼ਿਪ ਪੈਦਾ ਹੀ ਨਹੀਂ ਹੋਣ ਦਿੱਤੀ ਗਈ। ਸਾਰੇ ਪੰਜਾਬ ਵਿਚ ਕੋਈ ਇਕ ਵੀ ਨੌਜਵਾਨ ਅਜਿਹਾ ਨਹੀਂ ਦਿਸਦਾ ਜੋ ਭਵਿੱਖ ਵਿਚ ਕੌਮ ਦੀ ਵਾਗਡੋਰ ਸੰਭਾਲ ਸਕੇ। ਨੌਜਵਾਨਾਂ ਦੀਆਂ ਸਾਰੀਆਂ ਸਿੱਖ ਜਥੇਬੰਦੀਆਂ ਆਖ਼ਰੀ ਸਾਹ ਗਿਣ ਰਹੀਆਂ ਹਨ ਪਰ ਅਸ਼ਕੇ ਜਾਈਏ ਸ੍ਰੀ ਬਾਦਲ ਅਤੇ ਉਨ੍ਹਾਂ ਦੇ ਸਾਥੀ ਚੌਧਰੀਆਂ ਦੀ ਅਕਲ ਤੋਂ ਜੋ ਆਪਣੇ ਭਵਿੱਖ ਨੂੰ ਹਨੇਰੀਆਂ ਗੁਫਾਵਾਂ ਵਿਚ ਗਰਕ ਹੁੰਦਾ ਵੇਖ ਕੇ ਦੋ ਹੰਝੂ ਭੀ ਨਹੀਂ ਕੇਰ ਸਕਦੇ। ਹਾਂ ਆਪਣੇ

ਪੁੱਤਰਾਂ ਨੂੰ ਬਿਨਾਂ ਕਿਸੇ ਯੋਗਤਾ ਤੋਂ, ਸਿੱਖ ਕੌਮ ਦੇ ਸਿਰ 'ਤੇ ਬਿਠਾਉਣ ਲਈ ਪੱਬਾਂ ਭਾਰ ਹੋਏ ਰਹਿੰਦੇ ਹਨ। ਸਾਰੇ ਲੀਡਰਾਂ ਦੇ ਪਰਵਾਰਕ ਮੈਂਬਰਾਂ ਨੂੰ ਜੋ ਰਾਜਸੀ ਅਹੁਦੇ ਦਿੱਤੇ ਗਏ, ਉਨ੍ਹਾਂ ਦੀ ਲਿਸਟ ਅੱਗੇ ਦੇ ਰਿਹਾ ਹਾਂ। ਕਈ "ਬਹੁਤੇ ਸਿਆਣੇ" ਸ਼ਾਇਦ ਇਹ ਦਲੀਲ ਭੀ ਦੇ ਮਾਰਨ ਕਿ ਗੁਰੂ ਸਾਹਿਬ ਨੇ ਵੀ ਆਪਣੀ ਸੰਤਾਨ ਨੂੰ ਗੁਰਗੱਦੀ ਦਿੱਤੀ ਤਾਂ ਹੈ ਨਾ। ਬਿਲਕੁਲ ਬਜਾ ਫੁਰਮਾਇਆ, ਗੁਰੂ ਰਾਮਦਾਸ ਜੀ ਨੇ ਆਪਣੇ ਪੁੱਤਰ, ਗੁਰੂ ਅਰਜਨ ਸਾਹਿਬ ਨੂੰ ਐਸ਼ਪ੍ਰਸਤੀ ਲਈ ਗੱਦੀ ਨਹੀਂ ਦਿੱਤੀ ਸੀ ਸਗੋਂ ਤੱਤੀਆਂ ਤਵੀਆਂ 'ਤੇ ਬੈਠਣ ਲਈ ਦੇਗਾਂ ਵਿਚ ਉਬਲਣ ਲਈ। ਛੇਵੇਂ ਸਤਿਗੁਰੂ ਜੀਵਨ ਭਰ ਆਰਾਮ ਨਾਲ ਨਹੀਂ ਬੈਠ ਸਕੇ। ਜੰਗ ਯੁਧ, ਜੰਗਲ ਬੇਲੇ ਗਾਵਲੀਅਰ ਕਿਲੇ ਦੀ ਸਖ਼ਤ ਕੈਦ। ਸੱਤਵੇਂ ਸਤਿਗੁਰਾਂ ਜਿਵੇਂ ਕਿਵੇਂ ਇਸ ਸਿੱਖ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਦਿਨ ਰਾਤ ਇਕ ਕਰ ਦਿੱਤਾ। ਅਠਵੇਂ ਸਤਿਗੁਰਾਂ ਨਾਲ ਔਰੰਗਜੇਬ ਨੇ, ਦਿੱਲੀ ਵਿਚ ਕੀ ਕਹਿਰ ਢਾਹਿਆ ਹਾਲੀ ਇਤਿਹਾਸ ਦੇ ਪੰਨਿਆਂ ਵਿਚੋਂ ਬਹੁਤ ਕੁੱਝ ਖੋਜਣਾ ਬਾਕੀ ਹੈ। ਨੌਂਵੇਂ ਗੁਰਾਂ ਨਾਲ ਜੋ ਹੋਈ ਸਭ ਨੂੰ ਪਤਾ ਹੈ। ਦਸਮ ਪਾਤਿਸ਼ਾਹ ਦੀ ਸੂਰਮਗਤੀ ਤੇ ਪਰਿਵਾਰਕ ਸ਼ਹੀਦੀਆਂ ਕਿਸੇ ਤੋਂ ਭੁੱਲੀਆਂ ਨਹੀਂ। ਉਨ੍ਹਾਂ ਦਾ ਹਵਾਲਾ ਦੇਣ ਤੋਂ ਪਹਿਲਾਂ ਸੋਚ ਲੈਣਾ ਕਿ ਕੀ ਜ਼ੁਲਮ ਨਾਲ ਦੋ ਹੱਥ ਕਰਨ ਦੀ, ਸੱਚ 'ਤੇ ਪਹਿਰਾ ਦਿੰਦਿਆਂ ਜਾਨ ਦੀ ਬਾਜ਼ੀ ਤਕ ਲਾ ਦੇਣ ਦੀ ਹਿੰਮਤ ਹੈ ਅੱਜ ਵਾਲੇ ਲੀਡਰਾਂ ਦੇ ਕਾਕਿਆਂ ਵਿਚ? ਕੀ ਸਾਰੇ ਸਿੱਖ ਪੰਥ ਵਿਚ ਹੋਣਹਾਰ ਪੁੱਤਰ ਜੰਮਣੋਂ ਹੀ ਬੰਦ ਹੋ ਗਏ ਨੇ? ਇਸੇ ਲਈ ਲੀਡਰਾਂ ਦੇ ਲੁੱਲੇ ਪੁੱਤਰਾਂ ਨੂੰ ਠੁੰਮਣੇ ਦੇ ਕੇ ਰਾਜ ਗੱਦੀਆਂ ਤਕ ਪਹੁੰਚਾਇਆ ਜਾ ਰਿਹਾ ਹੈ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਸ੍ਰ. ਅਮਰਿੰਦਰ ਸਿੰਘ ਕਾਂਗਰਸ ਪਾਰਟੀ ਦਾ ਵਰਕਰ ਹੈ। ਬਜਾਤੇ ਖ਼ੁਦ ਉਹ ਸ੍ਰੀ ਬਾਦਲ ਨਾਲੋਂ ਬਿਹਤਰੀਨ ਸਿੱਖ ਹੈ। ਜਦੋਂ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਗਿਆ ਸੀ, ਉਸ ਵਕਤ ਸ੍ਰ. ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ ਤੇ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ ਸੀ। ਭਾਰਤ ਸਰਕਾਰ ਪੰਜਾਬ ਨੂੰ ਚੰਡੀਗੜ੍ਹ ਦੇਣ ਬਦਲੇ, ਅਬੋਹਰ ਫਾਜ਼ਿਲਕਾ ਹਰਿਆਣੇ ਨੂੰ ਦੇਣ ਲਈ ਸਹਿਮਤ ਸੀ। ਇਸ ਚਾਲ ਨੂੰ ਭੀ ਦਿਨ ਰਾਤ ਇਕ ਕਰ ਕੇ, ਅਨੇਕਾਂ ਮੁਸੀਬਤਾਂ ਝੱਲ ਕੇ ਕੰਦੂਖੇੜਾ ਪਿੰਡ ਨੂੰ ਮਨਾ ਲਿਆ ਕਿ ਸਾਡੀ ਬੋਲੀ ਪੰਜਾਬੀ ਹੈ। ਜੇ ਇਹ ਇਕੱਲਾ ਪਿੰਡ ਹਿੰਦੀ ਮਾਂ ਬੋਲੀ ਲਿਖਵਾ ਦਿੰਦਾ ਤਾਂ ਅਬੋਹਰ ਫਾਜ਼ਿਲਕਾ ਗਿਆ ਸੀ ਕਿਉਂਕਿ ਹਰਿਆਣੇ ਵਲੋਂ ਅਬੋਹਰ ਵਲ

ਆਉਣ ਲਈ ਰਾਹ ਕੇਵਲ ਇਸੇ ਪਿੰਡ ਰਾਹੀਂ ਮਿਲਣਾ ਸੀ। ਜੋ ਬੰਦ ਹੋ ਗਿਆ। ਇਥੇ ਵੀ ਅਮਰਿੰਦਰ ਸਿੰਘ ਨੇ ਰੱਖ ਵਿਖਾਈ।

ਦੇਰ ਨਾਲ ਹੀ ਸਹੀ ਪਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ੍ਰ. ਰਘਬੀਰ ਸਿੰਘ ਨੇ ਕਮੇਟੀ ਮੈਂਬਰਾਂ ਅਫ਼ਸਰਾਂ ਤੇ ਬਾਦਲ ਸਾਹਿਬ ਦੀ ਨੀਂਦ ਉਡਾ ਦਿੱਤੀ ਹੈ। ਸੰਗਤ ਆਪਣੀ ਕਿਰਤ ਵਿਚੋਂ ਕੁਝ "ਤਿਲ ਫੁਲ" ਗੁਰੂ ਘਰਾਂ ਨੂੰ ਅਰਪਣ ਕਰਦੀ ਹੈ। ਕਿਨ੍ਹਾਂ ਭਾਵਨਾਵਾਂ ਨਾਲ ਕਿਨ੍ਹਾਂ ਅਰਮਾਨਾਂ ਨਾਲ। ਚਾਹੀਦਾ ਤਾਂ ਇਹ ਸੀ ਕਿ ਇਸ ਤਰ੍ਹਾਂ ਇਕੱਠੀ ਹੋਈ ਮਾਇਆ, ਪੰਥ ਵਿਚ ਵਿਦਿਆ ਦੇ ਪਸਾਰ ਲਈ ਲਗਦੀ। ਧਰਮ ਪ੍ਰਚਾਰ 'ਤੇ ਖ਼ਰਚ ਹੁੰਦੀ, ਅਚਨਚੇਤੀ ਆਈਆਂ ਮੁਸੀਬਤਾਂ ਵਿਚ ਫਸੇ ਲੋੜਵੰਦ ਸਿੱਖਾਂ ਦੀ ਮਦਦ ਕੀਤੀ ਜਾਂਦੀ। ਸਰਕਾਰ ਵਲੋਂ ਪ੍ਰੇਸ਼ਾਨ ਕੀਤੇ ਸਿੱਖਾਂ ਦੀ ਬਾਂਹ ਫੜੀ ਜਾਂਦੀ। ਅਫ਼ਸੋਸ ਕਿ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਬਾਦਲ ਨੇ ਮੁਜਰਮਾਨਾਂ ਹੱਦ ਤਕ ਗੋਲਕਾਂ ਨੂੰ ਬਰਬਾਦ ਕੀਤਾ ਹੈ। ਲੋੜਵੰਦ ਸਿੱਖਾਂ ਨੂੰ ਮਾਯੂਸ ਕੀਤਾ। ਇਸ ਤਰ੍ਹਾਂ ਪੰਥ ਲਈ ਕੁਰਬਾਨੀ ਕਰਨ ਦਾ ਜਜ਼ਬਾ ਹੀ ਪੰਥ ਵਿਚੋਂ ਖ਼ਤਮ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਆਉ ਗੋਲਕ ਲੁੱਟਣ ਬਾਰੇ ਇਕ ਇਕ ਨੁਕਤੇ 'ਤੇ ਸੰਖੇਪ ਵਿਚਾਰ ਕਰੀਏ :

1. ਸ਼ਾਹਬਾਦ ਮਾਰਕੰਡਾ ਵਿਚ ਗੁਰਦਵਾਰੇ ਦੀ ਸਾਢੇ ਇੱਕੀ ਏਕੜ ਜ਼ਮੀਨ ਸ੍ਰੀ ਬਾਦਲ ਨੇ ਆਪਣੇ ਪਰਿਵਾਰਕ ਮੈਂਬਰਾਂ ਦਾ ਨਿੱਜੀ ਟਰੱਸਟ ਬਣਾ ਕੇ ਕਾਬੂ ਕਰ ਲਈ ਹੈ।
2. ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦੇ ਜਸ਼ਨ ਮਨਾਉਂਦਿਆਂ, ਇਕੋ ਦਿਨ ਦਾ ਇਕ ਕਰੋੜ ਪੰਜਾਹ ਲੱਖ ਰੁਪਿਆ, ਸ਼ਾਮਿਆਨੇ ਤੇ ਡੈਕੋਰੇਸ਼ਨ ਦਾ ਬਿਲ ਬਣਿਆ। ਛੱਤੀ ਲੱਖ 'ਤੇ ਅਦਾਲਤ ਨੇ ਰੋਕ ਲਾ ਦਿਤੀ ਹੈ, ਬਾਕੀ ਪੈਸੇ ਫ਼ਰਮ ਨੂੰ ਦਿੱਤੇ ਗਏ, ਕਿੰਨਾ ਕਮਿਸ਼ਨ ਖਾਧਾ ਪੜਤਾਲ ਅਧੀਨ ਹੈ ।
3. ਅਜਨਾਲਾ ਹਲਕੇ ਦੀ ਵਿਧਾਨ ਸਭਾ ਚੋਣ ਆ ਗਈ ਬੀਬੀ ਜਗੀਰ ਕੌਰ ਨੇ ਚੋਣਾਂ ਵਾਲੇ ਖੇਤਰ ਦੇ ਸਕੂਲਾਂ ਨੂੰ ਲਗਪਗ 29 ਲੱਖ ਰੁਪਿਆ ਵੰਡਿਆ ਤਾਂ ਕਿ ਸ੍ਰ. ਰਤਨ ਸਿੰਘ ਅਜਨਾਲਾ ਜਿੱਤ ਸਕੇ ਪਰ ਉਹ ਫਿਰ ਭੀ ਹਾਰ ਗਿਆ ਤੇ ਬੀਬੀ ਜਗੀਰ ਕੌਰ 'ਤੇ ਗਬਨ ਦਾ ਕੇਸ ਚਲ ਰਿਹਾ ਹੈ।
4. ਸ਼੍ਰੋਮਣੀ ਕਮੇਟੀ ਦੇ ਇਕ ਪ੍ਰਧਾਨ ਨੇ ਬਿਨਾਂ ਪ੍ਰਵਾਨਗੀ ਲਏ ਇਕ ਕਰੋੜ ਰੁਪਏ ਤੋਂ ਵੱਧ ਦੀਆਂ ਬੱਸਾਂ ਦੀਆਂ ਚਾਸੀਆਂ ਖ਼ਰੀਦ ਲਈਆਂ। ਇਹ ਭੀ ਕੇਸ ਅਦਾਲਤ ਵਿਚ ਪਹੁੰਚ ਗਿਆ ਤੇ ਪ੍ਰਧਾਨ ਜੀ ਪੇਸ਼ੀਆਂ ਭੁਗਤ ਰਹੇ

ਹਨ।

5. ਇਕ ਸ਼੍ਰੋਮਣੀ ਕਮੇਟੀ ਪ੍ਰਧਾਨ ਜੀ ਨੇ ਸ੍ਰੀ ਬਾਦਲ ਦੀ ਝੋਲੀ ਚੁਕੀ ਕਰਨ ਲਈ ਪਿੰਡ ਬਾਦਲ ਦੇ ਸਕੂਲ ਨੂੰ (ਜੋ ਨਿੱਜੀ ਹੈ) ਬਾਈ ਲੱਖ ਰੁਪਏ ਦੇ ਦਿੱਤੇ। ਰਣੀਕੇ ਦੇ ਨਿੱਜੀ ਸਕੂਲ ਨੂੰ ਦੋ ਲੱਖ ਰੁਪਏ। ਸ੍ਰੀ ਸੁਰਜੀਤ ਸਿੰਘ ਨਿੱਝਰ ਦੇ ਕਾਲਜ ਨੂੰ ਸਾਢੇ ਪੰਦਰਾਂ ਲੱਖ ਰੁਪਏ। ਅਨੰਦਪੁਰ ਅਕੈਡਮੀ ਨੂੰ 25 ਲੱਖ ਰੁਪਏ ਅਤੇ ਹੋਰ।
6. ਬੀਬੀ ਜਗੀਰ ਕੌਰ ਨੇ ਅਫ਼ਰੀਕਾ ਦੀ ਨਿੱਜੀ ਯਾਤਰਾ ਤੇ 5 ਲੱਖ 77 ਹਜ਼ਾਰ ਰੁਪਏ ਉਡਾ ਦਿੱਤੇ।
7. ਲੋਕਲ ਕਮੇਟੀ ਗੁਰਦਵਾਰਾ ਸੰਨ੍ਹ ਸਾਹਿਬ ਵਿਚ ਲਗਭਗ ਸਾਢੇ ਪੰਝੀ ਲੱਖ ਰੁਪਏ ਦਾ ਗਬਨ ਫੜਿਆ ਗਿਆ ਪਰ ਸ੍ਰੀ ਬਾਦਲ ਨੇ ਗਬਨ ਕਰਨ ਵਾਲੇ ਪ੍ਰਧਾਨ ਨੂੰ ਬਚਾ ਲਿਆ।
8. ਬਿਲਡਿੰਗਾਂ ਬਣਾਉਣ ਦੇ ਠੇਕਿਆਂ ਵਿਚ ਕਰੋੜਾਂ ਦੇ ਘਪਲੇ।
9. ਸ਼ਹੀਦ ਭਾਈ ਮਨੀ ਸਿੰਘ ਐਜੂਕੇਸ਼ਨ ਟਰੱਸਟ ਲੌਂਗੋਵਾਲ ਵਿਚ ਗਬਨ।
10. ਬਾਬਾ ਗਾਂਧਾ ਸਿੰਘ ਐਜੂਕੇਸ਼ਨ ਟਰੱਸਟ ਬਰਨਾਲਾ ਵਿਚ ਗਬਨ।
11. ਬਾਬਾ ਬੰਦਾ ਸਿੰਘ ਬਹਾਦਰ ਐਜੂਕੇਸ਼ਨ ਟਰੱਸਟ ਫ਼ਤਿਹਗੜ੍ਹ ਸਾਹਿਬ ਵਿਚ ਘਪਲੇ।
12. ਸਿੱਖ ਐਜੂਕੇਸ਼ਨ ਸੁਸਾਇਟੀ ਚੰਡੀਗੜ੍ਹ ਵਿਵਾਦਾਂ ਵਿਚ।
13. ਲਗਭਗ ਦਸ ਕਰੋੜ ਦੀ ਜ਼ਮੀਨ ਯੋਗੀ ਹਰਿਭਜਨ ਸਿੰਘ ਦੇ ਮੀਰੀ ਪੀਰੀ ਟਰੱਸਟ ਨੂੰ ਦਿੱਤੀ ਹੋਈ ਹੈ ਜੋ ਛੇਹਰਟਾ ਸਾਹਿਬ ਵਾਕਿਆ ਹੈ।
14. ਗੁਰਦਵਾਰਾ ਅਜਾਪਾਲ ਸਿੰਘ ਨਾਭਾ ਦੀ ਜ਼ਮੀਨ ਕੌਡੀਆਂ ਦੇ ਭਾਅ 99 ਸਾਲਾ ਲੀਜ 'ਤੇ ਦੇ ਦਿੱਤੀ ਗਈ ਜੋ ਕਰੋੜਾਂ ਦੀ ਹੈ।
15. ਗੁਰਦਵਾਰਾ ਸੁਖਚੈਨਿਆਣਾ ਦੀ 82 ਕਨਾਲ ਜ਼ਮੀਨ ਇਕ ਹਜ਼ਾਰ ਰੁਪਏ ਸਾਲਾਨਾ ਦੀ ਲੀਜ਼ 'ਤੇ ਦਿੱਤੀ ਗਈ।
16. ਗੁਰਦਵਾਰਾ ਸੰਗ ਢੇਸੀਆਂ ਦੀ 50 ਕਨਾਲ ਦੋ ਮਰਲੇ ਜ਼ਮੀਨ, 100 ਰੁਪਏ ਸਾਲਾਨਾ ਲੀਜ਼ 'ਤੇ ਦੇ ਦਿੱਤੀ ਗਈ 99 ਸਾਲ ਲਈ।
17. ਗੁਰਦਵਾਰਾ ਚਮਕੌਰ ਸਾਹਿਬ ਦੀ ਸਾਢੇ ਇੱਕੀ ਏਕੜ ਜ਼ਮੀਨ 99 ਸਾਲ ਲਈ ਕੌਡੀਆਂ ਦੇ ਭਾਅ ਦੇ ਦਿੱਤੀ ਗਈ।
18. ਦਰਬਾਰ ਸਾਹਿਬ ਨੂੰ ਯੂਨੈਸਕੋ ਨੂੰ ਸੌਂਪਣ ਦੀ ਤਿਆਰੀ ਕਰਨ ਲਈ ਪੰਥ ਦਾ

80 ਲੱਖ ਰੁਪਿਆ ਬਰਬਾਦ ਕਰ ਦਿੱਤਾ ਗਿਆ, ਜੁਆਬ ਦੇਹ ਕੌਣ ਹੈ ?

19. ਮਾਰਚ 2004 ਵਿਚ ਜਦੋਂ ਦਰਬਾਰ ਸਾਹਿਬ ਦੀ ਕਾਰ ਸੇਵਾ ਚਲ ਰਹੀ ਸੀ ਤਾਂ ਸੋਨੇ ਦੀਆਂ ਛੇ ਕਹੀਆਂ ਗੁੰਮ ਹੋ ਗਈਆਂ। ਚਾਂਦੀ ਦੇ ਬਾਟੇ ਗਾਇਬ ਹੋ ਗਏ। ਉਨ੍ਹਾਂ ਦੀ ਥਾਵੇਂ ਨਕਲੀ ਬਾਟੇ, ਕਹੀਆਂ ਟਿਕਾ ਦਿੱਤੇ ਗਏ। ਕੇਸ ਅਦਾਲਤ ਵਿਚ ਹੈ।

ਬੀਬੀ ਜਗੀਰ ਕੌਰ ਨੇ ਬਾਦਲ ਨੂੰ ਖ਼ੁਸ਼ ਕਰਨ ਲਈ ਗੁਰਦਵਾਰਿਆਂ ਦੇ ਖਾਤਿਆਂ ਵਿਚੋਂ ਜੋ ਰਕਮ ਕਢਵਾ ਕੇ, ਰਾਜਸੀ ਕੰਮਾਂ 'ਤੇ ਬਰਬਾਦ ਕਰਨ ਲਈ ਦਿੱਤੀ, ਉਸ ਦਾ ਵੇਰਵਾ ਇਉਂ ਹੈ :

20. ਅੰਮ੍ਰਿਤਸਰ ਦੇ ਬੈਂਕ ਖਾਤਿਆਂ 'ਚੋਂ 4 ਕਰੋੜ, 80 ਲੱਖ, 57 ਹਜ਼ਾਰ ਰੁਪਏ।
21. ਫ਼ਤਿਹਗੜ੍ਹ ਸਾਹਿਬ ਤੋਂ 2 ਕਰੋੜ, 15 ਲੱਖ, 23 ਹਜ਼ਾਰ ਰੁਪਏ।
22. ਪਟਿਆਲਾ ਦੁਖਨਿਵਾਰਨ ਤੋਂ 1 ਕਰੋੜ, 65 ਲੱਖ, 32 ਹਜ਼ਾਰ ਰੁਪਏ।
23. ਕੇਸਗੜ੍ਹ ਅਨੰਦਪੁਰ ਤੋਂ 1 ਕਰੋੜ, 75 ਲੱਖ, 20 ਹਜ਼ਾਰ ਰੁਪਏ।
24. ਮੁਕਤਸਰ ਤੋਂ 92 ਲੱਖ ਰੁਪਏ।
25. ਅਲਮਗੀਰ ਤੋਂ 85 ਲੱਖ, 10 ਹਜ਼ਾਰ ਰੁਪਏ।
26. ਹੇਰਾਂ ਗੁਰਦਵਾਰੇ ਦੇ ਖਾਤੇ 'ਚੋਂ 64 ਲੱਖ, 72 ਹਜ਼ਾਰ ਰੁਪਏ।
27. ਤਰਨ ਤਾਰਨ ਤੋਂ 50 ਲੱਖ, 12 ਹਜ਼ਾਰ ਰੁਪਏ।
28. ਗੁਰੂ ਰਾਮਦਾਸ ਮੈਡੀਕਲ ਕਾਲਜ ਦਾ ਲਗਭਗ ਤਿੰਨ ਕਰੋੜ ਰੁਪਿਆ ਜੋ ਸੰਬੰਧਤ ਬੰਦਿਆਂ ਤੋਂ ਪ੍ਰਾਪਤ ਹੀ ਨਹੀਂ ਕੀਤਾ ਗਿਆ। ਕਿਉਂਕਿ ਉਹ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਨ।

ਅੱਗੇ ਹੁਣ ਜ਼ਰਾ ਇਹ ਭੀ ਨਜ਼ਰ ਮਾਰ ਲਈਏ ਕਿ ਸਾਡੇ "ਅਸਲੀ ਅਕਾਲੀਆਂ" ਦੇ ਰਿਸ਼ਤੇਦਾਰ ਕਿੰਨੇ ਕੁ ਹਨ ਰਾਜਨੀਤੀ ਵਿਚ। ਹਵਾਲਾ ਪੁਸਤਕ 'ਪੰਜਾਬ ਦੀ ਰਾਜਨੀਤੀ', ਲੇਖਕ ਜਮਸ਼ੀਦ ਅਲੀ ਖ਼ਾਨ।

(ਸੂਚੀ 1997 ਵਾਲੀ ਵਿਧਾਨ ਸਭਾ)

ਪਾਠਕ ਜਨ ਚੰਗੀ ਤਰ੍ਹਾਂ ਵੇਖ ਸਕਦੇ ਹਨ ਕਿ ਜੋ ਸੂਚੀ ਇਥੇ ਦਿੱਤੀ ਗਈ ਹੈ ਉਹ ਬਿਲਕੁਲ ਮਾਮੂਲੀ ਜਿਹੀ ਹੈ ਕਿਉਂਕਿ ਅਗੋਂ ਇਨ੍ਹਾਂ ਦੇ ਹੀ ਰਿਸ਼ਤੇਦਾਰ ਆਈ.ਏ.ਐਸ., ਪੀ.ਸੀ.ਐਸ., ਆਈ.ਪੀ.ਐਸ. ਵਰਗੇ ਮਹੱਤਵਪੂਰਨ ਅਹੁਦਿਆਂ 'ਤੇ ਲੱਗੇ ਹੁੰਦੇ ਹਨ। ਕਈਆਂ ਦੇ ਰਿਸ਼ਤੇਦਾਰ ਤਾਂ ਜੱਜ ਭੀ ਲੱਗੇ ਹੋਏ ਹਨ।

ਕਈਆਂ ਨੂੰ ਬੱਸਾਂ ਦੇ ਰੂਟ ਪਰਮਟ ਜਾਂ ਬਿਨਾਂ ਟੈਕਸ ਤੋਂ ਬੱਸਾ ਚੱਲਣ ਦੀ ਇਜਾਜ਼ਤ। ਆਪਣੇ ਰਿਸ਼ਤੇਦਾਰਾਂ ਨੂੰ ਫਿਰ ਪਟਰੋਲ ਪੰਪ, ਸੈਲਰਾਂ ਲਈ ਕਰਜੇ। ਸਬਸਿਡੀ ਵਾਲੇ ਜਿੰਨੀ ਤਰ੍ਹਾਂ ਦੇ ਕਰਜੇ ਮਿਲ ਸਕਦੇ ਹਨ, ਉਹ ਭੀ ਲੈ ਲਏ ਜਾਂਦੇ ਹਨ। ਕਈ ਵਾਰੀ ਫੈਕਟਰੀ ਲਈ ਮੋਟੀ ਰਕਮ ਬੈਂਕ ਤੋਂ ਲੈ ਲਈ ਜਾਂਦੀ ਹੈ। ਫੈਕਟਰੀ ਵਿਚ ਪੁਰਾਣਾ ਜਿਹਾ ਸਾਮਾਨ ਰੱਖ ਕੇ, ਅੱਗ ਲਾ ਦਿਤੀ ਜਾਂਦੀ ਹੈ । ਬੀਮਾ ਕੰਪਨੀ ਤੋਂ ਵੱਡੀ ਰਕਮ ਵਸੂਲ ਕਰ ਲਈ ਜਾਂਦੀ ਹੈ। ਕਈਆਂ ਨੇ ਆਪਣੇ ਚਹੇਤੇ ਵਿਦੇਸ਼ਾਂ ਵਿਚ ਘੁਮਾਉਣੇ ਹੁੰਦੇ ਹਨ ਤੇ ਕਈਆਂ ਨੇ ਵਿਦੇਸ਼ਾਂ ਵਿਚ ਸੈਟ ਕਰਾਉਣੇ ਹੁੰਦੇ ਹਨ। ਇਨ੍ਹਾਂ ਵਿਚ ਕਾਂਗਰਸੀ ਭੀ ਹਨ, ਭਾਜਪਾਈ ਤੇ ਅਕਾਲੀ, ਸਾਰੇ ਇਸ ਹਮਾਮ ਵਿਚ ਨੰਗੇ ਹਨ। ਵੋਟਰਾਂ ਨੂੰ ਬੇਨਤੀ ਹੈ ਕਿ ਆਪਣੀ ਆਤਮਾ ਦੀ ਆਵਾਜ਼ ਨਾਲ ਪਰਖ ਨਿਰਖ ਕਰ ਕੇ, ਵੋਟ ਪਰਚੀ ਪਾਉਣੀ। ਗੁਮਰਾਹ ਨਾ ਹੋਣਾ, ਨਸ਼ਿਆਂ ਜਾਂ ਰਿਸ਼ਵਤਾਂ ਵਿਚ ਨਾ ਡੁੱਬ ਜਾਣਾ। ਧਰਮ ਦਾ ਮਖੌਟਾ ਪਾ ਕੇ ਆਉਣ ਵਾਲਿਆਂ ਨੂੰ ਸਖ਼ਤੀ ਨਾਲ ਪੁੱਛਣਾ ਕਿ ਤੁਸੀਂ ਧਰਮੀ ਬਣ ਗਏ ਹੋ ? ਪਹਿਲਾਂ ਖ਼ੁਦ ਧਰਮੀ ਇਨਸਾਨ ਬਣੋ। ਚਿੱਟੇ ਨੀਲੇ ਲਾਲ ਰੰਗਾਂ ਵਾਲੇ, ਪੰਦਰਾਂ ਕੁ ਦਿਨ ਬੜੇ ਲਾਰੇ ਲਾਉਣਗੇ। ਮਗਰੋਂ ਢੂੰਡਿਆਂ ਨਹੀਂ ਲਭਦੇ। ਜੋ ਨੇਕ ਇਨਸਾਨ ਹੈ, ਕੰਮ ਆਉਣ ਵਾਲਾ ਹੈ ਉਸ ਦੀ ਚੋਣ ਕਰਨੀ, ਪਾਰਟੀ ਭਾਵੇਂ ਕੋਈ ਭੀ ਹੋਵੇ। ਫ਼ੈਸਲਾ ਸਮਝਦਾਰੀ ਨਾਲ ਕਰਨਾ, ਸਾਰੇ ਪੱਖ ਵਿਚਾਰ ਕੇ।

ਅਕਾਲੀ ਦਲ ਰਾਜਨੀਤੀ ਵਾਸਤੇ ਧਰਮ ਦੀ ਪੂੰਜ ਕੇ ਕੁਵਰਤੋਂ ਕਰ ਰਿਹਾ ਹੈ, ਜੋ ਕਿ ਅਤੀ ਦੁਖਦਾਈ ਹੈ। ਇਨ੍ਹਾਂ ਪਖੰਡੀ ਧਰਮੀਆਂ ਬਾਰੇ ਕਵੀ ਤਾਰਾ ਸਿੰਘ ਕਾਮਲ ਨੂੰ ਪੁਛੀਏ :

ਤੇਰੀ ਕਿੰਨੀ ਕੁ ਭਿਆਲੀ ਹੈ, ਅਕਾਲੀ ਦਲ ਵਿਚ।
ਸੀਟ ਇਕ ਵੀ ਨਾ ਖਾਲੀ ਹੈ, ਅਕਾਲੀ ਦਲ ਵਿਚ।
ਜਿਹਦੇ ਕੋਲ ਹੈ ਬਲੈਕਾਂ ਵਾਲਾ ਮਾਲ ਸੋਹਣਿਆਂ,
ਲੈਣੀ ਓਸੇ ਨੇ ਰੁਮਾਲੀ ਹੈ, ਅਕਾਲੀ ਦਲ ਵਿਚ।
ਪੰਥ ਸਾਂਭਿਆ ਸਮਗਲਰਾਂ ਤੇ ਸੂਦ ਖੋਰਾਂ ਨੇ,
ਕਿਹੜਾ ਰਹਿ ਗਿਆ ਅਕਾਲੀ ਹੈ, ਅਕਾਲੀ ਦਲ ਵਿਚ।
ਪਹਿਲਾਂ ਸ਼ੇਰ ਸਿਰ ਲੱਥ ਇਹਦੇ ਵਿਚ ਹੁੰਦੇ ਸੀ,
ਅੱਜ ਈਸਗੀ ਜੁਆਲੀ ਹੈ, ਅਕਾਲੀ ਦਲ ਵਿਚ।
ਪਹਿਲਾਂ ਲੀਡਰਾਂ ਦੇ ਕੋਲ ਸੀ ਤਿਆਗ ਕਿਰਦਾਰ,

ਹੁਣ ਢਿੱਡ ਪੱਗ ਕਾਲੀ ਹੈ, ਅਕਾਲੀ ਦਲ ਵਿਚ।
ਹੁਣ ਭਲੇ ਤੇ ਜਮੀਰ ਵਾਲੇ ਪਰੇ ਪਰੇ ਰਹਿਣ,
ਨਿਰੀ ਕੋਲੇ ਦੀ ਦਲਾਲੀ ਹੈ, ਅਕਾਲੀ ਦਲ ਵਿਚ।
ਤੁਸੀਂ ਪੰਥ ਦੇ ਗਦਾਰ ਹੱਥ ਠੋਕੇ ਗੈਰਾਂ ਦੇ,
ਹੁੰਦੀ ਨਾਥ ਜੀ ਕਵਾਲੀ ਹੈ ਅਕਾਲੀ ਦਲ ਵਿਚ।

ਸਿੱਖਾਂ ਦੇ ਉੱਚੇ ਕਿਰਦਾਰ ਨੂੰ ਵੇਖ ਕੇ ਕਦੀ ਦੁਸ਼ਮਣ ਵੀ ਤਾਰੀਫ਼ ਕਰਨ ਲਈ ਮਜਬੂਰ ਹੋ ਜਾਂਦੇ ਸਨ। ਅੱਜ ਇੰਨੇ ਰਸਾਤਲ ਵਿਚ ਗਿਰ ਗਏ ਹਨ ਕਿ ਆਪਣਿਆਂ ਨੂੰ ਹੀ ਤਬਾਹ ਰਕਨ ਤੋਂ ਸ਼ਰਮ ਨਹੀਂ ਕਰਦੇ।ਆਪਣਿਆਂ ਨੂੰ ਮਜਬੂਰੀ ਵਸ ਬੇਗਾਨੇ ਰੁੱਖਾਂ ਦੀ ਛਾਂ ਦਾ ਆਸਰਾ ਲੈਣਾ ਪੈ ਰਿਹਾ ਹੈ। ਪੁਰਾਤਨ ਬਹਾਦਰ ਖ਼ਾਲਸੇ ਦੀ ਤਸਵੀਰ ਕਵੀ ਸੋਹਣ ਸਿੰਘ ਘੁੱਕੇਵਾਲੀਆਂ ਪੇਸ਼ ਕਰਦਾ ਹੈ :

ਇਕ ਮੁੱਠ ਛੋਲਿਆਂ ਦੀ ਖਾ ਕੇ ਤੇਰੇ ਲੰਗਰਾਂ 'ਚੋਂ,
ਘੂਰ ਘੂਰ ਮੌਤ ਨੂੰ ਡਰਾਵੇ ਤੇਰਾ ਖਾਲਸਾ।
ਤੇਰੇ ਦਰਬਾਰ ਵਿਚੋਂ ਧੂੜੀ ਲੈ ਕੇ ਜੋੜਿਆਂ ਦੀ,
ਠੋਕਰਾਂ ਨਵਾਬੀਆਂ ਨੂੰ ਮਾਰੇ ਤੇਰਾ ਖਾਲਸਾ।
ਪੰਜ ਘੁੱਟ ਪੀ ਕੇ ਤੇਰੇ ਬਾਟਿਉਂ ਪ੍ਰੇਮ ਵਾਲੇ,
ਮਸਤੇ ਹੋਏ ਹਾਥੀਆਂ ਨੂੰ ਢਾਹਵੇ ਤੇਰਾ ਖਾਲਸਾ।
ਪਵੇ ਕਿਤੇ ਲੋੜ ਜੇ ਨਿਸ਼ਾਨਾ ਅਜਮਾਵਣੇ ਦੀ,
ਹੱਸ ਹੱਸ ਮੂਹਰੇ ਛਾਤੀ ਡਾਹਵੇ ਤੇਰਾ ਖਾਲਸਾ।

ਵਰਤਮਾਨ ਲੀਡਰਸ਼ਿਪ ਤੋਂ ਦੁਖੀ ਹੋ ਕੇ ਕਵੀ ਘੁੱਕੇਵਾਲੀਆਂ ਇਉਂ ਅਫ਼ਸੋਸ ਪ੍ਰਗਟ ਕਰਦਾ ਹੈ :

ਸ਼ਰਾਬ ਤੇ ਸ਼ਬਾਬ ਨਾਲ ਸੋਹੇ "ਸਰਦਾਰੀ" ਅੱਜ,
ਸਾਦਗੀ ਸੁਹਿਰਦਗੀ ਨੂੰ ਭੁੱਲਾ ਤੇਰਾ ਖਾਲਸਾ।
ਛੱਡ ਕੇ ਅਕਾਲ ਪੂਜਾ ਦੇਹਾਂ ਪਿੱਛੇ ਭੱਜਾ ਫਿਰੇ,
ਅਹੁਦਿਆਂ ਦੇ ਪਿੱਛੇ ਲਾਲਾਂ ਸੁੱਟੇ ਤੇਰਾ ਖਾਲਸਾ।
ਛੱਡ ਕੇ ਕਕਾਰ ਪ੍ਰੀਤ, ਭੁੱਲ ਕੇ ਸਿਧਾਂਤ ਸਾਰੇ,
ਆਪੋ ਵਿਚ ਯੁੱਧ ਛੇੜੀ ਬੈਠਾ ਤੇਰਾ ਖਾਲਸਾ।
ਗਲੀਂ ਬਾਤੀਂ ਪੂਰਾ ਬਣੇ, ਗੁਰੂ ਦੀ ਨਾ ਗਲ ਪੱਲੇ,
ਹਵਾ ਵਿਚ ਵਾਹੇ ਤਲਵਾਰਾਂ ਤੇਰਾ ਖਾਲਸਾ ।

ਅਕਾਲੀ ਚੌਧਰੀਆਂ ਨੇ ਜੋ ਗੱਦਾਰੀਆਂ ਕੀਤੀਆਂ ਹਨ। ਪੰਥ ਨੂੰ ਕੱਖੋਂ ਹੌਲਾ ਕੀਤਾ ਹੈ, ਆਰ.ਐਸ.ਐਸ. ਵਰਗੀ ਫਿਰਕੂ ਜਥੇਬੰਦੀ ਅੱਗੇ, ਸਿੱਖ ਕੌਮ ਨੂੰ ਜਕੜ, ਨਰੜ ਕੇ ਸੁੱਟ ਦਿੱਤਾ ਹੈ। ਜਿਵੇਂ ਦੋਹੀਂ ਹੱਥੀਂ ਗੋਲਕਾਂ ਨੂੰ ਲੁੱਟਿਆ ਹੈ। ਫਿਰ ਭੀ ਪੰਥ ਦੀ ਚੜ੍ਹਦੀ ਕਲਾ ਦੇ ਝੂਠੇ ਜੈਕਾਰੇ ਲਗਵਾਏ ਹਨ। ਸ੍ਰ. ਕਪੂਰ ਸਿੰਘ ਜੀ, ਸਾਰੀ ਉਮਰ ਦੁਸ਼ਟ ਕਰਮਾਂ ਨੂੰ ਵੇਖ ਕੇ ਅਥਰੂ ਵਹਾਉਂਦੇ ਰਹੇ ਹਨ। ਸਮਰਥਾ ਮੁਤਾਬਕ ਪੰਥ ਨੂੰ ਜਗਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਉਨ੍ਹਾਂ ਦੀ ਇਕ ਕਵਿਤਾ ਵਿਚੋਂ ਇਹੀ ਦਰਦ ਸਪੱਸ਼ਟ ਵੇਖਿਆ ਜਾ ਸਕਦਾ ਹੈ।

ਸ਼੍ਰੋਮਣੀ ਹਮਾਰੀ ਰਹੇ, ਸੇਵਾ ਚੰਦਾ ਜਾਰੀ ਰਹੇ,
ਸੰਘ ਨਾਲ ਯਾਰੀ ਰਹੇ, ਥੱਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚੱਲੇ, ਪੰਥ ਕੀ ਨਾ ਗਾਥ ਚੱਲੇ,
ਲੂਟ ਦੋਨੋ ਹਾਥ ਚਲੇ, ਸੰਗ ਸਾਜ ਬਾਜ ਕੇ।
ਅਕਲ ਕੀ ਨ ਗਲ ਰਹੇ, ਇਕੋ ਕਾਲੀ ਦਲ ਰਹੇ।
ਨਿਤ ਤਰ ਥੱਲ ਰਹੇ, ਜਿੰਦਾਬਾਦ ਗਾਜ ਕੇ।
ਝੰਡੀਵਾਲੀ ਕਾਰ ਰਹੇ, ਫੂਲਨ ਕੇ ਹਾਰ ਰਹੇ,
ਗੋਲਕੇਂ ਭਰਪੂਰ ਕਰੇਂ ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿੱਤ, ਬੁੱਧੀ ਕੀ ਜੋ ਸੇਧ ਦੇਵੇ,
ਨਿਕਟ ਨਾ ਆਣੇ ਪਾਵੇ ਰਾਜ ਭਾਗ ਕਾਜ ਕੇ।
ਜਥੇਦਾਰ ਕਹਿਤ! ਬਿਰਾਜੋ, ਮਤ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੈਂ ਪੰਥ ਮਹਾਰਾਜ ਕੇ।

ਪ੍ਰਸਿੱਧ ਸਾਇਰ ਮੁ. ਇਕਬਾਲ ਨੇ ਬੇਈਮਾਨਾਂ ਦੀ ਅਸਲੀਅਤ ਕੁੱਝ ਇਉਂ ਬਿਆਨ ਕੀਤੀ ਹੈ :

ਹਵਸ ਕੇ ਬੰਦੇ, ਵਫਾ ਕੋ ਬੇਚ ਦੇਤੇ ਹੈਂ।
ਖੁਦਾ ਕੇ ਘਰ ਕੀ ਕਿਆ ਕਹੀਏ, ਯਿਹ ਖੁਦਾ ਕੋ ਬੇਚ ਦੇਤੇ ਹੈਂ।

ਸਤਿਗੁਰੂ ਨਾਨਕ ਸਾਹਿਬ ਜੀ ਨੇ ਸਿਰੇ ਦੀ ਗਲ ਆਖੀ ਹੈ, ਸ਼ਾਇਦ ਸਾਨੂੰ ਕਿਤੇ ਸੁਮੱਤ ਆ ਜਾਵੇ। ਜ਼ਿੰਦਗੀ ਨੇਕੀ ਦੇ ਰਾਹ ’ਤੇ ਚੱਲ ਪਵੇ। ਵਰਨਾ ਜਿਵੇਂ ਹਿਰਨ ਤੇ ਬਾਜ਼ ਨੂੰ, ਸ਼ਿਕਾਰੀ ਸਿਖਿਆ ਦੇ ਕੇ, ਅਜਿਹਾ ਤਿਆਰ ਕਰਦੇ ਹਨ ਕਿ ਬਾਜ਼ ਹੋਰ ਪੰਛੀਆਂ ਨੂੰ ਘੇਰ ਕੇ, ਜਾਂ ਮਾਰ ਕੇ ਆਪਣੇ ਮਾਲਕ ਕੋਲ ਲੈ ਆਉਂਦਾ ਹੈ। ਹਿਰਨ ਹਿਰਨਾਂ ਵਿਚ ਰਲ ਕੇ, ਬਾਕੀ ਹਿਰਨਾਂ ਨੂੰ ਮਾਲਕ ਵਲ ਲੈ ਆਉਂਦਾ

ਹੈ। ਇਸ ਤਰ੍ਹਾਂ ਇਹ ਜੀਵ ਆਪਣੇ ਹੀ ਭਰਾਵਾਂ ਨੂੰ ਮਰਵਾ ਦੇਣ ਦਾ ਨੀਚ ਕੰਮ ਕਰਦੇ ਹਨ। ਮਨੁੱਖ ਭੀ ਇਹੀ ਕੁੱਝ ਕਰਨ ਬਹੁਤ ਦੁਖ ਹੁੰਦਾ ਹੈ। ਦਾੜ੍ਹੀਆਂ ਵਾਲੇ, ਕਿਰਪਾਨਾਂ ਵਾਲੇ, ਨੀਲੀਆਂ ਪੀਲਆਂ ਦਸਤਾਰਾਂ ਵਾਲੇ, ਸਿੰਘ ਅਖਵਾਉਣ ਵਾਲੇ ਜਦੋਂ ਆਪਣੀ ਕੌਮ ਨੂੰ ਵੇਚ ਦੇਣ, ਅਸੂਲਾਂ ਨੂੰ ਤਿਲਾਂਜਲੀ ਦੇ ਦੇਣ, ਗੁਰੂ ਤੋਂ ਬੇਮੁਖ ਹੋ ਜਾਣ ਬਾਣੀ ਤੇ ਬਾਣੇ ਨੂੰ ਕਲੰਕਤ ਕਰਨ, ਤਦੋਂ ਤਾਂ ਕਲੇਜਾ ਪਾਟਦਾ ਹੈ। ਬਕੌਲ ਗੁਰੂ ਨਾਨਕ :

ਹਰਣਾ ਬਾਜਾਂ ਤੈ ਸਿਕਦਾਰਾ ਏਨ੍ਹਾ ਪੜ੍ਹਿਆ ਨਾਉ ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥
ਸੋ ਪੜਿਆ ਸੋ ਪੰਡਿਤੁ ਬੀਨਾ, ਜਿਨੀ, ਕਮਾਣਾ ਨਾਉ ॥
ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥
ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹ ਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥ ਨਕੀਂ ਵਢੀਂ ਲਾਇਤਬਾਰ ॥ (ਮ: ੧, 1288)

***

# ਸਿੱਖ ਪੰਥ ਲਈ ਅਨਮੋਲ ਤੋਹਫ਼ਾ

ਭਾਰਤ ਦੇ ਕਾਨੂੰਨ ਦੀ ਇਕ ਮੱਦ ਮੁਤਾਬਕ ਕਿਸੇ ਨੂੰ ਗੁਮਰਾਹ ਕਰਨਾ, ਧੋਖਾ ਦੇਣਾ ਲੁੱਟਣਾ, ਝੂਠੇ ਵਿਸ਼ਵਾਸ ਦਿਵਾਉਣੇ, ਸਜ਼ਾਯੋਗ ਅਪਰਾਧ ਹੈ। ਕੁੱਝ ਥਾਵਾਂ 'ਤੇ ਧਰਮ ਦਾ ਲਿਬਾਸ ਪਹਿਨ ਕੇ, ਲੁੱਟਣ ਵਾਲੇ ਪਖੰਡੀਆਂ ਵਿਰੁਧ ਮੁਕੱਦਮੇ ਦਰਜ ਹੋ ਜਾਂਦੇ ਹਨ। ਸਜ਼ਾ ਕਿਸੇ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ। "ਧਰਮਾਂ" ਦੇ ਮੁਖੀ, ਜਾਂ ਉਨ੍ਹਾਂ ਵਲੋਂ ਤਿਆਰ ਕੀਤੇ ਪ੍ਰਚਾਰਕ, ਭਰਵੇਂ ਇਕੱਠਾਂ ਵਿਚ ਨਿਤਦਿਨ ਸਟੇਜਾਂ 'ਤੇ ਬੇਖੌਫ਼ ਝੂਠ ਬੋਲਦੇ ਸੁਣੇ ਜਾ ਸਕਦੇ ਹਨ। ਜਿਵੇਂ ਗਰਭ ਵਿਚ ਭਰੂਣ ਟੈਸਟ ਕਰਵਾ ਕੇ, ਲੜਕਾ ਲੜਕੀ ਦਾ ਪਤਾ ਲਾਉਣਾ, ਕਾਨੂੰਨ ਵਿਰੁਧ ਤੇ ਸਜ਼ਾਯੋਗ ਕਿਰਿਆ ਹੈ। ਇਸੇ ਤਰਜ ਦੇ ਕਾਨੂੰਨ ਰਾਹੀਂ ਲੜਕਾ ਹੋਣ ਦੀਆਂ ਅਰਦਾਸਾਂ 'ਤੇ ਭੀ ਰੋਕ ਲਗਣੀ ਚਾਹੀਦੀ ਹੈ। ਅਰਦਾਸ ਕਰਾਉਣ 'ਤੇ ਕਰਨ ਵਾਲੇ ਨੂੰ, ਬਰਾਬਰ ਸਜ਼ਾ ਮਿਲੇ। ਅਰਦਾਸ ਕਰ ਕੇ ਝੂਠਾ ਵਿਸ਼ਵਾਸ ਦੁਆਉਣ ਵਾਲੇ ਦੇ ਵਿਰੁਧ (ਜਿਸ ਨੇ ਅਰਦਾਸ ਕੀਤੀ) ਗੁਮਰਾਹ ਕਰਨ, ਅਤੇ ਕਾਨੂੰਨ ਦੀ ਉਲੰਘਣਾ ਕਰਨ ਬਦਲੇ ਕੇਸ ਦਰਜ ਹੋਣਾ ਚਾਹੀਦਾ ਹੈ।

ਭਾਰਤ ਦੇ ਕਾਨੂੰਨ ਮੁਤਾਬਕ ਦੇਸ਼ ਦੇ ਚੁਣੇ ਹੋਏ ਆਗੂਆਂ ਨੂੰ ਸੰਵਿਧਾਨ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁਕਣੀ ਜ਼ਰੂਰੀ ਹੁੰਦੀ ਹੈ। ਜੰਤਾ ਅਤੇ ਸੰਵਿਧਾਨ ਪ੍ਰਤੀ ਇਮਾਨਦਾਰੀ ਨਾਲ ਕੰਮ ਕਰਨ ਦੀ ਕਸਮ ਚੁੱਕ ਕੇ, ਜੇ ਕੋਈ ਲੀਡਰ ਜਾਂ ਅਫ਼ਸਰ ਕੋਤਾਹੀ ਕਰੇ, ਝੂਠ ਬੋਲੇ, ਬੇਈਮਾਨੀਆਂ ਕਰੇ ਤਾਂ ਉਸ 'ਤੇ ਦੂਹਰਾ ਮੁਕੱਦਮਾ ਚਲਣਾ ਚਾਹੀਦਾ ਹੈ। ਪਹਿਲਾ, ਜੰਤਾ ਦੀ ਅਮਾਨਤ ਵਿਚ ਖਿਆਨਤ। ਦੂਜਾ, ਸੰਵਿਧਾਨ ਦਾ ਅਪਮਾਨ। ਹਰ ਰੋਜ਼ ਇਹ ਲੋਕ ਝੂਠ ਬੋਲਦੇ ਹਨ, ਆਮ ਲੋਕਾਂ ਨੂੰ ਗੁਮਰਾਹ ਕਰਦੇ ਹਨ। ਮਾਨਯੋਗ ਅਦਾਲਤਾਂ ਨੂੰ ਆਪਣੇ ਆਪ ਇਨ੍ਹਾਂ ਵਿਰੁਧ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ। ਲੀਡਰ ਅਤੇ ਅਫ਼ਸਰ, ਮਿਲੀਭੁਗਤ ਰਾਹੀਂ ਸਰਕਾਰੀ ਪੈਸੇ ਨੂੰ ਜਿਵੇਂ ਖ਼ੁਰਦ ਬੁਰਦ ਕਰਦੇ ਹਨ, ਮੀਡੀਏ ਵਿਚ ਨਿਤ

ਪੜ੍ਹਨ ਸੁਣਨ ਨੂੰ ਮਿਲਦਾ ਹੈ। ਆਪਣੀ ਰਾਜਸੀ ਤਾਕਤ ਅਤੇ ਪੈਸੇ ਦੀ ਵਰਤੋਂ ਕਰ ਕੇ ਸਾਫ਼ ਬਚ ਜਾਂਦੇ ਹਨ।

ਸੰਨ 1947 ਤੋਂ ਲੈ ਕੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਹੁੰਦਾ ਆ ਰਿਹਾ ਹੈ। ਇਸ ਵਿਤਕਰੇ ਨੂੰ ਦੂਰ ਕਰਾਉਣ ਵਾਸਤੇ ਕਾਂਗਰਸੀ ਲਾਰੇ ਲਾਉਂਦੇ ਰਹੇ। ਅਕਾਲੀ ਲਾਰੇ ਲਾਉਂਦੇ ਰਹੇ ਤੇ ਮੋਰਚੇ ਭੀ ਲਾਉਂਦੇ ਰਹੇ। ਕਾਂਗਰਸੀਆਂ ਬਾਰੇ ਤਾਂ ਵੇਖ ਪਰਖ ਕੇ, ਮੋਹ ਭੰਗ ਹੋ ਗਿਆ। ਅਕਾਲੀ ਕਿਉਂਕਿ ਆਮ ਸਿੱਖਾਂ ਨੂੰ "ਗੁਰਸਿੱਖ ਅਤੇ ਆਪਣੇ ਧਰਮ ਭਰਾ" ਨਜ਼ਰ ਆਉਂਦੇ ਸਨ। ਇਸੇ ਕਾਰਨ ਉਨ੍ਹਾਂ ਦੇ ਲਾਰਿਆਂ 'ਤੇ ਸਿੱਖ ਭਾਈ ਯਕੀਨ ਕਰਦੇ ਰਹੇ। ਅਕਾਲੀ ਮੁਖੀਆਂ ਦੇ ਆਖੇ ਹੱਡ ਕੁਟਵਾਉਂਦੇ ਰਹੇ, ਜੇਲ੍ਹਾਂ ਭਰਦੇ ਰਹੇ। ਪੰਜਾਬ ਅਤੇ ਸਿੱਖਾਂ ਦੀਆਂ ਮੰਗਾਂ ਪੂਰੀਆਂ ਨਾ ਕਰਵਾ ਅਕਾਲੀ, "ਨਿੱਜੀ ਮੰਗਾਂ" ਨੂੰ ਹੀ, ਵਿਸ਼ੇਸ਼ ਪ੍ਰਾਪਤੀਆਂ ਬਿਆਨਦੇ ਰਹੇ। ਇਹ ਬਿਆਨ ਭੀ ਦਾਗਦੇ ਰਹੇ ਕਿ "ਪੰਜਾਬ ਵਿਚ ਕੇਹੜਾ ਸਾਡੀ ਸਰਕਾਰ ਹੈ। ਲੋਕਾਂ ਦੇ ਮਸਲੇ ਅਸੀ ਕਿਵੇਂ ਹੱਲ ਕਰਵਾ ਸਕਦੇ ਹਾਂ ? ਪੰਜਾਬ ਵਿਚ "ਅਕਾਲੀ ਦਲ" ਦੀ ਸਰਕਾਰ ਬਣ ਜਾਣ ਦੀ ਸੂਰਤ ਵਿਚ, "ਸ਼ਰਤੀਆ" ਸਾਰੇ ਵਿਗੜੇ ਕੰਮ ਸੰਵਾਰ ਦਿਆਂਗੇ।" ਪੰਜਾਬ ਵਿਚ ਸਮੇਂ ਸਮੇਂ "ਪੰਥਕ" ਸਰਕਾਰਾਂ ਬਣਨ ਦਾ ਵੇਰਵਾ ਇਉਂ ਹੈ –

| | | |
|---|---|---|
| ਜਸਟਿਸ ਗੁਰਨਾਮ ਸਿੰਘ, | 8.3.1967 | ਤੋਂ 24.11.1967 ਤਕ |
| ਸ੍. ਲਛਮਣ ਸਿੰਘ ਗਿੱਲ, | 25.11.1967 | ਤੋਂ 23.8.1968 ਤਕ |
| ਜਸਟਿਸ ਗੁਰਨਾਮ ਸਿੰਘ, | 17.2.1969 | ਤੋਂ 26.3.1970 ਤਕ |
| ਸ੍ਰੀ ਪ੍ਰਕਾਸ਼ ਸਿੰਘ ਬਾਦਲ, | 27.3.1970 | ਤੋਂ 14.6.1971 ਤਕ |
| ਸ੍ਰੀ ਪ੍ਰਕਾਸ਼ ਸਿੰਘ ਬਾਦਲ, | 20.6.1977 | ਤੋਂ 17.2.1980 ਤਕ |
| ਸ੍ਰੀ ਸੁਰਜੀਤ ਸਿੰਘ ਬਰਨਾਲਾ, | 29.9.1985 | ਤੋਂ 11.5.1987 ਤਕ |
| ਸ੍ਰੀ ਪ੍ਰਕਾਸ਼ ਸਿੰਘ ਬਾਦਲ, | 12.2.1997 | ਤੋਂ 26.2.2002 ਤਕ |
| ਸ੍ਰੀ ਪ੍ਰਕਾਸ਼ ਸਿੰਘ ਬਾਦਲ, | 1.3.2007 | ਤੋਂ ਕੁਰਸੀ 'ਤੇ ਬਿਰਾਜਮਾਨ ਹੈ। |

ਇਕ ਮੋਟੇ ਜਿਹੇ ਅੰਦਾਜ਼ੇ ਮੁਤਾਬਕ ਚੌਦਾਂ ਸਾਲ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਰਾਜ ਗੱਦੀ 'ਤੇ "ਸੁਸ਼ੋਭਤ" ਰਹੀ। ਇਸ ਸਾਰੇ ਸਮੇਂ ਵਿਚ ਸਰਕਾਰੀ ਤਾਕਤ ਵਰਤ ਕੇ, ਵਿਧਾਨ ਸਭਾ ਵਿਚ ਮਤਾ ਪਾ ਕੇ, ਜਾਂ ਕਾਨੂੰਨੀ ਲੜਾਈ ਲੜ ਕੇ ਅਕਾਲੀ ਸਰਕਾਰਾਂ ਨੇ, ਕੇਂਦਰ ਤੋਂ ਕੋਈ ਮੰਗ ਮਨਵਾਉਣ ਦੀ ਕੋਸ਼ਿਸ਼ ਤਕ

ਨਹੀਂ ਕੀਤੀ। ਨਾ ਹੀ ਅਕਾਲੀ ਸੇਵਕਾਂ ਨੇ ਪੰਜਾਬ ਦੇ ਗਵਰਨਰ ਦਾ ਘਿਰਾਉ ਕੀਤਾ। ਨਾ ਕਦੀ ਚੰਡੀਗੜ੍ਹ ਪੁੱਜ ਕੇ, ਠਾਠਾਂ ਮਾਰਦੇ ਇਕੱਠਾਂ ਰਾਹੀਂ ਸਰਕਾਰ ਵਿਰੁਧ ਸੱਤਿਆ ਗ੍ਰਿਹ ਕੀਤਾ। ਸਿੱਖ ( ?) ਮੁੱਖ ਮੰਤਰੀ ਪੰਜਾਬ ਲਈ ਰਾਈ ਮਾਤਰ ਭਲਾ ਨਾ ਕਰੇ, ਤਦੋਂ ਅਕਾਲੀ ਵਰਕਰ ਗਫਲਤ ਦੀ ਨੀਂਦ ਵਿਚ ਸੁੱਤੇ ਹੁੰਦੇ ਹਨ। ਜੋ ਸਿੱਖ ਯੋਧੇ ਐਮਰਜੰਸੀ ਵਿਰੁਧ, ਉਨੀ ਮਹੀਨੇ ਜੇਲ੍ਹਾਂ ਵਿਚ ਰਹਿ ਸਕਦੇ ਹਨ। ਦਰਬਾਰ ਸਾਹਿਬ ’ਤੇ ਹੋਏ ਹਮਲੇ ਵਿਰੁਧ ਰੋਹ ਵਿਚ ਭੜਕ ਉਠਦੇ ਹਨ। ਖਾੜਕੂਵਾਦ (ਸਰਕਾਰੀ ਜ਼ੁਲਮ) ਦੇ ਦੌਰ ਵਿਚ ਤਸੀਹੇ ਝਲਦਿਆਂ ਬੇਅੰਤ ਖ਼ੂਨ ਬਹਾ ਸਕਦੇ ਹਨ। “ਆਪਣੀ ਸਰਕਾਰ” ਬਣਦਿਆਂ ਹੀ, ਅੱਖ ਵਿਚ ਪਾਏ ਨਹੀਂ ਰੜਕਦੇ। ਨਿੱਜੀ ਲਾਲਸਾਵਾਂ ਅਧੀਨ, ਪੰਜਾਬ ਅਤੇ ਸਿੱਖਾਂ ਦੇ ਸਾਰੇ ਮਸਲੇ, ਬੇਰਹਿਮੀ ਨਾਲ ਵਿਸਾਰ ਦਿੱਤੇ ਜਾਂਦੇ ਹਨ। ਮੁਗ਼ਲਾਂ ਵਿਰੁਧ ਸੌ ਸਾਲ ਤਕ ਜੰਗ ਲੜਕ ਵਾਲੇ, ਅੰਗਰੇਜ਼ਾਂ ਵਿਰੁਧ ਸੌ ਸਾਲ ਤਕ ਟੱਕਰ ਲੈਣ ਵਾਲੇ, ਗੁਰਦਵਾਰਿਆਂ ਨੂੰ ਆਜ਼ਾਦ ( ?) ਕਰਾਉਣ ਲਈ ਸ਼ਹੀਦੀਆਂ ਪਾਉਣ ਵਾਲੇ, ਉਨ੍ਹਾਂ ਬਹਾਦਰਾਂ ਦੇ ਵਾਰਸਾਂ ਦਾ ਕਿਰਦਾਰ ਇਥੋਂ ਤਕ ਨਿੱਘਰ ਗਿਆ ਹੈ ਕਿ ਸੱਚ ਦੀ ਆਵਾਜ਼ ਬੁਲੰਦ ਕਰਨ ਦੀ ਥਾਂ, ਜ਼ਮੀਰ ਮਾਰ ਚੁਕੇ ਹਨ। ਜੇ ਸਿੱਖਾਂ ਵਿਚ ਕੋਈ ਜਾਗਦੀ ਜ਼ਮੀਰ ਵਾਲਾ ਸਿੱਖ, ਸ਼੍ਰੋਮਣੀ ਕਮੇਟੀ ਵਿਚਲੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਨੂੰ ਨੰਗਿਆਂ ਕਰੇ। ਗੁਰਦਵਾਰਿਆਂ ਦੀ ਮਾਇਆ ਅਤੇ ਜ਼ਮੀਨਾਂ ਦੀ ਦੁਰਵਰਤੋਂ ਨੂੰ ਰੋਕਣਾ ਚਾਹੇ। “ਜਥੇਦਾਰਾਂ” ਦੀਆਂ ਆਪਹੁਦਰੀਆਂ ਨੂੰ ਗੁਰਮਤਿ ਅਨੁਸਾਰੀ ਲਿਆਣਾ ਚਾਹੇ। ਜੇ ਕੋਈ ਸਿੱਖ “ਆਪਣੀ ਸਰਕਾਰ” ਨੂੰ ਪੰਜਾਬ ਅਤੇ ਸਿੱਖ ਮੰਗਾਂ ਬਾਰੇ ਯਾਦ ਕਰਾਵੇ। ਫਿਰ ਉਸ ਸਿੱਖ ਦੀ “ਸ਼ਾਮਤ” ਆਈ ਸਮਝੋ। ਉਸ “ਸਿਰ ਫਿਰੇ ਸਿੱਖ” ਦੇ ਮੌਰ ਭੀ ਕੁੱਟੇ ਜਾ ਸਕਦੇ ਹਨ। ਜੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ। ਪੰਥ ਦੋਖੀ ਦਾ ਖਿਤਾਬ ਭੀ ਬਖ਼ਸ਼ਿਆ ਜਾ ਸਕਕਾ ਹੈ। ਆਪਣੇ “ਘੜੇ ਦੀ ਮੱਛੀ” ਜਥੇਦਾਰਾਂ ਵਲੋਂ, ਪੰਥ ਵਿਚੋਂ ਛੇਕਣ ਦਾ “ਹੁਕਮਨਾਮਾ” ਭੀ ਜਾਰੀ ਕਰਵਾਇਆ ਜਾ ਸਕਦਾ ਹੈ।

ਪੌਰਾਣਕ ਕਥਾਵਾਂ ਵਿਚ ਮ੍ਰਿਗ ਤ੍ਰਿਸ਼ਨਾ ਦਾ ਕਈ ਪ੍ਰਸੰਗਾਂ ਵਿਚ ਜ਼ਿਕਰ ਮਿਲਦਾ ਹੈ। ਇਕ ਪ੍ਰਸੰਗ ਇਹ ਹੈ ਕਿ ਗਰਮੀ ਦੇ ਮੌਸਮ ਵਿਚ, ਜਦੋਂ ਹਿਰਨਾਂ ਨੂੰ ਪਿਆਸ ਲਗਦੀ ਹੈ, ਉਹ ਆਲੇ ਦੁਆਲੇ ਪਾਣੀ ਲੱਭਣ ਦੌੜ ਪੈਂਦੇ ਹਨ। ਰੇਤਲੇ ਇਲਾਕਿਆਂ ਵਿਚ ਤੇਜ਼ ਧੁੱਪ ਕਾਰਨ ਰੇਤ ਚਮਕਣ ਲੱਗ ਪੈਂਦੀ ਹੈ। ਇਉਂ ਭੁਲੇਖਾ ਪੈਂਦਾ ਹੈ ਜਿਵੇਂ ਥੋੜੀ ਹੀ ਦੂਰੀ ’ਤੇ ਪਾਣੀ ਹੋਵੇ। ਉਸੇ ਦਿਸ਼ਾ ਵਲ ਹਿਰਨ ਦੌੜਦੇ

ਜਾਂਦੇ ਹਨ। ਚਮਕ ਦੂਰ ਚਲੀ ਜਾਂਦੀ ਹੈ। ਇਸ ਚਮਕਦੀ ਰੇਤ ਵਿਚੋਂ ਪਾਣੀ ਲਭਦੇ ਹੋਏ ਪਿਆਸ ਨਾਲ ਵਿਆਕੁਲ ਹੋ ਕੇ ਹੰਭ ਜਾਂਦੇ ਹਨ। ਥੱਕ ਹਾਰ ਕੇ ਡਿੱਗ ਪੈਂਦੇ ਹਨ। ਦਮ ਤੋੜ ਜਾਂਦੇ ਹਨ....।

ਪਾਣੀ ਦੀ ਪ੍ਰਾਪਤੀ ਵਾਸਤੇ (ਦਰਿਆਵਾਂ ਦਾ ਪਾਣੀ) ਸਿੱਖਾਂ ਤੋਂ ਬੜੇ ਮੋਰਚੇ ਲਗਵਾਏ, ਮੋਰਚਾ ਹੋਰ ਤੇਜ਼ ਕਰੋ, ਜੇਲ੍ਹਾਂ ਭਰ ਦਿਓ। ਫਿਰ ਪਾਣੀ ਤੁਹਾਡਾ। ਚੰਡੀਗੜ੍ਹ ਮਿਲਿਆ ਹੀ ਸਮਝੋ। ਕਣਕ ਝੋਨੇ ਦੀਆਂ ਕੀਮਤਾਂ ਸੂਚਕ ਅੰਕ ਨਾਲ ਜੋੜ ਦਿਆਂਗੇ। ਪੰਜਾਬੀ ਬੋਲਦੇ ਇਲਾਕੇ ਮਿਲਣ ਹੀ ਵਾਲੇ ਹਨ। ਪਿੰਡਾਂ ਦੀਆਂ ਗਲੀਆਂ ਤੋਂ ਲੈ ਕੇ, ਸਾਰੇ ਪੰਜਾਬ ਦੀਆਂ ਸੜਕਾਂ ਪੱਕੀਆਂ ਕਰ ਦਿਆਂਗੇ। ਪੰਜਾਬ ਦੇ ਸਾਰੇ ਨੌਜਵਾਨਾਂ ਨੂੰ ਰੁਜ਼ਗਾਰ ਦਿਆਂਗੇ....। ਬਸ ਇਕ ਵਾਰੀ ਸਾਡੀ ਸਰਕਾਰ ਬਣਵਾ ਦਿਓ। ਲੀਡਰਾਂ ਦੇ ਆਖੇ ਆਮ ਸਿੱਖ (ਮ੍ਰਿਗ ਤ੍ਰਿਸਨਾ ਵਿਚ) ਤੇਜ਼ ਦੌੜਦੇ ਰਹੇ। ਮੁਸੀਬਤਾਂ ਝਲਦੇ ਰਹੇ। "ਪਾਣੀ" ਹੋਰ ਦੂਰ ਹੁੰਦਾ ਚਲਾ ਗਿਆ। ਪੰਜਾਬ ਦੀ ਧਰਤੀ ਬੰਜਰ ਬਣ ਗਈ। ਆਮ ਸਿੱਖ ਹੰਭ ਹਾਰ ਕੇ (ਅਤਿ ਦੀ ਮਾਯੂਸੀ) ਦਮ ਤੋੜ ਗਿਆ। "ਆਪਣੀ ਸਰਕਾਰ" ਵਲੋਂ ਕੀਤੇ ਗਏ ਵਾਅਦੇ ਯਾਦ ਕਰਾਉਣ ਵਾਲਾ ਭੀ ਸ਼ਾਇਦ ਕੋਈ ਨਹੀਂ ਬਚਿਆ।

ਪੌਰਾਣਕ ਗ੍ਰੰਥਾਂ ਵਿਚ "ਕਾਮਧੇਨ ਗਊ" ਦੇ ਬੜੇ ਗੁਣ ਗਾਇਨ ਕੀਤੇ ਗਏ ਹਨ। ਸਤਿਗੁਰੂ ਜੀ ਨੇ ਕਾਮਧੇਨ ਅਤੇ ਪਾਰਜਾਤ ਰੁਖ ਵਗੈਰਾ ਦੀ ਕੂੜੀ ਆਸ ਤਿਆਗ ਕੇ, ਅਕਲ ਅਤੇ ਹਿੰਮਤ ਕਰਨ ਦੀ ਪ੍ਰੇਰਨਾ ਦਿੱਤੀ ਹੈ। ਪਰਮੇਸ਼ਰ ਨੂੰ ਯਾਦ ਰਖਣਾ ਤੇ ਉੱਦਮਸ਼ੀਲ ਰਹਿਣਾ। ਪਰ ਸਾਡੇ ਮੁੱਖ ਮੰਤਰੀ ਜੀ ਅਤੇ "ਸ਼੍ਰੋਮਣੀ ਅਕਾਲੀ ਦਲ ਬਨਾਮ ਪੰਜਾਬੀ ਪਾਰਟੀ" ਦੇ ਪ੍ਰਧਾਨ ਜੀ ਨੇ, ਡੰਕੇ ਦੀ ਚੋਟ ਨਾਲ ਐਲਾਨ ਕੀਤਾ ਕਿ ਪੰਜਾਬ ਦੇ ਸਾਰੇ ਮਸਲੇ ਤੁਰੰਤ ਹੱਲ ਕਰਨ ਲਈ ਮੈਂ "ਦੇਵਪੁਰੀ" ਵਿਚੋਂ "ਕਾਮਧੇਨ" ਵਾਪਸ ਲੈ ਆਇਆ ਹਾਂ। ਤੁਸੀ ਸਾਰਾ ਪੰਥ ਸ਼ਰਧਾ ਸਹਿਤ ਮੁਰਾਦਾਂ ਪੂਰੀਆਂ ਕਰਨ ਵਾਲੀ ਗਊ ਮਾਤਾ (ਕਾਮਧੇਨ) ਦੇ ਚਰਨਾਂ 'ਤੇ ਨਮਸਕਾਰ ਕਰੋ। ਤੁਹਾਡੇ ਅਤੇ ਪੂਰੇ ਪੰਥ ਦਾ ਇਸੇ ਵਿਚ ਕਲਿਆਣਾ ਹੈ।

ਜਿਵੇਂ ਅੱਖਾਂ ਬੰਦ ਕਰ ਕੇ ਸਿੱਖ ਮਾਈ, ਭਾਈ ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟੇਕਦਾ ਆ ਰਿਹਾ ਹੈ। ਏਹ ਨਹੀਂ ਵੇਖਦਾ ਕਿ ਇਸ ਵਿਚ ਉਪਦੇਸ਼ ਕੀ ਹੈ। ਇਸੇ ਤਰ੍ਹਾਂ ਨਿਮਰਤਾ, ਵਿਚ ਨੀਵੀਂ ਪਾ ਕੇ, ਹੱਥ ਜੋੜ ਕੇ, ਅੱਖਾਂ ਬੰਦ ਕਰ ਕੇ, ਬਾਦਲ ਸਾਹਿਬ ਦਾ "ਪਾਵਨ ਹੁਕਮਨਾਮਾ" ਸਵੀਕਾਰਦਿਆਂ "ਪੰਥ" ਨੇ "ਗਊ" ਦੇ ਚਰਨਾਂ 'ਤੇ ਸੀਸ ਟਿਕਾ ਦਿੱਤਾ। ਭੇਟਾ ਅਰਪਣ ਕਰ ਕੇ ਮੱਥਾ ਟੇਕ ਕੇ ਹੌਲੀ ਹੌਲੀ

ਜਦੋਂ ਸਿਰ ਉਪਰ ਚੁਕਿਆ, ਅੱਖਾਂ, ਖੋਹਲੀਆਂ, ਤਾਂ ਮੁਸਕਰਾਂਦੇ ਚੇਹਰੇ ਵਾਲੀ ਕਾਮਧੇਨ, ਕੋਈ ਹੋਰ ਨਹੀਂ, ਸ੍ਰੀ ਸੁਖਬੀਰ ਸਿੰਘ ਬਾਦਲ ਸਨ। "ਪੰਜਾਬ ਦੇ ਸਾਰੇ ਮਸਲਿਆਂ ਦਾ ਇਲਾਜ, ਨੌਜਵਾਨਾਂ ਦੇ ਦਿਲਾਂ ਦੀ ਧੜਕਣ, ਸ੍ਰੀ ਸੁਖਬੀਰ ਸਿੰਘ ਜੀ ਬਾਦਲ।" ਇੰਨੀ "ਸ਼ਰਧਾ" ਨਾਲ ਅਕਾਲੀ ਵਰਕਰਾਂ ਨੇ ਸ਼ਾਇਦ ਕਦੀ ਗੁਰੂ ਨੂੰ ਮੱਥਾ ਨਾ ਟੇਕਿਆ ਹੋਵੇ, ਜਿੰਨੀ "ਸ਼ਰਧਾ" ਛੋਟੇ ਬਾਦਲ ਨੂੰ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਵਿਚ ਵਿਖਾਈ ਹੈ। ਪੰਜਾਬ ਭਰ ਵਿਚ ਸਾਰੇ ਚੌਕ, ਗਲੀ ਮੁਹੱਲੇ ਵੱਡੀਆਂ ਸੜਕਾਂ ਤੇ ਲੱਗੇ ਵੱਡ ਆਕਾਰੀ ਇਸ਼ਤਿਹਾਰਾਂ ਰਾਹੀਂ, ਹਰ ਅਕਾਲੀ ( ?) ਨੇ ਛੋਟੇ ਬਾਦਲ ਦੇ "ਚਰਨਾਂ ਵਿਚ ਸੁਸ਼ੋਭਤ ਹੋ ਕੇ, ਆਪਣੀ ਹਾਜ਼ਰੀ ਲਗਵਾਈ ਹੈ।

ਅਕਾਲੀ ਦਲ ਵਿਚ ਜਿੱਤ ਪ੍ਰਾਪਤ ਕਰ ਕੇ ਜਦੋਂ ਵੱਡੇ ਬਾਦਲ ਨੇ ਆਪਣਾ ਅਕਾਲੀ ਦਲ ਬਾਦਲ ਬਣਾਇਆ ਤਾਂ ਅਕਾਲੀ ਦਲ ਦੇ ਸੰਵਿਧਾਨ ਮੁਤਾਬਕ ਉਨ੍ਹਾਂ ਨੂੰ ਬੰਨੀ ਹੋਈ ਦਾੜ੍ਹੀ ਖੋਲ੍ਹਣੀ ਪਈ। ਪ੍ਰਧਾਨ ਬਣ ਕੇ ਖੰਡੇ ਕੀ ਪਾਹੁਲ (ਅੰਮ੍ਰਿਤ) ਛਕਣੀ ਪਈ। "ਸ਼੍ਰੋਮਣੀ ਅਕਾਲੀ ਦਲ" ਹੁਣ ਏਨਾ "ਮਾਡਰਨ" ਹੋ ਗਿਆ ਹੈ ਕਿ ਛੋਟੇ ਬਾਦਲ ਨੂੰ ਦਾੜ੍ਹੀ ਖੋਲ੍ਹਣ ਦੀ ਕੋਈ ਜ਼ਰੂਰਤ ਨਹੀਂ। ਖੰਡੇ ਕੀ ਪਾਹੁਲ ਲੈਣ ਦੀ ਕੋਈ ਮਜਬੂਰੀ ਨਹੀਂ ਜਿਸ ਦਾ ਪਿਤਾ "ਸਰਬਕਲਾ ਸਮਰਥ" ਹੋਵੇ, ਉਸ ਨੂੰ "ਬੰਧਨਾਂ" ਵਿਚ ਪੈਣ ਦੀ ਕੀ ਲੋੜ ਹੈ ?

1960 ਤੋਂ 80 ਵਾਲੇ ਦੋ ਦਹਾਕਿਆਂ ਵਿਚ ਕਾਮਰੇਡਾਂ ਦੀ ਕਾਫ਼ੀ ਚੜ੍ਹਾਈ ਸੀ। ਇਨ੍ਹਾਂ ਨਾਲ ਜੇ ਕਦੀ ਗੱਲਬਾਤੀ ਕਰਨੀ ਤਾਂ ਕੁੱਝ ਇਸ ਤਰ੍ਹਾਂ ਦੇ ਜੁਆਬ ਮਿਲਣੇ :

ਜਦੋਂ ਕਿਤੇ ਗੱਲ ਤੁਰਨੀ, "ਅਨਪੜ੍ਹਤਾ ਬੜੀ ਹੈ।"

ਕਾਮਰੇਡਾਂ ਜਵਾਬ ਦੇਣਾ : "ਸਮਾਜਵਾਦ ਠੀਕ ਕਰੇਗਾ।"

ਸਵਾਲ : ਬੇਰੁਜ਼ਗਾਰੀ ਕਿਵੇਂ ਖ਼ਤਮ ਹੋਵੇ ?

ਜਵਾਬ : ਸਮਾਜਵਾਦ ਤੋਂ ਬਿਨਾਂ ਕੋਈ ਇਲਾਜ ਨਹੀਂ।

ਸਵਾਲ : ਭ੍ਰਿਸ਼ਟਾਚਾਰ ਬਹੁਤ ਫੈਲ ਗਿਆ, ਕੀ ਕਰੀਏ ?

ਜਵਾਬ : ਸਮਾਜਵਾਦ ਛੇਤੀ ਲੈ ਕੇ ਆਓ।

ਮੀਂਹ ਨਾ ਪੈਣ ਕਰ ਕੇ ਫ਼ਸਲਾਂ ਸੁੱਕ ਗਈਆਂ। ਲੜਕੀ ਵਾਸਤੇ ਚੰਗਾ ਰਿਸ਼ਤਾ ਨਹੀਂ ਮਿਲਦਾ। ਮੱਝ ਪੂਰਾ ਦੁੱਧ ਨਹੀਂ ਦਿੰਦੀ। ਗੁਆਂਢੀ ਸ਼ਰਾਬ ਪੀ ਕੇ ਖਰੂਦ ਬੜਾ ਕਰਦਾ ਹੈ। "ਬਸ ਤਕੜੇ ਹੋ ਕੇ ਇਕ ਵਾਰੀ ਸਮਾਜਵਾਦ ਲੈ ਆਓ,

ਸਾਰੇ ਮਸਲੇ ਤੇ ਝਗੜੇ ਹੱਲ ਹੋ ਜਾਣਗੇ।" ਇਸੇ ਤਰ੍ਹਾਂ ਪੰਜਾਬ ਦੇ ਸਾਰੇ ਮਸਲਿਆਂ ਦਾ ਇਕੋ ਜਵਾਬ : "ਸੁਖਬੀਰ ਸਿੰਘ ਬਾਦਲ"।

ਜਿਵੇਂ "ਸਰਬ ਰੋਗ ਕਾ ਅਉਖਧ ਨਾਮ", ਦੱਸਿਆ ਜਾਂਦਾ ਹੈ। ਇਸੇ ਤਰ੍ਹਾਂ ਬੜੀ ਮਿਹਨਤ ਕਰ ਕੇ ਪੰਥ ਨੂੰ ਇਕ "ਨਾਯਾਬ ਤੋਹਫ਼ਾ" ਸੌਂਪ ਦਿਤਾ ਹੈ। ਜਦੋਂ ਬੀਮਾਰੀ, ਗ਼ਰੀਬੀ, ਅਣਪੜ੍ਹਤਾ ਪ੍ਰੇਸ਼ਾਨ ਕਰੇ। ਜਦੋਂ ਪੰਜਾਬ ਦੇ ਹੱਕਾਂ ਦੀ ਯਾਦ ਸਤਾਵੇ। ਜਦੋਂ ਸਿੱਖਾਂ ਦੀ ਲੱਥੀ ਪੱਗ ਪ੍ਰੇਸ਼ਾਨ ਕਰੇ। ਜਦੋਂ ਭਾਰਤ ਸਰਕਾਰ ਸਿੱਖਾਂ ਦੀ ਸੰਘੀ ਨੱਪੇ। ਜਦੋਂ ਸੁਰੱਖਿਆ ਬਲ ਸਿੱਖਾਂ ਨੂੰ ਕੋਹ ਕੋਹ ਕੇ ਮਾਰਨ। ਜਦੋਂ ਵੀਹ ਵੀਹ ਸਾਲ ਤੋਂ ਜੇਲਾਂ ਵਿਚ ਸੜ ਰਹੇ ਸਿੱਖਾਂ ਦੀ ਯਾਦ ਸਤਾਵੇ। ਜਦੋਂ 25000 ਲਾਸ਼ਾਂ ਦੀਆਂ ਆਤਮਾਵਾਂ ਆਲੇ ਦੁਆਲੇ ਵਿਲਕਦੀਆਂ ਹੋਣ। ਜਦੋਂ "ਲਾਸ਼ਾਂ" ਦੇ ਤੜਫਦੇ ਪਰਵਾਰ, ਬੁੱਕੀ ਰੋਂਦੇ ਦਿਸ ਪੈਣ...। ਉਨ੍ਹਾਂ ਸੱਭ ਮੁਸ਼ਕਲਾਂ, ਪ੍ਰੇਸ਼ਾਨੀਆਂ ਤੋਂ ਬਚਣ ਵਾਸਤੇ, ਸ਼ਰਧਾ ਸਹਿਤ ਛੋਟੇ ਬਾਦਲ ਜੀ ਦੇ ਚਰਨਾ 'ਤੇ ਮੱਥਾ ਟੇਕੋ। "ਸੰਪੂਰਨ ਸ਼ਾਂਤੀ ਪ੍ਰਾਪਤ ਹੋ ਜਾਵੇਗੀ"।

ਜਨ ਕਲਿਆਣ ਵਾਸਤੇ ਗੁਰੂ ਸਾਹਿਬਾਨ ਨੇ ਬੜੀਆਂ ਘਾਲਣਾ ਘਾਲੀਆਂ। "ਬੰਧਨ ਮੁਕਤ ਜੀਵਨ ਲਈ", ਧੁਰ ਕੀ ਬਾਣੀ ਦੇ ਆਪਣੇ ਹੱਥੀਂ ਲਿਖੇ "ਹੁਕਮਨਾਮੇ" ਜਾਰੀ ਕੀਤੇ। ਵਰਤਮਾਨ ਸਮੇਂ ਦੇ ਖ਼ੁਦਗਰਜ਼ ਲੋਕਾਂ ਨੇ ਉਨ੍ਹਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਉਹ ਕੰਮ ਕੀਤੇ ਜਾ ਰਹੇ ਹਨ ਗੁਰਬਾਣੀ ਜਿਨ੍ਹਾਂ ਲਈ ਸਖ਼ਤ ਮਨਾਹੀ ਕਰਦੀ ਹੈ। ਪੰਥ ਵਿਚਲੇ ਚੋਟੀ ਦੇ ਵਿਦਵਾਨਾਂ ਨੇ, ਸਿੱਖ ਰਹਿਤ ਮਰਿਆਦਾ ਤਿਆਰ ਕੀਤੀ। ਸ਼੍ਰੋਮਣੀ ਕਮੇਟੀ ਨੇ ਪ੍ਰਵਾਨ ਕੀਤੀ ਤੇ ਛਪਵਾਈ। ਦਰਬਾਰ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਅੱਛਰ ਸਿੰਘ ਨੇ ਦਸਖ਼ਤ ਕੀਤੇ। ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ ਮੋਹਣ ਸਿੰਘ ਨੇ ਪ੍ਰਵਾਨਗੀ ਲਈ ਦਸਤਖ਼ਤ ਕੀਤੇ। ਫਿਰ ਪੰਥ ਵਿਚਲੇ ਬਹੁਗਿਣਤੀ ਮਨਮੁਖੀ ਲਾਣੇ ਨੇ, ਇਸ "ਹੁਕਮਨਾਮੇ" ਨੂੰ ਮੰਨਣ ਤੋਂ ਇਨਕਾਰ ਕਰ ਦਿਤਾ। ਅਕਾਲ ਤਖ਼ਤ ਦੇ ਪੁਜਾਰੀਆਂ ਵਲੋਂ ਜਾਰੀ ਕੀਤੇ (ਗ਼ਲਤ ਜਾਂ ਠੀਕ) ਹੁਕਮਨਾਮੇ ਭੀ ਸਾਰੇ ਥਾਈਂ ਲਾਗੂ ਨਹੀਂ ਹੋਏ ਪਰ ਕੁਰਬਾਨ ਜਾਈਏ "ਬੱਬਰ ਸ਼ੇਰਾਂ ਦੇ ਇਸ ਦੂਲੇ ਪੰਥ ਦੇ"। ਜੋ ਕੇਵਲ ਸਰਕਸ ਦੇ ਸ਼ੇਰ ਵਾਂਗ ਮਨੋਰੰਜਨ ਕਰਨ ਜੋਗੇ ਸ਼ੇਰ ਹਨ।

ਹਕੂਮਤੀ ਜਬਰ ਦੁਹਰਾਨ ਭੀ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ, ਆਤਮਾ ਜੀਵਤ ਹੋਣ ਦਾ ਸਬੂਤ ਦੇ ਗਏ ਸਨ। ਦਰਬਾਰ ਸਾਹਿਬ ਵਿਚ ਮੱਸੇ ਰੰਘੜ ਵਲੋਂ ਕੀਤੇ ਜਾ ਰਹੇ ਕੁਕਰਮਾਂ ਨੂੰ ਰੋਕਣ ਵਾਸਤੇ, ਭਾਈ ਸੁੱਖਾ ਸਿੰਘ, ਭਾਈ ਮਹਿਤਾਬ

ਸਿੰਘ ਨੇ ਪੰਥ ਦੀ ਅਣਖ ਦਾ ਸਬੂਤ ਦੇ ਦਿਤਾ। ਉਨ੍ਹਾਂ ਦੀ ਬਹਾਦਰੀ ਤੱਕ ਕੇ ਮਗਰੋਂ ਹਜ਼ਾਰਾਂ ਹੀ ਨਿੱਤਰ ਪਏ ਪਰ ਸਿਤਮ ਜ਼ਰੀਫ਼ੀ ਵੇਖੋ, ਅੱਜ ਰਾਜ ਕਰ ਰਹੀ ਧਿਰ ਵਿਚੋਂ ਪੰਜਾਬ ਦੇ ਹੱਕਾਂ ਵਾਸਤੇ ਕੋਈ "ਅਕਾਲੀ" ਜ਼ੁਬਾਨ ਤਕ ਖੋਲ੍ਹਣ ਲਈ ਤਿਆਰ ਨਹੀਂ। ਸੰਨ 1997 ਤੋਂ 2002 ਤਕ ਸ੍ਰੀ ਬਾਦਲ ਸਾਹਿਬ ਨੇ "ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਕੀਤਾ"। ਇਸ ਵਾਰੀ ਪਹਿਲਾਂ ਨਾਅਰਾ ਦਿਤਾ ਸੀ "420" ਦਾ, ਚਾਰ ਰੁਪਏ ਕਿਲੋ ਆਟਾ ਤੇ ਵੀਹ ਰੁਪਏ ਕਿਲੋ ਦਾਲ। ਇਸ ਤੋਂ ਇਲਾਵਾ ਪੰਜਾਬ ਵਾਸਤੇ ਜਾਂ ਸਿੱਖਾਂ ਲਈ ਹੋਰ ਕੁੱਝ ਮੰਗਣਾ "ਸਖ਼ਤ ਮਨ੍ਹਾ ਹੈ"। ਅਗਲਾ ਨਾਅਰਾ ਸੀ "ਰਾਜ ਨਹੀਂ ਸੇਵਾ"। "ਸੇਵਾ ਦਾ ਮੇਵਾ" ਤਾਂ ਮਿਲਣਾ ਹੀ ਹੋਇਆ। ਖ਼ੁਸ਼ ਹੋ ਕੇ ਪੁੱਤਰ ਨੂੰ ਵੱਡਾ ਰੁਤਬਾ "ਸਤਿਗੁਰੂ" ਜੀ ਨੇ ਬਖ਼ਸ਼ ਦਿਤਾ। ਬਾਕੀ ਜਥੇਦਾਰਾਂ ਦੇ ਪੁੱਤਰਾਂ ਭਤੀਜਿਆਂ ਨੂੰ ਛੋਟੀਆਂ ਵੱਡੀਆਂ ਕੁਰਸੀਆਂ ਦੇ ਹੀ ਦਿੱਤੀਆਂ ਜਾਣਗੀਆਂ।

ਲਿਆਕਤ ਤੋਂ ਬਿਨਾਂ ਗੁਰੂ ਸਾਹਿਬ ਨੇ ਆਪਣੇ ਪੁੱਤਰਾਂ ਨੂੰ ਗੱਦੀ ਨਹੀਂ ਦਿਤੀ। ਜਿਨ੍ਹਾਂ ਪੁੱਤਰਾਂ ਨੂੰ (ਪਰਖ ਕੇ) ਗੱਦੀ ਦਿਤੀ ਗਈ ਉਨ੍ਹਾਂ ਨੇ ਸਿੱਖੀ ਅਸੂਲਾਂ 'ਤੇ ਜ਼ਿੰਦਗੀ ਵਾਰ ਕੇ ਪਹਿਰਾ ਦਿਤਾ। ਜਿਨ੍ਹਾਂ ਪੁੱਤਰਾਂ ਨੂੰ ਗੱਦੀ ਨਹੀਂ ਭੀ ਦਿਤੀ, ਸਗੋਂ ਉਹ ਭੀ ਪੰਥ ਤੋਂ ਕੁਰਬਾਨ ਕਰ ਦਿਤੇ। ਮਹਾਰਾਜਾ ਰਣਜੀਤ ਸਿੰਘ ਨੇ ਪਹਿਲੀ ਵਾਰੀ ਯੋਗਤਾ ਦੀ ਪ੍ਰਵਾਹ ਨਾ ਕਰ ਕੇ ਪੁੱਤਰ ਮੋਹ ਨੂੰ ਅੱਗੇ ਰੱਖਿਆ। ਨਤੀਜਾ ਸੱਭ ਨੂੰ ਪਤਾ ਹੈ।

ਭੀੜ ਵਾਲੀ ਥਾਵੇਂ ਮਦਾਰੀ ਤਮਾਸ਼ਾ ਕਰਦੇ ਬਹੁਤਿਆਂ ਨੇ ਵੇਖੇ ਹੋਣਗੇ। ਉਹ ਸ਼ੁਰੂ ਵਿਚ ਹੀ ਬੜੇ ਵਿਸ਼ਵਾਸ ਨਾਲ ਐਲਾਨ ਕਰਦੇ ਹਨ, ਕਿ "ਅੱਜ ਤੁਹਾਨੂੰ ਉਡਣਾ ਸੱਪ ਵਿਖਾਇਆ ਜਾਵੇਗਾ"। ਉਹ ਆਪਣੇ ਤਮਾਸ਼ੇ ਨੂੰ ਅੱਗੇ ਟੋਰਦਾ ਹੈ। ਕੁੱਝ ਦਵਾਈਆਂ ਵੇਚਦਾ ਹੈ। ਕੁੱਝ ਟਰਿੱਕ ਵਿਖਾਉਂਦਾ ਹੈ। ਪੈਸੇ ਇਕੱਠ ਕਰਦਾ ਹੈ ਪਰ ਉਡਣਾ ਸੱਪ ਕਦੀ ਨਹੀਂ ਵਿਖਾਉਂਦਾ। ਉਹ ਸਿਰਫ਼ ਲੋਕਾਂ ਦਾ ਧਿਆਨ ਖਿੱਚਣ ਵਾਸਤੇ ਹੀ ਹੁੰਦਾ ਹੈ। ਸਾਡੇ ਸਤਿਕਾਰਯੋਗ ਪ੍ਰਕਾਸ਼ ਸਿੰਘ ਜੀ ਬਾਦਲ ਨੇ, ਲੰਮੇ ਸਮੇਂ ਤੋਂ ਤਿਆਰੀ ਅਰੰਭੀ ਹੋਈ ਸੀ। ਪੂਰੇ ਪੰਜਾਬ ਵਿਚ ਮਜ਼ਮਾ ਲਾਇਆ। ਤਮਾਸ਼ਾਈ ਅਕਾਲੀਆਂ ਦੀਆਂ ਭੀੜਾਂ ਇਕੱਠੀ ਕੀਤੀਆਂ, ਉਡਣੇ ਸੱਪ ਦਾ ਲਾਰਾ ਨਹੀਂ ਲਾਇਆ। ਸਗੋਂ ਸਾਖਸ਼ਾਤ ਵਿਚਕਾਰ ਖਿਲਾਰ ਦਿਤਾ। ਹੁਣ ਜੇ ਇਹ ਪੰਥ ਲਈ ਸੁਖਬੀਰ ਸਿੰਘ ਬਾਦਲ ਉਡ ਕੇ ਨਾਂ ਵਿਖਾਵੇ ਤਾਂ ਮਾੜੀ ਕਿਸਮਤ ਪੰਥ ਦੀ। ਹੁਣ ਸਾਰੀਆਂ ਔਕੜਾਂ ਦੂਰ ਹੋ ਜਾਣਗੀਆਂ। ਕਾਮਧੇਨ ਗਊ ਸਿੱਖਾਂ ਦੇ ਹੱਥ ਆ

ਗਈ। ਇਸ ਦਾ ਨਾਮ ਬਦਲ ਕੇ ਅੱਜ ਕਲ ਸ੍ਰੀ ਸੁਖਬੀਰ ਸਿੰਘ ਜੀ ਬਾਦਲ ਰੱਖ ਦਿਤਾ ਗਿਆ ਹੈ। ਹੁਣ ਪੰਜ ਸਾਲ ਦੀ ਚੋਣ ਟਰਮ ਦੇ ਸਮੇਂ ਦੁਹਰਾਨ, ਪੰਥ ਨੂੰ ਘੂਕ ਸੌਂ ਜਾਣਾ ਚਾਹੀਦਾ ਹੈ। ਸਾਰੇ ਮਸਲੇ ਕਾਮਧੇਨ ਗਊ ਉਰਫ਼ ਸੁਖਬੀਰ ਸਿੰਘ ਜੀ ਬਾਦਲ, ਹੱਲ ਕਰ ਦੇਣਗੇ।

ਨਾਉ ਫਕੀਰੈ ਪਾਤਿਸਾਹ ਮੂਰਖ ਪੰਡਿਤ ਨਾਉ ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥ (1288)

***

# ਸਾਂਝੀ ਵਾਲਤਾ ਦਾ ਪੈਗਾਮ

ਮਨੁੱਖ ਮਾਤਰ ਦੇ ਕਲਿਆਣ ਵਾਸਤੇ, ਸਮੇਂ ਸਮੇਂ ’ਤੇ ਦਰਦਵੰਦਾ ਦੇ ਦਰਦੀ ਮਨੁੱਖ, ਜਨਮ ਲੈਂਦੇ ਰਹੇ ਹਨ। ਆਪਣੇ ਸੀਮਤ ਸਾਧਨਾਂ ਨਾਲ ਭੀ ਉਹ, ਆਪਣੀ ਸਿਆਣਪ ਲਗਨ ਤੇ ਸਖ਼ਤ ਮਿਹਨਤ ਰਾਹੀਂ, ਬਹੁਤ ਕੁੱਝ ਸੰਵਾਰ ਜਾਂਦੇ ਹਨ। ਭਵਿੱਖ ਦੀ ਕੋਈ ਰੂਪ ਰੇਖਾ ਉਲੀਕ ਜਾਂਦੇ ਹਨ। ਮਨੁੱਖੀ ਸਮਾਜ ’ਤੇ ਜੋ ਦੁੱਖਾਂ ਦੇ ਬੱਦਲ ਛਾਏ ਹੋਏ ਹਨ, ਇਹ ਹਟਾਏ ਜਾ ਸਕਦੇ ਹਨ। ਜੇ ਸਿਆਣਪ ਵਰਤੀਏ ਅਤੇ ਜਥੇਬੰਦਕ ਰੂਪ ਵਿਚ ਹੰਭਲਾ ਮਾਰੀਏ ਤਾਂ ਜਾਲਮ ਨੂੰ ਜੁਲਮ ਕਰਨਤੋਂ ਹਟਾਇਆ ਜਾ ਸਕਦਾ ਹੈ। ਲੋਕ ਹਿਤੂ ਨਵਾਂ ਰਾਜਸੀ ਢਾਂਚਾ ਉਸਾਰਿਆ ਜਾ ਸਕਦਾ ਹੈ। ਜਦੋਂ ਕੋਈ ਸਿਰਲੱਥ ਆਗੂ, ਸਮਾਜ ’ਤੇ ਹੋ ਰਹੇ ਜੁਲਮ ਨੂੰ, ਸ਼ਿੱਦਤ ਨਾਲ ਮਹਿਸੂਸ ਕਰ ਕੇ, ਆਪਣਾ ਕੰਮ ਸ਼ੁਰੂ ਕਰਦਾ ਹੈ। ਕਾਬਜ਼ ਧਿਰ ਵਲੋਂ ਵਿਰੋਧ ਭੀ ਨਾਲ ਹੀ ਹੋਣਾ ਸ਼ੁਰੂ ਹੋ ਜਾਂਦਾ ਹੈ। ਆਮ ਲੋਕਾਈ ਦਹਿਸ਼ਤ ਵਿਚ ਹੁੰਦੀ ਹੈ ਜਿਸ ਸੁਨਹਿਰੇ ਭਵਿੱਖ ਦੇ ਵਾਇਦੇ ਕੀਤੇ ਜਾ ਰਹੇ ਹੁੰਦੇ ਹਨ, ਉਹ ਅਜੇ ਕਲਪਨਾ ਵਿਚ ਹੀ ਹੁੰਦੇ ਹਨ। ਕਲਪਨਾ ਹਕੀਕਤ ਦਾ ਰੂਪ ਕਿੰਨੇ ਸਮੇਂ ਬਾਅਦ ਧਾਰਨ ਕਰੇਗੀ? ਕੋਈ ਪਤਾ ਨਹੀਂ। ਨਿਸਚਿਤ ਕੀਤੀ ਗਈ ਮੰਜ਼ਿਲ ਤਕ ਅਪੜਨ ਲਈ, ਕਿੰਨੀਆਂ ਔਖੀਆਂ ਘਾਟੀਆਂ ਵਿਚੋਂ ਦੀ ਗੁਜਰਨਾ ਪਵੇਗਾ? ਯਕੀਨ ਨਾਲ ਕੁੱਝ ਕਹਿਣਾ ਸੰਭਵ ਨਹੀਂ

ਹੈ। ਨਵਾਂ ਨਿਜਾਮ ਲੋਕਾਂ ਲਈ ਕਿੰਨਾਕੁ ਲਾਹੇਵੰਦ ਹੋਵੇਗਾ? ਹਾਲੀ ਪੱਕਾ ਵਿਸ਼ਵਾਸ ਨਹੀਂ ਹੈ। ਲੀਡਰ ਦੇ ਗੁਣਾਂ, ਆਉਗੁਣਾਂ ਨੂੰ ਭੀ ਲੋਕੀਂ ਵੇਖਦੇ ਪਰਖਦੇ ਹਨ। ਜਿਸ ਲੀਡਰ ਦੀ ਸ਼ਖ਼ਸੀਅਤ ਅਤੇ ਕੰਮ ਕਰਨ ਦੀ ਵਿਧੀ ਲੋਕ ਮਨਾਂ ਨੂੰ ਸਵੀਕਾਰ ਹੋ ਜਾਵੇ, ਉਸ ਦੇ ਪਿੱਛੇ ਲੱਗ ਕੇ ਫਿਰ ਕਾਫ਼ਲਾ ਬਣਾ ਲੈਂਦੇ ਹਨ। ਮੁਸ਼ਕਲਾਂ ਭੀ ਬਰਦਾਸਤ ਕਰ ਲੈਂਦੇ ਹਨ। ਮੌਤ ਨੂੰ ਭੀ ਪਰਵਾਨ ਕਰ ਸਕਦੇ ਹਨ। ਜਨ ਸਾਧਾਰਨ ਵਿਅਕਤੀ ਨੂੰ ਲੀਡਰ ਦੀ ਸ਼ਖ਼ਸੀਅਤੀ ਰਾਸ ਆ ਜਾਵੇ। ਫਿਰ ਦੇਰ ਸਵੇਰ ਮਨ ਇੱਛਤ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਭਾਰਤ ਇਕ "ਧਰਮ ਪ੍ਰਧਾਨ" ਦੇਸ਼ ਹੈ। ਅਸੀਂ ਭਾਵੇਂ ਜਿੰਨਾ ਮਰਜ਼ੀ ਵਿਗਿਆਨਕ ਹੋਣ ਦਾ ਦਮ ਭਰੀਏ, ਫਿਰ ਭੀ ਕਿਤੇ ਨਾ ਕਿਤੇ ਅਸੀਂ "ਧਰਮ ਦੇ ਅੜਿੱਕੇ" ਵਿਚ ਫਸ ਜਾਂਦੇ ਹਾਂ। ਪੀੜ੍ਹੀ ਦਰ ਪੀੜ੍ਹੀ, ਜੋ ਕੰਮ ਸਦੀਆਂ ਤੋਂ ਹੁੰਦੇ ਆ ਰਹੇ ਹਨ, ਉਨ੍ਹਾਂ ਤੋਂ ਇਕੋ ਝਟਕੇ ਨਾਲ, ਮੁਕਤ ਹੋਣਾ ਏਨਾ ਸੌਖਾ ਨਹੀਂ ਹੈ। ਇਹ ਕੋਈ ਸਰੀਰ 'ਤੇ ਪਹਿਨੇ ਕਪੜੇ ਨਹੀਂ ਹਨ, ਕਿ ਦੋ ਮਿੰਟ ਵਿਚ ਬਦਲੇ ਜਾ ਸਕਣ ਜਿਸ ਸਮਾਜ ਦੇ ਲੋਕ, ਧਰਤੀ ਅੱਗ ਹਵਾ ਪਾਣੀ, ਆਦਿਕ ਵਰਗੀਆਂ ਕੁਦਰਤੀ ਤਾਕਤਾ ਨੂੰ ਪੂਜਣ ਵਾਲੇ ਹੋਣ, ਜਿਸ ਦੇਸ਼ ਵਿਚ ਸੱਪਾਂ ਬਾਂਦਰਾਂ ਤੇ ਚੂਹਿਆਂ ਆਦਿ ਦੀ ਪੂਜਾ ਕੀਤੀ ਜਾਂਦੀ ਹੋਵੇ। ਜਿਥੇ ਇਨਸਾਨਾਂ ਨੂੰ ਗੰਵਾਰ ਬਣਾਈ ਰੱਖਣ ਵਾਸਤੇ, "ਧਰਮ" ਅਤੇ ਰਾਜਸੀ ਤਾਕਤ, ਇਕੱਠਿਆਂ ਹੋ ਕੇ ਭੁਗਤੇ। ਜਿਥੇ ਖਾਣ ਪੀਣ ਪਹਿਨਣ ਆਦਿ ਨੂੰ "ਧਰਮ" ਨਾਲ ਜੋੜਿਆ ਜਾਂਦਾ ਹੋਵੇ। ਜਿਸ ਧਰਤੀ ਤੇ ਜਾਤਪਾਤ ਊਚ ਨੀਚ, ਅਮੀਰ ਗ਼ਰੀਬ ਮਿਟਣ ਦਾ ਕੋਈ ਰਸਤਾ ਨਾ ਛੱਡਿਆ ਹੋਵੇ। ਜਿਥੇ ਅਣਪੜ੍ਹਤਾ ਗ਼ਰੀਬੀ ਬਿਮਾਰੀ ਆਦਿ ਵਿਚੋਂ ਬਚ ਨਿਕਲਣ ਦੇ ਸਾਰੇ ਰਾਹ ਬੰਦ ਕਰ ਦਿਤੇ ਗਏ ਹੋਣ। ਅਜਿਹੇ ਨਿੱਘਰੇ ਹੋਏ ਸਮਾਜ ਵਿਚ, ਸੁਧਾਰ ਕਰਨ ਦੇ ਉਪਰਾਲੇ ਕਰਨੇ, ਹਿਮਾਲਾ ਪਰਬਤ ਨਾਲ ਮੱਥਾ ਲਾਉਣ ਤੁੱਲ ਹੈ। ਗੁਰੂ ਸਾਹਿਬਾਨ ਨੇ ਇਨ੍ਹਾਂ ਗੰਭੀਰ ਚੁਨੌਤੀਆਂ ਨੂੰ ਸਵੀਕਾਰ ਕੀਤਾ। ਸਦੀਆਂ ਤੋਂ ਗ਼ੁਲਾਮ ਚਲੇ ਆ ਰਹੇ ਲੋਕ, ਅਤੀ ਪਛੜਿਆ ਜੀਵਨ ਜਿਉਣ ਲਈ ਮਜਬੂਰ ਕੀਤੇ ਲੋਕ। ਧਰਮ ਦੇ ਨਾਂ 'ਤੇ ਲੁੱਟੇ ਪੁੱਟੇ ਤੇ ਗੁਮਰਾਹ ਕੀਤੇ ਗਏ ਲੋਕ। ਸੀਮਤ ਸਾਧਨਾਂ ਦੁਆਰਾ ਅਜਿਹੇ ਸਮਾਜ ਵਿਚੋਂ ਚੋਣ ਕਰ ਕੇ, ਸਿਖਿਆ ਦੇ ਕੇ, ਵਡੇਰੇ ਕਾਰਜਾਂ ਲਈ ਤਿਆਰ ਕਰਨਾ ਸੀ। ਲੰਮੀ ਜੱਦੋ ਜਹਿਦ ਕਰ ਕੇ ਸਫ਼ਲਤਾ ਹਾਸਲ ਕਰਨੀ ਸੀ।

ਆਪਣੇ ਸੰਗੀ ਸਾਥੀਆਂ ਦੇ ਮਾਨਸਿਕ ਵਿਕਾਸ ਵਾਸਤੇ, ਜੋ ਬਾਣੀ ਗੁਰੂ

ਸਾਹਿਬ ਨੇ (ਅਤੇ ਭਗਤ ਸਾਹਿਬ ਜੀ ਨੇ) ਲਿਖੀ ਹੈ, ਇਸ ਵਿਚ ਪਹਿਲਾਂ ਚਲ ਰਹੇ ਹਰ ਇਕ ਵਰਤਾਰੇ 'ਤੇ ਕਰਾਰੀ ਸੱਟ ਮਾਰੀ ਹੈ। ਦਲੀਲ ਨਾਲ ਬੋਦੀਆਂ ਰਸਮਾਂ ਰੀਤਾਂ ਨੂੰ ਰੱਦ ਕੀਤਾ ਹੈ। ਉਸ ਨੂੰ ਛੱਡ ਕੇ, ਨਵੇਂ ਨਰੋਏ ਵਿਚਾਰ ਅਪਨਾਉਣ ਲਈ ਸਾਹਮਣੇ ਰੱਖੇ ਹਨ। ਸਾਰਾ ਉਪਦੇਸ਼ ਕੀਤਾ ਗਿਆ ਹੈ। "ਧਾਰਮਕ ਸ਼ਬਦਾਵਲੀ" ਵਿਚ। ਕਿਉਂਕਿ ਭਾਰਤ ਮੂਲ ਰੂਪ ਵਿਚ, "ਧਰਮਾਂ" ਨੂੰ ਮੰਨਣ ਵਾਲੇ ਲੋਕਾਂ ਦਾ ਦੇਸ਼ ਹੈ। ਧਰਮ ਭਾਵੇਂ ਨਿਰੋਲ ਪਖੰਡ ਅਤੇ ਅੰਧ ਵਿਸ਼ਵਾਸ 'ਤੇ ਖੜਾ ਹੋਵੇ ਪਰ ਸੇਵਕ ਅਗਿਆਨਤਾ ਵਿਚ, ਉਸੇ ਨੂੰ ਅਸਲੀ "ਧਰਮ" ਮੰਨਦਾ ਆ ਰਿਹਾ ਹੈ। ਜਾਂ ਮੰਨਣ 'ਤੇ ਮਜਬੂਰ ਕਰ ਦਿਤਾ ਗਿਆ ਹੈ। ਇਸ ਮਨੋਵਿਗਿਆਨ ਨੂੰ ਸਮਝਣ ਤੋਂ ਬਗੈਰ, ਭਾਰਤ ਵਿਚ ਕੋਈ ਭੀ ਪਾਰਟੀ, ਲਹਿਰ, ਜਥੇਬੰਦੀ ਜੀਵਤ ਨਹੀਂ ਰਹਿ ਸਕਦੀ।

ਭਾਰਤ ਦੇ ਪ੍ਰਚਲਤ ਸ਼ਨਾਤਨੀ ਧਰਮਾਂ ਵਿਚ, ਜੋ ਵਿਅਕਤੀ ਕੁੱਝ ਪੂਜਾ ਵਿਧੀਆਂ ਅਪਨਾਉਂਦਾ ਹੈ। ਕੁੱਝ ਧਾਰਮਕ ਪਹਿਰਾਵਾ ਤੇ ਚਿੰਨ੍ਹ ਧਾਰਨ ਕਰਦਾ ਹੈ, ਉਹ "ਧਰਮੀ ਹੈ, ਆਸਤਕ ਹੈ"। ਜੀਵਨ ਵਿਚ ਜਿੰਨੇ ਮਰਜ਼ੀ ਖੋਟ ਹੋਣ। ਰੱਬ ਬਾਰੇ ਭਾਵੇਂ ਕੋਈ ਗਿਆਨ ਨਾ ਹੋਵੇ। ਅਜਿਹਾ ਵਿਅਕਤੀ ਫਿਰ ਭੀ "ਆਸਤਕ" ਮੰਨਿਆ ਜਾਂਦਾ ਹੈ। ਦੂਜੇ ਪਾਸੇ ਕੋਈ ਇਨਸਾਨ ਸੱਚ 'ਤੇ ਪਹਿਰਾ ਦਿੰਦਾ ਹੈ। ਵਿਕਾਰਾਂ ਬੁਰਾਈਆਂ ਤੋਂ ਬਚਿਆ ਹੋਇਆ ਹੈ। ਬਸ ਪੁਜਾਰੀ ਤਬਕੇ ਵਲੋਂ ਨਿਸਚਿਤ ਕੀਤੀਆਂ, ਪੂਜਾ ਵਿਧੀਆਂ ਨਹੀਂ ਅਪਨਾਉਂਦਾ, ਉਹ "ਨਾਸਤਕ" ਹੈ। ਮੰਨੂੰ ਸਿਮ੍ਰਿਤੀ ਤਾਂ ਇਥੋਂ ਤਕ ਐਲਾਨ ਕਰਦੀ ਹੈ : "ਵੇਦ ਨਿੰਦਕੋ ਨਾਸਤਕੋ"। ਕੋਈ ਬੰਦਾ ਰੱਬ ਨੂੰ ਧਰਮ ਨੂੰ ਮੰਨੇ ਭਾਵੇਂ ਨਾ ਮੰਨੇ, ਪਰ ਵੇਦਾਂ ਦੇ ਵਿਰੁਧ ਕੁੱਝ ਨਾ ਬੋਲੇ। ਜੋ ਵਿਰੁਧ ਬੋਲੇਗਾ, ਉਹ "ਨਾਸਤਕ" ਮੰਨਿਆ ਜਾਵੇਗਾ। ਕਬੀਰ ਜੀ ਨੇ ਨਾਮਦੇਵ ਜੀ ਨੇ ਅਤੇ ਗੁਰੂ ਨਾਨਕ ਸਾਹਿਬ ਜੀ ਨੇ ਹਰ ਪੱਖ ਦਾ ਡੂੰਘਾ ਅਧਿਐਨ ਕੀਤਾ। ਹਰ ਵਿਚਾਰ ਨੂੰ ਤਰਕ ਦੀ ਕਸਵੱਟੀ 'ਤੇ ਪਰਖਿਆ। ਫਿਰ ਕਈ ਪੱਖਾਂ ਦੀਆਂ ਦਲੀਲਾਂ ਦੇ ਕੇ, ਉਸ ਵਿਚਾਰ ਨੂੰ ਠੀਕ ਜਾਂ ਰੱਦ ਕਰਨ ਬਾਰੇ ਨਿਰਣਾ ਦਿਤਾ। ਤਰਕਸ਼ੀਲਤਾ ਦੇ ਤਰੀਕੇ ਸੋਚਣ ਵਾਲੇ ਲੋਕ, ਜਿਵੇਂ ਹਰ ਵਿਚਾਰ ਜਾਂ ਕੰਮ ਦਾ ਦਲੀਲ ਯੁਕਤ ਵਿਗਿਆਨਕ ਆਧਾਰ ਪਰਖਦੇ ਹਨ। ਅਪਣੀ ਬੁੱਧੀ ਦੇ ਵਿਕਾਸ ਮੁਤਾਬਕ ਬਹੁਤ ਸਾਰੀਆਂ ਗ਼ੈਰ ਜ਼ਰੂਰੀ ਮਨੌਤਾਂ ਨੂੰ ਤਿਆਗਣ ਦੀ ਹਿੰਮਤ ਕਰਦੇ ਰਹਿੰਦੇ ਹਨ। ਇਥੇ ਇਹ ਭੀ ਚੇਤੇ ਵਿਚ ਰਹਿਣਾ ਚਾਹੀਦਾ ਹੈ, ਕਿ ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ, ਉਸ ਦਾ ਔਸਤ ਤਰੀਕੇ ਵੇਖਿਆਂ ਮਾਨਸਿਕ

ਪੱਧਰ ਕਿੰਨਾ ਕੁ ਹੈ? ਜੋ ਵਿਚਾਰ ਕਿਸੇ ਦੇ ਸਮਝ ਵਿਚ ਹੀ ਨਾਂ ਆਇਆ, ਅਪਣਾਏਗਾ ਕਿਵੇਂ? ਜੋ ਵਿਚਾਰ ਲੋਕਾਂ ਵਲੋਂ ਸੁਣਨੋਂ ਮੰਨਣੋਂ ਹੀ ਨਾਂਹ ਹੋ ਜਾਵੇ, ਸੁਧਾਰ ਕਿਵੇਂ ਹੋਵੇਗਾ? ਮੁੱਢ ਨੂੰ ਸਮਝਣਾ ਅਤੀ ਜ਼ਰੂਰੀ ਹੈ।

ਗੁਰੂ ਨਾਨਕ ਨੂੰ ਜੰਜੂ (ਜਨੇਊ) ਪਾਇਆ ਜਾਣ ਲੱਗਾ। ਉਨ੍ਹਾਂ ਭਰੇ ਇਕੱਠ ਵਿਚ ਬੜੀ ਹਿੰਮਤ ਨਾਲ ਪੁਛਿਆ :

ਜੰਜੂ ਪਾਇਆ ਜਾਣਾ ਕਿਉਂ ਜ਼ਰੂਰੀ ਹੈ?

ਪੰਡਤ ਹਰਦਿਆਲ : ਇਸ ਜੰਜੂ ਦੁਆਰਾ ਧਰਮ ਵਿਚ ਪ੍ਰਵੇਸ ਕਰੀਦਾ ਹੈ।

ਗੁਰੂ ਨਾਨਕ : ਧਰਮ ਕੀ ਹੈ? ਥੋੜਾ ਚਾਨਣਾ ਪਾਉਗੇ?

ਹਰਦਿਆਲ : ਜੋ ਵੇਦਾਂ ਪੁਰਾਣਾ ਵਿਚ ਲਿਖਿਆ ਹੋਇਆ ਹੈ, ਉਹੀ ਧਰਮ ਹੈ।

ਗੁਰੂ ਨਾਨਕ : ਮੇਰੇ ਲਈ ਵੇਦਾਂ ਨੂੰ ਮੰਨਣਾ ਜ਼ਰੂਰੀ ਨਹੀਂ, ਤੇ ਮੈਂ ਬ੍ਰਾਹਮਣ ਨੂੰ ਅਪਣਾ ਗੁਰੂ ਭੀ ਸਵੀਕਾਰ ਨਹੀਂ ਕਰਦਾ।

ਹਰਦਿਆਲ : ਨਾਨਕ! ਜੰਜੂ ਪਾ ਕੇ ਉੂਚੀ ਕੁੱਲ ਵਾਲਾ ਬਣ ਜਾਈਦਾ ਹੈ।

ਗੁਰੂ ਨਾਨਕ : ਪੰਡਤ ਜੀ! ਫਿਰ ਇਹ ਜੰਜੂ ਮੈਨੂੰ ਹੀ ਉੂਚਾ ਕਿਉਂ ਬਨਾਉਂਦਾ ਹੈ? ਸਾਰੇ ਪਿਛੜੇ (ਅਛੂਤ) ਵਰਗਾਂ ਦੇ ਪਾ ਦਿਉ, ਉਹ ਭੀ ਉੂਚੇ ਹੋ ਜਾਣਗੇ। ਔਰਤਾਂ ਨੂੰ ਜੰਜੂ ਪਹਿਨਾ ਦਿਉ, ਉਹ ਭੀ ਉੂਚੀਆਂ ਹੋ ਜਾਣਗੀਆਂ...। ਪੰਡਿਤ ਹਰਦਿਆਲ ਕੋਲ ਕੋਈ ਜੁਆਬ ਨਹੀਂ ਸੀ।

ਦਇਆ ਕਪਾਹ, ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥....... (471)

ਜੋਰਾਵਰ ਲੋਕਾਂ ਵਲੋਂ ਆਮ ਸਮਾਜ ਤੇ ਜੋ ਜੁਲਮ ਜਬਰ ਅਤੇ ਲੁੱਟ ਹੋ ਰਹੀ ਸੀ, ਉਸ ਨੂੰ ਗੁਰੂ ਨਾਨਕ ਸਾਹਿਬ ਨੇ ਬੜੇ ਦਲੇਰੀ ਭਰੇ ਢੰਗ ਨਾਲ ਭੰਡਿਆ ਹੈ। ਖ਼ੁਦ ਨੂੰ ਖ਼ਤਰੇ ਵਿਚ ਪਾ ਕੇ ਆਮ ਮਨੁੱਖ ਨੂੰ ਹੱਕ ਪ੍ਰਾਪਤ ਕਰਨ ਲਈ ਤਿਆਰ ਕਰਨ ਦੀ ਬਹੁਪੱਖੀ ਪ੍ਰੇਰਨਾ ਕੀਤੀ ਹੈ। ਨਾਲ ਹੀ ਅਪਣੇ ਵਲੋਂ, ਨਵੇਂ ਸਮਾਜ ਲਈ ਕਲਿਆਣਕਾਰੀ, ਬ੍ਰਾਬਰੀ ਭ੍ਰਾਤਰੀ ਵਾਲੇ ਸਮਾਜ ਦਾ ਮਾਡਲ ਪੇਸ਼ ਕੀਤਾ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ, ਪੰਜਾਬ ਵਾਸੀਆਂ ਨੂੰ ਲੰਮੀ ਖ਼ੂਨੀ ਜੰਗ ਲੜਨੀ ਪਈ। ਕਈ "ਘਲੂਘਾਰੇ" ਸਾਡੇ ਪੁਰਖਿਆਂ ਨੇ ਉਤੋਂ ਦੀ ਲੰਘਏ। ਹੱਕ ਸੱਚ ਦੀ ਇਸ ਲੰਮੀ ਜੰਗ ਵਿਚ ਪਿਛੜੇ ਵਰਗਾਂ ਦਾ ਅਤਿਅੰਤ ਮਹੱਤਵਪੂਰਨ ਯੋਗਦਾਨ ਸੀ। ਉਨ੍ਹਾਂ ਨੂੰ ਇਸ ਲਹਿਰ ਰਾਹੀਂ ਆਜ਼ਾਦੀ ਨੇੜੇ ਆ ਰਹੀ ਪ੍ਰਤੀਤ ਹੁੰਦੀ ਸੀ। ਗੁਰੂ ਸਾਹਿਬ ਵਲੋਂ

ਅਜਿਹਾ ਪ੍ਰਬੰਧ ਉਸਾਰਿਆਂ ਗਿਆ ਕਿ ਕੇਵਲ ਗਲੀਂ ਬਾਤੀਂ ਨਹੀਂ ਅਮਲੀ ਜੀਵਨ, ਰੋਜ਼ਾਨਾ ਦੇ ਵਰਤੋਂ ਵਿਹਾਰ ਵਿਚ ਸਾਰੇ ਸਿੱਖ ਮਾਈ ਭਾਈ ਇਕ ਪਲੇਟ ਫ਼ਾਰਮ 'ਤੇ ਇਕੱਠੇ ਕੰਮ ਕਰਨ। ਇਸ਼ਨਾਨ ਲਈ ਸਰੋਵਰ ਸਾਂਝੇ। ਉਪਦੇਸ਼ ਸੁਣਨ ਲਈ ਧਰਮਸ਼ਾਲਾ ਸਾਂਝੀਆਂ। ਸਾਰਿਆਂ ਨੇ ਰਲ ਮਿਲ ਕੇ ਲੰਗਰ ਤਿਆਰ ਕਰਨਾ ਤੇ ਬਿਨਾਂ ਵਿਤਕਰੇ ਤੋਂ ਬਰਾਬਰ ਪੰਕਤਾਂ ਵਿਚ ਬੈਠ ਕੇ ਛਕਣਾ। ਜੰਗ ਵਿਚ ਜਾਂ ਅਮਨ ਦੇ ਦਿਨਾਂ ਵਿਚ ਸਾਰੇ ਸਿੱਖ "ਭਾਈ ਭਾਈ" ਸਨ। ਸਾਰੀਆਂ ਔਰਤਾਂ, ਮਾਂ ਭੈਣ ਧੀ (ਉਮਰ ਵੰਡ ਮੁਤਾਬਕ) ਵਾਲਾ ਦਰਜਾ ਰਖਦੀਆਂ ਸਨ। ਨਾਲ ਹੀ ਇਨ੍ਹਾਂ ਨੂੰ ਇਹ ਯਕੀਨ ਦਹਾਨੀ ਕਰਾਈ ਗਈ ਸੀ, ਕਿ ਤੁਸੀ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦਿਆਂ ਪੱਕੇ "ਧਰਮੀ" ਹੋ। ਤੁਹਾਡਾ ਮੁਕਤੀਦਾਤਾ ਬ੍ਰਾਹਮਣ ਨਹੀਂ ਹੈ, ਸਗੋਂ ਗੁਰੂ ਦਾ ਸ਼ਬਦ ਤੁਹਾਡੇ ਲਈ ਅਗਵਾਈ ਦਾ ਸੋਮਾ ਹੈ।

ਮਾਰਕਸ ਦਾ ਜਨਮ ਮਈ 1818 ਵਿਚ ਹੋਇਆ ਸੀ। ਉਸ ਵਲੋਂ ਲਿਖੀ ਸਿਧਾਂਤਕ ਪੁਸਤਕ ਕੈਪੀਟਲ ਦਾ ਕੇਵਲ ਪਹਿਲਾ ਭਾਗ, 1867 ਵਿਚ ਛਪਿਆ ਸੀ। ਮਾਰਕਸ ਦੀ ਮੌਤ 14-3-1883 ਨੂੰ ਹੋ ਗਈ। ਰੂਸ ਦੇ ਇਕ ਸਿਰ ਕੱਢਵੇਂ ਆਗੂ ਲੈਨਿਨ ਅਤੇ ਸਾਥੀਆਂ ਨੇ, ਰਲ ਕੇ ਅਕਤੂਬਰ 1917 ਵਿਚ ਪੁਰਾਤਨ ਬਾਦਸ਼ਾਹੀ ਦਾ ਤਖ਼ਤਾ ਪਲਟ ਦਿਤਾ ਤੇ ਕਮਿਊਨਿਸਟ ਢੰਗ ਨਾਲ ਚਲਣ ਵਾਲਾ ਰਾਜਸੀ ਢਾਂਚਾ ਵਿਕਸਤ ਕੀਤਾ। ਲੈਨਿਨ ਦੇ ਰਾਜਕਾਲ ਵਕਤ ਇਹ ਰਾਜ ਪ੍ਰਬੰਧ ਕਾਫ਼ੀ ਟਿਕਾਉ ਵਿਚ ਚਲਦਾ ਰਿਹਾ। ਸਟਾਲਿਨ ਦੇ ਰਾਜਗੱਦੀ 'ਤੇ ਬੈਠਦਿਆਂ ਹੀ, ਜ਼ੁਲਮੀ ਦੌਰ ਸ਼ੁਰੂ ਹੋ ਗਿਆ। ਕਮਿਊਨਿਸਟ ਰਾਜ ਦੇ ਢੰਗ ਤਰੀਕਿਆਂ ਦੀ ਆਲੋਚਨਾ ਕਰਨ ਵਾਲੇ, ਹਰ ਵਿਅਕਤੀ ਨੂੰ ਜ਼ੁਲਮ ਸਹਿਣਾ ਪਿਆ। ਵਿਰੋਧੀਆਂ ਨੂੰ ਚੁਣ ਚੁਣ ਕੇ ਤਸੀਹੇ ਦਿਤੇ ਗਏ, ਮੌਤ ਦੇ ਘਾਟ ਉਤਾਰਿਆ ਗਿਆ। ਇਕ ਮੋਟੇ ਜਿਹੇ ਅੰਦਾਜ਼ੇ ਮੁਤਾਬਕ, ਅਪਣੇ ਹੀ ਦੇਸ਼ ਦੇ ਇਕ ਕਰੋੜ ਨਾਗਰਿਕਾਂ ਨੂੰ ਅਪਣੀ ਹੀ ਸਰਕਾਰ ਨੇ, ਮੌਤ ਦੇ ਘਾਟ ਉਤਾਰ ਦਿਤਾ। ਉਹੀ ਕਮਜ਼ੋਰੀਆਂ ਸਾਥੀ ਲੀਡਰਾਂ ਵਿਚ ਆ ਗਈਆਂ, ਜੋ ਪਹਿਲਾਂ ਰਜਵਾੜਿਆਂ ਵਿਚ ਸਨ। ਸਮੇਂ ਦੇ ਬੀਤਣ ਨਾਲ, ਰੂਸ ਪੂਰੀ ਤਰ੍ਹਾਂ ਦਿਵਾਲੀਆ ਹੋ ਗਿਆ। ਅਪਣੇ ਰਾਜਸੀ ਵਿਰੋਧੀਆਂ ਨੂੰ ਖ਼ਤਮ ਕਰਨ ਵਾਸਤੇ, ਟੈਂਕਾਂ ਤੋਪਾਂ ਨਾਲ ਹਮਲਾ ਕਰ ਕੇ, ਪੂਰਾ ਪਾਰਲੀਮੈਂਟ ਹਾਊਸ ਮਲਬੇ ਦਾ ਢੇਰ ਬਣਾ ਦਿਤਾ ਗਿਆ। ਅੰਦਰ ਬੈਠੇ ਵਿਚਾਰਾਂ ਕਰ ਰਹੇ, ਵਿਰੋਧੀ ਸੁਰਾਂ ਵਾਲੇ, ਪਾਰਲੀਮੈਂਟ ਮੈਂਬਰ ਮਾਰ ਮੁਕਾਏ। ਅਪਣੀਆਂ ਰਾਜਨੀਤਕ ਗ਼ਲਤੀਆਂ ਕਾਰਨ, ਰੂਸ ਦੇਸ਼ ਪੂਰੀ ਤਰ੍ਹਾਂ ਕੰਗਾਲ ਹੋ ਗਿਆ। ਅੰਤ ਨੂੰ ਫ਼ੌਜੀ ਤਾਕਤ ਪੱਖੋਂ ਮਜ਼ਬੂਤ ਮੰਨਿਆ

ਜਾਣ ਵਾਲਾ ਰੂਸ ਦੇਸ਼, ਅਪਣੇ ਲੋਕਾਂ ਨੂੰ ਗੋਲੀ ਦੀ ਦਹਿਸ਼ਤ ਨਾਲ ਭੀ ਇਕੱਠੇ ਨਾ ਰੱਖ ਸਕਿਆ ਇਕ ਰੂਸ ਦੇ ਚੌਦਾਂ ਦੇਸ਼ ਬਣ ਗਏ।

ਵਰਤਮਾਨ ਸਮੇਂ ਦੇ ਸਿੱਖ ਆਗੂਆਂ ਨਾਲ ਸਾਨੂੰ ਸਾਰਿਆਂ ਨੂੰ ਅਨੇਕ ਸ਼ਕਾਇਤਾਂ ਹਨ। ਇਨ੍ਹਾਂ ਦੇ ਕੀਤੇ ਬਹੁਤੇ ਕੰਮ ਖ਼ੁਦ ਗਰਜੀ ਵਾਲੇ ਹਨ। ਪੰਜਾਬ ਦੇ ਲੋਕਾਂ ਲਈ ਕੋਈ ਸਾਂਝਾ ਪ੍ਰੋਗਰਾਮ ਨਹੀਂ ਦੇ ਸਕੇ। ਸਮਾਜ ਵਿਚਲੇ, ਆਰਥਕ ਪੱਖੋਂ ਕਮਜ਼ੋਰ ਪਰਵਾਰਾਂ ਦੀ ਉਚਿਤ ਸੰਭਾਲ ਨਹੀਂ ਕਰ ਸਕੇ। ਸੰਗਤ ਵਲੋਂ ਭੇਟਾ ਕੀਤੀ ਗਈ ਮਾਇਆ ਦੀ ਪੁੱਜ ਕੇ ਦੁਰਵਰਤੋਂ ਹੋਈ ਹੈ। ਇੰਨਾ ਸਭ ਕੁੱਝ ਅਸੀਂ ਸਾਰੇ ਜਾਣਦੇ ਹਾਂ, ਪਰ ਅਫ਼ਸੋਸ ਕਿ ਇਨ੍ਹਾਂ ਦਾ ਬਦਲ ਭੀ ਕੋਈ ਸਾਹਮਣੇ ਨਹੀਂ ਲਿਆ ਸਕੇ। ਕਾਮਰੇਡ ਵੀਰਾਂ ਦਾ ਤੋੜ ਵਿਛੋੜਾ, ਵਕਤੀ ਤੌਰ 'ਤੇ ਅਕਾਲੀ ਦਲ ਲਈ ਲਾਹੇਵੰਦ ਸਾਬਤ ਹੋਇਆ। ਕਿਉਂਕਿ ਉਨ੍ਹਾਂ ਨੂੰ ਭੰਡੀ ਪਰਚਾਰ ਕਰਨ ਦਾ ਬਹਾਨਾ ਮਿਲ ਗਿਆ। ਨਾਸਤਕ ਆਖ ਕੇ ਦੂਰ ਖਦੇੜਨ ਦਾ ਹਥਿਆਰ ਮਿਲ ਗਿਆ। ਇਨ੍ਹਾਂ ਨੇ ਧਰਮ ਨੂੰ ਅਪਣੇ ਸੁਆਰਥਾਂ ਲਈ ਵਰਤਿਆ। ਕਾਮਰੇਡਾਂ ਨੇ ਧਰਮ ਨਾਲੋਂ ਨਾਤਾ ਹੀ ਤੋੜ ਲਿਆ। ਅਕਾਲੀ ਗੁਰਦਵਾਰਿਆਂ ਵਿਚਲੀ ਰਾਜਨੀਤੀ ਕਰਦੇ ਰਹੇ ਤੇ "ਸਾਥੀ" ਧਰਮ ਨਾਲੋਂ ਟੁੱਟ ਕੇ, ਲੋਕਾਂ ਵਿਚੋਂ ਅਪਣਾ ਆਧਾਰ ਗੁਆ ਬੈਠੇ। ਆਮ ਲੋਕਾਂ ਦੇ ਦੁੱਖ ਦੂਰ ਕਰਨ ਵਾਲਾ ਕੋਈ ਨਾ ਬਹੁੜਿਆ। ਮਜ਼ਦੂਰ ਜਮਾਤ ਤਾਂ ਅੱਗੇ ਹੀ ਬਹੁਤ ਲਾਚਾਰ ਸੀ। ਹੁਣ ਤਾਂ ਜ਼ਮੀਨਾਂ ਵਾਲੇ (ਕਿਸਾਨ) ਭੀ ਕਰਜ਼ੇ ਦੇ ਮਾਰੇ ਖ਼ੁਦ ਕੁਸੀਆਂ ਦੇ ਰਾਹ ਪੈ ਚੁੱਕੇ ਹਨ। ਕਾਮਰੇਡਾਂ ਦੇ ਭਰਵੇਂ ਇਕੱਠਾਂ ਵਿਚ ਲੀਡਰਾਂ ਦੇ ਮੂੰਹੋਂ ਮੈਂ ਅਨੇਕ ਵਾਰ ਸੁਣ ਚੁਕਿਆ ਹਾਂ ਕਿ "ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ"। ਜਦੋਂ ਸਿੱਖ ਖਾੜਕੂਆਂ ਨੇ ਬੰਦੂਕਾਂ ਚੁਕੀਆਂ ਤਦੋਂ ਏਹੀ ਕਾਮਰੇਡ ਭਰਾ ਸਰਕਾਰੀ ਧਿਰ ਨਾਲ ਜਾ ਖਲੋਏ। ਖਾੜਕੂਆਂ ਦਾ ਡੱਟ ਕੇ ਵਿਰੋਧ ਕਰਦੇ ਰਹੇ। ਅੱਜ ਪੰਜਾਬ ਦੇ ਗੱਭਰੂ ਦੁਨੀਆਂ ਵਿਚੋਂ ਪਹਿਲੇ ਨੰਬਰ 'ਤੇ ਨਸੇੜੀ ਬਣ ਚੁਕੇ ਹਨ। ਇਨਕਲਾਬ ਨੇੜੇ ਤੇੜੇ ਭੀ ਨਹੀਂ ਹੈ।

ਧਰਮ ਨੂੰ ਲੋਕਾਂ ਦੇ ਭਲੇ ਵਾਸਤੇ ਮੰਨਣਾ ਜਾਂ ਵਰਤਣਾ, ਕੋਈ ਬੁਰਾਈ ਨਹੀਂ ਹੈ। ਕਿਊਬਾ ਦਾ ਰਾਸ਼ਟਰਪਤੀ ਫ਼ੀਡਲ ਕਾਸਟਰੋ, ਜਦੋਂ ਪਹਿਲੀ ਸਰਕਾਰ ਦਾ ਤਖ਼ਤਾ ਪਲਟ ਕੇ, ਰਾਜ ਗੱਦੀ 'ਤੇ ਬੈਠਾ ਤਾਂ ਪੱਤਰਕਾਰਾਂ ਨਾਲ ਮਿਲਣੀ ਵਿਚ ਇਕ ਸਵਾਲ ਆਇਆ : ਤੁਸੀ ਕਾਮਰੇਡ ਹੋ, ਤੁਹਾਡੇ ਬਹੁਤ ਸਾਰੇ ਸੰਗੀ ਸਾਥੀ, ਇਸਾਈ ਧਰਮ ਨੂੰ ਮੰਨਣ ਵਾਲੇ ਹਨ। ਕਈ ਤਾਂ ਚਰਚਾ ਦੇ ਮੁਖੀ ਭੀ ਹਨ। ਜਦੋਂ ਕਿ ਮਾਰਕਸ ਨੇ "ਧਰਮ ਨੂੰ ਅਫ਼ੀਮ" ਆਖਿਆ ਹੈ। ਫੀਡਲ ਕਾਸਟਰੋ ਨੇ ਬੜਾ

ਵਧੀਆ ਜਵਾਬ ਦਿਤਾ : "ਦੋਸਤੋ ! ਜਦੋਂ ਅਸੀ ਪੁਰਾਣੇ ਜ਼ੁਲਮੀ ਰਾਜ ਵਿਰੁਧ ਜੰਗ ਲੜ ਰਹੇ ਸਾਂ, ਉਸ ਵਕਤ ਇਸਾਈ ਧਰਮ ਨੂੰ ਮੰਨਣ ਵਾਲੇ, ਸਾਡੇ ਨਾਲ ਹਮ ਸਫ਼ਰ ਸਨ। ਅਸੀਂ ਇਕੱਠਿਆਂ ਨੇ ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ। ਬਹੁਤ ਸਾਰੇ ਇਸਾਈ ਤੇ ਉਨ੍ਹਾਂ ਦੇ ਪਾਦਰੀ ਇਸ ਲੜਾਈ ਵਿਚ ਸ਼ਹੀਦ ਹੋ ਗਏ। ਅਸੀਂ ਭੀ ਮਨੁੱਖਤਾ ਦਾ ਭਲਾ ਚਾਹੁੰਦੇ ਹਾਂ, ਧਾਰਮਕ ਮੁਖੀ ਭੀ ਮਨੁੱਖਤਾ ਦਾ ਕਲਿਆਣਾ ਚਾਹੁੰਦੇ ਹਨ। ਸਾਡੇ ਵਿਚਾਰ ਮੇਲ ਖਾ ਗਏ, ਅਸੀ ਇਕੱਠੇ ਹੋ ਗਏ। ਰਹੀ ਵਿਚਾਰ ਕਿ "ਧਰਮ ਅਫ਼ੀਮ ਹੈ"। ਜਦੋਂ ਇਹੀ "ਅਫ਼ੀਮ" ਨਾਸਮਝ ਵਿਅਕਤੀ ਤੇ ਹੱਥ ਵਿਚ ਹੁੰਦੀ ਹੈ, ਤਾਂ ਨੁਕਸਾਨ ਦੇਹ ਹੈ ਪਰ ਇਹੀ "ਅਫ਼ੀਮ" ਜਦੋਂ ਵਿਗਿਆਨੀ ਕੋਲ ਜਾਂ ਡਾਕਟਰ ਕੋਲ ਹੁੰਦੀ ਹੈ, ਤਦੋਂ ਇਹ ਦਵਾਈ ਹੁੰਦੀ ਹੈ। ਰੋਗਾਂ ਦਾ ਨਿਵਾਰਣ ਕਰਦੀ ਹੈ। ਮੈਂ ਇਸ "ਅਫ਼ੀਮ" (ਧਰਮ) ਨੂੰ ਦਵਾਈ ਬਣਾ ਕੇ ਵਰਤ ਲਿਆ ਹੈ। ਇਹ ਯੋਗਤਾ ਤੁਹਾਡੇ ਸਾਰਿਆਂ ਕੋਲ ਚਾਹੀਦੀ ਹੈ।"

ਪੰਜਾਬ ਦੇ ਲੋਕਾਂ ਨੇ ਬਾਬਾ ਨਾਨਕ ਸਾਹਿਬ ਜੀ ਤੋਂ ਬਹੁਤ ਕੁੱਝ ਨਵਾਂ ਤੇ ਨਿਵੇਕਲਾ ਸਿਖਿਆ ਹੈ। ਇਸੇ ਲਈ ਬਾਬਾ ਨਾਨਕ ਨੂੰ ਲੋਕੀਂ ਦਿਲੋਂ ਮਨੋਂ ਪਿਆਰ ਕਰਦੇ ਹਨ। ਗੁਰੂ ਅਰਜਨ ਸਾਹਿਬ ਪੰਜਾਬ ਦੇ ਪਹਿਲੇ ਅਣਖੀਲੇ ਸ਼ਹੀਦ ਹੋਏ ਹਨ। ਲੋਕਾਂ ਨੇ ਉਨ੍ਹਾਂ ਦੀ ਸ਼ਹਾਦਤ ਨੂੰ ਦਿਲਾਂ ਵਿਚ ਉਤਾਰ ਲਿਆ। ਨੌਵੇਂ ਸਤਿਗੁਰੂ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਵਾਸਤੇ ਆਵਾਜ਼ ਬੁਲੰਦ ਕੀਤੀ। ਜਾਨ ਤੇ ਖੇਢ ਗਏ। ਲੋਕਾਂ ਜੈ ਜੈ ਕਾਰ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਸੂਰਮਗਤੀ ਦੇ ਨਵੇਕਲੇ ਕੀਰਤੀਮਾਨ ਸਥਾਪਤ ਕੀਤੇ। ਸਾਰੀ ਉਮਰ ਨੀਵਿਆਂ ਨਿਮਾਣਿਆਂ ਨੂੰ ਹੱਕ ਦਿਵਾਉਣ ਲਈ ਅਪਣਾ ਖ਼ੂਨ ਬਹਾਉਂਦੇ ਰਹੇ। ਅਪਣਾ ਸਾਰਾ ਪਰਵਾਰ ਵਾਰ ਦਿਤਾ। ਅਣਗਿਣਤ ਪਿਆਰੇ ਸਿੱਖ, ਕੁਰਬਾਨ ਹੋ ਗਏ, ਅੰਤ ਨੂੰ ਖ਼ੁਦ ਭੀ ਗੁਰੂ ਜੀ ਸਰੀਰ ਲੇਖੇ ਲਾ ਗਏ। ਲੋਕਾਂ ਦੇ ਦਿਲਾਂ ਦੇ ਬਾਦਸ਼ਾਹ ਬਣ ਗਏ। ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਿਸਲਾਂ ਦਾ ਭਿਆਨਕ ਸਮਾਂ, ਅਜੇ ਕਲ ਦੀਆਂ ਗੱਲਾਂ ਹਨ। ਇਤਿਹਾਸ ਗਵਾਹ ਹੈ ਕਿ ਜੋ ਜਰਵਾਣੇ ਦੇਸ਼ ਨੂੰ ਲੁੱਟਣ ਲਈ ਵਿਦੇਸ਼ਾਂ ਵਿਚੋਂ ਆਉਂਦੇ ਸਨ। ਸਿੱਖਾਂ ਸੂਰਮਿਆਂ ਨੇ ਖ਼ੂਨ ਦੇ ਦਰਿਆ ਵਗਾ ਕੇ, ਸਿਰਾਂ ਦੇ ਗੰਜ ਉਸਾਰ ਕੇ, ਬੰਦ ਬੰਦ ਕਟਵਾ ਕੇ, ਖੋਪਰੀਆਂ ਉਤਰਵਾ ਕੇ, ਬੱਚਿਆਂ ਦੇ ਟੁਕੜੇ ਕਰਵਾ ਕੇ, ਹਮਲਾਵਰਾਂ ਨਾਲ ਮੈਦਾਨੇ ਜੰਗ ਵਿਚ ਜੂਝ ਕੇ, ਉਨ੍ਹਾਂ ਦਾ ਰਾਹ ਬੰਦ ਕੀਤਾ। ਕੀ ਉਨ੍ਹਾਂ ਸੂਰਮਿਆਂ ਦੀ ਬਹਾਦਰੀ ਭੁਲਾਉਣ ਜੋਗ ਸੀ ?

ਪਿਆਰੇ ਵੀਰੋ ਸਾਡੇ ਕੋਲ ਬਹੁਤ ਅਮੀਰ ਵਿਰਾਸਤ ਹੈ। ਇਹ ਕਿਸੇ ਵਿਅਕਤੀ

ਜਾਂ ਕਿਸੇ ਇਕ ਗਰੁੱਪ ਦੀ ਮਾਲਕੀ ਨਹੀਂ ਹੈ। ਇਹ ਸਾਡਾ ਸਾਰੇ ਪੰਜਾਬ ਵਾਸੀਆਂ ਦਾ ਸਾਂਝਾ ਸਰਮਾਇਆ ਹੈ। ਮਾਰਕਸ ਬਹੁਤ ਨੇਕ ਇਨਸਾਨ ਸੀ ਪਰ ਇਥੋਂ ਦੇ ਲੋਕ ਉਸ ਨੂੰ ਨਹੀਂ ਜਾਣਦੇ। ਕਿਉਂਕਿ ਉਹ ਇਥੋਂ ਦੀ ਮਿੱਟੀ ਨਾਲ ਜੁੜਿਆ ਹੋਇਆ ਨਹੀਂ ਹੈ। ਲੈਨਿਨ ਬਹੁਤ ਨੇਕ ਇਨਸਾਨ ਹੋਵੇਗਾ, ਪਰ ਸਾਡੇ ਲਈ ਉਹ ਪਰਾਇਆ ਹੈ। ਹੋਚੀ ਮਿਨ ਮਾਉਜੇ ਤੁੰਗ ਬਹੁਤ ਸਿਆਣੇ ਸਨ, ਪਰ ਉਨ੍ਹਾਂ ਦੀ ਸਿਆਣਪ ਉਨ੍ਹਾਂ ਦੇ ਅਪਣੇ ਦੇਸ਼ ਵਾਸੀਆਂ ਲਈ ਸੀ। ਇਥੇ ਕੋਈ ਨਹੀਂ ਜਾਣਦਾ। ਜਿਨ੍ਹਾਂ ਆਜ਼ਾਦੀ ਦੀਆਂ ਜੰਗਾਂ ਵਿਚ ਇਸ ਧਰਤੀ ਦੇ ਪੁੱਤਰਾਂ ਨੇ ਆਪਣਾ ਖ਼ੂਨ ਡੋਲ੍ਹਿਆ ਹੈ, ਉਨ੍ਹਾ ਦੇ ਵਾਰਿਸ ਇਥੇ ਹੀ ਹਨ। ਸ਼ਹੀਦਾਂ ਬਹਾਦਰਾਂ ਵਲੋਂ ਪਾਏ ਗਏ ਯੋਗਦਾਨ ਦੀਆਂ ਯਾਦਾਂ ਦੇ ਨਿਸ਼ਾਨ, ਇਸੇ ਧਰਤੀ 'ਤੇ ਹਨ। ਜਿਨ੍ਹਾਂ ਲੋਕਾਂ ਨੇ ਅਪਣੇ ਭੁਲਾ ਦਿਤੇ, ਉਨ੍ਹਾਂ ਕੋਲੋਂ ਬੇਗਾਨਿਆਂ ਲਈ ਵਫ਼ਾਦਾਰੀ ਦੀ ਆਸ ਕੀਤੀ ਜਾ ਸਕਦੀ ਹੈ?

ਮਸਲਾ ਪੰਜਾਬ ਦੀ ਵਿਗੜੀ ਤਾਣੀ ਸੁਲਝਾਉਣ ਦਾ ਹੈ। ਕੋਈ ਮਨੁੱਖ ਜੇ ਧਰਮ ਨੂੰ ਮੰਨਦਾ ਹੈ, ਤਾਂ ਇਹ ਉਸ ਦਾ ਨਿੱਜੀ ਮਸਲਾ ਹੈ ਪਰ ਹੈ ਤਾਂ ਉਹ ਇਕ ਮਨੁੱਖ। ਗੁਰੂ ਬਾਬਾ ਨਾਨਕ ਜੀ ਨੇ "ਧਰਮ" ਦੀ ਵਰਤੋਂ ਕਰ ਕੇ ਮੂਰਖਾਂ ਨੂੰ ਸਮਝਦਾਰ ਬਣਾਇਆ। ਕਾਇਰਾਂ ਨੂੰ ਬਹਾਦਰ ਬਣਾਇਆ। ਵੇਹਲੜਾਂ ਨੂੰ ਕਾਮੇ ਕਿਰਤੀ ਬਣਾਇਆ। ਇਕ ਦੂਜੇ ਦੇ ਪਰਛਾਵੇਂ ਤੋਂ ਭੀ ਨਫ਼ਰਤ ਕਰਨ ਵਾਲਿਆਂ ਨੂੰ, ਇਕੋ ਬਾਟੇ ਵਿਚੋਂ ਖੰਡੇ ਦੀ ਪਾਹੁਲ ਛਕਾਈ। ਸਾਂਝੇ ਲੰਗਰ ਛਕਾਏ। ਸਾਰੇ ਦੇਵੀ ਦੇਵਤੇ, ਤੀਰਥ ਯਾਤਰਾ ਵਰਤ ਸ਼ਰਾਧ, ਪੱਥਰ ਦੇ ਭਗਵਾਨ, ਬ੍ਰਾਹਮਣ ਪੀਰ ਸਭ ਤਿਆਗ ਦਿਤੇ। ਇਕੋ ਨਿਰੰਕਾਰ ਦੇ ਲੜ ਲਾਇਆ। ਯਾਦ ਰਖਣਾ, ਨਿਰੰਕਾਰ ਜਿਸ ਦਾ ਕੋਈ ਸਰੂਪ ਨਹੀਂ, ਸਰੀਰ ਨਹੀਂ "ਅਕਾਰ ਰਹਿਤ" ਬਸ ਉਸ ਨੂੰ ਮੰਨੋ। ਬਾਕੀ ਸੱਭ ਨੂੰ ਤਿਆਗ ਦਿਉ। ਉਸ ਜ਼ਮਾਨੇ ਵਿਚ, ਇਹ ਇਕ ਕ੍ਰਾਂਤੀਕਾਰੀ ਵਿਸਫ਼ੋਟ ਸੀ। ਹਰ ਤਰ੍ਹਾਂ ਦੀ ਗ਼ੁਲਾਮੀ ਵਿਚੋਂ ਬਾਹਰ ਕੱਢ ਕੇ, ਪੂਰੀ ਤਰ੍ਹਾਂ ਸੁਤੰਤਰ ਮਨੁੱਖ ਬਨਾਉਣ ਲਈ ਦਿਨ ਰਾਤ ਕੰਮ ਕੀਤਾ। ਇਹ ਗੁਰਬਾਣੀ ਰੂਪੀ ਵਿਚਾਰਧਾਰਾ ਅਜੇ ਪੁਰਾਣੀ ਨਹੀਂ ਹੋਈ। "ਧਰਮ" ਦੀ ਗੱਡੀ ਵਿਚ ਬਹੁਤ ਲੋਕ ਸਵਾਰ ਹਨ। ਲੋੜ ਹੈ, ਉਨ੍ਹਾਂ ਨੂੰ ਲੋਕ ਹਿਤ ਵਾਲੇ ਰਾਹ ਤੋਰਨ ਦੀ।

ਕਾਂਗਰਸ ਪਾਰਟੀ ਦੀ ਸਥਾਪਨਾ ਤੋਂ ਮਗਰੋਂ, ਲੰਮੇ ਸਮੇਂ ਤਕ ਲੋਕਾਂ ਨੂੰ ਇਸ ਪ੍ਰਤੀ ਕੋਈ ਦਿਲਚਸਪੀ ਨਹੀਂ ਸੀ। ਪਾਰਟੀ ਦੇ ਮੁਖੀਆਂ ਨੇ ਲੰਮੀ ਵਿਚਾਰ ਤੋਂ ਬਾਅਦ ਮਹਿਸੂਸ ਕੀਤਾ ਕਿ ਇਸ ਨੂੰ "ਧਰਮ" ਨਾਲ ਜੋੜਿਆ ਜਾਵੇ। ਇਸੇ ਨੀਤੀ ਤਹਿਤ ਦੱਖਣੀ ਭਾਰਤ ਵਿਚ, ਕਾਂਗਰਸ ਪਾਰਟੀ ਦੇ ਸ਼ੁਰੂਆਤੀ ਸਮਾਗਮਾਂ ਵਿਚ ਗਣੇਸ਼ ਦੀ

ਪੂਜਾ ਕੀਤੀ ਜਾਣ ਲੱਗੀ। ਪੂਰਬੀ ਹਿੱਸੇ ਵਿਚ ਦੁਰਗਾ ਦੇਵੀ ਜਾਂ ਕਾਲੀ ਮਾਤਾ ਦਾ ਪਰਭਾਵ ਸੀ, ਉਸ ਨੂੰ ਅਪਣਾ ਲਿਆ। ਉਤਰੀ ਭਾਰਤ ਵਿਚ ਰਾਮ ਤੇ ਕ੍ਰਿਸ਼ਨ ਦੇ ਗੀਤ ਗਾਏ ਜਾਣ ਲੱਗੇ। ਗਾਂਧੀ ਨੇ ਹਰ ਸਭਾ ਵਿਚ 'ਰਘੂਪਤੀ ਰਾਘਵ ਰਾਜਾ ਰਾਮ, ਪਤਿਤ ਪਾਵਨ ਸੀਤਾ ਰਾਮ" ਗਾਉਣਾ ਜ਼ਰੂਰੀ ਕਰਾਰ ਦੇ ਦਿਤਾ। ਇਸ ਤਰ੍ਹਾਂ ਕਾਂਗਰਸ ਪਾਰਟੀ, ਲੋਕਾਂ ਨੂੰ ਅਪਣੇ ਵਲ ਖਿੱਚਣ ਵਿਚ ਕਾਫ਼ੀ ਸਫ਼ਲ ਰਹੀ। ਇਸੇ ਨੀਤੀ 'ਤੇ ਚਲਦਿਆਂ, ਗਾਂਧੀ ਨੂੰ ਇਕ ਤਿਆਗੀ, ਪਰਉਪਕਾਰੀ, ਸਾਧੂ ਮਹਾਤਮਾ ਜਾਂ ਅਵਤਾਰੀ ਪੁਰਸ਼ ਬਣਾ ਕੇ ਪੇਸ਼ ਕੀਤਾ ਜਾਣ ਲੱਗਾ। ਧਰਮ ਦੀ ਵਰਤੋਂ ਨੇ (ਭਾਵੇਂ ਇਹ ਵਿਖਾਵਾ ਮਾਤਰ ਸੀ) ਕਾਂਗਰਸ ਪਾਰਟੀ ਨੂੰ ਮਹੱਤਵਪੂਰਨ ਫ਼ਾਇਦਾ ਪਹੁੰਚਾਇਆ। ਪੰਜਾਬ ਵਿਚ ਧਰਮ 'ਤੇ ਆਧਾਰਤ ਪਾਰਟੀ, ਅਕਾਲੀ ਦਲ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਹੀ ਕਾਂਗਰਸ ਪਾਰਟੀ ਦਾ ਸੂਬਾ ਪ੍ਰਧਾਨ ਮੰਨ ਲਿਆ। ਬੰਗਾਲ ਦੇ ਕਾਮਰੇਡ ਸੂਬੇ ਤੇ ਰਾਜ ਕਰਨ ਵਾਲੇ, ਸਿਰ ਕੱਢਵੇਂ ਲੀਡਰ, ਧਾਰਮਕ ਸਮਾਗਮਾਂ ਵਿਚ ਆਮ ਹੀ ਸ਼ਾਮਲ ਹੁੰਦੇ ਹਨ। ਗੁਰੂ ਨਾਨਕ ਸਾਹਿਬ ਨੇ ਕਬੀਰ ਜੀ ਰਵਿਦਾਸ ਜੀ, ਨਾਮਦੇਵ ਜੀ, ਨੂੰ ਅਪਣੇ ਨਾਲ ਸ਼ਾਮਲ ਕਰ ਕੇ ਬਰਾਬਰਤਾ ਦਾ ਪਰਚਮ ਬੁਲੰਦ ਕੀਤਾ ਸੀ। ਭਾਵੇਂ ਧਰਮ ਹੈ, ਭਾਵੇਂ ਰਾਜਨੀਤੀ ਹੈ, ਤੇ ਭਾਵੇਂ ਕੋਈ ਸਮਾਜ ਸੁਧਾਰਕ ਜਥੇਬੰਦੀ ਹੈ। ਦਾਈਆਂ ਤਾਂ ਸਾਰਿਆਂ ਦਾ ਇਹੀ ਹੁੰਦਾ ਹੈ ਕਿ ਅਸੀ ਇਨਸਾਨੀਅਤ ਦਾ ਭਲਾ ਕਰਾਂਗੇ। ਇਸ ਦਾਅਵੇ ਤੋਂ ਬਗੈਰ ਉਹ ਜਥੇਬੰਦੀਆਂ, ਜਾਂ ਪਾਰਟੀਆਂ ਚਲ ਹੀ ਨਹੀਂ ਸਕਦੀਆਂ। ਪੰਜਾਬ ਦੇ ਲੋਕਾਂ ਨੂੰ, ਪਿਛਲੇ ਸਮੇਂ ਵਿਚ ਨਾਜੀਵਾਦੀ ਜ਼ੁਲਮਾਂ ਵਿਚ ਪੀਸਿਆ ਗਿਆ ਹੈ। ਪੰਜਾਬ ਦੇ ਸਾਰੇ ਆਰਥਕ ਵਸੀਲੇ (ਬਿਜਲੀ ਪਾਣੀ ਵੱਡੇ ਕਾਰਖਾਨੇ ਜਿਣਸਾਂ ਦੇ ਭਾਅ) ਖੋਹ ਲਏ ਗਏ। ਸਾਰੇ ਸਰਕਾਰੀ ਅਦਾਰੇ ਲੁੱਟ ਕੇ ਅੱਡੇ ਬਣ ਗਏ, ਤੇ ਅੰਤਮ ਸਾਹ ਗਿਣ ਰਹੇ ਹਨ। ਨੌਜਵਾਨਾਂ ਨੂੰ ਰੁਜ਼ਗਾਰ ਕੋਈ ਨਹੀਂ ਮਿਲਦਾ। ਨਸ਼ਿਆਂ ਦੇ ਇਥੇ ਹੜ ਵਗ ਰਹੇ ਹਨ। ਆਰਥਕ ਪੱਖੋਂ ਕਮਜ਼ੋਰ ਪਰਵਾਰ, ਅਪਣੇ ਬੱਚਿਆਂ ਨੂੰ ਸਕੂਲ ਕਾਲਜ ਭੇਜਣੋਂ ਅਸਮਰਥ ਹਨ। ਅਗਿਆਨਤਾ ਵਸ ਸਾਰਾ ਸਮਾਜ ਵਹਿਮਾਂ, ਭਰਮਾਂ, ਪਖੰਡਾਂ ਵਿਚ ਪਿਆ ਸਾਫ਼ ਨਜ਼ਰ ਆਉਂਦਾ ਹੈ। ਸੰਕੀਰਣਤਾ ਵਾਲੇ ਜਾਂ ਕੱਟੜਤਾ ਵਾਲੇ ਮੁੱਦੇ ਨਾਂ ਛੋਹੇ ਜਾਣ। ਮਨੁੱਖਤਾ ਲਈ ਕਲਿਆਣਕਾਰੀ, ਵੱਡੇ ਮੁੱਦੇ ਹੀ ਸਾਂਝੀਆਂ ਥਾਵਾਂ 'ਤੇ ਵਿਚਾਰੇ ਜਾਣ। ਇਕ ਦੂਜੇ ਦੇ ਵਿਚਾਰਾਂ ਨੂੰ ਨਰ੍ਹੰਮੇ ਨਾਲ ਸੁਣਨ ਦੀ ਬਿਰਤੀ ਧਾਰਨ ਕਰੀਏ। ਜੇ ਮਤਭੇਦ ਹਨ ਤਾਂ ਪਿਆਰ ਭਰੇ ਸਲੀਕੇ ਨਾਲ, ਦਲੀਲ ਦੇ ਕੇ ਜਵਾਬ ਦੇਣ ਲੈਣ ਦਾ ਰਾਹ ਪੱਧਰਾ ਕਰੀਏ।

ਸਿੱਖ ਧਰਮ ਦੇ ਮਨੁੱਖ ਹਿਤੈਸ਼ੀ ਅਸੂਲਾਂ ਨੇ ਟੁੱਟੇ ਖਿੱਲਰੇ ਕਮਜ਼ੋਰ ਤੇ ਗ਼ੁਲਾਮ ਸਮਾਜ ਨੂੰ, ਨਵੀਂ ਦਿਸ਼ਾ ਅਤੇ ਤਾਕਤ ਦਿਤੀ। ਕਮਜ਼ੋਰ ਚਿੜੀਆਂ, ਬਾਜਾਂ ਨੂੰ ਘੇਰਨ ਜੋਗੀਆਂ ਹੋ ਗਈਆਂ ਸਨ। ਗੁਰਬਾਣੀ ਵਿਚ ਗਿਆਨ ਹੈ। ਪਰਉਪਕਾਰ ਦੀ ਸਿਖਿਆ ਹੈ। ਬੰਧਨ ਮੁਕਤ ਸਮਾਜ ਲਈ ਮੈਨੀਫ਼ੈਸਟੋ ਹੈ। ਇਸਤਰੀਆਂ ਲਈ ਸਤਿਕਾਰ ਭਰਿਆ ਬਰਾਬਰ ਦਾ ਦਰਜਾ ਹੈ। ਹਰ ਜਾਤ ਧਰਮ ਤੇ ਕਬੀਲੇ ਨੂੰ "ਜੀਉ ਆਇਆ" ਹੈ। ਹੱਕ ਸੱਚ 'ਤੇ ਪਹਿਰਾ ਦੇਣ ਲਈ ਮਰ ਮਿਟਣ ਤਕ ਦੀ ਹੱਦ ਤਕ, ਭਰੀ ਹੋਈ ਸਪਿਰਟ ਹੈ। ਦੁਸ਼ਮਣ ਨਾਲ ਸਾਹਮਣੇ ਮੱਥੇ ਦੋ ਹੱਥ ਕਰਨ ਲਈ ਮੈਦਾਨੇ ਜੰਗ ਵਿਚ ਕੁੱਝ ਪੈਣ ਦੀ ਸੂਰਮਗਤੀ ਹੈ। ਭਟਕਣ ਤੇ ਪ੍ਰੇਸ਼ਾਨੀਆਂ ਤੋਂ ਮੁਕਤ ਕਰਨ ਲਈ ਗੁਰਬਾਣੀ ਦਾ ਮਹਾਨ ਖ਼ਜ਼ਾਨਾ ਹੈ। ਇਸੇ ਧਰਤੀ 'ਤੇ ਆਪਾਂ ਰਲਕੇ "ਬੇਗ਼ਮ ਪੁਰਾ" ਬਸਾਉਣਾ ਹੈ। ਇਥੇ ਹੀ "ਹਲੇਮੀ ਰਾਜ" ਦੀ ਸਥਾਪਨਾ ਵਾਸਤੇ ਕਮਰ ਕਸਾ ਕਰਨਾ ਹੈ। ਗੁੱਸੇ ਗਿਲੇ ਖ਼ਤਮ ਕਰ ਕੇ ਪਿਆਰ ਗਲਵਕੜੀ ਪਾਉਣ ਦੀ ਲੋੜ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :

ਤੂੰ ਸਾਂਝਾ ਸਾਹਿਬੁ ਬਾਪੁ ਹਮਾਰਾ॥ ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (97)
ਏ ਪਿਤਾ ਏਕਸ ਕੇ ਹਮ ਬਾਰਿਕ , ਤੂੰ ਮੇਰਾ ਗੁਰਹਾਈ॥ (611)
ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰ ਰਾਜਾ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤਿ ਨਹੀ ਸੰਤਾਪਾ॥ (658)

ਨੋਟ : "ਗੁਰਮਤਿ ਅਤੇ ਸਮਾਜਵਾਦ ਵਿਚ ਸਾਂਝੀਵਾਲਤਾ" ਦੇ ਵਿਸ਼ੇ 'ਤੇ ਕਮਿਊਨਿਸਟ ਵੀਰਾਂ ਵਲੋਂ ਜਲੰਧਰ ਵਿਚ 27-1-08 ਨੂੰ ਇਹ ਪੇਪਰ ਪੜ੍ਹਨ ਲਈ ਦਾਸ ਨੂੰ ਬੁਲਾਇਆ ਸੀ। ਗੁਰਮਤਿ ਨੂੰ ਭਾਰੂ ਜਾਣ ਕੇ (ਸ਼ਾਇਦ) ਅਚਨਚੇਤੀ ਪ੍ਰੋਗਰਾਮ ਰੱਦ ਕਰ ਦਿਤਾ ਗਿਆ।

***

# ਕਬੀਲਾ ਜੁੱਗ ਦੀ ਸੋਚ ਵਾਲੇ ਲੋਕ

ਸਤਿਗੁਰੂ ਜੀ ਨੇ ਅਜਿਹੀ ਨਵੇਕਲੀ ਤੇ ਸਰਬ ਪ੍ਰਵਾਨਤ ਵਿਚਾਰਧਾਰਾ ਮਨੁੱਖਤਾ ਨੂੰ ਦਿਤੀ ਕਿ ਸਦੀਆਂ ਤੋਂ ਚਲੇ ਆ ਰਹੇ ਵਿਤਕਰੇ ਵੰਡੀਆਂ, ਊਚ-ਨੀਚ,

ਜਾਤ ਪਾਤ ਦਾ ਭਿੰਨ ਭੇਟ ਮਿਟਾ ਕੇ, "ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦੀਸਹਿ ਬਾਹਰਾ ਜੀਉ" (97) ਦਾ ਨਾਅਰਾ ਬੁਲੰਦ ਕੀਤਾ। ਸਦੀਆਂ ਤੋਂ ਪੈਰਾਂ ਹੇਠ ਲਿਤਾੜੇ ਲੋਕਾਂ ਨੂੰ ਬਰਾਬਰ ਮਾਣ ਦਿਤਾ, ਗਲ ਨਾਲ ਲਾਇਆ ਜਿਸ ਗੁਰਬਾਣੀ ਨੂੰ ਸਟੇਜਾਂ 'ਤੇ ਜਾਂ ਲਿਖਤਾਂ ਵਿਚ "ਗੁਰਬਾਣੀ ਇਸ ਜਗ ਮਹਿ ਚਾਨਣ" ਕਹਿ ਕੇ ਸਲਾਹਿਆ ਜਾਂਦਾ ਹੈ, ਉਸੇ ਪਾਵਨ ਬਾਣੀ ਰਾਹੀ, ਦਿਤੇ ਉਪਦੇਸ਼ਾਂ ਨੂੰ, ਸਿੱਖਾਂ ਦੇ ਚੌਧਰੀਆਂ ਵਲੋਂ, ਕਿਵੇਂ ਪੈਰਾਂ ਹੇਠ ਮਧੋਲਿਆ ਜਾ ਰਿਹਾ ਹੈ, ਇਸ ਦੀ ਤਾਜਾ ਮਿਸਾਲ 24 ਅਗਸਤ 2005 ਦੇ ਅਖ਼ਬਾਰਾਂ ਵਿਚੋਂ ਪੜ੍ਹੀ ਜਾ ਸਕਦੀ ਹੈ। ਉਂਞ ਤਾਂ ਸਾਰੇ "ਜਥੇਦਾਰਾਂ" ਦਾ ਇਹ ਹਾਲ ਹੈ ਕਿ ਵਿਵਾਦਤ ਮਸਲਿਆਂ ਨੂੰ ਸਮੇਂ ਸਿਰ ਹੱਲ ਨਾ ਕਰ ਕੇ, ਲਟਕਾਇਆ ਜਾਂਦਾ ਹੈ ਜਾਂ ਇਉਂ ਕਹਿ ਲਈਏ ਕਿ ਇਨ੍ਹਾਂ ਕੋਲ ਮਸਲੇ ਸੁਲਝਾਉਣ ਦੀ ਯੋਗਤਾ ਹੀ ਨਹੀਂ ਹੈ। ਦਰਬਾਰ ਸਾਹਿਬ ਵਿਚ ਫ਼ਰਸ਼ ਧੋਣਾ ਤੇ ਕੀਰਤਨ ਕਰਨ ਦੀ ਚਰਚਾ, ਲੰਮੇ ਸਮੇਂ ਤੋਂ ਚਲ ਰਹੀ ਹੈ। ਮੀਟਿੰਗਾਂ, ਅਖ਼ਬਾਰੀ ਬਿਆਨ, ਫਿਰ ਵਿਰੋਧੀ ਬਿਆਨ, ਪਰਨਾਲਾ ਉਥੇ ਦਾ ਉਥੇ। ਸ਼੍ਰੋਮਣੀ ਕਮੇਟੀ ਪ੍ਰਧਾਨ, ਬੀਬੀ ਜਗੀਰ ਕੌਰ ਨੇ, ਜਰਾ ਕੁ ਜੁਰਅਤ ਨਾਲ ਕਹਿ ਦਿਤਾ ਕਿ "ਛੇਤੀ ਹੀ ਸਿੱਖ ਬੀਬੀਆਂ ਨੂੰ ਕੀਰਤਨ ਦੀ ਸੇਵਾ ਵਿਚ ਤੇ ਪੰਜਾਂ ਪਿਆਰਿਆਂ ਦੀ ਸੇਵਾ ਵਿਚ ਸ਼ਾਮਲ ਹੋਣ ਦਾ ਮੌਕਾ ਦੇ ਦਿਤਾ ਜਾਵੇਗਾ।"

ਅਖ਼ਬਾਰਾਂ ਵਿਚ ਇਹ ਬਿਆਨ ਛਪਣ ਦੀ ਦੇਰ ਸੀ ਕਿ ਔਰਤ ਜਾਤੀ ਪ੍ਰਤੀ ਨਫ਼ਰਤ ਨਾਲ ਭਰੇ ਹੋਏ ਲੋਕ, ਅੱਗ ਬਬੂਲਾ ਹੋ ਗਏ। ਆਪੇ ਤੋਂ ਬਾਹਰ ਹੋਏ ਗੁਰਮਤਿ ਦੇ ਮੁੱਢਲੇ ਅਸੂਲਾਂ ਨੂੰ ਹੀ ਰੌਂਦਦੇ ਚਲੇ ਗਏ। ਇਨ੍ਹਾਂ ਵਿਚ ਤਿੰਨ ਉਹ ਸਿੱਖ ਸ਼ਖ਼ਸੀਅਤਾਂ ਹਨ, ਜੋ ਜ਼ਿੰਮੇਵਾਰੀ ਵਾਲੇ ਵੱਡੇ ਅਹੁਦਿਆਂ 'ਤੇ ਬੈਠੇ ਹਨ। ਫ਼ੈਡਰੇਸ਼ਨ ਆਗੂ ਗੁਰਚਰਨ ਸਿੰਘ ਗਰੇਵਾਲ ਨੂੰ ਅਹਿਮੀਅਤ ਦੇਣ ਦੀ ਲੋੜ ਨਹੀਂ ਹੈ। ਕਿਉਂਕਿ ਉਸ ਦੇ ਪਿਛੇ ਜਿੰਨੇ ਕੁ ਲੋਕ ਹਨ, ਕਿਸੇ ਤੋਂ ਗੁੱਝਾ ਨਹੀਂ ਹੈ। ਮਹਿਤੇ ਚੌਂਕ ਵਾਲੇ ਟਕਸਾਲੀਏ, ਸਦਾ ਹੀ ਆਪਣੀ ਵੱਖਰੀ ਡਫਲੀ ਵਜਾਉਂਦੇ ਰਹੇ ਹਨ। ਉਨ੍ਹਾਂ ਅਕਾਲ ਤਖ਼ਤ ਵਾਲੀ ਪੰਥਕ ਮਰਿਆਦਾ ਕਦੀ ਵੀ ਸਵੀਕਾਰ ਨਹੀਂ ਕੀਤੀ। ਉਹ ਗੁਰਦਵਾਰੇ ਵਿਚ ਹਵਨ ਕਰਾਉਣ, ਦਸਮ ਗ੍ਰੰਥ ਵਰਗੀ ਅਸ਼ਲੀਲ ਕ੍ਰਿਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਰੱਖਣ, ਦਸਮ ਗ੍ਰੰਥ ਦੇ ਅਖੰਡ ਪਾਠ ਕਰਨ 'ਤੇ "ਬਾਬਾ ਜਰਨੈਲ ਸਿੰਘ ਜੀਵਤ ਹੈ" ਦਾ ਇੱਕੀ ਸਾਲ ਤਕ ਕੁਫਰ ਤੋਲਦੇ ਰਹਿਣ, ਸੱਭ ਕੁੱਝ "ਗੁਰਮਤ ਅਨੁਸਾਰੀ" ਹੈ। ਇਸ ਲਈ ਉਸ ਭਾਈ ਹਰਨਾਮ ਸਿੰਘ ਦੀ ਕਿਸੇ ਬਿਆਨਬਾਜ਼ੀ ਦਾ ਨੋਟਿਸ ਲੈਣ ਦੀ ਜ਼ਰੂਰਤ ਨਹੀਂ ਹੈ ਪਰ ਇਨ੍ਹਾਂ ਵਿਚੋਂ ਸ੍ਰੀ ਮਨਜੀਤ ਸਿੰਘ ਕਲਕੱਤਾ

ਤੇ ਸ੍ਰੀ ਪਰਮਜੀਤ ਸਿੰਘ ਸਰਨਾ ਦੇ ਬਿਆਨਾਂ ਨੂੰ ਗੰਭੀਰਤਾ ਨਾਲ ਵਾਚਣਾ ਬਣਦਾ ਹੈ। ਕਲਕੱਤਾ ਜੀ ਲੰਮੇ ਸਮੇਂ ਤੋਂ ਬਹੁਤ ਮਹੱਤਵਪੂਰਨ ਧਾਰਮਿਕ ਅਤੇ ਰਾਜਨੀਤਕ ਅਹੁਦਿਆਂ 'ਤੇ ਰਹੇ ਹਨ। ਇਸੇ ਤਰ੍ਹਾਂ ਸ੍ਰੀ ਸਰਨਾ ਜੀ ਭੀ "ਵੱਡੇ ਕੱਦ ਕਾਠ" ਵਾਲੇ ਗੁਰਸਿੱਖ ਹਨ। ਦੋਵਾਂ ਦੀ ਉਮਰ ਭੀ "ਬਜ਼ੁਰਗੀ" ਵਿਚ ਸੁਮਾਰ ਕੀਤੀ ਜਾ ਸਕਦੀ ਹੈ ਪਰ ਜੋ ਬਿਆਨ, 24 ਅਗਸਤ 05 ਦੇ ਅਜੀਤ ਅਖ਼ਬਾਰ ਵਿਚ ਛਪਿਆ ਹੈ, ਜੇ ਸਚਮੁੱਚ ਹੀ ਉਨ੍ਹਾਂ ਦਾ ਆਪਣਾ ਬਿਆਨ ਹੈ, ਤਾਂ ਉਨ੍ਹਾਂ ਨੇ ਆਪਣੇ ਮਾਨਸਿਕ ਦਿਵਾਲੀਏਪਣ ਦਾ ਪ੍ਰਗਟਾ ਕੀਤਾ ਹੈ। ਗੁਰਬਾਣੀ ਤੋਂ ਕੋਰੇ ਹੋਣ ਦਾ ਹੀ ਢੰਡੋਰਾ ਪਿੱਟ ਲਿਆ ਹੈ। ਬਾਕੀਆਂ ਵਾਂਗ ਇਹ ਦੋਵੇਂ ਭੀ "ਪੁਰਸ਼ ਪ੍ਰਧਾਨ ਸਮਾਜ" ਦੀ ਵਕਾਲਤ ਕਰਨ ਵਾਲੇ ਕਬੀਲਾ ਜੁੱਗ ਵਾਲੀ ਬੋਣੀ ਸੋਚ ਵਾਲੇ ਹੋ ਨਿੱਬੜੇ ਹਨ। ਕਲਕੱਤਾ ਜੀ ਫੁਰਮਾ ਰਹੇ ਹਨ : "ਪੰਜ ਪਿਆਰਿਆਂ ਦਾ ਸੰਕਲਪ ਪੁਰਸ਼ ਸੰਕਲਪ ਹੈ, ਪੁਰਸ਼ ਨਾਲ ਹੀ ਨਹੀਂ ਸਗੋਂ "ਪੂਰਨ ਪੁਰਸ਼" ਨਾਲ ਸਬੰਧਤ ਹੈ। ਅਫ਼ਸੋਸ! ਪਹਿਲੀ ਗੱਲ ਤਾਂ ਇਹ ਹੈ ਕਿ ਸਤਿਗੁਰੂ ਜੀ ਨੇ ਗੁਰਬਾਣੀ ਵਿਚ, ਜਾਂ ਰਹਿਤ ਨਾਮਿਆਂ ਵਿਚ, ਕਿਤੇ ਭੀ ਨਹੀਂ ਲਿਖਿਆ ਹੋਇਆ ਕਿ ਪੰਜ ਪਿਆਰੇ ਕੇਵਲ ਪੁਰਸ਼ ਹੀ ਹੋ ਸਕਦੇ ਹਨ। ਦੂਜੀ ਗੱਲ ਪੂਰਨ ਪੁਰਸ਼ ਦੀ ਹੈ, ਕਲਕੱਤਾ ਜੀ! ਗੁਰਬਾਣੀ ਮੁਤਾਬਕ ਪੂਰਨ ਪੁਰਖ ਜਾਂ ਤੇ ਅਕਾਲ ਪੁਰਖ ਖ਼ੁਦ ਹੈ, ਜਾਂ ਉਸ ਵਲੋਂ ਵਰੋਸਾਏ ਸਤਿਗੁਰੂ ਸਾਹਿਬਾਨ ਹਨ। ਮਨੁੱਖ ਭਾਵੇਂ ਪੰਜ ਪਿਆਰਿਆਂ ਦੇ ਰੰਗ ਬਿਰੰਗੇ ਚੋਲੇ, ਤੇ ਗਾਤਰੇ ਤਿੰਨ ਫੁੱਟੀਆਂ ਕਿਰਪਾਨਾਂ ਲਮਕਾ ਲੈਣ, ਉਹ "ਪੂਰਨ ਪੁਰਖ" ਨਹੀਂ ਬਣ ਜਾਂਦੇ। ਕੀ ਕਲਕੱਤਾ ਜੀ ਖ਼ੁਦ ਪੂਰਨ ਪੁਰਖ ਬਣ ਗਏ ਹਨ? ਜਾਂ ਫਿਰ ਦੱਸ ਪਾਉ ਕਿਥੇ ਰਹਿੰਦੇ ਹਨ ਪੂਰਨ ਪੁਰਖ? ਗੁਰ ਫੁਰਮਾਨ ਹੈ, ਪੜ੍ਹੋ :

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥
ਗੁਰਮਤਿ ਮਨ ਸਮਝਾਇਆ ਲਾਗਾ ਤਿਸੈ ਪਿਆਰੁ ॥"

(61)

ਪੰਜਾਹ ਸਾਲ ਤਕ ਧਰਮ ਨਾਲ ਸਬੰਧਤ ਰਹਿ ਕੇ ਭੀ ਵੀਰ ਕਲਕੱਤਾ ਜੀ ਨੇ "ਸਿੱਖ ਰਹਿਤ ਮਰਿਆਦਾ" ਪੜ੍ਹੀ ਨਹੀਂ ਲਗਦੀ। ਸੰਨ 1945 ਵਿਚ ਤਿਆਰ ਹੋ ਕੇ ਲਾਗੂ ਹੋਈ, ਸ਼੍ਰੋਮਣੀ ਕਮੇਟੀ ਵਲੋਂ ਛਪਾਈ "ਮਰਿਆਦਾ" ਦੇ ਪੰਨਾ 27 (ਅੰਮ੍ਰਿਤ ਸੰਸਕਾਰ) ਸਿਰਲੇਖ ਦੇ ਅ: ਖੰਡ ਵਿਚ ਸਪੱਸ਼ਟ ਲਿਖਿਆ ਹੋਇਆ ਹੈ ਕਿ ਅੰਮ੍ਰਿਤ ਛਕਾਉਣ ਲਈ ਪੰਜ ਪਿਆਰਿਆਂ ਵਿਚ ਸਿੰਘਣੀਆਂ ਭੀ ਸ਼ਾਮਲ ਹੋ ਸਕਦੀਆਂ ਹਨ। ਤੁਸੀਂ ਹੀ ਮੁਖੀ ਲੋਕ, ਪੰਥਕ ਮਰਿਆਦਾ ਅਤੇ ਅਕਾਲ ਤਖ਼ਤ ਦਾ ਅਪਮਾਨ

ਕਰ ਕਰਹੇ ਹੋ। ਅੱਗੇ ਕਲਕੱਤਾ ਜੀ ਫੁਰਮਾਨ ਕਰਦੇ ਹਨ : ਫਿਰ ਤਾਂ ਬੀਬੀ ਜਗੀਰ ਕੌਰ ਕੱਲ ਨੂੰ ਕੰਘੇ ਦੀ ਥਾਂਵੇਂ ਕੰਘੀ ਤੇ ਕੜੇ ਦੀ ਥਾਂਵੇਂ ਚੂੜੀਆਂ ਪਾਉਣ ਦਾ ਐਲਾਨ ਕਰ ਦੇਵੇਗੀ। ਗੁਰਸਿੱਖ ਜੀਓ! ਹੋਸ਼ ਤੋਂ ਕੰਮ ਲਓ! ਜੋ ਹਾਲ ਅੱਜ ਸਿੱਖੀ ਦਾ ਹੋ ਚੁਕਿਆ ਹੈ, ਲੋਕੀਂ ਸਿੱਖੀ ਤੋਂ ਕੋਰੇ, ਚੂੜੀਆਂ, ਮੁੰਦਰਾਂ, ਗਲਾਂ ਵਿਚ ਚਿੰਨ ਰੂਪੀ ਖੰਡੇ ਪਾਈ ਫਿਰਦੇ ਹਨ ਇਹ ਬੀਬੀ ਨੇ ਪੁਆਏ ਹਨ? ਸਗੋਂ ਟੌਹੜਾ ਜੀ ਅਤੇ ਕਲਕੱਤਾ ਜੀ ਨੇ ਪੁਆਏ ਹਨ। ਅੱਸੀ ਪ੍ਰਤੀਸ਼ਤ ਸਿੱਖ ਪਤਿਤ ਹੋ ਗਏ ਹਨ। ਕੌਣ ਜ਼ਿੰਮੇਵਾਰ ਹੈ? ਤੁਸੀਂ ਲੋਕ।

ਅੱਗੇ ਕਲਕੱਤਾ ਜੀ ਇਰਸ਼ਾਦ ਫੁਰਮਾ ਰਹੇ ਹਨ : "ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਜਥੇਦਾਰਾਂ ਜਥੇਬੰਦੀਆਂ ਸੰਪਰਦਾਵਾਂ ਤੇ ਸੰਤਾਂ ਮਹਾਂਪੁਰਖਾਂ ਨੂੰ ਵਿਸ਼ਵਾਸ ਵਿਚ ਲਿਆ ਜਾਣਾ ਚਾਹੀਦਾ ਹੈ।"........। ਕਿਹੜੇ ਜਥੇਦਾਰਾਂ ਨੂੰ? ਜੋ ਸਿੱਖਾਂ ਨੂੰ ਲਵ ਕੁਸ਼ ਦੀ ਅਉਲਾਦ ਗਰਦਾਨਦੇ ਹਨ? ਉਨ੍ਹਾਂ ਡੇਰੇਦਾਰਾਂ ਨੂੰ ਜਿਨ੍ਹਾਂ ਕਦੇ ਸਿੱਖ ਰਹਿਤ ਮਰਿਆਦਾ ਨੂੰ ਮੰਨਿਆ ਹੀ ਨਹੀਂ? ਜੋ ਅਸੂਲ ਪਹਿਲਾਂ ਹੀ ਰਹਿਤ ਮਰਿਆਦਾ ਵਿਚ ਪ੍ਰਵਾਨ ਕੀਤਾ ਹੋਇਆ ਹੈ, ਉਸ ਨੂੰ ਲਾਗੂ ਨਾ ਕਰਨਾ ਹੀ ਵੱਡੀ ਕੋਤਾਹੀ ਹੈ। ਦੁਨੀਆਂ ਦੇ ਲੋਕ ਔਰਤਾਂ ਨੂੰ ਮਰਦਾਂ ਨਾਲੋਂ ਵੱਧ ਅਧਿਕਾਰ ਦੇ ਰਹੇ ਹਨ। ਯਾਦ ਰਹੇ ਯੋਰਪੀਨ ਦੇਸ਼ਾਂ ਵਿਚ ਔਰਤਾਂ ਨੂੰ ਪੁਰਸ਼ਾਂ ਨਾਲੋਂ ਵੱਧ ਅਧਿਕਾਰ ਹਨ। ਕਿਉਂਕਿ ਔਰਤ ਦੀ ਸਰੀਰਕ ਕਮਜ਼ੋਰੀ ਦਾ ਨਾਜਾਇਜ਼ ਫ਼ਾਇਦਾ ਮਨੁੱਖ ਨੇ ਹਮੇਸ਼ਾ ਉਠਾਇਆ ਹੈ। ਇਧਰ ਗੁਰਬਾਣੀ ਪੁਕਾਰ ਪੁਕਾਰ ਦੇ ਔਰਤ ਮਰਦ ਨੂੰ ਬਰਾਬਰ ਸਿੱਧ ਕਰ ਰਹੀ ਹੈ, ਤਾਂ ਭੀ ਸਾਡੇ ਆਗੂ "ਮੈਂ ਨਾ ਮਾਨੂੰ" ਦੀ ਰੱਟ ਲਾਈ ਜਾ ਰਹੇ ਹਨ। ਸਰਨਾ ਜੀ ਨੂੰ ਵੀ ਸੋਚ ਸਮਝ ਕੇ, ਆਪਣੀ ਸ਼ਖ਼ਸੀਅਤ ਮੁਤਾਬਕ ਗੁਰਬਾਣੀ, ਸਮਾਜਕ ਹਾਲਤ ਅਤੇ ਸਿੱਖ ਰਹਿਤ ਮਰਿਆਦਾ ਨੂੰ ਸਾਹਮਣੇ ਰੱਖਣਾ ਚਾਹੀਦਾ ਸੀ। ਗੁਰਬਾਣੀ ਵਿਚ ਔਰਤ ਦੇ ਸਤਿਕਾਰ ਬਾਰੇ ਪੜ੍ਹੋ :

ਨਾਰੀ ਪੁਰਖੁ, ਪੁਰਖੁ ਸਭ ਨਾਰੀ, ਸਭ ਏਕੋ ਪੁਰਖ ਮੁਰਾਰੇ॥ (983)
ਕਉਨ ਕੋ ਪੁਰਖੁ ਕਉਨ ਕੀ ਨਾਰੀ॥ ਇਆ ਤਤੁ ਲੇਹੁ ਸਰੀਰ ਬੀਚਾਰੀ॥ (331)
ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ, ਬੂਝਹੁ ਬ੍ਰਹਮ ਗਿਆਨੀ॥ (879)
ਗੁਰਮੁਖਿ ਕਾਮਣਿ ਬਣਿਆ ਸੀਗਾਰ॥ ਸੋਭਾਵੰਤੀ ਕਹੀਐ ਨਾਰਿ॥ (1277)
ਮਾਂ ਕੀ ਰਕਤ ਪਿਤਾ ਬਿੰਦੁ ਧਾਰਾ॥ ਮੂਰਤਿ ਸੂਰਤਿ ਕਰਿ ਆਪਾਰਾ॥ (1022)
ਧੰਨ ਜਨਨੀ ਜਿਨ ਜਾਇਆ, ਧੰਨ ਪਿਤਾ ਪਰਧਾਨ॥ (32)

ਸੇ ਧਨਵੰਤ ਦਿਸਹਿ ਘਰਿ ਜਾਇ॥ ਨਾਨਕ ਜਨਨੀ ਧੰਨੀ ਮਾਇ॥
(1254)

ਗੁਰਦੇਵ ਮਾਤਾ, ਗੁਰਦੇਵ ਪਿਤਾ, ਗੁਰਦੇਵ ਸੁਆਮੀ ਪਰਮੇਸੁਰਾ॥
(250)

ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ॥
ਗੁਰਮੁਖਿ ਸੁਖਫਲ ਨਿਹਚਉ ਨਾਰੀ॥ (ਭਾਈ ਗੁਰਦਾਸ ਜੀ)

ਆਦਿ ਗੁਰੂ ਨਾਨਕ ਸਾਹਿਬ ਆਸਾ ਕੀ ਵਾਰ 'ਚ ਰੋਜ਼ਾਨਾ ਤਾੜਨਾ ਕਰਦੇ ਹਨ, ਪੜ੍ਹੋ :

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਜਿਤ ਮੁਖਿ ਸਦਾ ਸਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥

ਸਤਿਗੁਰੂ ਜੀ ਤਾਂ ਨੀਵੀਆਂ ਜਾਤਾਂ ਨੂੰ ਭੀ ਸਤਿਕਾਰ ਦਿੰਦੇ ਹਨ, ਆਹ ਸਾਡੇ ਵੱਡੇ ਲੀਡਰ,"ਆਪਣੀ ਮਾਂ, ਭੈਣ, ਪਤਨੀ ਤੇ ਬੇਟੀ ਨੂੰ ਭੀ, ਨਫ਼ਰਤ ਕਰ ਰਹੇ ਹਨ। ਧਿਰਕਾਰ ਹੈ ਅਜਿਹੀ ਅਕਲ 'ਤੇ ਸਤਿਗੁਰੂ ਇਸੇ ਸਲੋਕ (473) ਦੀ ਪਉੜੀ ਵਿਚ ਸਪੱਸ਼ਟ ਹੁਕਮ ਕਰ ਰਹੇ ਹਨ, ਪੜ੍ਹੋ :

ਮੰਦਾ ਕਿਸੈ ਨਾ ਆਖੀਐ ਪੜਿ ਅਖਰੁ ਏਹੋ ਬੁਝੀਐ॥
ਮੂਰਖੈ ਨਾਲਿ ਨ ਲੁਝੀਐ॥ (473)

ਸਤਿਗੁਰੂ ਇਨ੍ਹਾਂ ਲੋਕਾਂ ਨੂੰ ਸੁਮੱਤ ਦੇਵੇ ਤਾਂ ਕਿ ਇਨ੍ਹਾਂ ਨੂੰ ਮਾਤਾ ਤ੍ਰਿਪਤਾ, ਮਾਤਾ ਸੁਲੱਖਣੀ, ਬੇਬੇ ਨਾਨਕੀ, ਬੀਬੀ ਭਾਨੀ, ਮਾਤਾ ਸੁੰਦਰੀ, ਮਾਤਾ ਗੁਜਰੀ ਅਤੇ ਹੋਰ ਅਨੇਕ ਮਾਤਾਵਾਂ ਦਾ ਸਤਿਕਾਰ ਕਰਨਾ ਆ ਜਾਵੇ। ਕਬੀਲਾ ਜੁੱਗ ਦੀ ਜੰਗਾਲੀ ਸੋਚ ਅਜੇ ਭੀ ਮਨਾਂ 'ਤੇ ਭਾਰੂ ਲਗਦੀ ਹੈ। ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦਾ ਜੋ ਬਿਆਨ ਇਸ ਬਾਰੇ ਅਖ਼ਬਾਰਾਂ ਵਿਚ ਛਪਿਆ ਹੈ, ਉਸ ਨੇ ਤਾਂ ਆਪਣੀ ਅਕਲ ਦਾ ਦਿਵਾਲਾ ਹੀ ਕੱਢ ਲਿਆ ਹੈ। "ਅਖੇ, ਜਗੀਰ ਕੌਰ ਦਾ ਪਹਿਰਾਵਾ ਵੇਖੋ, ਜਿਵੇਂ ਖੱਫਣ ਵਿਚ ਮੁਰਦਾ ਵਲੇਟਿਆ ਹੋਵੇ। ਨਾਲੇ ਇਹ ਸਿਰ 'ਤੇ ਕੇਸਕੀ ਨਹੀਂ ਬੰਨਦੀ। ਅਖੇ ਕਲ ਨੂੰ ਆਖੇਗੀ ਬੀਬੀਆਂ ਨੂੰ ਤਖ਼ਤ ਦੀਆਂ ਜਥੇਦਾਰ ਬਣਾਉ"........! ਵਾਹ! ਜਥੇਦਾਰ ਜੀ! ਅਸਲ ਵਿਚ ਇਹ ਵਾਕ ਤੁਹਾਡੇ 'ਤੇ ਢੁੱਕਦਾ ਹੈ, "ਮੁਰਦਾ ਬੋਲੇ ਤੇ ਖੱਫਣ ਪਾੜੇ।" ਤੁਹਾਨੂੰ ਤਾਂ ਡਾਂਗ ਸੋਟਾ ਵਰਤਣਾ ਆਉਂਦਾ ਹੈ। ਗਿਆਨ ਤੁਹਾਡੇ ਲਾਗਿਉਂ ਦੀ ਭੀ ਨਹੀਂ ਲੰਘਿਆ ਲਗਦਾ। ਜਿਸ

ਕੌਮ ਪਾਸ ਤੁਹਾਡੇ ਵਰਗੇ ਜਥੇਦਾਰ ਹੋਣ ਉਸ ਦਾ ਬੇੜਾ ਡੁਬਿਆ ਹੀ ਸਮਝੋ।

***

# ਡਾ. ਗੁਰਸ਼ਰਨਜੀਤ ਸਿੰਘ ਨੂੰ ਸਲਾਹ

ਪਿਆਰੇ ਵੀਰ ਗੁਰਸ਼ਰਨਜੀਤ ਸਿੰਘ ਜੀ,

ਵਾਹਿਗੁਰੂ ਜੀ ਕੀ ਫ਼ਤਿਹ, ਪ੍ਰਵਾਨ ਕਰਨੀ। ਤੁਹਾਡੀ ਲਿਖੀ ਪੁਸਤਕ (ਜੋ ਸੁਝਾਉ ਲਿਖ ਕੇ ਭੇਜਣ ਦੀ ਇੱਛਾ ਨਾਲ ਦਿਤੀ ਗਈ ਸੀ) "ਗੁਰਮਤਿ ਨਿਰਣੈ ਕੋਸ਼" ਪੂਰੇ ਧਿਆਨ ਨਾਲ ਪੜ੍ਹੀ। ਗਿਆਨ ਵਿਚ ਚੰਗਾ ਵਾਧਾ ਕਰਨ ਵਾਲੀ, ਮਿਹਨਤ ਨਾਲ ਲਿਖੀ ਗਈ ਹੈ। ਸਿੱਖ ਪੰਥ ਦੇ ਅਸੂਲਾਂ ਬਾਰੇ ਜਾਨਣ ਵਾਲੇ ਵਿਅਕਤੀਆਂ ਲਈ ਲਾਹੇਵੰਦ ਦਸਤਾਵੇਜ ਹੈ। ਤੁਹਾਡੀ ਵਿਦਿਅਕ ਯੋਗਤਾ ਅਤੇ ਜੀਵਨ ਤਜਰਬਾ ਵਡੇਰਾ ਹੋਣ ਕਰ ਕੇ, ਮੈਨੂੰ ਇਸ ਪੁਸਤਕ ਵਿਚੋਂ ਹੋਰ ਨਿੱਗਰ ਗਿਆਨ ਅਤੇ ਸਿੱਖ ਸਿਧਾਂਤਾਂ ਦੀ (ਗੁਰਬਾਣੀ ਦੇ ਚਾਨਣ ਵਿਚ) ਹੋਰ ਸਪੱਸ਼ਟਤਾ ਦੀ ਉਮੀਦ ਸੀ। ਲਿਖਤ ਵਿਚੋਂ ਪ੍ਰਤੀਤ ਹੋ ਰਿਹਾ ਹੈ ਕਿ ਤੁਸੀਂ ਗੁਰਬਾਣੀ ਦਾ ਅਧਿਐਨ ਘੱਟ ਕੀਤਾ ਹੈ। ਰਹਿ ਗਈਆਂ ਕਮੀਆਂ ਨੂੰ ਅਗਲੀ ਐਡੀਸ਼ਨ ਵਿਚ ਸੋਧਿਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਕਿਤਾਬ ਹੋਰ ਲਾਹੇਵੰਦੀ ਹੋ ਜਾਵੇਗੀ। ਅੰਤਮ ਫ਼ੈਸਲਾ ਤੁਹਾਡੇ ਹੱਥ ਹੈ। ਜੋ ਕਮੀਆਂ ਪ੍ਰਤੀਤ ਹੋਈਆਂ, ਪੰਨਾ ਵਾਰ ਲਿਖ ਕੇ ਭੇਜ ਰਿਹਾ ਹਾਂ। ਸਹਿਮਤ ਹੋ ਜਾਉ ਤਾਂ ਸੋਧ ਕਰ ਲੈਣੀ। ਵਿਚਾਰਾਂ ਵਿਚ ਕੁੱਝ ਕੁ ਵਖਰੇਵੇਂ ਹੋਣ ਦੇ ਬਾਵਜੂਦ ਭੀ, ਸਾਡੇ ਪਿਆਰ ਵਿਚ ਕੋਈ ਫ਼ਰਕ ਨਹੀਂ ਪਵੇਗਾ। ਆਸ ਕਰਦਾ ਹਾਂ ਅੱਗੇ ਨੂੰ ਭੀ ਖੋਜ ਕਾਰਜ ਜਾਰੀ ਰਖੋਗੇ।

ਪੰਨਾ ਨੰ. 2 : ਅਵਤਾਰਵਾਦ ਨੂੰ ਗੁਰਮਤਿ ਵਿਚ ਪ੍ਰਵਾਨਗੀ ਨਹੀਂ ਹੈ। ਤੁਸੀਂ ਇਸ ਘੁੰਡੀ ਨੂੰ ਸਪੱਸ਼ਟ ਨਹੀਂ ਕਰ ਸਕੇ। ਮਿਸਾਲ ਲਈ :

ਰੋਵੈ ਰਾਮ ਨਿਕਾਲਾ ਭਇਆ॥ ਸੀਤਾ ਲਖਮਣ ਵਿਛੁੜਿ ਗਇਆ॥ (953)

ਪਾਡੇ ਤੁਮਰਾ ਰਾਮ ਚੰਦ ਸੋ ਭੀ ਆਵਤ ਦੇਖਿਆ ਥਾ॥
(874)

ਰੋਗੀ ਬ੍ਰਹਮਾ ਬਿਸਨੁ ਸਿ ਰੁਦ੍ਰਾ ਰੋਗੀ ਸਗਲ ਸੰਸਾਰਾ॥

(1153)

ਪੰਨਾ ਨੰ. 12 : ਨਾਮ ਦੀ ਕਮਾਈ ਜਾਂ ਸ਼ਬਦ ਦਾ ਅਭਿਆਸ ਕੀ ਹੈ ? ਸਪੱਸ਼ਟ ਕਰੋ। ਮੈਂ "ਨਾਮ" ਨੂੰ ਗੁਰਮਤਿ ਅਨੁਸਾਰੀ ਜੀਵਨ ਸਮਝਦਾ ਹਾਂ।

ਪੰਨਾ ਨੰ. 13 : ਤੁਸੀਂ ਅਨੰਦ ਮੈਰਿਜ ਐਕਟ ਤੋਂ ਅਣਜਾਣ ਪ੍ਰਤੀਤ ਹੋ ਰਹੇ ਹੋ। ਭਾਰਤ ਸਰਕਾਰ ਨੇ 26 ਜਨਵਰੀ 1950 ਨੂੰ ਅਨੰਦ ਮੈਰਿਜ ਐਕਟ ਰੱਦ ਕਰ ਦਿਤਾ ਸੀ। ਇਸ ਵਕਤ ਸਿੱਖਾਂ ਤੇ ਹਿੰਦੂ ਮੈਰਿਜ ਐਕਟ, ਹਿੰਦੂ ਵਿਰਾਸਤ ਐਕਟ ਆਦਿ ਲਾਗੂ ਹਨ। ਵਿਚਾਰ ਵੇਖਣਾ।

ਪੰਨਾ ਨੰ. 13, 14. ਆਵਾਗਵਣ ਬਾਰੇ ਵਿਚਾਰ ਸਪੱਸ਼ਟ ਨਹੀਂ ਹਨ। ਜਿਸ ਸ਼ਬਦ ਦਾ ਪ੍ਰਮਾਣ ਦਿਤਾ ਹੈ, ਉਸ ਦਾ ਰਹਾਉ ਵਾਲਾ ਕੇਂਦਰੀ ਭਾਵ ਇਹ ਹੈ :

ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥ ਰਹਾਉ॥ (176)

"ਚਿਰੰਕਾਲ" ਦਾ ਭਾਵ ਜੂਨੀ ਚੱਕਰਵਾਲਾ ਆਵਾਗਣ ਨਹੀਂ ਬਣਦਾ। ਇਹ ਸਮਝਾਉਣ ਦਾ ਹੀ ਇਕ ਢੰਗ ਹੈ। ਗੁਰਬਾਣੀ ਦੀ ਹੋਰ ਖੋਜ ਕਰੋ।

ਪੰਨਾ ਨੰ. 16. ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥
(1238)

ਗੁਰੂ ਦਾ ਉਪਦੇਸ਼ ਰੂਪੀ ਗੁਰਬਾਣੀ ਹੀ ਅਸਲੀ ਅੰਮ੍ਰਿਤ ਹੈ। ਖੰਡੇ ਬਾਟੇ ਦੇ ਅੰਮ੍ਰਿਤ ਤੋਂ ਬਿਨਾਂ ਨਾਮ ਦੀ ਪ੍ਰਾਪਤੀ ਕਿਉਂ ਨਹੀਂ ਹੋ ਸਕਦੀ ? "ਖੰਡੇ ਕੀ ਪਾਹੁਲ" ਉਸ ਦਾ ਨਾਮ ਹੈ। ਇਹ ਸਿੱਖ ਫ਼ੌਜ ਦੀ ਬਰਦੀ ਅਤੇ ਡਿਸਪਲਿਨ ਹੈ। "ਪ੍ਰਥਮ ਰਹਤ ਯੇਹ ਜਾਨ ਖੰਡੇ ਕੀ ਪਾਹੁਲ ਛਕੈ।" ਪੀਵਹੁ "ਪਾਹੁਲ" ਖੰਡੇਧਾਰ ਹੋਏ ਜਨਮ ਸੁਹੇਲਾ। ਜਾਂ "ਪੰਜਾਂ ਸਿੰਘਾਂ ਪਾਸੋਂ ਪਾਹੁਲ ਪ੍ਰਾਪਤ ਕਰਨੀ", ਲਿਖਿਆ ਮਿਲਦਾ ਹੈ। ਇਸ ਪਹਿਲੂ 'ਤੇ ਹੋਰ ਖੋਜ ਕਰੋ।

ਪੰਨਾ ਨੰ. 27. ਪੰਜਾਬ ਦਾ ਇਕ ਗਵਰਨਰ, ਜਿਸ ਦੀ ਸ਼ਿਮਲੇ ਨੇੜੇ ਜਹਾਜ਼ ਹਾਦਸੇ ਵਿਚ ਮੌਤ ਹੋ ਗਈ ਸੀ। ਜਹਾਜ਼ ਵਿਚੋਂ ਕਰੋੜਾਂ ਰੁਪਏ ਬਹੁਤ ਦੂਰ ਤਕ ਖਿੱਲਰ ਗਏ ਸਨ। ਉਸ ਦੀ ਸਰਕਾਰੀ ਕੋਠੀ ਵਿਚੋਂ ਭੀ ਕਰੋੜਾਂ ਰੁਪਏ ਮਿਲੇ ਸਨ। ਉਸ ਦਾ ਨਾਮ ਲਿਖਣ ਤੋਂ ਸੰਕੋਚ ਕਿਉਂ ਕੀਤਾ ? ਜਦੋਂ ਕਿ ਇਹ ਘਟਨਾ ਵਿਸਥਾਰ ਸਹਿਤ ਅਖ਼ਬਾਰਾਂ ਵਿਚ ਛਪ ਚੁਕੀ ਹੈ ? ਕੋਈ ਮਾਨਸਿਕ ਦਬਾਉ ਹਾਵੀ ਹੋ ਗਿਆ ਸੀ ? ਉਹ ਗਵਰਨਰ "ਸੁਰਿੰਦਰ ਨਾਥ" ਸੀ ਜਿਸ ਦੀ ਮੌਤ 9 ਜੁਲਾਈ 1994 ਨੂੰ ਹੋਈ ਸੀ।

ਪੰਨਾ. 30. ਤੁਸੀਂ "ਗੁਰੂ ਪੰਥ" ਥਾਂ ਥਾਂ ਲਿਖਿਆ ਹੈ। ਆਮ ਸਿੱਖਾਂ ਦੀਆਂ ਭੀੜਾਂ ਕੀ ਗੁਰੂ ਦੀ ਬਰਾਬਰੀ ਕਰ ਸਕਦੀਆਂ ਹਨ ? ਸਾਰੇ ਸਿੱਖ ਰਲਕੇ ਭੀ ਇਕੱਲੇ ਗੁਰੂ ਨਾਨਕ ਸਾਹਿਬ ਵਰਗੇ ਨਹੀਂ ਬਣ ਸਕਦੇ। ਜੇ ਖ਼ਾਲਸਾ ਪੰਥ ਗੁਰੂ ਹੈ ਫਿਰ ਤਾਂ ਬਾਣੀ ਭੀ ਖ਼ੁਦ ਉਚਾਰਣ ਕਰ ਲਵੇਗਾ। ਬਾਣੀ ਵਿਚ ਤਬਦੀਲੀ ਭੀ ਕਰ ਸਕੇਗਾ। ਸਿੱਖਾਂ ਵਿਚ ਅਣਗਿਣਤ ਕਮਜ਼ੋਰੀਆਂ ਹਨ। ਗੁਰੂ ਅਭੁੱਲ ਹੈ, ਕਮੀਆਂ ਤੋਂ ਰਹਿਤ ਹੈ। ਵਿਚਾਰੋ !

ਪੰਨਾ. 30. ਤੁਸੀਂ ਲਿਖਿਆ ਹੈ, "ਗੁਰੂ ਜੀ ਨੇ ਪੰਜ ਸਿੱਖ ਵਿਦਿਆ ਪੜ੍ਹਨ ਲਈ ਕਾਸ਼ੀ ਭੇਜੇ।" ਕਿਹੜੀ ਵਿਦਿਆ ਪੜ੍ਹਨ ? ਜਿਸ ਵਿਦਿਆ ਤੇ ਬ੍ਰਾਹਮਣ ਨੂੰ ਗੁਰਬਾਣੀ ਰੱਦ ਕਰ ਚੁਕੀ ਹੈ ? ਗੁਰੂ ਨਾਨਕ ਸਾਹਿਬ, ਗੁਰੂ ਅਰਜਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਵਿਦਿਆ ਕਾਂਸ਼ੀ ਵਿਚੋਂ ਪੜ੍ਹੀ ਸੀ ? ਜਦੋਂ ਕਿ ਸਤਿਗੁਰੂ ਜੀ ਸੰਸਕ੍ਰਿਤ ਚੰਗੀ ਤਰ੍ਹਾਂ ਜਾਣਦੇ ਸਨ। ਪੰਜਾਬ ਵਿਚ ਹੀ (ਲੋੜ ਪੈਣ 'ਤੇ) ਸੰਸਕ੍ਰਿਤ ਪੜ੍ਹੇ ਬ੍ਰਾਹਮਣ ਬਥੇਰੇ ਮਿਲ ਸਕਦੇ ਸਨ। ਫਿਰ ਕਾਂਸ਼ੀ ਕਾਹਦੇ ਲਈ ਜਾਣਾ ਸੀ ? ਗੁਰਬਾਣੀ ਤਾਂ ਕਾਸ਼ੀ ਦੀ ਵਿਦਿਆ ਬਾਰੇ ਇਉਂ ਸੇਧ ਬਖ਼ਸ਼ਦੀ ਹੈ :

ਨਾ ਕਾਸੀ ਮਤਿ ਉਪਜੈ ਨਾ ਕਾਸੀ ਮਤਿ ਜਾਇ॥
ਸਤਿਗੁਰ ਮਿਲਿਐ ਮਤਿ ਉਪਜੈ ਤਾਂ ਇਹ ਸੋਝੀ ਪਾਇ॥
(491)

ਪੰਨਾ. 33. ਤੁਸੀਂ ਬੁੱਧ ਮਤ ਨੂੰ ਨਾਸਤਕ ਮਤ ਆਖਿਆ ਹੈ। ਜਦੋਂ ਕਿ ਅਜਿਹਾ ਨਹੀਂ ਹੈ। ਅਵਤਾਰਾਂ ਤੇ ਵੇਦਾਂ ਦਾ ਵਿਰੋਧੀ ਹੋਣ ਕਰ ਕੇ ਬਦਨਾਮ ਕੀਤਾ ਗਿਆ ਹੈ। ਕਿਉਂਕਿ ਮੰਨੂੰ ਸਿਮ੍ਰਿਤੀ ਮੁਤਾਬਕ ਵੇਦ ਨਿੰਦਾ ਕਰਨ ਵਾਲਾ ਨਾਸਤਕ ਹੈ।

"ਵੇਦ ਨਿੰਦਕੋ, ਨਾਸਤਕੋ।"

ਪੰਨਾ. 38. ਤੁਸੀਂ ਲਿਖਿਆ ਹੈ : "ਗੁਰੂ ਨਾਨਕ ਸਾਹਿਬ ਜੀ ਨੂੰ ਰੱਬ ਦੀ ਦਰਗਾਹ ਵਿਚੋਂ ਸਿਰੋਪਾ ਮਿਲਿਆ।" ਰੱਬ ਨਿਰਅਕਾਰ ਹੈ। ਰੱਬ ਕੋਲ ਕੱਪੜੇ ਕਿਥੋਂ ਆਉਂਦੇ ਹਨ ? ਸਰੀਰ ਤੋਂ ਬਿਨਾਂ ਸਿਰੋਪੇ ਕਿਵੇਂ ਦਿਤੇ ਜਾਂਦੇ ਹਨ ? ਇਥੇ ਸ਼ਬਦ ਦਾ ਭਾਵ ਅਰਥ ਲੈਣ ਪਵੇਗਾ। "ਸਚੀ ਸਿਫ਼ਤਿ ਸਾਲਾਹ ਕਪੜਾ ਪਾਇਆ॥" ਭਾਵ ਹੈ ਗੁਰੂ ਨਾਨਕ ਨੂੰ ਨਿਰੰਕਾਰ ਵਲੋਂ ਸਿਫ਼ਤ ਸਾਲਾਹ ਰੂਪੀ ਕਪੜਾ ਮਿਲਿਆ। ਕਪਾਹ ਆਦਿ ਕਪੜੇ ਦੀ ਗੱਲ ਹੀ ਨਹੀਂ ਹੈ। ਗੁਰਬਾਣੀ ਦਾ ਹੋਰ ਮੁਤਾਲਿਆ ਕਰੋ।

ਪੰਨਾ. 55. ਤੁਸੀਂ "ਗਾਤਰੇ ਵਾਲੀ ਕਿਰਪਾਨ" ਨੂੰ ਵਡਿਆਈ ਦਿਤੀ ਹੈ। ਅਸਲ ਵਿਚ ਭਾਰਤੀ ਸੰਵਿਧਾਨ ਅਤੇ ਗੁਰਦਵਾਰਾ ਐਕਟ ਵਿਚ "ਗਾਤਰੇ ਵਾਲੀ

ਕਿਰਪਾਨ” ਲਿਖ ਕੇ ਸਿੱਖਾਂ ਨੂੰ ਸ਼ਸ਼ਤਰਹੀਣ ਕੀਤਾ ਗਿਆ ਹੈ। ਕਿਉਂਕਿ ਵੱਡੀ ਕਿਰਪਾਨ ਗਾਤਰੇ ਵਿਚ ਪੈ ਨਹੀਂ ਸਕਦੀ। ਇਸ ਲਈ ਤਿੰਨ ਢਾਈ ਇੰਚ ਵਾਲੀ ਗਾਤਰੇ ਵਿਚ ਫ਼ਿਟ ਹੋ ਗਈ। ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗੁਰਮਤ ਮਾਰਤੰਡ ਪੰਨਾ 582 ਪੂਰਾ ਵਿਸਥਾਰ ਪੜ੍ਹ ਸਕਦੇ ਹੋ। ਤਿੰਨ ਫੁੱਟੀ ਕਿਰਪਾਨ ਹੀ ਗੁਰੂ ਸਾਹਿਬ ਨੇ ਅੰਗ ਸੰਗ (ਗਾਤਰੇ ਨਹੀਂ) ਰੱਖਣ ਦਾ ਹੁਕਮ ਦਿਤਾ ਸੀ।

ਪੰਨਾ. 66. ਤੁਸੀਂ “ਗਊ ਮਾਸ ਦੀ ਸਿੱਖਾਂ ਨੂੰ ਮਨਾਹੀ ਹੈ।” ਲਿਖ ਦਿਤਾ। ਜਦੋਂ ਕਿ ਹਿੰਦੂਆਂ ਦੇ ਸਾਰੇ (ਧਰਮ ?) ਗ੍ਰੰਥਾਂ ਵਿਚ ਗਊ ਮਾਸ ਖਾਣ ਦੀ ਹਮਾਇਤ ਕੀਤੀ ਗਈ ਹੈ। ਹਿੰਦੂ ਖ਼ੁਦ “ਗਊ ਮੇਧ ਜੱਗ” ਕਰਦੇ ਰਹੇ ਹਨ। ਅੱਜ ਭੀ ਸੈਂਕੜੇ ਫੈਕਟਰੀਆਂ ਵਿਚ ਲੱਖਾਂ ਗਊਆਂ ਰੋਜ਼ਾਨਾਂ ਵੱਢੀਆਂ ਜਾ ਰਹੀਆਂ ਹਨ। ਤੁਸੀਂ ਕਿਸ ਆਧਾਰ ’ਤੇ ਮਨਾਹੀ ਕਰ ਦਿਤੀ ?

ਪੰਨਾ. 79. ਤੁਸੀਂ “ਦਸਮ ਪਾਤਿਸ਼ਾਹ ਦੀ ਬਾਣੀ”, ਦਾ ਜ਼ਿਕਰ ਕੀਤਾ ਹੈ। ਕਿਹੜੀ ਬਾਣੀ ਹੈ ਗੁਰੂ ਗੋਬਿੰਦ ਸਿੰਘ ਦੀ, ਦਸਮ ਗ੍ਰੰਥ ਬਚਿੱਤਰ ਨਾਟਕ ?

ਪੰਨਾ. 81, ਤੁਸੀਂ “ਗੁਰੂ ਗ੍ਰੰਥ ਅਤੇ ਗੁਰੂ ਪੰਥ” ਦਾ ਕਈ ਬਾਰ ਜ਼ਿਕਰ ਕੀਤਾ ਹੈ (ਪੰਨਾ. 85, 86 ਅਤੇ 87) ਜਦੋਂ ਕਿ ਸਿੱਖਾਂ ਦਾ ਇਕੋ ਗੁਰੂ ਗ੍ਰੰਥ ਸਾਹਿਬ ਹੈ। ਜੇ ਪੰਥ ਨੂੰ ਗੂਰ ਥਾਪੋਗੇ ਤਾਂ ਦੋ ਗੁਰੂ ਮੰਨਣੇ ਪੈਣਗੇ। ਅਸਲ ਵਿਚ “ਗੁਰੂ ਕਾ ਪੰਥ” ਹੈ।

ਪੰਨਾ. 95, ਤੁਸੀਂ ਜਪੁ ਅਤੇ ਜਾਪ ਨੂੰ ਬਰਾਬਰ ਮੰਨਿਆ ਹੈ। ਜਦੋਂ ਕਿ ਇਸ ਵਿਚ ਕੋਈ ਉਪਦੇਸ਼ ਨਹੀਂ। ਜਾਪ ਵਿਚ ਨਾਨਕ ਛਾਪ ਨਹੀਂ। ਮਹਲ 10 ਨਹੀਂ। ਫਿਰ ਗੁਰਬਾਣੀ ਕਿਵੇਂ ਬਣ ਗਈ, ਸਪੱਸ਼ਟ ਕਰੋ।

ਪੰਨਾ. 101. ਤੁਸੀ ਤੇਤੀ ਸਵਈਏ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨੀ ਹੈ। ਨਾਨਕ ਨਾਮ, ਮਹਿਲਾ ਆਦਿ ਨਹੀਂ ਹੈ। ਸਪੱਸ਼ਟ ਕਰਨ ਦੀ ਲੋੜ ਹੈ।

ਪੰਨਾ. 108. ਤੁਸੀਂ “ਟਕਸਾਲ ਬਾਬਾ ਦੀਪ ਸਿੰਘ ਤੋਂ ਚੱਲੀ” ਲਿਖਿਆ ਹੈ। ਗਿ. ਗੁਰਬਚਨ ਸਿੰਘ ਖ਼ੁਦ ਆਪਣੀਆਂ ਲਿਖਤਾਂ ਵਿਚ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਲਿਖਦਾ ਹੈ। ਅਸਲੀਅਤ ਇਹ ਹੈ ਕਿ ਟਕਸਾਲ ਸਾਧਾਂ ਦੀ ਦੇਣ ਹੈ, ਗੁਰੂ ਦੀ ਦੇਣ ਨਹੀਂ ਹੈ। ਇਸ ਦਾ ਕਿਧਰੇ ਪੁਰਾਣੇ ਇਤਿਹਾਸ ਵਿਚ ਜਿਕਰ ਨਹੀਂ ਹੈ।

ਪੰਨਾ. 119. “ਨਾਮ ਧਾਰੀ ਸਿੱਧੀ ਪਗੜੀ ਬੰਨਦੇ ਹਨ।” ਤੁਸੀ ਇਹ ਲਿਖਿਆ ਹੈ ਪਰ ਕੀ ਬਾਕੀ ਸਾਰੇ ਸਿੱਖੀ ਪੁੱਠੀ ਪਗੜੀ ਬੰਨਦੇ ਹਨ, ਅਸਲ ਵਿਚ ਗੋਲ ਪਗੜੀ ਲਿਖਣਾ ਚਾਹੀਦਾ ਸੀ।

ਪੰਨਾ. 125. ਤੁਸੀਂ "ਅਰਦਾਸ ਵਿਚਲੀ ਭਗਉਤੀ ਨੂੰ (ਚੰਡੀ ਦੀ ਵਾਰ) ਗੁਰੂ ਕ੍ਰਿਤ ਮੰਨਿਆ ਹੈ। ਗੁਰਬਾਣੀ ਭਗਉਤੀ ਨੂੰ ਭਗਵੰਤ ਨਹੀਂ ਦਸਦੀ। ਸਗੋਂ ਭਗਉਤੀ ਵੈਸਣਵ ਸਾਧਾਂ ਦਾ ਇਕ ਫਿਰਕਾ ਹੈ। ਭਗਉਤੀ ਭਗਵਤੀ ਦੇਵੀ ਦਾ ਲਖਾਇਕ ਹੈ। ਸ਼ਾਇਦ ਪੁਜਾਰੀਆਂ ਦੀ ਕਰੋਪੀ ਤੋਂ ਡਰ ਗਏ।

ਪੰਨਾ. 125. ਤੁਸੀਂ "ਭਾਈ ਬੂਟਾ ਸਿੰਘ ਨੇ ਨਿਰੰਕਾਰੀ ਮੰਡਲ ਦਿੱਲੀ ਵਿਚ ਸ਼ੁਰੂ ਕੀਤਾ ਸੀ", ਲਿਖਿਆ ਹੈ। ਅਸਲ ਵਿਚ ਭਾਈ ਬੂਟਾ ਸਿੰਘ ਨੇ ਨਿਰੰਕਾਰੀ ਮਿਸ਼ਨ ਰਾਵਲ ਪਿੰਡੀ (ਪਾਕਿਸਤਾਨ) ਵਿਚ ਸ਼ੁਰੂ ਕੀਤਾ ਸੀ।

ਪੰਨਾ. 127. ਇਸ ਪੰਨੇ 'ਤੇ ਤੁਸੀਂ ਗ਼ਲਤ ਪ੍ਰੰਪਰਾਵਾਂ ਦੀ ਖ਼ੂਬ ਨਿਖੇਧੀ ਕੀਤੀ ਹੈ ਪਰ ਤੁਸੀਂ ਖ਼ੁਦ ਪੰਨਾ 36 'ਤੇ ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਪ੍ਰੰਪਰਾਵਾ ਤੋੜਨ ਦਾ ਦੋਸ਼ੀ ਗਰਦਾਨਿਆ ਹੈ। ਦੋਹਰੇ ਮਾਪ ਦੰਡ ਕਿਉਂ ?

ਪੰਨਾ. 131. ਪਿਛੇ ਪੰਨਾ ਤੇਤੀ 'ਤੇ ਤੁਸੀ ਬੁੱਧ ਨੂੰ ਨਾਸਤਕ ਆਖਿਆ ਹੈ। ਇਸ ਪੰਨੇ 'ਤੇ "ਬੁੱਧ ਨੂੰ ਰੱਬ ਦੀ ਸੋਝੀ ਹੋਈ" ਲਿਖ ਦਿਤਾ। ਵਿਰੋਧ ਕਿਉਂ ?

ਪੰਨਾ. 134. ਪੰਥ ਗੁਰੂ ਕਿਥੇ ਹੈ ? ਹਜ਼ਾਰਾਂ ਜਥੇਬੰਦੀਆਂ ਵਿਚ ਵੰਡਿਆ। ਸ਼ਰਾਬੀ ਰਿਸ਼ਵਤ ਖ਼ੋਰ, ਅਗਿਆਨੀ, ਗੋਲਕ ਚੋਰ ਆਦਿ ਦੀਆਂ ਬੁਰਾਈਆਂ ਵਿਚ ਜਕੜਿਆ ਮੂਰਖਾਂ ਦਾ ਸਮੂਹ "ਗੁਰੂ ਪੰਥ" ਹੋ ਸਕਦਾ ਹੈ ? ਤੁਸੀਂ ਸਿਧਾਂਤਹੀਣ ਲੋਕਾਂ ਦੇ ਸਮੂਹ ਨੂੰ "ਗੁਰੂ ਪੰਥ" ਲਿਖਿਆ ਹੈ ਜੋ ਕਿ ਮੁੱਢੋਂ ਹੀ ਗ਼ਲਤ ਹੈ।

ਪੰਨਾ. 135. ਤੁਸੀਂ ਲਿਖਿਆ ਹੈ, "ਇਸਤਰੀ ਪੁਰਸ਼ ਇਕ ਦੂਜੇ ਦੇ ਵਿਰੋਧੀ ਹਨ।" ਗ਼ਲਤ ! ਸਗੋਂ ਇਕ ਦੂਜੇ ਦੇ ਪੂਰਕ ਹਨ।

ਪੰਨਾ. 141. ਤੁਸੀਂ ਲਿਖਿਆ, "ਭਗਤਾਂ ਦੀ ਬਾਣੀ ਅਤੇ ਗੁਰਬਾਣੀ ਵਿਚ ਬਹੁਤ ਥਾਈ ਮਤਭੇਦ ਹਨ।" ਕੀ ਗੁਰੂ ਸਾਹਿਬ ਨੇ ਆਪਣੇ ਵਿਰੋਧੀਆਂ ਨੂੰ ਬਰਾਬਰ ਬਿਠਾ ਲਿਆ ? ਫਿਰ ਤਾਂ ਭਗਤਾਂ ਨਾਲੋਂ ਸਾਂਝ ਖ਼ਤਮ ਹੋ ਗਈ ?

ਪੰਨਾ.141. ਤੁਸੀਂ "ਪੰਜ ਪਿਆਰੇ ਭਗਤਾਂ ਦੇ ਅਵਤਾਰ ਸਨ", ਮੰਨਿਆ ਹੈ। ਇਕ ਯੂਨੀਵਰਸਿਟੀ ਵਿਚ ਪੜ੍ਹੇ ਤੇ ਪੜ੍ਹਾ ਰਹੇ ਵਿਦਵਾਨ ਤੋਂ ਇਹ ਆਸ ਨਹੀਂ ਸੀ। ਇਹ ਬ੍ਰਾਹਮਣਵਾਦੀ ਸੋਚ ਵਾਲੇ ਸਾਧਾਂ (ਟਕਸਾਲਾਂ) ਵਲੋਂ ਪ੍ਰਚਾਰਿਆ ਝੂਠ ਹੈ। ਤੁਸੀਂ ਇਸ ਕੁਫਰ ਨੂੰ ਸੱਚ ਮੰਨ ਲਿਆ ?

ਪੰਨਾ. 141, 142. ਤੁਸੀਂ, "ਬਾਣੀ ਰਚੇਤਾ ਭਗਤਾਂ ਦੇ ਪੂਰਬ ਮਨਾਉਣ ਬਾਰੇ ਆਵਾਜ਼ਾਂ ਉਚੀਆਂ ਹੋ ਰਹੀਆਂ ਹਨ। ਭਗਤਾਂ ਬਾਰੇ ਇਸ ਤਰ੍ਹਾਂ ਪਰਚਾਰਨਾ ਗ਼ਲਤ ਹੈ, ਇਸ ਦੇ ਪਿੱਛੇ ਕੋਈ ਸਾਜ਼ਿਸ਼ ਹੈ।" ਇਥੇ ਆ ਕੇ ਵੀਰ ਜੀ ਪੂਰੀ ਤਰ੍ਹਾਂ ਭਟਕ ਗਏ

ਹਨ। ਭਗਤਾਂ ਦੇ ਜਨਮ ਦਿਨ (ਪੁਰਬ) ਮਨਾਉਣੇ ਕਿਉਂ ਬੁਰੇ ਹਨ ? ਕਿਹੜੀ ਸਾਜ਼ਿਸ਼ ਹੈ, ਇਸ ਦੇ ਪਿਛੇ, ਸਪੱਸ਼ਟ ਕਰੋਗੇ ? ਸਗੋਂ ਭਗਤਾਂ ਨੂੰ ਪੂਰਾ ਮਾਣ ਨਾ ਦਿਤਾ ਜਾਣ ਕਰ ਕੇ ਬਹੁਜਨ ਸਮਾਜ ਸਿੱਖਾਂ ਤੋਂ ਦੂਰ ਚਲਾ ਗਿਆ ਹੈ।

ਪੰਨਾ. 144, ਤੁਸੀਂ, "ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਦਾ ਵਰਦਾਨ, ਗੁਰੂ ਅਰਜਨ ਸਾਹਿਬ ਨੇ ਦਿਤਾ।" ਤੁਹਾਡੀ ਇਹ ਧਾਰਨਾ ਗ਼ਲਤ ਹੈ। ਭਾਈ ਗੁਰਦਾਸ ਜੀ ਨੇ "ਪੋਥੀ" ਦੀ ਸੰਪਾਦਨਾਂ ਤੋਂ ਵੇਹਲੇ ਹੋ ਕੇ, ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਮਗਰੋਂ, ਜਦੋਂ ਛੇਵੇਂ ਗੁਰੂ ਗੱਦੀ 'ਤੇ ਬਿਰਾਜਮਾਨ ਸਨ ਤਦੋਂ ਵਾਰਾਂ 'ਤੇ ਕਬਿੱਤ ਲਿਖੇ ਸਨ। ਸਬੂਤ ਵਾਸਤੇ ਉਨ੍ਹਾਂ ਦੀ ਪਹਿਲੀ ਵਾਰ ਦੀ ਅਠਤਾਲੀ ਨੰਬਰ ਪਉੜੀ ਵਿਚ ਛੇਵੇਂ ਗੁਰੂ ਦਾ ਹਵਾਲਾ ਪੜ੍ਹ ਸਕਦੇ ਹੋ। "ਅਰਜਨ ਕਾਇਆ ਪਲਟ ਕੈ, ਮੂਰਤ ਹਰਿ ਗੋਬਿੰਦ ਸਵਾਰੀ।"

ਪੰਨਾ. 144. ਤੁਸੀਂ, "ਭਾਈ ਗੁਰਦਾਸ ਜੀ ਦੇ 569 ਕਬਿੱਤ ਹਨ", ਮੰਨਿਆ ਹੈ। ਜਦੋਂ ਕਿ ਅਜਿਹਾ ਕਹਿਣਾ ਗ਼ਲਤ ਹੈ, ਭਾਈ ਜੀ ਦੇ 675 ਕਬਿੱਤ ਹਨ ਜੋ ਬਹੁਤ ਦੇਰ ਤੋਂ ਛਪ ਕੇ ਪਾਠਕਾਂ ਤਕ ਪੁੱਜ ਗਏ ਹਨ।

ਪੰਨਾ. 156. ਤੁਸੀਂ, ਗੁਰੂ ਹਰਿ ਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ", ਲਿਖਿਆ ਹੈ। ਕੀ ਦੋ ਕਿਰਪਾਨਾਂ ਪਹਿਨਣੀਆਂ ਵਾਜਬ ਹਨ ? ਇਕ ਵਾਧੂ ਕਿਰਪਾਨ ਜੰਗ ਵਿਚ (ਜਾਂ ਆਮ ਜ਼ਿੰਦਗੀ ਵਿਚ) ਰੁਕਾਵਟ ਨਹੀਂ ਬਣਦੀ ? ਪੀਰੀ ਵਾਲੀ ਕਿਰਪਾਨ ਕਦੀ ਜੰਗ ਵਿਚ ਨਹੀਂ ਵਰਤੀ ? ਇਹ ਧਾਰਨਾ ਢਾਡੀ ਨਥਮਲ ਦੀ ਕਵਿਤਾ ਤੋਂ ਪ੍ਰਚਲਤ ਹੋਈ ਹੈ। ਹੋਰ ਕੋਈ ਸ੍ਰੋਤ ਦੋ ਤਲਵਾਰਾਂ ਵਾਲਾ ਨਹੀਂ ਹੈ। ਫਿਰ ਬਾਕੀ ਗੁਰੂਆਂ ਨੇ ਦੋ ਤਲਵਾਰਾਂ ਰਖਣੀਆਂ ਬੰਦ ਕਿਉਂ ਕਰ ਦਿਤੀਆਂ ?

ਪੰਨਾ. 160. ਤੁਸੀਂ "ਭਗਤ ਰਵਿਦਾਸ ਜੀ ਨੇ ਕਠਨ ਤਪ ਕੀਤਾ", ਲਿਖਿਆ ਹੈ। ਕੀ ਗੁਰਮਤ ਵਿਚ ਤਪ ਕਰਨੇ ਪ੍ਰਵਾਨ ਹਨ ? ਕੀ ਭਗਤ ਜੀ ਨੇ ਆਪਣੇ ਤਪ ਬਾਰੇ ਬਾਣੀ ਵਿਚ ਕਿਧਰੇ ਲਿਖਿਆ ਹੈ ? ਤੁਸੀਂ ਸਪੱਸ਼ਟ ਨਹੀਂ ਹੋ।

ਪੰਨਾ. 166. "ਆਗਿਆ ਭਈ ਅਕਾਲ ਕੀ" ਵਾਲੇ ਦੋਹਿਰੇ ਬਾਰੇ ਤੁਹਾਡੀ ਜਾਣਕਾਰੀ ਸੀਮਤ ਹੈ। "ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ" ਵਾਲਾ ਬੰਦ ਗਿਆਨੀ ਗਿਆਨ ਸਿੰਘ ਦਾ ਲਿਖਿਆ ਪ੍ਰਚਲਤ ਹੋ ਗਿਆ। ਅਸਲ ਦੋਹਿਰਾ ਭਾਈ ਪ੍ਰਹਲਾਦ ਸਿੰਘ (ਗੁਰੂ ਗੋਬਿੰਦ ਸਿੰਘ ਦਾ ਸਮਕਾਲੀ ਸੇਵਕ) ਦਾ ਲਿਖਿਆ ਹੋਇਆ। ਇਸ ਤਰ੍ਹਾਂ ਹੈ : "ਗੁਰੂ (ਗੁਰੂ ਕਾ ਖ਼ਾਲਸਾ) ਖ਼ਾਲਸਾ ਜਾਨਿਓ ਪ੍ਰਗਟ ਗੁਰਾਂ ਕੀ ਦੇਹ।"

ਹੋ ਸਕੇ ਤਾਂ ਅਗਲੀ ਛਾਪ ਵਿਚ ਸੋਧ ਕਰ ਲੈਣੀ। ਆਸ ਕਰਦਾ ਹਾਂ ਕਿ ਠੰਢੇ ਦਿਲ ਨਾਲ ਸੁਝਾਵਾਂ 'ਤੇ ਗੰਭੀਰਤਾ ਨਾਲ ਵਿਚਾਰ ਕਰੋਗੇ। ਮੇਰੀ ਭਾਵਨਾ ਇਹੀ ਹੈ ਕਿ ਕਿਤਾਬ ਹੋਰ ਚੰਗੇਰੀ ਤੇ ਮਿਆਰੀ ਬਣੇ। ਸੋਧ ਕਰਨੀ ਨਾ ਕਰਨੀ ਤੁਹਾਡੇ ਹੱਥ ਹੈ। ਮੇਰੇ ਨਾਲ ਇਨ੍ਹਾਂ ਵਿਸ਼ਿਆਂ ਬਾਰੇ ਵਿਚਾਰ ਕਰਨੀ ਚਾਹੋ ਤਾਂ ਭੀ ਹਾਜ਼ਰ ਹਾਂ। ਤੁਸੀ ਪੁਸਤਕ ਦੇ ਕੇ ਸੁਝਾਉ ਮੰਗੇ ਸਨ, ਇਸੇ ਕਾਰਨ ਕਮੀਆਂ ਬਾਰੇ ਧਿਆਨ ਦਵਾਇਆ ਹੈ। ਕੁੱਝ ਛਾਪੇ ਦੀਆਂ ਗ਼ਲਤੀਆਂ ਦਰੁਸਤ ਕਰ ਲੈਣੀਆਂ।

(ਨੋਟ : 22.4.2004 ਨੂੰ ਇਹ ਸੁਝਾਉ ਲਿਖ ਕੇ, ਵੀਰ ਜੀ ਨੂੰ ਭੇਜ ਦਿਤੇ ਸਨ। ਇਕ ਪੱਤਰ ਡਾਕ ਰਾਹੀਂ, ਤੇ ਇਕ ਪੱਤਰ ਗਿਆਨੀ ਜਗਮੋਹਣ ਸਿੰਘ ਰਾਹੀਂ (2⮋ 8▲✪➢)। ਅਕਤੂਬਰ 2008 ਤਕ ਵੀਰ ਨੇ ਨਾ ਪੁਸਤਕ ਵਿਚ ਸੋਧ ਕੀਤੀ। ਨਾ ਮੈਨੂੰ ਵਿਚਾਰ ਵਟਾਂਦਰੇ ਲਈ ਸੱਦਿਆ। ਕੀ ਜਾਣੀਏ ਕਿਉਂ ? ਸਾਢੇ ਚਾਰ ਸਾਲ ਦੀ ਲੰਮੀ ਉਡੀਕ ਮਗਰੋਂ, ਮੈਂ ਇਸ ਲਿਖਤ ਨੂੰ ਆਪਣੀ ਕਿਤਾਬ ਰਾਹੀਂ ਪਾਠਕਾਂ ਅੱਗੇ ਰੱਖ ਰਿਹਾ ਹਾਂ। ਡਾਕਟਰ ਵੀਰ ਮੁਆਫ਼ ਕਰ ਦੇਵੇ।)

***

# ਪਾਠ ਪੜੈ, ਲੇ ਲੋਕ ਸੁਣਾਵੈ

ਕਦੀ ਇਕਾਂਤ ਵਿਚ ਬੈਠ ਕੇ ਬੱਚਿਆਂ ਨੂੰ ਖੇਢਦੇ ਵੇਖੀਏ, ਕਿੰਨੇ ਅਨਭੋਲ ਤੇ ਕਿੰਨੇ ਕਲਪਣਾਸ਼ੀਲ ਹੁੰਦੇ ਹਨ। ਝੱਟ ਲੜ ਪੈਂਦੇ ਹਨ ਤੇ ਛੇਤੀ ਹੀ ਸੁਲ੍ਹਾ ਭੀ ਕਰ ਲੇਂਦੇ ਹਨ। ਮਿੱਟੀ ਜਾਂ ਲੱਕੜੀ ਦੇ ਖਿਡਾਉਣਿਆਂ ਨੂੰ ਅਸਲੀ ਕਾਰ, ਜਹਾਜ਼, ਟ੍ਰੈਕਟਰ ਹੋਣ ਦਾ ਵਿਸ਼ਵਾਸ ਬਣਾ ਲੈਂਦੇ ਹਨ। ਕਈ ਵਾਰ ਰਾਤ ਨੂੰ ਭੀ ਆਪਣੀ ਨਿਗਰਾਨੀ ਵਿਚ ਰਖਣਾ ਚਾਹੁੰਦੇ ਹਨ। ਇਕ ਸੋਟੀ (ਕੋਈ ਭੀ ਸਾਦਾ ਜਿਹਾ ਡੰਡਾ) ਲੈ ਕੇ ਉਸ ਨੂੰ ਆਪਣੀਆਂ ਲੱਤਾਂ ਵਿਚਾਲੇ ਰੱਖ ਕੇ "ਘੋੜਾ" ਬਣਾ ਕੇ ਸਵਾਰੀ ਕਰਦੇ ਹੋਏ ਦੌੜਦੇ ਹਨ। ਘੋੜਾ ਦੌੜਦਾ ਹੋਇਆ ਥੱਕ ਜਾਂਦਾ ਹੈ। ਪਾਣੀ ਪੀਂਦਾ ਹੈ

| | |
|---|---|
| 1. ਗੁਰਦਵਾਰਾ ਦੁਖ ਨਿਵਾਰਨ ਪਟਿਆਲਾ ਦੇ ਖਾਤੇ ਵਿਚੋਂ ਕਢਵਾਏ : | ਇਕ ਕਰੋੜ, ਪੈਂਹਠ ਲੱਖ ਬੱਤੀ ਹਜ਼ਾਰ ਰੁਪਏ। |
| 2. ਅੰਮ੍ਰਿਤਸਰ ਦੇ ਗੁਰਦਵਾਰਿਆਂ 'ਚੋਂ | ਚਾਰ ਕਰੋੜ 80 ਲੱਖ |

| | | |
|---|---|---|
| 3. | ਫ਼ਤਿਹਗੜ੍ਹ ਸਾਹਿਬ ਗੁਰਦਵਾਰਾ ਖਾਤੇ 'ਚੋਂ : | 2 ਕਰੋੜ, 15 ਲੱਖ, 23 ਹਜ਼ਾਰ ਰੁਪਏ। |
| 4. | ਕੇਸਗੜ੍ਹ, ਆਨੰਦਪੁਰ ਸਾਹਿਬ ਖਾਤੇ ਵਿਚੋਂ : | 1 ਕਰੋੜ 75 ਲੱਖ 20 ਹਜ਼ਾਰ ਰੁਪਏ। |
| 5. | ਮੁਕਤਸਰ ਗੁਰਦਵਾਰਾ ਖਾਤੇ ਵਿਚੋਂ : | 92 ਲੱਖ ਰੁਪਏ |
| 6. | ਆਲਮਗੀਰ ਤੋਂ : | 85 ਲੱਖ 10 ਹਜ਼ਾਰ ਰੁਪਏ |
| 7. | ਹੇਰਾਂ ਗੁਰਦਵਾਰਾ ਖਾਤੇ ਵਿਚੋਂ : | 64 ਲੱਖ 72 ਹਜ਼ਾਰ ਰੁਪਏ |

ਘਾਹ ਦਾਣਾ ਖਾਂਦਾ ਹੈ। ਇਹੀ ਸੋਟੀ ਕਈ ਵਾਰੀ ਬੰਦੂਕ ਬਣ ਜਾਂਦੀ ਹੈ, ਸਾਥੀਆਂ ਤੇ "ਫ਼ਾਇਰ" ਹੁੰਦੇ ਹਨ। ਬੰਦੇ ਮਰਦੇ ਹਨ ਜ਼ਖ਼ਮੀ ਹੁੰਦੇ ਹਨ, ਇਲਾਜ ਕੀਤਾ ਜਾਂਦਾ ਹੈ। ਇਹੀ ਸੋਟੀ ਝੰਡਾ ਬਰਛਾ ਜਾਂ ਕਈ ਕੁੱਝ ਹੋਰ ਬਣ ਜਾਂਦੀ ਹੈ। ਇਹ ਵਕਤੀ ਤੌਰ 'ਤੇ ਹੁੰਦਾ ਹੈ, ਤੇ ਸੋਟੀ ਕਿਸੇ ਖੱਲ ਖੂੰਜੇ ਰੱਖ ਦਿਤੀ ਜਾਂਦੀ ਹੈ। ਜਿਵੇਂ ਜਿਵੇਂ ਬੱਚੇ ਵਿਕਾਸ ਕਰਦੇ ਹੋਏ ਵੱਡੇ ਹੁੰਦੇ ਚਲੇ ਜਾਂਦੇ ਹਨ, ਤਾਂ ਉਨ੍ਹਾਂ ਦੀਆਂ ਖੇਢਾਂ ਅਤੇ ਸੁਹਜ ਸੁਆਦ ਬਦਲਦੇ ਚਲੇ ਜਾਂਦੇ ਹਨ। ਜਦੋਂ ਮਾਨਸਿਕ ਪੱਧਰ ਉਚਾ ਹੋ ਜਾਂਦਾ ਹੈ ਤਾਂ ਇਹੀ ਖੇਡਾਂ ਬੀਤੇ ਦੀ ਕਾਲਪਨਿਕ ਕਹਾਣੀ ਬਣ ਜਾਣੀਆਂ ਹਨ।

ਜਦੋਂ ਕੋਈ ਬੱਚਾ ਸਰੀਰ ਕਰ ਕੇ ਤਾਂ ਵਿਕਾਸ ਕਰ ਰਿਹਾ ਹੋਵੇ, ਪਰ ਮਾਨਸਿਕ ਵਿਕਾਸ ਨਾ ਕਰ ਰਿਹਾ ਹੋਵੇ, ਤਾਂ ਉਚੇਚੇ ਇਲਾਜ ਦੀ ਜ਼ਰੂਰਤ ਹੋਇਆ ਕਰਦੀ ਹੈ। ਜੇ ਵਕਤ ਸਿਰ ਚੰਗੇ ਡਾਕਟਰ ਤੋਂ ਸਹੀ ਇਲਾਜ ਨਾ ਕਰਵਾਇਆ ਜਾਵੇ ਤਾਂ ਉਹੀ ਬੱਚਾ ਜੋ ਬਚਪਨ ਵਿਚ ਕਮਲੀਆਂ ਗੱਲਾਂ ਤੇ ਕਮਲੇ ਕੰਮ ਕਰਦਾ ਪਿਆਰਾ ਲਗਦਾ ਸੀ, ਵੱਡਾ ਹੋ ਕੇ ਦੁੱਖਾਂ ਦਾ ਵੱਡਾ ਕਾਰਨ ਬਣ ਜਾਵੇਗਾ। ਇੰਨ ਬਿੰਨ ਇਹੀ ਹਾਲਤ ਹੈ, ਅੱਜ ਦੇ ਸਿੱਖੀ ਸਮਾਜ ਵਿਚ ਬਹੁਤ ਸਾਰੀ ਅੰਨ੍ਹੀ ਸ਼ਰਧਾ ਦੀ। ਜਿਸ ਅਗਿਆਨਤਾ ਦੀ ਅੰਨ੍ਹੀ ਖਾਈ ਵਿਚੋਂ ਸਤਿਗੁਰੂ ਦੀ ਬਾਣੀ ਨੇ ਕੱਢਣਾ ਚਾਹਿਆ ਸੀ, ਉਹ ਬਹੁਗਿਣਤੀ ਸਿੱਖ ਅਖਵਾਉਣ ਵਾਲਿਆਂ ਨੂੰ ਅਜੇ ਤਕ ਸਮਝ ਨਹੀਂ ਆਇਆ। ਸੰਸਾਰੀ ਵਿਦਿਆ ਨੇ, ਵਿਗਿਆਨਕ ਕਾਂਢਾਂ ਨੇ ਜੋ ਚਾਨਣ ਦਿਤਾ ਹੈ, ਖ਼ੁਦਗਰਜ਼ ਤੇ ਕਮੀਣੇ ਪੁਜਾਰੀ ਤਬਕੇ ਨੇ, ਉਹ ਭੀ ਆਮ ਜਨ ਸਮੂਹ ਤਕ ਨਹੀਂ ਪਹੁੰਚਣ ਦਿਤਾ। ਸਦੀਆਂ ਤੋਂ ਪਸਰਿਆ ਅੰਧੇਰਾ ਉਸੇ ਤਰ੍ਹਾਂ ਹਰ ਥਾਂ ਮੌਜੂਦ ਹੈ। ਗੁਰੂ ਨਾਲਕ ਸਾਹਿਬ ਜੀ ਦੇ ਆਗਮਨ ਪੁਰਬ 'ਤੇ 12 ਨਵੰਬਰ 05 ਨੂੰ ਸੇਵਕ ਪਟਨੇ ਪੁੱਜਿਆ। ਸਿੰਘ ਸਭਾ ਗੁਰਦਵਾਰੇ ਵਾਲੇ ਪ੍ਰਬੰਧਕਾਂ ਦੇ ਸਹਿਯੋਗ

ਸਦਕਾ ਚਾਰ ਹੋਰ ਗੁਰਦਵਾਰਿਆਂ ਦੇ ਦਰਸ਼ਨ ਕਰਨ ਦਾ ਮੌਕਾ ਮੇਲ ਬਣ ਗਿਆ। ਇਹ ਉਹ ਗੁਰਦਵਾਰੇ ਹਨ, ਜਿਨ੍ਹਾਂ ਨੂੰ "ਇਤਿਹਾਸਕ ਗੁਰਦਵਾਰੇ" ਆਖਿਆ ਜਾਂਦਾ ਹੈ। ਇਨ੍ਹਾਂ ਵਿਚੋਂ ਇਕ ਗੁਰਦਵਾਰਾ ਜੋ ਸੱਭ ਤੋਂ ਵੱਡਾ ਹੈ, ਜਿਸ ਨੂੰ "ਤਖ਼ਤ ਸਾਹਿਬ" ਦਾ ਵਿਸ਼ੇਸ਼ ਸਨਮਾਨ ਭੀ ਭੁੱਗੇ ਵਿਚ ਦੇ ਦਿਤਾ ਗਿਆ ਹੈ। ਤਖ਼ਤ ਕੇਵਲ ਇਕੋ ਹੀ ਹੈ, ਉਹ ਹੈ ਅਕਾਲ ਤਖ਼ਤ। ਪਰ ਸਾਡੇ ਪ੍ਰਬੰਧਕੀ ਲਾਣੇ ਨੇ ਅਤੇ ਉਨ੍ਹਾ ਵਲੋਂ ਥਾਪੇ ਪੁਜਾਰੀਆਂ ਨੇ ਇਸ ਨੂੰ ਭੀ ਤਖ਼ਤ ਨਹੀਂ ਰਹਿਣ ਦਿਤਾ। ਜਿਥੋਂ ਦੁਨੀਆਂ ਭਰ ਵਿਚ ਗੁਰਮਤਿ ਦਾ ਨਿਰਮਲ ਸੰਦੇਸ਼ ਪੁੱਜਣਾ ਸੀ। ਜਿਸ ਨੇ ਸਿੱਖਾਂ ਨੂੰ ਗੁਰਬਾਣੀ ਦੇ ਚਾਨਣ ਵਿਚ ਹਲੇਮੀ ਰਾਜ ਦਾ ਸੰਕਲਪ ਦ੍ਰਿੜ ਕਰਾਉਣਾ ਸੀ। ਉਥੋਂ ਅੱਜ ਅਣਪੜ੍ਹ ਤੇ ਅੱਧਪੜ ਪੁਜਾਰੀਆਂ ਵਲੋਂ ਡੰਡੇ ਦੇ ਜ਼ੋਰ, ਆਪਣੀ ਈਨ ਮਨਾਉਣ ਵਾਲੇ ਫੁਰਮਾਨ ਜਾਰੀ ਕੀਤੇ ਜਾ ਰਹੇ ਹਨ। ਤਾਕਤਵਰ ਰਾਜਸੀ ਨੇਤਾਵਾਂ ਅੱਗੇ ਇਹੀ "ਸਿੰਘ ਸਾਹਿਬ" ਬਿੱਲੀ ਜਿੰਨੀ ਮਿਆਊਂ ਤਕ ਨਹੀਂ ਕਰ ਸਕਦੇ। ਪਟਨੇ ਦੇ ਤਖ਼ਤ ਸਾਹਿਬ ਅਤੇ ਤਿੰਨ ਹੋਰ ਗੁਰਦਵਾਰਿਆਂ ਵਿਚ ਵਰਤ ਰਹੇ "ਗੁਰਮਤੀ" (?) ਵਰਤਾਰੇ ਨੂੰ ਭਰੇ ਮਨ ਨਾਲ ਸ਼ਰਧਾਵਾਨ ਜਾਗਦੇ ਸਿੱਖਾਂ ਸਨਮੁੱਖ ਰੱਖਣ ਦਾ "ਪਾਪ" ਕਰ ਰਿਹਾ ਹਾਂ। ਗੁਰਮਤਿ ਅਤੇ ਪਖੰਡ ਕਰਮ ਦਾ ਫ਼ੈਸਲਾ ਤੁਸੀ ਕਰਨਾ ਹੈ ਕਿ ਕੀ ਸਦਾ ਇਹੀ ਵਰਤਾਰਾ ਚਲਦਾ ਰਹਿਣਾ ਚਾਹੀਦਾ ਹੈ? ਕੀ ਇਨ੍ਹਾਂ ਥਾਵਾਂ ਨੂੰ ਗੁਰਦਵਾਰੇ ਕਿਹਾ ਜਾਣਾ ਚਾਹੀਦਾ ਹੈ? ਕੀ ਇਨ੍ਹਾਂ ਥਾਵਾਂ 'ਤੇ ਪ੍ਰਕਾਸ਼ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇ-ਅਦਬੀ ਨਹੀਂ ਕੀਤੀ ਜਾ ਰਹੀ? ਕੀ ਸਾਡੇ ਅਖੌਤੀ ਸਿੰਘ ਸਾਹਿਬ ਅਤੇ ਪੰਥ ਦੇ ਚੌਧਰੀਆਂ ਨੂੰ ਇਹ ਪਾਪਕਾਰੇ ਹੁੰਦੇ ਕਦੀ ਨਜ਼ਰ ਹੀ ਨਹੀਂ ਆਏ? ਜਾਂ ਫਿਰ ਇਹ ਗੁਰਮਤਿ ਤੋਂ ਪੂਰੀ ਤਰ੍ਹਾਂ ਉਲਟ ਵਰਤਾਰਾ, ਇਨ੍ਹਾਂ ਵੱਡੇ ਪੁਜਾਰੀਆਂ ਦੀ ਅੰਦਰੂਨੀ ਸਹਿਮਤੀ ਨਾਲ ਹੀ ਚਲਦਾ ਹੈ? ਦੇਸ਼ ਵਿਦੇਸ਼ ਤੋਂ ਹਜ਼ਾਰਾਂ ਸਿੱਖ ਅਖਵਾਉਣ ਵਾਲੇ, ਇਨ੍ਹਾਂ ਥਾਵਾਂ ਦੀ ਯਾਤਰਾ ਕਰਦਿਆਂ ਲੱਖਾਂ ਰੁਪਏ ਰੋਹੜ ਰਹੇ ਹਨ। ਗੋਲਕਾਂ ਵਿਚ ਮਾਇਆ ਅਰਪਣ ਕਰਦੇ ਹਨ। ਪਰ ਇਹ ਮਨਮੁਖੀ ਵਰਤਾਰਾ ਕਦੀ ਕਿਸੇ ਨੂੰ ਨਹੀਂ ਦਿਸਿਆ? ਜਾਂ ਫਿਰ ਮੈਂ ਹੀ ਪਾਗ਼ਲ ਹੋ ਗਿਆ ਹਾਂ? ਕਿਉਂਕਿ ਉਨ੍ਹਾਂ ਥਾਵਾਂ 'ਤੇ ਵੱਸਣ ਵਾਲੇ "ਸਿੱਖ" ਖ਼ਾਮੋਸ਼ ਨੇ। ਯਾਤਰੂ ਚੁੱਪ ਹਨ, ਲੇਖਕਾਂ ਦੀਆਂ ਕਲਮਾਂ ਸੜ ਗਈਆਂ ਹਨ, ਲੀਡਰਾਂ ਦੀ ਜ਼ਬਾਨ ਠਾਕੀ ਗਈ ਹੈ, ਪੁਜਾਰੀ ਮਾਇਆ ਇਕੱਤਰ ਕਰਨ ਵਿਚ ਗਲਤਾਨ ਹਨ। ਬਾਬਾ ਨਾਲਕ ਜੀ ਬੇਬਸ ਹਨ। ਜੋ ਕਰਾਂਤੀਕਾਰੀ ਬਾਬਾ ਹਿੰਦੂ ਪੁਜਾਰੀਆਂ ਨੂੰ, ਉਨ੍ਹਾਂ ਦੇ ਸ਼ਕਤੀਸ਼ਾਲੀ ਮੱਠਾਂ, ਡੇਰਿਆਂ, ਪੁਰੀਆਂ

ਨਾਥ ਦਵਾਰਿਆਂ ਤੇ ਪੁੱਜ ਕੇ ਸੱਚ ਸੁਣਾ ਸਕਦਾ ਸੀ। ਜੋ ਮਹਾਨ ਬਾਬਾ ਜੋਗੀਆਂ ਵਰਗੀ ਤਾਕਤਵਰ ਜਮਾਤ ਨੂੰ ਝੁਕਣ 'ਤੇ ਮਜਬੂਰ ਕਰਦਿਆਂ ਕਰਦਾ ਸੀ। ਜੋ ਬਾਬਾ ਮੱਕੇ ਵਰਗੇ ਵੱਡੇ ਇਸਲਾਮਿਕ ਕੇਂਦਰ ਕਾਅਬੇ ਵਿਚ ਸੱਚ ਦੀ ਆਵਾਜ਼ ਬੁਲੰਦ ਕਰ ਸਕਦਾ ਸੀ। ਅੱਜ ਆਪਣੇ ਹੀ ਧਰਮ ਅਸਥਾਨਾਂ ਵਿਚ ਲਾਚਾਰ ਨਜ਼ਰ ਆਉਂਦਾ ਹੈ। ਹਿੰਦੂ ਮੁਸਲਮਾਨ ਤੇ ਜੋਗੀਆਂ ਨੇ ਤਾਂ ਬਾਬਾ ਜੀ ਅੱਗੇ ਸੀਸ ਝੁਕਾ ਦਿਤਾ ਸੀ, ਪਰ ਉਸ ਦੇ "ਆਪਣੇ" ਅਖਵਾਉਣ ਵਾਲੇ ਉਸ ਨੂੰ ਟਿਚ ਕਰਕੇ ਜਾਣਦੇ ਹਨ। "ਸਿੱਖੀ ਨੂੰ ਸਿੱਖਾਂ ਤੋਂ ਖ਼ਤਰਾ ਪੈਦਾ ਹੋ ਗਿਆ ਹੈ।" ਬਾਬਾ ਜੀ ਹੰਝੂ ਵਹਾ ਰਹੇ ਹਨ.....। ਗੁਰਵਾਕ ਹਨ :

ਜਾਨਿ ਬੂਝਿ ਕੈ ਬਾਵਰੇ ਤੈ ਕਾਜੁ ਬਿਗਾਰਿਓ ॥
ਪਾਪ ਕਰਤਾ ਸੁਕਚਿਓ ਨਹੀਂ ਨਹ ਗਰਬੁ ਨਿਵਾਰਿਓ ॥ (727)

ਭਾਈ ਗੁਰਦਾਸ ਜੀ ਇਉਂ ਸੇਧ ਬਖ਼ਸ਼ ਰਹੇ ਹਨ....

1. ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ ॥
☛ ਹੇ ਗੁਰਸਿੱਖੋ! ਜਿਵੇਂ ਬਾਂਦਰ ਨੂੰ ਹੀਰੇ ਦੀ ਕਦਰ ਨਹੀਂ।
2. ਕੜਛੀ ਸਾਉ ਨ ਸੰਮਲੈ ਭੋਜਨ ਰਸੁ ਖਾਣੈ ॥
☛ ਜਿਵੇਂ ਕੜਛੀ ਨੂੰ ਭੋਜਨ ਦੇ ਸੁਆਦ ਦਾ ਪਤਾ ਨਹੀਂ।
3. ਡਡੂ ਚਿਕੜਿ ਵਾਸ ਹੈ ਕਵਲੈ ਨ ਸਿਞਾਣੈ ॥
☛ ਜਿਵੇਂ ਡੱਡੂ ਉਸੇ ਪਾਣੀ ਵਿਚ ਰਹਿੰਦਾ ਹੈ ਜਿਥੇ ਕੰਵਲ ਖਿੜਦੇ ਹਨ। ਪਰ ਬੇਖ਼ਬਰ ਹੈ।
4. ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ ॥
☛ ਜਿਵੇਂ ਹਿਰਨ ਦੀ ਧੁਨੀ ਵਿਚ ਕਸਤੂਰੀ ਹੁੰਦੀ ਹੈ ਪਰ ਉਸ ਨੂੰ ਕੋਈ ਪਤਾ ਨਹੀਂ।
5. ਗੁਜਰੁ ਗੋਰਸ ਵੇਚਿ ਕੇ, ਖਲਿ ਸੂੜੀ ਆਣੈ ॥
☛ ਗਾਵਾਂ, ਮੱਝਾਂ ਦੇ ਮਾਲਕ ਗੁੱਜਰ ਲੋਕ ਦੁੱਧ ਮੱਖਣ ਲੋਕਾਂ ਨੂੰ ਵੇਚ ਦਿੰਦੇ ਹਨ।
6. ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ ॥ (ਭਾ. ਗੁ.34-4)
☛ ਇਸੇ ਤਰ੍ਹਾਂ ਗੁਰੂ ਤੋਂ ਬੇਮੁੱਖ ਲੋਕ ਗ਼ਲਤੀ ਦਰ ਗ਼ਲਤੀ ਕਰੀ ਜਾਂਦੇ ਹਨ। ਸੰਸਾਰ ਵਿਚ ਸਦਾ ਦੁੱਖ ਭੋਗਦੇ ਹਨ। ਅੱਜ ਸਿੱਖਾਂ ਨੇ ਗੁਰਬਾਣੀ ਨੂੰ ਗੁਰੂ ਆਖ ਕੇ ਭੀ ਇਸ ਤੋਂ ਅਗਵਾਈ ਨਹੀਂ ਲਈ।

ਲਉ ਜੀ ਹੁਣ ਇਕ ਇਕ ਕਰ ਕੇ ਚਾਰ ਧਰਮ ਅਸਥਾਨਾਂ ਦੇ ਦਰਸ਼ਨ ਕਰੋ :

1. ਬਾਲ ਲੀਲਾ ਗੁਰਦਵਾਰਾ : ਇਹ ਗੁਰਦਵਾਰਾ (ਉਥੇ ਬੋਰਡ ਉਤੇ ਲਿਖੇ ਅਨੁਸਾਰ) ਬਾਲਕ ਗੋਬਿੰਦ ਰਾਏ ਨਾਲ ਸਬੰਧਤ ਹੈ। ਇਸ ਥਾਂ ਰਾਣੀ ਬਿਸੰਭਰੀ ਦੇਵੀ ਦਾ ਮਹਿਲ ਸੀ। ਇਸ ਰਾਣੀ ਦੇ ਕੋਈ ਔਲਾਦ ਨਹੀਂ ਸੀ। ਉਹ ਹਰ ਵਕਤ ਇਸੇ ਸੋਚ ਵਿਚ ਝੁਰਦੀ ਰਹਿੰਦੀ ਸੀ। ਬੜੀਆਂ ਮੰਨਤਾਂ ਮੰਨੀਆਂ ਪਰ ਕਿਤੋਂ ਮੁਰਾਦ ਪੂਰੀ ਨਾ ਹੋਈ। ਇਕ ਦਿਨ ਬਾਲਕ ਗੋਬਿੰਦ ਰਾਏ ਸਾਥੀਆਂ ਨਾਲ ਖੇਢਦੇ, ਉਧਰ ਜਾ ਨਿਕਲੇ। ਦਿਲਾਂ ਦੀਆਂ ਜਾਨਣ ਵਾਲੇ ਬੜੇ ਪਿਆਰ ਵਿਚ ਰਾਣੀ ਦੀ ਗੋਦ ਵਿਚ ਜਾ ਬੈਠੇ। ਰਾਣੀ ਨੇ ਬਾਲਕ ਨੂੰ ਰੱਬੀ ਨੂਰ ਜਾਣ ਕੇ, ਸਤਿਕਾਰ ਸਹਿਤ ਆਪਣੀ ਮੰਗ ਉਸ ਅੱਗੇ ਕਹਿ ਸੁਣਾਈ। "ਲਾਲ ਜੀ ਮੇਰੇ ਘਰ ਭੀ ਤੇਰੇ ਵਰਗਾ ਬਾਲਕ ਹੋਵੇ, ਕਰੋ ਕਿਰਪਾ ਮੈਂ ਨਿਮਾਣੀ ਦੀ ਮੁਰਾਦ ਪੂਰੀ ਕਰੋ।" ਗੋਬਿੰਦ ਰਾਏ ਨੇ ਪਿਆਰ ਨਾਲ ਰਾਣੀ ਦੇ ਗੱਲ ਨੂੰ ਘੁੱਟ ਕੇ ਕਲਾਵੇ ਵਿਚ ਲੈ ਲਿਆ ਤੇ ਬਚਨ ਕੀਤਾ : "ਮੇਰੇ ਵਰਗਾ ਸਿਰਫ਼ ਮੈਂ ਹੀ ਹਾਂ ਹੋਰ ਕੋਈ ਨਹੀਂ ਹੈ। ਨਾ ਹੋ ਸਕਦਾ ਹੈ। ਹਾਂ ਤੁਸੀ ਮੈਨੂੰ ਆਪਣਾ ਬੇਟਾ ਬਣਾ ਸਕਦੇ ਹੋ। ਜਦੋਂ ਯਾਦ ਕਰੋਗੇ ਮੈਂ ਤੁਹਾਡੇ ਕੋਲ ਹਾਜ਼ਰ ਹੋਇਆ ਕਰਾਂਗਾ," ਲਿਆਉ ਛੇਤੀ ਕਰੋ, ਪ੍ਰਸਾਦ ਛਕਾਉ ਭੁੱਖ ਬਹੁਤ ਲੱਗੀ ਹੈ।" ਰਾਣੀ ਨੇ ਛੇਤੀ ਛੋਲਿਆਂ ਦੀਆਂ ਘੁੰਗਣੀਆਂ (ਛੋਲੇ ਉਬਾਲ ਕੇ ਲੂਣ ਮਸਾਲਾ ਲਾ ਕੇ) ਤਿਆਰ ਕਰ ਕੇ ਸਾਰੇ ਬੱਚਿਆਂ ਨੂੰ ਛਕਾਈਆਂ। ਉਦੋਂ ਤੋਂ ਲੈ ਕੇ ਅੱਜ ਤਕ ਇਥੇ ਛੋਲਿਆਂ ਦਾ ਪ੍ਰਸਾਦ ਵਰਤਦਾ ਹੈ। ਸ਼ਰਧਾਵਾਨਾਂ ਨੂੰ ਪੁੱਤਰਾਂ ਦੀ ਦਾਤ ਪ੍ਰਾਪਤ ਹੁੰਦੀ ਹੈ। ਗੁਰੂ ਜੀ ਹਾਜ਼ਰ ਹੁੰਦੇ ਹਨ।

ਵਿਚਾਰ : ਗੋਬਿੰਦ ਰਾਏ ਹਾਲੀ ਕੇਵਲ ਚਾਰ ਕੁ ਸਾਲ ਦੇ ਸਨ, ਗੁਰੂ ਨਾਨਕ ਸਾਹਿਬ ਜੀ ਦੀ ਗੱਦੀ 'ਤੇ ਭੀ ਨਹੀਂ ਬੈਠੇ। ਫਿਰ ਭੀ ਕਰਾਮਾਤੀ ਪੁਰਖ ? ਗੋਬਿੰਦ ਰਾਏ ਨੇ ਪੁੱਤਰ ਦਾ ਵਰਦਾਨ ਦੇਣ ਤੋਂ ਇਨਕਾਰ ਕਰ ਦਿਤਾ, ਖ਼ੁਦ ਹੀ ਪੁੱਤਰ ਪਿਆਰ ਦੇਣਾ ਸਵੀਕਾਰ ਕਰ ਲਿਆ। ਪਰ ਅੱਜ ਕੱਲ ਉਸੇ ਥਾਂ ਪੁੱਤਰਾਂ ਦੇ ਵਰਦਾਨ ਦਿਤੇ ਜਾ ਰਹੇ ਹਨ। ਬੱਚਿਆਂ ਨੂੰ ਛੇਤੀ ਵਿਚ ਉਸ ਵਕਤ ਘੁੰਗਣੀਆਂ ਦਾ ਪ੍ਰਸਾਦ ਛਕਾ ਦਿਤਾ ਕੋਈ ਬੁਰਾਈ ਨਹੀਂ ਪਰ ਹੁਣ ਤਕ ਇਸ ਪ੍ਰੰਪਰਾ ਦੀ ਕੀ ਤੁਕ ਹੈ ? ਇਥੋਂ ਦਾ ਗ੍ਰੰਥੀ ਬੀਬੀਆਂ ਨੂੰ ਝੂਠੀਆਂ ਕਹਾਣੀਆਂ ਸੁਣਾ ਕੇ ਸੁੱਖਾਂ ਸੁੱਖਣ ਲਈ ਪ੍ਰੇਰਤ ਕਰਦਾ ਵੇਖਿਆ ਗਿਆ। ਪੁੱਤਰ ਵਰਦਾਨ ਵਰਗੀਆਂ ਫਜ਼ੂਲ ਕਹਾਣੀਆਂ ਸੁਣਾ ਕੇ ਗੁਮਰਾਹ ਕਰਦਾ ਵੇਖਿਆ ਗਿਆ।

ਇਸ ਗੁਰਦਵਾਰੇ ਦੇ ਪਿਛੇ ਜਿਹੇ ਇਕ ਕਰੌਂਦੇ ਦਾ ਰੁੱਖ ਹੈ। ਉਸ ਦੁਆਲੇ

ਚਾਰ ਦੀਵਾਰੀ ਕੱਢੀ ਹੋਈ ਹੈ। ਗੋਬਿੰਦ ਰਾਏ ਦੀ ਜਨਮ ਤਰੀਕ ਦੇ ਨੇੜੇ ਅੰਨ੍ਹੇ ਸ਼ਰਧਾਲੂ ਇਸ ਰੁੱਖ ਦਾ ਪ੍ਰਸਾਦ ਲੈਣ ਲਈ ਘੰਟਿਆਂ ਬੱਧੀ ਕਤਾਰਾਂ ਵਿਚ ਖਲੌਤੇ ਰਹਿੰਦੇ ਹਨ। ਇਹ ਕਰੌਂਦਾ ਪ੍ਰਸਾਦ ਖਾ ਕੇ, "ਪੁੱਤਰ ਸਮਝੋ ਵੱਟ 'ਤੇ ਪਿਆ ਹੈ।" ਉਨ੍ਹਾਂ ਦਿਨਾ ਵਿਚ ਇਹ ਰੁੱਖ ਚੌਖੀ ਮਾਇਆ ਕਮਾ ਕੇ ਦੇ ਦਿੰਦਾ ਹੈ। ਚਾਰ ਕੁ ਸਾਲ ਦਾ ਬਾਲਕ ਗੋਬਿੰਦ ਰਾਏ ਕਿੰਨੇ ਕੁ ਗੁਲੇਲੇ ਚਲਾਉਂਦਾ ਹੋਵੇਗਾ? ਇਹ ਤਾਂ ਪ੍ਰਬੰਧਕ ਜਾਨਣ, ਪਰ ਉਥੇ ਕੁੱਝ ਗੋਲੀਆਂ ਜਿਹੀਆਂ ਤੇ ਟੁੱਟੀ ਫੁੱਟੀ ਗੁਲੇਲ ਸ਼ੀਸ਼ੇ ਵਿਚ ਰੱਖੀ ਹੋਈ ਮੌਜੂਦ ਹੈ। ਗੋਬਿੰਦ ਰਾਏ ਇਸ ਗੁਲੇਲ ਨਾਲ ਪਾਣੀ ਭਰਨ ਆਈਆਂ, "ਸਾਊ ਬੀਬੀਆਂ ਦੇ ਘੜੇ ਭੰਨਣ ਦਾ ਸ਼ੌਕ ਪੂਰਾ ਕਰਿਆ ਕਰਦੇ ਸਨ।" ਇਕ ਨਕਲੀ ਜਿਹੀ ਫ਼ੋਟੋ ਵਿਚ, ਸਾਹਿਬਜ਼ਾਦੇ ਗੋਬਿੰਦ ਰਾਏ ਨੂੰ ਤੀਰ ਕਮਾਨ ਭੀ ਪਹਿਨਾਇਆ ਗਿਆ ਹੈ। ਇਹ ਤੀਰ ਕਮਾਨ ਉਹੀ ਹੈ ਜਿਸ ਨਾਲ "ਨੇਕ ਲੜਕੀਆਂ ਦੀਆਂ ਗਾਗਰਾਂ ਵਿੰਨਣ ਦਾ ਕੌਤਕ ਕੀਤਾ ਜਾਂਦਾ ਸੀ।" ਦੋ ਸਾਲ ਦੇ ਕਿਸੇ ਬਾਲਕ ਦੇ ਪੈਰ ਦਾ ਇਕ ਨਿਕਾ ਜਿਹਾ ਜੋੜਾ (ਇਕ ਜੁੱਤੀ) ਭੀ ਸ਼ੀਸ਼ੇ ਦੇ ਡੱਬੇ ਵਿਚ ਪਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਰਖਿਆ ਹੋਇਆ ਹੈ। ਦੱਸਿਆ ਗਿਆ ਹੈ ਕਿ ਇਹ ਬਾਲਕ ਗੋਬਿੰਦ ਰਾਏ ਦਾ ਜੋੜਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੱਤੀ? ਜੁੱਤੀਆਂ ਨੂੰ ਨਮਸਕਾਰਾਂ? ਗੁਰਦਵਾਰੇ ਦੀ ਹਾਲਤ ਕੋਈ ਚੰਗੀ ਨਹੀਂ ਹੈ। ਭੇਟਾ ਕੀਤੀ ਗਈ ਮਾਇਆ ਸ਼ਾਇਦ ਯੋਗ ਥਾਵਾਂ 'ਤੇ ਨਹੀਂ ਖ਼ਰਚੀ ਜਾਂਦੀ। ਪੁਛੇ ਸਵਾਲਾਂ ਦੇ ਗ੍ਰੰਥੀ ਸਿੰਘ ਕੋਈ ਤਸੱਲੀਬਖ਼ਸ਼ ਜੁਆਬ ਨਹੀਂ ਦੇ ਸਕਿਆ।

2. ਕੰਗਣਘਾਟ ਗੁਰਦਵਾਰਾ : ਦੱਸੀ ਗਈ ਕਹਾਣੀ 'ਤੇ ਬੋਰਡ ਉਤੇ ਲਿਖੇ ਮੁਤਾਬਕ ਬਾਲਕ ਗੋਬਿੰਦ ਰਾਏ ਨੇ ਖੇਢਦਿਆਂ ਹੋਇਆਂ ਆਪਣੇ ਹੱਥ ਵਿਚੋਂ ਇਕ ਸੋਨੇ ਦਾ ਕੰਗਣ ਲਾਹ ਕੇ, ਗੰਗਾ ਵਿਚ ਸੁੱਟਾ ਦਿਤਾ। ਘਰ ਗਏ ਤਾਂ ਮਾਤਾ ਜੀ ਨੇ ਪੁਛਿਆ ਕਿ ਬੇਟਾ ਕੰਗਣ ਕਿਥੇ ਹੈ? ਗੋਬਿੰਦ ਰਾਏ ਮਾਤਾ ਜੀ ਨੂੰ ਨਾਲ ਲੈ ਕੇ ਉਸ ਘਾਟ 'ਤੇ ਚਲੇ ਗਏ। ਅਪਣੇ ਹੱਥ ਵਿਚੋਂ ਦੂਜਾ ਕੰਗਣ ਉਤਾਰ ਕੇ ਗੰਗਾ ਦੇ ਡੂੰਘੇ ਪਾਣੀ ਵਿਚ ਵਗਾਹ ਮਾਰਿਆ। ਨਾਲ ਹੀ ਕਹਿ ਦਿਤਾ, " ਜਿਥੇ ਆਹ ਕੰਗਣ ਗਿਆ ਹੈ, ਪਹਿਲਾਂ ਵਾਲਾ ਭੀ ਇਥੇ ਹੀ ਸੁਟਿਆ ਸੀ।" ਮਾਤਾ ਗੁਜਰੀ ਨੇ ਗੋਤਾਖੋਰ ਮੰਗਵਾਏ। ਉਨ੍ਹਾਂ ਦਰਿਆ ਵਿਚ ਚੁੱਭੀਆਂ ਲਾ ਕੇ ਜਦੋਂ ਕੰਗਣ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ। ਗੰਗਾ ਵਿਚ ਸੋਨੇ ਦੇ ਕੰਗਣ ਦੇ ਢੇਰ ਲੱਗੇ ਵੇਖੇ ਅੰਤ ਪਾਰਾਵਾਰ ਕੋਈ ਨਹੀਂ। ਸਾਰੀ ਗੱਲ ਮਾਤਾ ਜੀ

ਨੂੰ ਦੱਸੀ। ਮਾਤਾ ਜੀ ਨੇ ਫਿਰ ਆਪਣੇ ਬੇਟੇ ਦੇ ਕੰਗਣ ਭੀ ਵਿਚੇ ਛੱਡ ਦਿਤੇ ਅਤੇ ਮਹਿਸੂਸ ਹੋਇਆ ਕਿ ਬਾਲਕ ਕੋਈ ਕਰਾਮਾਤੀ ਪੁਰਖ ਹੈ। ਇਸੇ ਘਾਟ ਦੇ ਸ਼ਿਵ ਦੱਤ ਬ੍ਰਾਹਮਣ ਇਸ਼ਨਾਨ ਕਰਨ ਆਇਆ ਕਰਦਾ ਸੀ। ਉਹ ਰਾਮ ਭਗਤ ਸੀ। ਇਕ ਦਿਨ ਸ਼ਿਵਦੱਤ ਨੂੰ ਗੋਬਿੰਦ ਰਾਏ ਨੇ ਪੁੱਛਿਆ ਮੰਗੋ ਕੀ ਮੰਗਦੇ ਹੋ? ਸ਼ਿਵਦੱਤ ਨੇ "ਰਾਮ ਸਰੂਪ ਵਿਚ" ਦਰਸ਼ਨ ਦੇਣ ਲਈ ਬੇਨਤੀ ਕੀਤੀ। ਤਾਂ ਬਾਲਕ ਨੇ "ਆਪਣੀ ਕਲਾ" ਵਰਤਾ ਕੇ ਰਾਮ ਅਵਤਾਰ ਰੂਪ ਹੋ ਕੇ, "ਸ਼ਿਵ ਦੱਤ ਨੂੰ ਦਰਸ਼ਨ ਦਿਤੇ। ਉਸ ਤੋਂ ਮਗਰੋਂ ਜਦੋਂ ਦਿਲ ਕਰੇ ਸ਼ਿਵਦੱਤ ਰਾਮ ਦੇ ਦਰਸ਼ਨ ਕਰ ਲੈਂਦਾ ਸੀ। ਇਥੇ ਕਈ ਸਾਰੀਆਂ ਬਨਾਵਟੀ ਫ਼ੋਟੋਆਂ ਰਖੀਆਂ ਹੋਈਆਂ ਹਨ। ਜਿਨ੍ਹਾਂ ਨੂੰ "ਪੁਰਾਤਨ ਤੇ ਇਤਿਹਾਸਕ ਦਸਿਆ ਜਾ ਰਿਹਾ ਹੈ। ਇਹ ਭੀ ਕੁਫਰ ਤੋਲਿਆ ਜਾਂਦਾ ਹੈ ਕਿ ਹਰ ਸਾਲ ਦਸ ਫੁੱਟ ਉੱਚੀ ਉਠ ਕੇ ਆਪਣਾ ਰਾਹ ਬਦਲ ਕੇ ਗੰਗਾ ਗੋਬਿੰਦ ਰਾਏ ਦੇ ਅਸਥਾਨ ਤਕ ਨਮਸਕਾਰ ਕਰਨ ਆਉਂਦੀ ਹੈ। ਉਂਞ ਉਥੇ ਚਾਰੇ ਬੰਨੇ ਗੰਦਾ ਪਾਣੀ (ਛੱਪੜ) ਤੇ ਗੰਦਗੀ ਦੇ ਢੇਰ ਵੇਖੇ ਜਾ ਸਕਦੇ ਹਨ। ਇਹ ਭੀ ਨਹੀਂ ਦਸ ਸਕੇ ਪੁਜਾਰੀ ਕਿ ਇਹ ਗੰਗਾ ਦਸ ਪੰਦਰਾਂ ਫੁੱਟ ਉਚੀ ਬਰਸਾਤ ਦੇ ਦਿਨਾਂ ਵਿਚ ਹੀ ਕਿਉਂ ਉਠਦੀ ਹੈ? ਹੋਰ ਦਿਨਾਂ ਵਿਚ ਕਿਉਂ ਨਹੀਂ? ਕਿਉਂਕਿ ਬਰਸਾਤ ਵਿਚ ਤਾਂ ਪਾਣੀ ਹਰ ਇਕ ਦਰਿਆ ਵਿਚ ਵਾਧੂ ਹੋ ਜਾਂਦਾ ਹੈ। ਫਿਰ ਉਹ ਕੰਗਣਾ ਦਾ ਵੱਡਾ ਖ਼ਜ਼ਾਨਾ ਕਿਥੇ ਗਿਆ ਜਿਹੜਾ ਗੰਗਾ ਵਿਚ ਪਿਆ ਸੀ? ਇਨ੍ਹਾਂ ਗੱਲਾਂ ਦਾ ਪੁਜਾਰੀਆਂ ਕੋਲ ਕੋਈ ਉਤਰ ਨਹੀਂ ਸੀ।

ਸ਼ਿਵਦੱਤ ਦੀ ਯਾਦ ਲੈ ਕੇ ਇਕ ਕੋਣੇ ਜਿਹੇ ਵਿਚ ਕੁੱਝ ਮੂਰਤੀਆਂ ਤੇ ਕੁੱਝ ਫ਼ੋਟੋਆਂ ਰੱਖ ਕੇ ਇਕ ਬ੍ਰਾਹਮਣ ਬੈਠਾ ਹੋਇਆ ਹੈ। ਆਏ ਸ਼ਰਧਾਲੂਆਂ ਨੂੰ "ਇਤਿਹਾਸ" ਸੁਣਾਉਂਦਾ ਹੈ। ਫਿਰ "ਗੰਗਾ ਅੰਮ੍ਰਿਤ" ਦੇ ਚਮਚੇ ਭਰ ਭਰ ਵਰਤਾਉਂਦਾ ਹੈ। ਬਦਲੇ ਵਿਚ ਸ਼ਾਮ ਤਕ ਉਸ ਦੀ ਚੰਗੀ ਦਿਹਾੜੀ ਬਣ ਜਾਂਦੀ ਹੈ। ਯਾਤਰੂਆਂ ਨੂੰ ਵੇਖ ਕੇ ਦੁਆਲਿਉਂ ਮੰਗਤਿਆਂ ਦੀ ਫ਼ੌਜ ਭੀ ਘੇਰਾ ਪਾ ਲੈਂਦੀ ਹੈ। ਪਈ ਨਵੇਂ ਸ਼ਰਧਾਲੂ ਆਏ ਹਨ, ਕੁੱਝ "ਦਾਨ" ਕਰਨਗੇ। ਗੁਰਮਤਿ ਦਾ ਕਿਤੇ ਨਾਮੋ ਨਿਸ਼ਾਨ ਨਹੀਂ ਹੈ। ਕੋਈ ਇਮਾਰਤ ਨਹੀਂ ਹੈ। ਇਕ ਦੱਸ+ਦੱਸ ਫੁੱਟ ਦਾ ਛੋਟਾ ਜਿਹਾ ਕਮਰਾ ਸਿੱਖ ਸ਼ਕਲ ਵਾਲੇ ਪੁਜਾਰੀ ਕੋਲ ਹੈ। ਇਕ ਹੋਰ ਖੂੰਜਾ ਹਿੰਦੂ ਪੁਜਾਰੀਆਂ ਦੇ ਕਬਜ਼ੇ ਵਿਚ ਹੈ। ਹਿੰਦੂ ਰੀਤੀਆਂ ਹਨ।

3. ਗਊ ਘਾਟ ਗੁਰਦਵਾਰਾ : ਬੋਰਡ 'ਤੇ ਲਿਖੇ ਅਤੇ ਇਥੋ ਦੇ ਪੁਜਾਰੀ (ਸ਼ਕਲ ਤੋਂ ਸਿੱਖ) ਦੇ ਦਸੇ "ਮਹੱਤਵਪੂਰਨ ਇਤਿਹਾਸ ਮੁਤਾਬਕ" ਇਥੇ ਇਕ ਸਾਧ

ਜੈਤ ਰਾਮ ਭਗਤੀ ਕਰਿਆ ਕਰਦਾ ਸੀ। ਆਪਣੀ ਪੂਰਬ ਦੀ ਉਦਾਸੀ ਸਮੇਂ ਗੁਰੂ ਨਾਲਕ ਸਾਹਿਬ ਇਥੇ ਆਏ। ਜੈਤ ਰਾਮ ਨੇ ਗੁਰੂ ਨਾਨਕ ਤੋਂ ਮੁਕਤੀ ਮੰਗੀ, ਉਸ ਵਕਤ ਸਾਧ ਦੀ ਉਮਰ ਢਾਈ ਸੌ ਸਾਲ ਸੀ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਤੈਨੂੰ ਮੁਕਤੀ ਅਸੀਂ ਦਸਵੇਂ ਜਾਮੇ ਵਿਚ ਦਿਆਂਗੇ। ਇਹ ਬੜਾ ਡਰਿਆ ਕਿ ਸਤਿਗੁਰੂ ਜੀ, ਮੈਨੂੰ ਕਿੰਨੇ ਕੁ ਸਾਲ ਹੋਰ ਜੀਣਾ ਪਵੇਗਾ। ਸਤਿਗੁਰੂ ਜੀ ਆਖਣ ਲੱਗੇ ਢਾਈ ਸੌ ਸਾਲ ਹੋਰ ਜੀਵਨ ਹੈ ਤੇਰਾ। ਉਹ ਭਗਤੀ ਕਰਦਾ ਰਿਹਾ। ਦਸਵੇਂ ਗੁਰੂ ਜੀ (ਹਾਸੋ ਹੀਣੀਆਂ ਗੱਲਾਂ ਕਿਉਂਕਿ ਗੁਰੂ ਬਣ ਕੇ ਦਸਵੇਂ ਗੁਰੂ ਇਥੇ ਕਦੀ ਨਹੀਂ ਗਏ।) ਤਕ ਹਰ ਰੋਜ਼ ਗੰਗਾ 'ਤੇ ਇਸ਼ਨਾਨ ਕਰਦਾ ਰਿਹਾ। ਫਿਰ ਦਸਵੇਂ ਗੁਰੂ ਕੋਲ ਬੇਨਤੀ ਕੀਤੀ, ਕਿ ਹੁਣ ਤੁਰਿਆ ਨਹੀਂ ਜਾਂਦਾ, ਗੰਗਾ ਇਸ਼ਨਾਨ ਨਹੀਂ ਕਰ ਸਕਦਾ, ਮੁਕਤੀ ਦਿਉ। ਦਸਵੇਂ ਗੁਰੂ ਨੇ ਕਿਹਾ, ਗੰਗਾ ਤੇਰੇ ਕੋਲ ਗਊ ਬਣ ਕੇ ਖ਼ੁਦ ਆਵੇਗੀ। ਅਪਣੇ ਮੂੰਹ ਵਿਚੋਂ ਪਾਣੀ ਦਾ ਫੁਹਾਰਾ ਚਲਾ ਕੇ, ਤੇਰਾ ਇਸ਼ਨਾਨ ਕਰਾਏਗੀ।" ਇਸ ਤਰ੍ਹਾਂ ਦੀਆਂ (ਕਲਪਤ) ਫ਼ੋਟੋਆਂ ਉਥੇ ਲੱਗੀਆਂ ਮੌਜੂਦ ਹਨ। ਇਸੇ ਤਰ੍ਹਾਂ ਹੋਇਆ ਜੈਤਰਾਮ ਪੰਜ ਸੌ ਸਾਲ ਤੋਂ ਵੱਧ ਉਮਰ ਭੋਗ ਕੇ ਮਰਿਆ। ਗੰਗਾ ਗਊ ਬਣ ਕੇ ਇਸ਼ਨਾਨ ਕਰਾਉਂਦੀ ਰਹੀ।

ਇਥੇ ਹੀ ਡੇਢ-ਡੇਢ ਫੁੱਟ ਦਾ ਰੋਸ਼ਨਦਾਨ ਹੈ। ਇਸ ਦੀ ਕਥਾ ਬੜੀ ਨਿਰਾਲੀ ਹੈ। ਇਸ ਡੇਢ ਫੁੱਟੇ ਰੋਸ਼ਨਦਾਨ ਵਿਚੋਂ ਦੀ, ਗੁਰੂ ਤੇਗ਼ ਬਹਾਦਰ ਸਾਹਿਬ ਘੋੜੇ ਤੇ ਸਵਾਰ ਹੋ ਕੇ, ਸਰਪੱਟ ਦੁੜਾਉਂਦੇ ਹੋਏ ਪਾਰ ਨਿਕਲ ਗਏ। ਵਾਹ ਵਾਹ! ਸਮੇਤ ਘੋੜੇ ਦੇ ਡੇਢ ਕੁ ਫੁੱਟ ਦੇ ਖਾਨੇ ਵਿਚੋਂ ਦੀ ਪਾਰ....! ਇਸੇ ਥਾਂ ਦੋ ਲੱਕੜਦੇ ਥੰਮ੍ਹ ਗੱਡੇ ਹੋਏ ਹਨ, ਜੋ ਕਿ ਤਕੜੇ ਆਦਮੀ ਦੇ ਪੱਟ ਜਿੰਨੇ ਮੋਟੇ ਹੋਣਗੇ। ਉਨ੍ਹਾਂ ਨੂੰ ਰੇਸ਼ਮੀ ਕੱਪੜਿਆਂ ਨਾਲ ਢੱਕ ਕੇ ਰੱਖਿਆ ਜਾਂਦਾ ਹੈ। ਲੋਕੀਂ ਉਨ੍ਹਾਂ ਲੱਕੜ ਦੇ ਥੰਮ੍ਹਾਂ ਨੂੰ, ਜੱਫੀਆਂ ਪਾ ਕੇ ਮੰਨਤਾਂ ਮੰਗਦੇ ਹਨ। ਅੰਨ-ਧਨ, ਦੁੱਧ, ਪੁੱਤ, ਮੁਰਾਦਾਂ ਪੂਰੀਆਂ ਹੋਣ ਤੇ ਮਾਇਆ ਤੇ ਬਸਤਰ, ਇਨ੍ਹਾਂ ਥੰਮ੍ਹਾਂ ਅੱਗੇ ਅਰਪਣ ਕਰਦੇ ਹਨ। ਜਦੋਂ ਇਥੋਂ ਦਾ ਸਿੱਖੀ ਸ਼ਕਲ ਵਾਲਾ ਪੁਜਾਰੀ ਇਹ ਬਕਵਾਸ ਸੁਣਾ ਰਿਹਾ ਸੀ, ਮੈ ਉਸ ਨੂੰ ਫਿਟਕਾਰ ਪਾਉਂਦੇ ਹੋਏ ਕਿਹਾ, "ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਧਰਮ ਅਸਥਾਨ ਵਿਚ, ਗਾਤਰੇ ਕ੍ਰਿਪਾਨ ਪਾ ਕੇ, ਦਾੜ੍ਹੀ ਵਧਾ ਕੇ, ਤੈਨੂੰ ਝੂਠ ਬੋਲਦਿਆਂ ਸ਼ਰਮ ਨਹੀਂ ਆਉਂਦੀ? ਗੁਰੂ ਤੋਂ ਡਰ ਨਹੀਂ ਲੱਗਦਾ? ਉਹ ਸ਼ਰਮਸ਼ਾਰ ਹੋ ਕੇ ਪਰੇ ਕੋਨੇ ਵਿਚ ਜਾ ਬੈਠਿਆ। ਫਿਰ ਉਸ ਨੇ ਸਾਹਮਣੇ ਆਉਣ ਦੀ ਹਿੰਮਤ ਨਾ ਕੀਤੀ। ਮੈਂ ਉਸ ਨੂੰ ਇਹ ਭੀ ਫਿਟਕਾਰ ਪਾਈ ਕਿ ਜੇ ਤੂੰ ਇਥੇ ਗੰਗਾ

ਲਿਆਉਣੀ ਹੈ ਤੇ ਇਸ ਸਾਧ ਦਾ ਇਸ਼ਨਾਨ ਭੀ ਕਰਾਉਣਾ ਹੈ, ਤਾਂ ਗਊ ਦੇ ਮੂੰਹ ਵਿਚੋਂ ਪਾਣੀ ਨਾ ਕੱਢ। ਕਿਉਂਕਿ ਮੰਨੂੰ ਸਿਮ੍ਰਿਤੀ ਮੁਤਾਬਕ ਗਊ ਦਾ ਮੂਤਰ ਗੰਗਾ ਜਲ ਦੇ ਬਰਾਬਰ ਹੈ। ਇਸ ਲਈ ਇਸ ਜੈਤ ਰਾਮ ਕਾਲਪਨਿਕ ਸਾਧ ਦੇ ਸਿਰ ਵਿਚ ਗਊ ਦਾ ਮੂਤਰ ਤਾਂ ਪੁਆ ਦੇਹ...। ਉਹ ਦੋ ਲੱਕੜੀ ਦੇ ਥੰਮ੍ਹ ਭੀ ਸ਼ਿਵ ਦੇ ਲਿੰਗ ਦਾ ਹੀ ਬਦਲਵਾਂ ਰੂਪ ਹਨ। ਇਕ ਨਹੀਂ ਸਗੋਂ ਦੋ ਦੋ ਸ਼ਿਵ ਲਿੰਗ ਗੁਰਦਵਾਰੇ ਦੇ ਅੰਦਰ....! "ਵਾਹ ਮੇਰੇ ਸਤਿਗੁਰੂ ਤੇਰੀ ਲੀਲਾ ਅਪਰ ਅਪਾਰ।"

4. ਹਰਿਮੰਦਰ-ਤਖ਼ਤ-ਗੁਰਦਵਾਰਾ : ਇਹ ਗੁਰਦਵਾਰਾ ਨੌਵੇਂ ਪਾਤਸ਼ਾਹ ਨਾਲ ਅਤੇ ਬਾਲਕ ਗੋਬਿੰਦ ਰਾਏ ਨਾਲ ਸਬੰਧਤ ਹੈ। ਜਦੋਂ ਕਿ ਅਸਲੀਅਤ ਇਹ ਹੈ ਕਿ ਗੋਬਿੰਦ ਰਾਏ ਉਸ ਵਕਤ ਗੁਰੂ ਨਹੀਂ ਸਨ। ਸਾਹਿਬਜ਼ਾਦਿਆਂ ਦੇ ਜਨਮ ਅਸਥਾਨ ਉਥੋਂ ਦੇ ਪੁਜਾਰੀਆਂ ਨੇ ਬਣਾ ਧਰੇ। ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਖੋਜ ਭਰਪੂਰ ਪੁਸਤਕ "ਹੁਕਮਨਾਮੇ" ਵਿਚ ਸਪੱਸ਼ਟ ਲਿਖਿਆ ਹੈ ਕਿ ਇਹ ਗੁਰਦਵਾਰਾ ਹੈ। ਇਸ ਦਾ ਪਹਿਲਾ ਨਾਮ "ਪੰਘੂੜਾ ਸਾਹਿਬ" ਸੀ। ਬਹੁਤ ਮਗਰੋਂ ਜਾ ਕੇ ਪੰਘੂੜਾ ਨਾਮ ਉਚਿਤ ਨਾ ਜਾਣ ਕੇ, ਹਰਿਮੰਦਰ ਕਿਹਾ ਜਾਣ ਲੱਗਾ। ਇਥੋਂ ਕਦੀ ਇਕ ਵਾਰੀ ਭੀ "ਹੁਕਮਨਾਮਾ" ਜਾਰੀ ਨਹੀਂ ਹੋਇਆ। ਹਾਂ ਸਿੱਖ ਸੰਗਤਾਂ ਦੇ ਨਾਮ ਚਿੱਠੀਆਂ ਕਈ ਪ੍ਰਕਾਰ ਦੀਆਂ ਲਿਖੀਆਂ ਮਿਲਦੀਆਂ ਹਨ। ਅਜਿਹੀਆਂ ਚਿੱਠੀਆਂ ਜਿਥੇ ਭੀ ਗੁਰੂ ਜੀ ਬਿਰਾਜੇ ਸਨ, ਉਥੋਂ ਹੀ ਅਕਸਰ ਅਪਣੇ ਮੁਨਸ਼ੀ ਰਾਹੀਂ ਲਿਖਵਾਉਂਦੇ ਸਨ। ਇਹ ਕਦੀ ਭੀ ਤਖ਼ਤ ਨਹੀਂ ਸੀ, ਨਾ ਹੈ। ਸਾਰੇ ਲੀਡਰਾਂ ਦੀਆਂ ਕਮਜ਼ੋਰੀਆਂ, ਨਾ ਸਮਝੀਆਂ ਤੇ ਖ਼ੁਦ ਗਰਜ਼ੀਆਂ ਨੇ ਇਹ ਵੱਡੇ ਵਿਗਾੜ ਤੇ ਝਮੇਲੇ ਖੜੇ ਕਰ ਦਿਤੇ।

ਇਸ ਥਾਂ ਤਿੰਨ ਗ੍ਰੰਥ ਪ੍ਰਕਾਸ਼ ਕਰ ਕੇ ਟਿਕਾਏ ਹੋਏ ਹਨ। ਦੋ ਗੁਰੂ ਗ੍ਰੰਥ ਸਾਹਿਬ ਜੀ, ਤੇ ਇਕ ਅਖੌਤੀ ਦਸਮ ਗ੍ਰੰਥ ਹੈ। ਪੰਜ ਕੁ ਫੁੱਟ ਪਿਛੇ ਜੋ ਬੀੜ ਪ੍ਰਕਾਸ਼ ਕੀਤੀ ਜਾਂਦੀ ਹੈ, ਉਸ ਤੋਂ ਕੇਵਲ ਸਵੇਰੇ ਵਾਕ ਲਿਆ ਜਾਂਦਾ ਹੈ। ਫਿਰ ਬੀੜ ਦੇ ਉਪਰ ਬਾਲ ਗੋਬਿੰਦ ਰਾਏ ਦੀ ਫ਼ਰਜ਼ੀ ਬਣਾਵਟੀ ਫ਼ੋਟੋ ਟਿਕਾ ਦਿਤੀ ਜਾਂਦੀ ਹੈ। ਦਿਨ ਭਰ ਹਰ ਰੋਜ਼ ਇਸੇ ਤਰ੍ਹਾਂ ਹੁੰਦਾ ਹੈ। ਉਸ ਬੀੜ ਤੋਂ ਅੱਗੇ ਇਕ ਹੋਰ ਬੀੜ ਟਿਕਾਈ ਹੋਈ ਹੈ। ਇਸ ਦੇ ਸਾਹਮਣੇ, ਇਕ ਦੂਜੇ ਵਲ ਮੂੰਹ ਕਰ ਕੇ, ਇਕ ਅਖੌਤੀ ਦਸਮ ਗ੍ਰੰਥ ਰਖਿਆ ਹੋਇਆ ਹੈ। ਪੁੱਛਣ 'ਤੇ ਦਸਿਆ ਗਿਆ ਕਿ ਸਾਡੀਆਂ ਇਹੀ ਪੁਰਾਤਨ ਮਰਿਆਦਾਵਾਂ ਹਨ, ਅਸੀ ਕਿਸੇ ਦੇ ਆਖੇ ਲੱਗ ਕੇ ਥੋੜਾ ਈ ਬਦਲ ਦੇਣੀਆਂ ਹਨ ?

ਕੰਨਾਂ ਵਿਚੋਂ ਮੈਲ ਕੱਢਣ ਵਾਲੇ ਸ਼ਨੀ ਦੇ ਪੁਜਾਰੀ ਮੰਗਤਿਆਂ ਵਰਗੇ, ਉਥੋਂ ਦੇ ਪਾਠੀਆਂ ਦੇ ਪਹਿਰਾਵੇ ਵੇਖ ਕੇ ਬਹੁਤ ਹੈਰਾਨੀ ਹੋਈ। ਕੀ ਸਿੱਖਾਂ ਦਾ ਇਹੀ ਪਹਿਰਾਵਾ ਨਿਸ਼ਚਿਤ ਹੋ ਗਿਆ ਹੈ? ਇਥੇ ਹੀ ਗ੍ਰੰਥੀਆਂ ਨੇ ਦਸਿਆ ਕਿ ਜੇ ਸਿਰੋਪਾ ਲੈਣਾ ਚਾਹੁੰਦੇ ਹੋ ਤਾਂ ਆਮ ਲਈ 125 ਰੁਪਏ ਜਮ੍ਹਾਂ ਕਰਾਉ। ਜੇ ਵਧੀਆ ਸਿਰੋਪਾ ਲੈਣਾ ਚਾਹੁੰਦੇ ਹੋ ਤਾਂ ਰੇਟ 525 ਰੁਪਏ ਹੈ। ਜਦੋਂ ਪੁੱਛਿਆ ਕਿ ਇਹ ਸਿਰੋਪੇ ਕਿਸੇ ਦੀ ਉਘੀ ਸੇਵਾ ਵੇਖ ਕੇ ਦਿਤੇ ਜਾਂਦੇ ਹਨ? ਜੀ ਬਹੁਤੀਆਂ ਗੱਲਾਂ ਪ੍ਰਬੰਧਕਾਂ ਨੂੰ ਪੁੱਛੋ। ਇਸ ਥਾਂ ਪ੍ਰਚਲਤ ਕਹਾਣੀ ਮੁਤਾਬਕ ਜੋ ਇਥੇ ਮਿੱਠੇ ਜਲ ਵਾਲਾ ਖੂਹ ਹੈ, ਉਸ ਤੋਂ ਲੜਕੀਆਂ ਪਾਣੀ ਲੈਣ ਆਇਆ ਕਰਦੀਆਂ ਸਨ। "ਸ਼ਰਾਰਤੀ" ਗੋਬਿੰਦ ਰਾਏ ਉਨ੍ਹਾਂ ਦੇ ਗੁਲੇਲ ਨਾਲ ਘੜੇ ਭੰਨ ਦਿੰਦਾ ਸੀ। ਸ਼ਿਕਾਇਤ ਹੋਣ 'ਤੇ ਮਾਤਾ ਗੂਜਰੀ ਜੀ ਨੇ ਗਾਗਰਾਂ ਖ਼ਰੀਦ ਦਿਤੀਆਂ। ਗੋਬਿੰਦ ਰਾਏ ਜੀ ਨੇ ਤੀਰ ਕਮਾਨ ਲੈ ਕੇ ਗਾਗਰਾਂ ਵਿੰਨ੍ਹ ਦਿਤੀਆਂ। ਵਿਚਾਰੀਆਂ ਬੀਬੀਆਂ ਰੋਂਦੀਆਂ ਹੋਈਆਂ ਮਾਤਾ ਜੀ ਕੋਲ ਆ ਫਰਿਆਦੀ ਹੋਈਆਂ। ਸਾਰੀ ਹੋਈ ਬੀਤੀ ਦੱਸੀ। ਮਾਂ ਗੂਜਰੀ ਨੇ ਆਪਣੇ ਲਾਡਲੇ ਪੁੱਤਰ ਨੂੰ ਬੁਰੇ ਕਾਰੇ ਕਰਨ ਤੋਂ ਨਾ ਵਰਜਿਆ। ਸਗੋਂ ਦੁਖੀ ਹੋ ਕੇ ਖੂਹ ਦਾ ਪਾਦੀ ਸੁੱਕ ਜਾਣ ਦਾ "ਸਰਾਪ" ਦੇ ਦਿਤਾ। ਉਸ ਤੋਂ ਬਾਅਦ ਸਾਰੇ ਨਗਰ ਵਾਸੀਆਂ ਨੇ ਪਾਣੀ ਕਿਥੋਂ ਪੀਤਾ? ਬਿਨਾਂ ਪਾਣੀ ਉਨ੍ਹਾਂ ਦਾ ਗੁਜ਼ਾਰਾ ਕਿਵੇਂ ਹੋਇਆ? ਇਨ੍ਹਾਂ ਗੱਲਾਂ ਦਾ ਕੋਈ ਜਵਾਬ ਨਹੀਂ ਦਿਤਾ ਗਿਆ। ਪਰ ਅੱਜ ਕਲ ਉਸ ਖੂਹ 'ਤੇ ਜਾਲੀ ਦੀ ਛੱਤ ਪਾਈ ਹੈ, ਫਿਰ ਭੀ ਕਬੂਤਰਾਂ ਦੀਆਂ ਵਿੱਠਾਂ ਪਾਣੀ ਅੰਦਰ ਆਮ ਹੀ ਚਲੀਆਂ ਜਾਂਦੀਆਂ ਹਨ। ਇਸ ਖੂਹੀ ਵਿਚੋਂ ਬਿਜਲੀ ਦੀ ਮੋਟਰ ਨਾਲ "ਅੰਮ੍ਰਿਤ" ਕੱਢ ਕੇ ਨੇੜੇ ਪਈ ਇਕ ਟੈਂਕੀ ਵਿਚ ਭਰ ਲਿਆ ਜਾਂਦਾ ਹੈ। ਦਿਨ ਰਾਤ ਸ਼ਰਧਾਲੂਆਂ ਨੂੰ "ਖੂਹੀ ਦਾ ਟੂਟੀ ਅੰਮ੍ਰਿਤ" ਪਿਆਇਆ ਜਾਂਦਾ ਹੈ।

ਉਥੇ ਇਹ ਭੀ ਲਿਖਿਆ ਹੋਇਆ ਹੈ ਕਿ ਇਸ ਅੰਮ੍ਰਿਤ ਨਾਲ ਹੱਥ ਨਹੀਂ ਧੋਣੇ। ਕੁਰਲੀ ਨਹੀਂ ਕਰਨੀ ਆਦਿ। ਜਦੋਂ ਪੁੱਛਿਆ ਕਿ ਸਰਾਪ ਕਾਰਨ ਖੂਹੀ ਦਾ ਪਾਣੀ ਸੁੱਕ ਗਿਆ ਸੀ, ਫਿਰ ਕਿਸ ਵਰਦਾਨ ਤੇ ਕਿਸ ਵਿਧੀ ਨਾਲ ਕਿਹੜੀ ਤਰੀਕ ਨੂੰ ਪਾਣੀ ਵਾਪਸ ਆਇਆ ਸੀ? ਕੋਈ ਜਵਾਬ ਨਹੀਂ ਦਿਤਾ ਗਿਆ। ਇਕ ਖ਼ਾਸ ਡਿਉਢੀ ਜਾਂ ਡਾਟ ਹੇਠਾਂ ਦੀ ਲੰਘ ਕੇ ਜਾਣ ਦੀ ਲਿਖ ਕੇ ਪ੍ਰੇਰਨਾ ਕੀਤੀ ਗਈ ਹੈ। ਅਖੇ, ਇਥੋਂ ਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਲੰਘ ਕੇ ਗਏ ਸਨ। ਜਦੋਂ ਪੁਛਿਆ ਕਿ ਗੁਰੂ ਤੇਗ ਬਹਾਦਰ ਜੀ ਤਾਂ ਇਸ ਇਨਾਕੇ ਵਿਚ ਕਈ ਸਾਲ ਰਹੇ ਸਨ। ਇਸ ਇਕੋ ਡਾਟ ਹੇਠਾਂ ਦੀ ਕਿਉਂ? ਹੋਰ ਕਿੰਨੀਆਂ ਥਾਵਾਂ ਵਿਚੋਂ ਦੀ

ਲੰਘੇ, ਬੈਠੇ, ਖਲੋਤੇ ਹੋਣਗੇ ? ਉਨ੍ਹਾਂ ਥਾਵਾਂ ਬਾਰੇ ਕੀ ਵਿਚਾਰ ਹੈ ? ਇਸ ਅਸਥਾਨ ਦੀ ਮਹਾਨਤਾ ਵੱਧ ਹੈ ਜਾਂ ਗੁਰੂ ਗ੍ਰੰਥ ਸਾਹਿਬ ਜ਼ਿਆਦਾ ਮਹਾਨ ਹੈ ? ਕੋਈ ਜਵਾਬ ਨਹੀਂ ਦਿਤਾ ਗਿਆ। ਨਿਰੁਤਰ ਹੋਣ ਤੋਂ ਬਾਅਦ ਇਕੋ ਗੱਲ ਹੋਇਆ ਕਰਦੀ ਸੀ, "ਸਾਡੀ ਇਹੀ ਮਰਿਆਦਾ ਹੈ, ਪੁਰਾਤਨ ਸਮੇਂ ਤੋਂ ਚਲਦੀ ਆ ਰਹੀ ਹੈ।"

ਕੁੱਝ ਹੋਰ ਗੁਰਦਵਾਰੇ ਭੀ ਹਨ, ਪਟਨੇ ਵਿਚ ਜਿਨ੍ਹਾਂ ਨੂੰ ਵੇਖਣ ਦਾ ਸਾਧਨ ਨਹੀਂ ਬਣ ਸਕਿਆ। ਵਿਸ਼ਵਾਸ ਹੈ ਕਿ ਬਾਕੀ ਗੁਰੂ ਘਰਾਂ ਦਾ ਪ੍ਰਬੰਧ ਇਨ੍ਹਾਂ ਨਾਲੋਂ ਵਧੀਆ ਨਹੀਂ ਹੋ ਸਕਦਾ। ਮਨ ਬਹੁਤ ਉਦਾਸ ਹੈ, ਸਾਧਨ ਕੋਈ ਨਹੀਂ। ਆਵਾਜ਼ ਬਹੁਤ ਧੀਮੀ ਹੈ, ਮੇਰੇ ਵਰਗਾ ਇਕ, ਇਕੱਲਾ ਵਿਅਕਤੀ ਹਉਕੇ ਭਰ ਸਕਦਾ ਹੈ। ਸਤਿਗੁਰੂ ਅੱਗੇ ਤਰਲਾ ਕਰ ਸਕਦਾ ਹੈ। ਜਾਂ ਫਿਰ ਇਨ੍ਹਾਂ ਟੁੱਟੇ ਭੁੱਟੇ ਅੱਖ਼ਰਾਂ ਰਾਹੀਂ ਦਿਲ ਦਾ ਦਰਦ ਸਮਝਦਾਰ ਗੁਰਸਿੱਖ ਵੀਰਾਂ, ਭੈਣਾਂ ਅੱਗੇ ਰੱਖ ਸਕਦਾ ਹੈ। ਸ਼ਾਇਦ ਕਦੀ ਕੋਈ ਸੁਧਾਰ ਦਾ ਬਾਨਣੂੰ ਬੰਨਿਆ ਜਾ ਸਕੇ। ਸਤਿਗੁਰੂ ਜੀ ਸਾਨੂੰ ਸਾਰਿਆਂ ਨੂੰ ਸੁਮੱਤ ਬਖ਼ਸ਼ਣ। ਗੁਰਵਾਕ ਹਨ :

ਹਠ ਅਹੰਕਾਰ ਕਰੈ ਨਹੀਂ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ ॥
(905)

ਸਭੇ ਗਲਾਂ ਜਾਤੀਆਂ ਸੁਣਿ ਕੈ ਚੁਪ ਕੀਆ ॥
ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥
ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥
ਕੋਈ ਜਿ ਮੂਰਖ ਲੋਭੀਆ ਮੂਲਿ ਨ ਸੁਣੀ ਕਹਿਆ ॥ (218)

***

# ਲਾਲਚੁ ਛੋਡਹੁ ਅੰਧਿਹੋ !

ਸਤਿਗੁਰੂ ਜੀ ਨੇ ਮਨੁੱਖੀ ਜੀਵਨ ਨੂੰ ਵਿਕਾਰਾਂ ਤੋਂ ਰਹਿਤ, ਗੁਣਾਂ ਨਾਲ ਭਰਪੂਰ ਬਣਾਉਣ ਵਾਸਤੇ ਜ਼ੋਰਦਾਰ ਉਪਰਾਲੇ ਕੀਤੇ। ਗੁਰਬਾਣੀ ਰਚਣ ਦਾ ਮੁੱਖ ਮਕਸਦ ਹੀ ਇਹ ਸੀ ਕਿ ਗੁਰੂ ਕੇ ਅਖਵਾਉਣ ਵਾਲੇ, ਇਸ ਪਾਵਨ ਬਾਣੀ ਤੋਂ ਸਦਾ ਅਗਵਾਈ ਲੈ ਕੇ ਜੀਵਨ ਬਤੀਤ ਕਰਨ। ਜਿਥੇ ਆਮ ਸਿੱਖਾਂ ਸ਼ਰਧਾ ਭਾਵਨਾ ਜ਼ਿਆਦਾ ਰਖਦਾ ਹੈ, ਗਿਆਨ ਜ਼ਿਆਦਾ ਨਹੀਂ ਹੁੰਦਾ। ਇਸ ਲਈ ਆਮ ਸਿੱਖ ਕਿਸੇ ਗੁਰਮਤਿ ਦੇ ਅਸੂਲ ਦੀ ਉਲੰਘਣਾ ਕਰ ਜਾਵੇ ਤਾਂ ਬਹੁਤਾ ਅਫ਼ਸੋਸ ਨਹੀਂ ਹੈ, ਕਿਉਂਕਿ ਉਹ ਅਣਜਾਣ ਹੈ। ਧਰਮ ਦੇ ਪ੍ਰਚਾਰਕ ਆਮ ਸਿੱਖ ਲਈ ਮਾਡਲ ਹੋਇਆ ਕਰਦੇ ਹਨ, ਪਰ ਜੇ ਧਰਮ ਪ੍ਰਚਾਰਕ ਹੀ ਲੋਭੀ, ਫਰੇਬੀ, ਝੂਠੇ, ਵਿਭਚਾਰੀ, ਕੌੜਾ ਬੋਲਣ ਵਾਲੇ ਤੇ ਹੰਕਾਰੀ ਹੋਣ, ਉਸ ਵਕਤ ਆਮ ਸਿੱਖ ਕਿਥੋਂ ਗੁਰਮਤਿ ਸਿੱਖੇ ? ਕਿਸ ਨੂੰ ਆਪਣਾ ਰੋਲ ਮਾਡਲ ਬਣਾਵੇ ? ਜਦੋਂ ਹਰ ਰੋਜ਼ ਗੁਰਬਾਣੀ ਪੜ੍ਹਨ ਗਾਉਣ ਵਾਲੇ, ਅਨੇਕ ਔਗੁਣਾਂ ਵਿਚ ਡੁੱਬੇ ਹੋਏ ਹੋਣ ਤਾਂ ਆਮ ਸਿੱਖ ਕਿਥੇ ਜਾਵੇ ? ਇਨ੍ਹਾਂ ਪਾਠੀਆਂ ਪ੍ਰਚਾਰਕਾਂ ਤੋਂ ਬਾਅਦ, ਉਪਰਲੇ ਦਰਜੇ 'ਤੇ ਬੈਠੇ ਹਨ ਪ੍ਰਬੰਧਕ। ਇਨ੍ਹਾਂ ਦੀ ਡਿਊਟੀ ਤਾਂ ਇਹ ਹੋਣੀ ਚਾਹੀਦੀ ਸੀ ਕਿ ਸੰਗਤਾਂ ਲਈ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਉਣ। ਚੰਗੇ ਪ੍ਰਚਾਰਕਾਂ ਤੋਂ ਗੁਰਮਤਿ ਦੀ

ਸਹੀ ਵਿਆਖਿਆ ਸੰਗਤਾਂ ਨੂੰ ਸੁਣਾਉਣ। ਆ ਰਹੀ ਮਾਇਆ (ਗੋਲਕ) ਨੂੰ ਬਹੁਤ ਹੀ ਸੂਝ ਸਿਆਣਪ ਨਾਲ, ਯੋਗ ਢੰਗ ਨਾਲ ਖ਼ਰਚਣ, ਇਕ ਪੈਸਾ ਭੀ ਬੇਕਾਰ ਨਾ ਜਾਣ ਦੇਣ ਪਰ ਹੁੰਦਾ ਇਸ ਦੇ ਉਲਟ ਹੈ, ਗੁਰੂ ਕੀ ਗੋਲਕ ਅੱਜ ਗੁਰੂ ਤੋਂ ਖ਼ੁਸ਼ ਗਈ ਹੈ। ਇਹ ਪ੍ਰਬੰਧਕਾਂ ਦੇ ਕਬਜੇ ਵਿਚ ਆ ਚੁਕੀ ਹੈ, ਇਸ ਨੂੰ ਜਿਵੇਂ ਦਿਲ ਚਾਹੇ, ਖ਼ੁਰਦ ਬੁਰਦ ਕਰਨ। ਬਖ਼ਸ਼ਿੰਦ ਗੁਰੂ ਤਾਂ ਸਾਰਿਆਂ ਨੂੰ "ਬਖ਼ਸ਼" ਹੀ ਦਿੰਦਾ ਹੈ ਨਾਲੇ "ਵਿਚਾਰੇ ਪ੍ਰਬੰਧਕ" ਤਾਂ ਤਨਖ਼ਾਹ ਭੀ ਨਹੀਂ ਲੈਂਦੇ, ਬਹੁਤ ਸਾਰਾ ਵਕਤ ਗੁਰਦਵਾਰੇ ਦੀ 'ਸੇਵਾ' ਨੂੰ ਅਰਪਣ ਕਰਦੇ ਹਨ। ਫਿਰ ਮੈਂਬਰੀ, ਪ੍ਰਧਾਨਗੀ ਪ੍ਰਾਪਤ ਕਰਨ ਵਾਸਤੇ, ਕਿਨ੍ਹਾਂ ਤੰਗ ਰਾਹਾਂ, ਔਖੀਆਂ ਘਾਟੀਆਂ ਵਿਚੋਂ ਦੀ ਲੰਘਣਾ ਪੈਂਦਾ ਹੈ, ਜੀਹਦੇ ਨਾਲ ਬੀਤਦੀ ਹੈ, ਉਹ ਜਾਣਦਾ ਹੈ। ਵੋਟਾਂ ਲੈਣ ਵਾਸਤੇ ਅਫ਼ੀਮ ਸ਼ਰਾਬ ਦੇ "ਲੰਗਰ" ਲਾਉਣੇ ਪੈਂਦੇ ਹਨ। ਬਹੁਤ ਸਾਰੇ ਲੱਠ ਮਾਰ ਨਾਲ ਰੱਖਣੇ ਪੈਂਦੇ ਹਨ, ਤਾਂ ਕਿ ਕੋਈ ਮਾਈ ਦਾ ਲਾਲ ਰਾਹ ਦਾ ਰੋੜਾ ਨ ਬਣ ਖਲੋਵੇ। ਸੱਟਾਂ ਫੇਟਾਂ ਲੱਗ ਜਾਣੀਆਂ "ਸੇਵਾ ਵਿਚ ਦ੍ਰਿੜਤਾ" ਪੈਦਾ ਕਰਦੀਆਂ ਹਨ। ਮੁਕੱਦਮੇ ਚਲਣੇ, ਜੇਲ੍ਹ ਜਾਣਾ ਤਾਂ ਪ੍ਰਬੰਧਕਾਂ ਵਾਸਤੇ ਤੁੱਛ ਗੱਲਾਂ ਹਨ। ਬਲਕਿ ਅਸਲ ਲੀਡਰ ਹੀ ਉਹ ਬਣਦਾ ਹੈ ਜੋ ਸ਼ਰਾਫ਼ਤ ਨੂੰ ਧਰਤੀ ਵਿਚ ਡੂੰਘਾ ਟੋਆ ਪੁੱਟ ਕੇ ਦਫ਼ਨ ਕਰ ਚੁਕਿਆ ਹੋਵੇ।

ਪੰਥ ਪ੍ਰਸਿੱਧ ਵਿਦਵਾਨ ਸ. ਕਪੂਰ ਸਿੰਘ ਕੋਲ ਇਕ ਨੀਲੀ ਪਗੜੀ ਤੇ ਭਰਵੀਂ ਗੋਗੜ ਵਾਲਾ "ਜਥੇਦਾਰ" ਆਣ ਪਹੁੰਚਿਆ। ਦੋ ਤਿੰਨ ਵਾਰ "ਜਥੇਦਾਰ" ਨੇ ਆਪਣੀ ਜਾਣ ਪਛਾਣ ਕਰਾਈ। ਸ੍ਰ. ਜੀ ਨੇ ਉਸ ਵੱਲ ਬਹੁਤਾ ਧਿਆਨ ਨਾ ਦਿਤਾ। "ਜਥੇਦਾਰ" ਜੀ ਨੇ ਆਪਣੀ ਹੋਰ ਡੂੰਘੀ ਵਾਕਫੀ ਕਰਾਉਂਦਿਆਂ ਕਿਹਾ : "ਸ. ਕਪੂਰ ਸਿੰਘ ਜੀ! ਮੈਂ ਜ਼ਿਲ੍ਹਾ ਅਕਾਲੀ ਦਲ ਦਾ ਪ੍ਰਧਾਨ ਹਾਂ ਅਤੇ ਛੇ ਮਹੀਨੇ "ਧਰਮ ਯੁੱਧ" ਮੋਰਚੇ ਵਿਚ ਕੈਦ ਭੀ ਕੱਟ ਕੇ ਆਇਆ ਹਾਂ। ਇਕ ਤੁਸੀ ਹੋ ਕਿ ਗੱਲ ਹੀ ਧਿਆਨ ਨਹੀਂ ਸੁਣਦੇ।"

ਸ੍ਰ. ਕਪੂਰ ਸਿੰਘ : "ਜਥੇਦਾਰ ਜੀ! ਸੱਚ ਹੈ ਕਿ ਤੁਸੀਂ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਹੋ। ਇਹ ਭੀ ਸੱਚ ਹੈ ਕਿ ਤੁਸੀਂ ਛੇ ਮਹੀਨੇ ਕੈਦ ਕੱਟੀ ਹੈ ਪਰ ਮੈਂ ਤੁਹਾਡੇ ਮੰਦੇ ਚੰਗੇ ਕਾਰਿਆਂ ਬਾਰੇ ਭੀ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਤਾਂ ਸ਼ੁੱਕਰ ਹੈ ਕਿ ਤੁਸੀਂ ਕਿਸੇ ਅਕਾਲੀ ਮੋਰਚੇ ਵਿਚ ਗ੍ਰਿਫ਼ਤਾਰੀ ਦੇ ਕੇ ਕੈਦ ਕੱਟੀ ਹੈ। ਵਰਨਾ ਤੁਹਾਡੇ ਵਰਗੇ ਇਖ਼ਲਾਕ ਵਾਲਿਆਂ ਨੂੰ ਤਾਂ ਹੋਣਾ ਹੀ ਜੇਲ੍ਹ ਵਿਚ ਚਾਹੀਦਾ ਸੀ। ਸ਼ਰਾਬ ਦੀ ਭੱਠੀ ਫੜੀ ਜਾਣ ਤੇ, ਚੋਰੀ ਚਕਾਰੀ ਕਰਨ ਤੇ, ਜਾਂ ਕਿਸੇ ਦੀ ਨੂੰਹ ਧੀ

ਨਾਲ ਮੰਦਾ ਸਲੂਕ ਕਰਨ ਤੇ ਭੀ ਤੁਸੀਂ ਜੇਲ੍ਹ ਵਿਚ ਹੀ ਹੋਣਾ ਸੀ।" ਇਹ ਗੱਲ ਬਹੁਤ ਪਹਿਲਾਂ ਦੀ ਹੈ, ਅੱਜ ਤਾਂ ਹਾਲਾਤ ਹੋਰ ਬਦ ਤੋਂ ਬਦਤਰ ਹੋ ਚੁਕੇ ਹਨ।

ਭਗਤ ਪੂਰਨ ਸਿੰਘ ਜੀ ਪਿੰਗਲਵਾੜੇ ਵਾਲੇ ਬਹੁਤ ਬਿਰਧ ਹੋ ਗਏ। ਉਨ੍ਹਾਂ ਦੀ ਕਮਜ਼ੋਰੀ ਦਾ ਕਈ ਮਨਮੁੱਖਾਂ ਨੇ ਸ਼ਰਮਨਾਕ ਕਿਸਮ ਦਾ ਫ਼ਾਇਦਾ ਉਠਾਇਆ। ਜਦੋਂ ਬੀਬੀ ਇੰਦਰਜੀਤ ਕੌਰ ਨੇ ਪਿੰਗਲਵਾੜੇ ਦੀ ਵਾਗਡੋਰ ਸੰਭਾਲੀ ਤਾਂ ਵੇਖਿਆ "ਵੱਡੇ ਸੇਵਾਦਾਰ", ਕਿਵੇਂ ਧਾਂਦਲੀਆਂ ਮਚਾ ਰਹੇ ਹਨ। ਉਨ੍ਹਾਂ ਨੇ ਤੁਰੰਤ ਸਾਰੀਆਂ ਥਾਵਾਂ 'ਤੇ ਰੱਖੀਆਂ, ਗੋਲਕਾਂ ਦੇ ਤਾਲੇ ਬਦਲ ਦਿਤੇ। ਗੋਲਕਾਂ ਖੋਲ੍ਹ ਕੇ ਲਿਆਉਣ ਵਾਲੇ "ਸੇਵਾਦਾਰ" ਬਦਲ ਦਿਤੇ। ਬੜਾ ਕੋਹਰਾਮ ਮਚਿਆ, ਹੜਤਾਲਾਂ ਹੋਈਆਂ, ਧਮਕੀਆਂ ਦਿਤੀਆਂ ਗਈਆਂ ਪਰ ਬੀਬੀ ਅਡੋਲ ਰਹੀ। ਸਗੋਂ ਕਈ ਵਿਗੜੇ ਹੋਏ ਵਿਅਕਤੀਆਂ ਨੂੰ ਨੌਕਰੀ ਤੋਂ ਬਰਤਰਫ਼ ਕਰ ਦਿਤਾ। ਅਗਲੀ ਵਾਰੀ ਜਦੋਂ ਗੋਲਕਾਂ ਵਿਚੋਂ ਮਾਇਆ ਅੰਮ੍ਰਿਤਸਰ (ਪਿੰਗਲਵਾੜੇ) ਪਹੁੰਚੀ ਤਾਂ ਪਹਿਲੇ ਸਮਿਆਂ ਨਾਲੋਂ ਦੁੱਗਣੀ ਰਕਮ ਸੀ।

ਛੋਟੇ ਗੁਰਦਵਾਰਿਆਂ ਜਾਂ ਅਦਾਰਿਆਂ ਦੀ ਗੱਲ ਛੱਡ ਕੇ, ਸਿੱਖਾਂ ਦੀ "ਮਿਨੀ ਪਾਰਲੀਮੈਂਟ" ਵਿਧਾਨਕ ਤਰੀਕੇ ਚੁਣੀ ਹੋਈ ਸੰਸਥਾ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਗੱਲ ਕਰੀਏ। ਇਸ 'ਮਹਾਨ' ਸੰਸਥਾ ਵਿਚ ਗੋਲ ਮਾਲ ਤਾਂ ਅੱਗੇ ਭੀ ਹੁੰਦਾ ਰਹਿੰਦਾ ਸੀ। ਅੱਗੇ ਇਕ ਤਾਂ ਕੁੱਝ ਕੁ ਗੁਰੂ ਦਾ ਭੈ ਮੰਨ ਕੇ "ਡਰਦਿਆਂ ਡਰਦਿਆਂ" ਗੋਲਕ ਦਾ ਪੈਸਾ ਡਕਾਰਿਆ ਜਾਂਦਾ ਸੀ। ਦੂਜਾ ਉਨ੍ਹਾਂ ਸਮਿਆਂ ਵਿਚ ਆਬਾਦੀ ਘੱਟ, ਰੁਪਏ ਦੀ ਕੀਮਤ ਵੱਧ, ਚੜ੍ਹਾਵਾ ਭੀ ਘੱਟ ਚੜ੍ਹਦਾ ਸੀ। ਤੀਜਾ ਮੀਡੀਏ ਦਾ ਰੋਲ ਬੜਾ ਨਿਗੁਣਾ ਜਿਹਾ ਸੀ। "ਚਲੋ ਛੱਡੋ ਸਾਨੂੰ ਕੀ" ਆਖ ਕੇ ਨਜ਼ਰ ਅੰਦਾਜ਼ ਭੀ ਕਰ ਜਾਂਦੇ ਸਨ। ਆਮ ਸਿੱਖ ਭੀ ਤਦੋਂ ਇਨ੍ਹਾਂ ਸੁਚੇਤ ਨਹੀਂ ਸੀ। ਬਾਬਾ ਫ਼ਤਿਹ ਸਿੰਘ (ਪ੍ਰਧਾਨ ਸ਼੍ਰੋਮਣੀ ਕਮੇਟੀ) ਵਕਤ ਕੜਾਹ ਪ੍ਰਸ਼ਾਦ ਦਾ ਚੰਗਾ ਵੱਡਾ ਸਕੈਂਡਲ ਸਹਮਣੇ ਆਇਆ ਸੀ। ਮਗਰੋਂ ਅਨੰਦਪੁਰ ਸਾਹਿਬ ਵਿਖੇ ਸਾਬਣ ਸੋਡਾ ਖ਼ਰੀਦਣ ਦਾ ਸਕੈਂਡਲ ਭੀ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਚੁਕਿਆ ਹੈ। ਇਸ ਤੋਂ ਬਾਅਦ ਸਿਰੋਪਿਆਂ ਦਾ ਕਪੜਾ ਖ਼ਰੀਦਣ ਵਿਚ ਭੀ ਕਈਆਂ ਨੇ ਹੱਥ ਰੰਗ ਲਏ ਸਨ। ਗੋਲਕਾਂ ਦੀ ਗਿਣਤੀ ਕਰਨ ਦਾ ਢੰਗ ਤਾਂ ਪੂਰੀ ਤਰ੍ਹਾਂ "ਗੋਪਨੀਯ" ਰਖਿਆ ਜਾਂਦਾ ਹੈ। ਗੁਰਦਵਾਰਿਆਂ ਦੀ "ਕਾਰ ਸੇਵਾ" ਕਿਵੇਂ ਨਿਲਾਮ ਹੁੰਦੀ ਹੈ ਇਹ ਤਾਂ ਬੱਚੇ ਬੱਚੇ ਨੂੰ ਪਤਾ ਲਗ ਚੁਕਿਆ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਆਪੋ ਅਪਣੇ ਹਲਕੇ ਦੇ ਗੁਰਦਵਾਰਿਆਂ ਤੇ, ਪੂਰੇ ਮਾਲਕਾਂ ਵਾਲੇ

ਅਧਿਕਾਰ ਪ੍ਰਾਪਤ ਹਨ। ਰੁਮਾਲੇ ਚੰਦੋਏ ਮਰਿਆਂ ਨਮਿਤ ਦਿਤੇ ਬਰਤਣ ਤੇ ਕਪੜੇ, ਕਿਵੇਂ "ਰੀਸਾਈਕਲਿੰਗ" ਹੁੰਦੇ ਹਨ, ਪੜ੍ਹ ਸੁਣ ਕੇ ਕਲੇਜਾ ਪਾਟਦਾ ਹੈ। ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਇਕ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਸਨਸਨੀਖੇਜ਼ ਭੇਤ ਖੋਲ੍ਹਿਆ, ਕਿ ਜੋ ਜਥੇ ਦਰਬਾਰ ਸਾਹਿਬ ਵਿਖੇ ਕੀਰਤਨ ਬੁੱਕ ਕਰਵਾਉਂਦੇ ਹਨ। ਉਨ੍ਹਾਂ ਤੋਂ ਦਰਬਾਰ ਸਾਹਿਬ ਦੇ ਪ੍ਰਬੰਧਕ ਚੰਗੀਆਂ ਮੋਟੀਆਂ ਰਕਮਾਂ ਵਸੂਲਦੇ ਹਨ। ਵਰਨਾਂ ਉਨ੍ਹਾਂ ਨੂੰ ਬੁਕਿੰਗ ਨਹੀਂ ਦਿਤੀ ਜਾਂਦੀ।

ਸਤਿਗੁਰੂ ਜੀ ਬਖ਼ਸ਼ ਲੈਣ! ਇਹ ਤਾਂ ਧਾਂਦਲੀਆਂ ਮਾਮੂਲੀ ਜਿਹੀਆਂ ਹਨ। ਜਦੋਂ ਬਾਦਲ ਜੀ ਅਕਾਲੀ ਲੱਠਮਾਰਾਂ, ਰਾਜਸੀ ਵਰਕਰਾਂ ਨੂੰ ਬੁਲਾ ਕੇ, ਕੋਈ ਸ਼ਕਤੀ ਪ੍ਰਦਰਸ਼ਨ ਕਰਦੇ ਹਨ, ਤਾਂ ਇਹ ਸਾਰੇ "ਨਿਮਾਣੇ ਸੇਵਾਦਾਰ" ਗੁਰੂ ਘਰਾਂ ਵਿਚੋਂ ਸ਼ਰਧਾਲੂਆਂ ਨੂੰ ਧੱਕੇ ਨਾਲ ਕੱਢ ਦਿੰਦੇ ਹਨ। ਸਾਰੇ ਕਮਰਿਆਂ 'ਤੇ ਕਬਜ਼ਾ ਜਮਾ ਕੇ ਬੈਠ ਜਾਂਦੇ ਹਨ। ਮੋਰਚਾ ਭਾਵੇਂ ਪ੍ਰਕਾਸ਼ ਸਿੰਘ ਬਾਦਲ ਨੂੰ ਭ੍ਰਿਸ਼ਟਾਚਾਰ ਦੇ ਕੇਸ ਕਾਰਨ ਜੇਲ੍ਹ ਵਿਚੋਂ ਰਿਹਾ ਕਰਵਾਉਣਾ ਦਾ ਹੋਵੇ, ਪਰ ਲੰਗਰ ਦੁੱਖ ਨਿਵਾਰਨ ਗੁਰਦਵਾਰੇ ਵਿਚੋਂ ਹੀ ਛਕਣਗੇ। ਵੀਹ ਤੀਹ ਹਜ਼ਾਰ ਬੰਦਾ ਇਕੱਠਾ ਹੋ ਕੇ, ਬਾਦਲ ਜੀ ਦਾ ਜਨਮ ਦਿਨ ਮਨਾਵੇ, ਤਾਂ ਗੁਰਦਵਾਰੇ ਦੀ ਗੋਲਕ ਨੂੰ ਚੂਨਾ। ਬਾਦਲ ਅਕਾਲ ਤਖ਼ਤ 'ਤੇ ਅਖੰਡ ਪਾਠ ਕਰਾਵੇ ਤਾਂ ਵੀਹ ਤੀਹ ਹਜ਼ਾਰ "ਗੁਰਸਿੰਖਾਂ" ਵਾਸਤੇ ਗੁਰੂ ਕੀ ਗੋਲਕ ਵਿਚੋਂ "ਲੰਗਰ" ਸਜ ਕੇ ਆ ਜਾਂਦਾ ਹੈ। ਇਹ ਗੱਲਾਂ ਕਰਦਿਆਂ ਇਕ ਪੁਰਾਣੀ ਯਾਦ ਤਾਜ਼ਾ ਹੋ ਗਈ। ਇਕ ਵਾਰੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚੋਂ ਬਾਹਰ ਆ ਰਹੇ ਸਨ। ਇਕ ਸ਼ਰਧਾਲੂ ਬੀਬੀ ਅੱਗੇ ਆਈ, ਪੰਜਾਹ ਦਾ ਨੋਟ ਪਰਸ ਵਿਚੋਂ ਕੱਢਿਆ, ਟੌਹੜਾ ਜੀ ਦੇ ਚਰਨਾਂ 'ਤੇ ਰੱਖ ਕੇ ਮੱਥਾ ਟੇਕ ਦਿਤਾ। ਪ੍ਰਧਾਨ ਜੀ ਆਖਣ ਲੱਗੇ : "ਬੀਬੀ ਇਹ ਕੀ ਕਰ ਰਹੀ ਹੈਂ, ਔਹ ਸਾਹਮਣੇ ਗੁਰੂ ਦਰਬਾਰ ਵਿਚ ਜਾ ਕੇ, ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ, ਚੁਕ ਆਪਣੇ ਪੈਸੇ"। ਬੀਬੀ ਜੀ ਨੇ ਨਿਮਰਤਾ ਪੂਰਵਕ ਕਿਹਾ : "ਪ੍ਰਧਾਨ ਜੀ! ਗੁਸਤਖੀ ਮੁਆਫ਼ ਕਰਨੀ, ਗੁਰੂ ਮਹਾਰਾਜ ਵਲੋਂ ਹੋਕੇ ਭੀ ਤਾਂ ਇਹ ਪੈਸੇ ਤੁਹਾਡੇ ਕੋਲ ਹੀ ਆਉਣੇ ਹਨ। ਫਿਰ ਤੁਸੀ ਹੁਣੇ ਕਿਉਂ ਨਹੀਂ ਸਾਂਭ ਲੈਂਦੇ?

ਹੁਣ ਆਉਂਦੇ ਹਾਂ ਤਾਜ਼ਾ ਵਾਪਰੇ ਘਟਨਾ ਚੱਕਰ ਵਲ। ਗੁਰਦਵਾਰਾ ਜੁਡੀਸ਼ੀਅਲ ਕਮਿਸ਼ਨ ਨੇ ਇਕ ਜਾਗਰੂਕ ਗੁਰਸਿੱਖ ਦੀ ਅਰਜ਼ੀ 'ਤੇ ਫ਼ੈਸਲਾ ਸੁਣਾਉਂਦਿਆਂ, ਜੁਲਾਈ ਮਹੀਨੇ ਸ੍ਰੀਮਤੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ,

ਮੈਡੀਕਲ ਕਾਲਜ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਸਬੰਧੀ ਬੇਨਿਅਮੀਆਂ ਦੀ ਦੋਸ਼ੀ ਮੰਨਦੇ ਹੋਏ, ਤਿੰਨ ਕਰੋੜ ਰੁਪਏ ਜਮ੍ਹਾ ਕਰਾਉਣ ਦਾ ਹੁਕਮ ਸੁਣਾਇਆ ਹੈ। ਨਾਲ ਹੀ ਪੰਜ ਸਾਲ ਵਾਸਤੇ ਗੁਰਦਵਾਰਾ ਚੋਣ ਲੜਨ 'ਤੇ ਪਾਬੰਦੀ ਅਤੇ ਪ੍ਰਧਾਨਗੀ ਪਦ ਤੋਂ ਅਸਤੀਫ਼ਾ ਦੇਣ ਲਈ ਕਿਹਾ ਹੈ। ਭਾਵੇਂ ਵਕਤੀ ਤੌਰ 'ਤੇ ਪ੍ਰਧਾਨ ਨੇ ਹਾਈ ਕੋਰਟ ਵਿਚੋਂ ਇਸ ਫ਼ੈਸਲੇ ਨੂੰ ਲਾਗੂ ਹੋਣ ਤੋਂ ਰੁਕਵਾ ਲਿਆ ਹੈ ਪਰ ਇਹ ਤਾਂ ਜੱਗ ਜਾਹਰ ਹੈ ਕਿ ਕਾਲਜ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਬਿਨਾਂ ਵਜ੍ਹਾ ਤਿੰਨ ਕਰੋੜ ਰੁਪਏ ਮੁਆਫ਼ ਕਰ ਦਿਤੇ ਗਏ। ਦੋ ਬੱਚੇ ਤਾਂ ਬੀ.ਜੇ.ਪੀ. ਕਰੋੜਪਤੀ ਵਜੀਰਾਂ ਦੇ ਸਨ, ਜਿਨ੍ਹਾਂ ਤੋਂ ਰੁਪਏ ਨਹੀਂ ਲਏ ਗਏ। ਬਾਕੀ ਸਾਡੇ "ਅਸਲੀ ਸਿੱਖ", ਨਹੀਂ-ਨਹੀਂ ਸਿੱਖੀ ਦੇ ਪਹਿਰੇਦਾਰ, ਸਿੱਖ ਲੀਡਰਾਂ ਦੇ ਬਹੁਤ ਹੀ "ਗ਼ਰੀਬ ਅਤੇ ਲੋੜਵੰਦ" ਬੱਚੇ ਸਨ। ਜੋ ਸਿੱਖ ਪਰਵਾਰ ਸੱਚਮੁੱਚ ਲੋੜਵੰਦ ਹਨ। ਉਨ੍ਹਾਂ ਦੇ ਬੱਚਿਆਂ ਦੀ ਫ਼ੀਸ ਸ਼੍ਰੋਮਣੀ ਕਮੇਟੀ ਸਾਦੇ ਜਿਹੇ ਸਕੂਲਾਂ ਵਾਲੀ ਨਿਗੂਣੀ ਜਿਹੀ ਛੱਡਣ ਨੂੰ ਤਿਆਰ ਨਹੀਂ। ਭਲਾ ਹੋਵੇ ਆਂਟੀ ਜੀ ਦਾ (ਇੰਨੇ ਵੱਡੇ ਫ਼ਰਾਡ ਦੀ ਸਿੱਧੀ ਜ਼ਿੰਮੇਵਾਰ ਔਰਤ ਨੂੰ ਸਤਿਕਾਰਯੋਗ ਸ਼ਬਦ "ਬੀਬੀ" ਆਖਣ ਲਗਿਆਂ ਸ਼ਰਮ ਆਉਂਦੀ ਹੈ) ਜਿਨ੍ਹਾਂ ਨੇ ਸਿਰਫ਼ ਇਹੀ ਆਖਿਆ ਹੈ ਕਿ "ਇਸ ਵਿਚ ਕਾਂਗਰਸ ਦੀ ਕੋਈ ਸਾਜ਼ਸ਼ ਹੈ ਜੋ ਸਿੱਖਾਂ ਦੇ "ਧਰਮ ਵਿਚ ਦਖ਼ਲ" ਦਿੰਦੀ ਹੈ।" ਤੁਸੀਂ ਸੱਚ ਫੁਰਮਾਉਂਦੇ ਹੋ ਜੀ! ਸਰਕਾਰ ਨੂੰ ਗੁਰਦਵਾਰਾ ਕੇਸ ਸੁਣਨ ਵਾਲੀ ਆਦਲਤ ਹੀ ਖ਼ਤਮ ਕਰ ਦੇਣੀ ਚਾਹੀਦੀ ਹੈ, ਤਾਂ ਕਿ ਤੁਸੀਂ ਪੂਰੀ ਤਰ੍ਹਾਂ ਭੈ ਮੁਕਤ ਹੋ ਕੇ ਦੋਵੇਂ ਹੱਥੀਂ ਦਿਨ ਦਿਹਾੜੇ ਗੁਰੂ ਕੀਆਂ ਗੋਲਕਾਂ ਨੂੰ ਲੁਟਵਾਂਦੇ ਰਹੋ। ਗੁਰੂ ਦਾ ਭੈ ਤਾਂ ਡ੍ਰਾਹਡੇ ਪੱਥਰ ਮਨ ਅੰਦਰੋਂ ਕਦੇ ਦਾ ਉਡ ਚੁਕਿਆ ਹੈ। ਸਤਿਗੁਰੂ ਦੇ ਇਨਸਾਫ਼ ਤੋਂ ਡਰੋਂ, ਇਸ ਲੋਭ ਲਾਲਚ ਤੇ ਬੇਈਮਾਨੀ ਬਾਰੇ ਗੁਰਬਾਣੀ ਇਉਂ ਫੁਰਮਾਨ ਕਰਦੀ ਹੈ :

ਜਿਉਂ ਕੂਕਰੁ ਹਰਕਾਇਆ ਧਾਵੈ ਦਹਿ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥
ਮਾਇਆ ਜਾਲ ਪਸਾਰਿਆ ਭੀਤਰਿ ਚੋਗ ਬਣਾਇ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥ (50)

ਸ੍ਰੀ ਪ੍ਰਕਾਸ਼ ਸਿੰਘ ਬਾਦਲ ਇਤਨਾ ਕਮਲਾ ਤਾਂ ਨਹੀਂ ਕਿ ਗੁਰੂ ਕੀ ਗੋਲਕ ਦਾ ਅਥਾਹ ਰੁਪਿਆ ਕਿਸੇ ਅਜਿਹੇ ਵਿਅਕਤੀ ਦੇ ਹਵਾਲੇ ਕਰ ਦੇਵੇ ਜੋ ਨਾਂ ਖ਼ੁਦ ਖਾਵੇ ਤੇ ਨਾ ਖਾਣ ਦੇਵੇ। ਇਥੇ ਗੁਰਮਤਿ ਸਿਧਾਂਤ ਪੂਰੀ ਤਰ੍ਹਾਂ ਲਾਗੂ ਕੀਤਾ ਜਾਂਦਾ

ਹੈ ਕਿ ਲੀਡਰ ਲੋਕ ਗੁਰੂ ਕੀ ਗੋਲਕ ਨੂੰ "ਵੰਡ ਕੇ ਛਕਦੇ" ਹਨ।

ਆਪਣੀ ਸੁਰਤੀ ਸੰਨ 1999 ਤਕ ਪਿਛੇ ਲੈ ਜਾਉ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਤੇ ਜ. ਗੁਰਚਰਨ ਸਿੰਘ ਟੌਹੜੇ ਦੀ ਸਿੱਧੀ ਟੱਕਰ। ਟੌਹੜੇ ਨੂੰ ਉਸ ਦੇ ਕੱਟੜ ਸਮਰਥਕ ਭਾਈ ਰਣਜੀਤ ਸਿੰਘ ਸਮੇਤ, ਮੈਦਾਨ ਵਿਚੋਂ ਬਾਹਰ ਹੋ ਜਾਣ ਲਈ ਮਜਬੂਰ ਕਰ ਦਿਤਾ ਗਿਆ। ਕਮੇਟੀ ਦੀ ਪ੍ਰਧਾਨਗੀ ਕੁੱਝ "ਗੁਪਤ ਪ੍ਰਣ" ਕਰਵਾ ਕੇ, ਸ੍ਰੀਮਤੀ ਜਗੀਰ ਕੌਰ ਦੇ ਪੱਲੇ ਪਾ ਦਿਤੀ ਗਈ। ਇਨ੍ਹਾਂ ਨੇ ਪ੍ਰਧਾਨ ਬਣਨ ਤੋਂ ਬਾਅਦ ਗੁਰੂ ਦੀ ਗੋਲਕ ਨਾਲ ਕਈ ਦੇਸ਼ਾਂ ਦੀ ਪਰਵਾਰ ਸਮੇਤ ਸੈਰ ਕੀਤੀ। ਬੜਾ ਰੌਲਾ ਪਿਆ ਅਖ਼ਬਾਰਾਂ ਵਿਚ, ਬਸ ਵਕਤੀ ਉਬਾਲ ਸੀ ਹੌਲੀ ਹੌਲੀ ਸ਼ਾਂਤ ਹੋ ਗਿਆ। ਇਸ "ਆਂਟੀ" ਨੇ ਕੀਤੇ ਵਾਅਦੇ ਮੁਤਾਬਕ ਬੋਰੀਆਂ ਭਰ ਭਰ, ਗੁਰੂ ਕੀ ਗੋਲਕ ਦੀਆਂ ਆਪਣੇ ਮਾਲਕ ਦੇ ਚਰਨਾਂ ਵਿਚ ਰੱਖ ਕੇ ਨਮਸਕਾਰਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਇੰਨੇ ਵੱਡੇ ਰੁਤਬੇ ਤੇ ਪੁਚਾਣ ਵਾਲੇ ਦਾ "ਧੰਨਵਾਦ" ਕਰਨਾ ਤਾਂ ਸਿਸਟਾਚਾਰ ਦਾ ਜ਼ਰੂਰੀ ਹਿੱਸਾ ਹੈ ਨਾ। ਬਾਦਲ ਸਾਹਿਬ ਨੂੰ ਜੋ "ਤਿਲ ਫੁੱਲ" ਉਸ ਵਕਤ ਭੇਟ ਕੀਤੇ ਗਏ, ਵੇਰਵਾ ਇਉਂ ਹੈ :

ਗੁਰੂ ਕੀਆ ਸ਼ਰਧਾਵਾਨ ਸੰਗਤਾਂ ਵਲੋਂ ਗੁਰੂ ਘਰਾਂ ਵਿਚ ਭੇਟ ਕੀਤੀ ਇਸ ਖ਼ੂਨ ਪਸੀਨੇ ਦੀ ਪਵਿੱਤਰ ਕਮਾਈ ਵਿਚੋਂ ਅਖ਼ਬਾਰੀ ਰੀਪੋਰਟਾਂ ਮੁਤਾਬਕ ਛੇ ਕਰੋੜ ਰੁਪਏ ਦੀ ਚੋਣਾਂ ਜਿੱਤਣ ਲਈ ਸ਼ਰਾਬ ਵਰਤਾਈ ਗਈ। ਇਕੱਲੇ ਫ਼ਰੀਦਕੋਟ ਹਲਕੇ ਵਿਚ ਖ਼ਬਰਾਂ ਮੁਤਾਬਕ ਦੋ ਕਰੋੜ ਰੁਪਏ ਦੀ ਸ਼ਰਾਬ ਪਿਆ ਦਿਤੀ ਗਈ (ਹਵਾਲਾ ਸਿੱਖ ਵਿਰਸਾ ਕੈਨੇਡਾ, ਸਤੰਬਰ-1999)

ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਬਾਦਲ ਦਾ ਮੁੜ ਸਮਝੌਤਾ ਹੋ ਗਿਆ। ਮਜਬੂਰੀ ਵਸ ਪ੍ਰਧਾਨਗੀ ਟੌਹੜੇ ਦੇ ਹਵਾਲੇ ਕਰਨੀ ਪਈ ਪਰ ਸ੍ਰੀਮਤੀ ਜਗੀਰ ਕੌਰ ਵਲੋਂ ਕੀਤੀ ਗਈ "ਮਹਾਨ ਸੇਵਾ" ਬਾਦਲ ਨੂੰ ਭੁੱਲੀ ਨਹੀਂ ਸੀ। ਟੌਹੜਾ ਜੀ ਦੇ ਚਲਾਣਾ ਕਰ ਜਾਣ 'ਤੇ, ਮੁੜ ਪ੍ਰਧਾਨਗੀ ਇਹਨੂੰ ਸੌਂਪ ਦਿਤੀ। ਜ਼ਰਾ ਸੋਚੋ! ਗੁਰਦਵਾਰਿਆਂ ਦੇ ਖਾਤਿਆਂ ਵਿਚੋਂ ਜੋ ਪੈਸਾ ਕਢਵਾਇਆ ਗਿਆ ਸੀ, ਉਹ ਸੀ, "ਧਰਮ ਪ੍ਰਚਾਰ ਫ਼ੰਡ, ਲੰਗਰ ਫ਼ੰਡ ਅਤੇ ਬਿਲਡਿੰਗ ਫ਼ੰਡ ਲਈ"। ਦਿਤਾ ਗਿਆ (ਚੋਰ ਮੋਰੀ ਰਾਹੀਂ) ਬਾਦਲ ਨੂੰ ਚੋਣ ਫ਼ੰਡ ਵਾਸਤੇ। ਹੈ ਨਾ ਹਨੇਰ ਗਰਦੀ ? ਹੈ ਕਿਤੇ ਨੇੜੇ ਤੇੜੇ ਗੁਰੂ ਦਾ ਡਰ ? ਗੁਰਬਾਣੀ ਤਾਂ ਕੂਕ ਕੂਕ ਕੇ ਸੁਚੇਤ ਕਰ ਰਹੀ ਹੈ :

ਲੋਭੀ ਕਾ ਵੇਸਾਹੁ ਨਾ ਕੀਜੈ ਜੇਕਾ ਪਾਰਿ ਵਸਾਇ॥

ਅੰਤਕਾਲ ਤਿਥੈ ਧੁਹੈ ਜਿਥੈ ਹਥ ਨ ਪਾਇ॥
ਮਨਮੁੱਖ ਸੇਤੀ ਸੰਗੁ ਕਰੇ ਮੁਹਿ 'ਕਾਲਖ ਦਾਗੁ ਲਗਾਇ॥
ਮੂਹ ਕਾਲੇ ਤਿਨਾ ਲੋਭੀਆਂ ਜਾਸਨਿ ਜਨਮੁ ਗਵਾਇ॥
(1417)

ਪਿਛਲੇ ਸਮੇਂ ਵਿਚ "ਪੂਜਾ ਦੇ ਧਾਨ" ਨੂੰ ਲੋਕੀਂ ਜ਼ਹਿਰ ਕੀ ਨਿਆਈ ਸਮਝਦੇ ਸਨ। ਗੁਰਦਵਾਰੇ ਵਿਚੋਂ ਮੁਫ਼ਤ ਲੰਗਰ ਕੋਈ ਨਹੀਂ ਛਕਦਾ ਸੀ, ਘੱਟੋ ਘੱਟ ਆਪਣੇ ਖਾਧੇ ਦਾ ਮੁੱਲ ਗੋਲਕ ਵਿਚ ਜ਼ਰੂਰ ਪਾਉਂਦੇ ਸਨ। ਸ਼ਾਇਦ ਸਤਿਗੁਰੂ ਨੇ ਅਪਣੇ ਕਾਨੂੰਨ ਕੁੱਝ ਢਿੱਲੇ ਕਰ ਦਿਤੇ ਹਨ। ਵਰਨਾ ਸਤਿਗੁਰੂ ਇਨ੍ਹਾਂ ਵਿਭਚਾਰੀਆਂ ਤੇ ਗੋਲਕ ਚੋਰਾਂ ਨੂੰ ਗੁਰਦਵਾਰਿਆਂ 'ਤੇ ਕਾਬਜ਼ ਹੀ ਕਿਉਂ ਹੋਣ ਦੇਵੇ? ਕੀ ਇਹ ਪਾਪ ਕਰਮ ਰੱਬੀ ਰਜ਼ਾ ਵਿਚ ਹੀ ਹੋ ਰਹੇ ਹਨ? ਫਿਰ ਤਾਂ ਸਾਨੂੰ ਸਾਰਿਆਂ ਨੂੰ ਇਹ ਦੁਸ਼ਟ ਕਰਮ ਪੰਥਕ ਬਰਬਾਦੀ ਗੋਲਕ ਲੁੱਟ ਆਦਿ ਨੂੰ "ਭਾਣਾ" ਜਾਣ ਕੇ, ਖਿੜੇ ਮੱਥੇ ਸਵੀਕਾਰ ਕਰ ਲੈਣਾ ਚਾਹੀਦਾ ਹੈ? ਪਿਛਲੇ ਸਮਿਆਂ ਵਿਚ ਵਿਗੜੇ ਹੋਏ ਪ੍ਰਬੰਧ ਨੂੰ ਵੇਖ ਕੇ ਸਿੱਖਾਂ ਨੇ "ਭਾਣਾ" ਮੰਨ ਲਿਆ ਸੀ ਜਾਂ ਉਸ ਨੂੰ ਸੁਧਾਰਨ ਵਾਸਤੇ ਲੰਮੀ ਜੱਦੋ ਜਹਿਦ ਕੀਤੀ ਸੀ? ਨਨਕਾਣਾ ਸਾਹਿਬ ਵਾਲਾ ਸਾਕਾ ਮੁੜ ਤੋਂ ਦੁਹਰਾਇਆ ਜਾ ਸਕਦਾ ਹੈ। ਸੰਗਤ ਦੇ ਪੈਸੇ ਨੂੰ ਨਿੱਜੀ ਵਰਤੋਂ ਕਰਨ ਵਾਲਿਆਂ ਪ੍ਰਤੀ ਭਾਈ ਗੁਰਦਾਸ ਜੀ ਇਉਂ ਤਾੜਨਾ ਕਰਦੇ ਹਨ :

ਜਿਉਂ ਮਰਿਆਦਾ ਹਿੰਦੂਆਂ ਗਊ ਮਾਸੁ ਅਖਾਜੁ॥
ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ॥
ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ॥
ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ॥
ਤਿਉ "ਧਰਮਸ਼ਾਲ ਦੀ ਝਾਕ ਹੈ" ਵਿਹੁ ਖੰਡੂ ਪਾਜੁ॥ (ਭਾਗ: 35-12)

ਭਾਈ ਸਾਹਿਬ ਜੀ ਦਸ ਰਹੇ ਹਨ ਕਿ ਜਿਵੇਂ ਹਿੰਦੂ ਲੋਕ ਗਊ ਮਾਸ ਨਹੀਂ ਖਾ ਸਕਦੇ। ਮੁਸਲਮਾਨ ਸੂਰ ਨਹੀਂ ਖਾ ਸਕਦੇ, ਤੇ ਵਿਆਜ ਨਹੀਂ ਲੈਂਦੇ। ਸਹੁਰਾ, ਧੀ ਜਵਾਈ ਦੇ ਘਰ ਪਾਣੀ ਪੀਣਾ ਚੰਗਾ ਨਹੀਂ ਸਮਝਦਾ। ਜਿਵੇਂ ਮੱਖੀ ਗਿੱਲੇ ਗੁੜ 'ਤੇ ਬੈਠ ਜਾਵੇ ਤਾਂ ਚਿਪਕ ਕੇ ਥਾਂਏ ਮਰ ਜਾਂਦੀ ਹੈ। ਬਸ ਇਸੇ ਤਰ੍ਹਾਂ ਸਮਝ ਲਵੋ ਕਿ ਧਰਮਸ਼ਾਲ ਦੀ ਮਾਇਆ ਜੇ ਕੋਈ ਪਾਪੀ ਇਨਸਾਨ ਵਰਤਦਾ ਹੈ ਤਾਂ ਖੰਡ ਵਿਚ ਲਿਪਟੀ ਜ਼ਹਿਰ ਖਾ ਰਿਹਾ ਹੈ। ਉਸ ਦੀ ਬਰਬਾਦੀ ਹੋਣੀ ਹੀ ਹੋਣੀ ਹੈ। ਭਾਈ